Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763


New Image Photography
Photo & Video For All Occasions

ਵਿਆਹ ਸ਼ਾਦੀ ਤੇ ਹੋਰ ਖੁਸ਼ੀ ਦੇ ਮੌਕੇ 'ਤੇ ਵਧੀਆ ਫੋਟੋਗ੍ਰਾਫੀ ਲਈ ਸਾਨੂੰ ਯਾਦ ਰੱਖੋ
Bobby, Ph: 209-404-2512
JT, Ph: 209-380-4412
www.newimagepics.com

Global Green INSURANCE AGENCY of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Eighteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 34, August 26, 2017 20451 N Plum Grove Rd., Palatine, IL 60074 Ph:847-359-0746, Fax:847-705-9388

## ਪੰਜਾਬ ਦੇ ਸਨਅਤੀ ਵਿਕਾਸ ਅੱਗੇ ਮੋਦੀ ਬਣਿਆ ਅੜਿੱਕਾ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪਹਾੜੀ ਸੂਬਿਆਂ ਦੀਆਂ ਸਨਅਤਾਂ ਨੂੰ ਟੈਕਸਾਂ ਤੋਂ ਛੋਟ ਦਸ ਸਾਲਾਂ ਲਈ ਵਧਾ ਕੇ ਕੇਂਦਰ ਸਰਕਾਰ ਨੇ ਪੰਜਾਬ ਲਈ ਨਵੀਂ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ। ਮੋਦੀ ਸਰਕਾਰ ਦੀ ਇਸ ਰਣਨੀਤੀ ਨੇ ਪੰਜਾਬ ਦੀ ਨਵੀਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਸੂਬੇ ਦੀ ਸਨਅਤ ਨੂੰ ਲੀਹੇ ਪਾਉਣ ਦੀ ਵਿੱਢੀ ਮੁਹਿੰਮ ਨੂੰ ਵੀ ਵੱਡਾ ਝਟਕਾ ਦਿੱਤਾ ਹੈ। 'ਟੈਕਸ ਹੋਲੀਡੇ' ਵਾਲੀ ਯੋਜਨਾ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਨੇ 2003 ਵਿਚ ਅਮਲ ਵਿਚ ਲਿਆਂਦੀ ਸੀ। ਪੰਜਾਬ ਨੂੰ ਇਸ ਦਾ ਬਹੁਤ ਜ਼ਿਆਦਤੀ ਖਮਿਆਜਾ ਭੁਗਤਣਾ ਪਿਆ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪਹਾੜੀ ਰਾਜਾਂ ਨੂੰ ਛੋਟਾਂ ਕਾਰਨ ਹੁਣ ਤੱਕ 18 ਹਜ਼ਾਰ ਤੋਂ ਵੱਧ ਸਨਅਤੀ ਇਕਾਈਆਂ, ਗੁਆਂਢੀ ਪਹਾੜੀ ਰਾਜਾਂ ਵਿਚ ਕੂਚ ਕਰ ਗਈਆਂ ਹਨ। ਸਿਰਫ ਲੁਧਿਆਣਾ ਦੇ ਹੀ ਵੱਡੇ ਉਦਯੋਗਿਕ ਘਰਾਣਿਆਂ ਦੇ 800 ਦੇ ਕਰੀਬ ਯੂਨਿਟ ਪਹਾੜੀ ਰਾਜਾਂ ਵਿਚ ਚਲੇ ਗਏ ਹਨ। ਪੰਜਾਬ ਹੁਣ ਤੱਕ ਇਹੀ ਕਹਿੰਦਾ ਆਇਆ ਹੈ ਕਿ ਜਾਂ ਤਾਂ ਪਹਾੜੀ ਰਾਜਾਂ ਲਈ ਵਧਾਈ ਛੋਟ ਵਾਪਸ ਲਈ ਜਾਵੇ, ਜਾਂ ਫਿਰ ਪੰਜਾਬ ਨੂੰ ਵੀ ਇਸੇ ਯੋਜਨਾ ਦਾ ਹਿੱਸਾ ਬਣਾਇਆ ਜਾਵੇ।

ਕੇਂਦਰ ਸਰਕਾਰ 'ਇਕ ਦੇਸ਼-ਇਕ ਟੈਕਸ' ਦੇ ਨਾਅਰੇ ਰਾਹੀਂ ਜੀ.ਐਸ.ਟੀ. (ਵਸਤੂ ਤੇ ਸੇਵਾਵਾਂ ਕਰ) ਨੂੰ ਆਪਣੀ ਵੱਡੀ ਪ੍ਰਾਪਤੀ ਦੱਸ ਰਹੀ ਹੈ। ਹੁਣ ਅਚਾਨਕ ਇਸ ਨੂੰ ਵੱਧ ਪੇਚੀਦਾ ਬਣਾ ਦਿੱਤਾ ਗਿਆ ਹੈ। ਕੇਂਦਰ ਸਰਕਾਰ ਨੇ ਵਾਅਦਾ

(ਬਾਕੀ ਸਫਾ 6 'ਤੇ)

### ਪਹਾੜੀ ਰਾਜਾਂ ਨੂੰ ਗੱਫੇ, ਪੰਜਾਬ ਨੂੰ ਮਿਲੇ ਧੱਫੇ



### ਭਾਜਪਾ ਦੀ ਸੋਚੀ ਸਮਝੀ ਸਿਆਸੀ ਰਣਨੀਤੀ

ਪਹਾੜੀ ਰਾਜਾਂ ਨੂੰ ਰਿਆਇਤਾਂ ਪਿੱਛੇ ਮੋਦੀ ਸਰਕਾਰ ਦਾ ਆਰਥਿਕ ਨਾਲੋਂ ਸਿਆਸੀ ਏਜੰਡਾ ਵੱਧ ਜਾਪ ਰਿਹਾ ਹੈ। ਹਿਮਾਚਲ ਪ੍ਰਦੇਸ਼, ਮੇਘਾਲਿਆ, ਨਾਗਾਲੈਂਡ, ਤ੍ਰਿਪੁਰਾ ਤੇ ਮਿਜ਼ੋਰਮ ਵਿਚ ਵਿਧਾਨ ਸਭਾ ਚੋਣਾਂ 2018 ਵਿਚ ਹੀ ਹੋਣੀਆਂ ਹਨ, ਜਦੋਂ ਕਿ ਸਿੱਕਮ ਤੇ ਅਰੁਣਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਡੇਢ-ਪੌਣੇ ਦੋ ਸਾਲ ਦਾ ਸਮਾਂ ਹੈ। ਮੋਦੀ ਸਰਕਾਰ ਇਨ੍ਹਾਂ ਰਾਜਾਂ ਨੂੰ ਖੁਸ਼ ਕਰਨ ਲਈ ਇਹ ਰਣਨੀਤੀ ਅੱਗੇ ਲਿਆ ਰਹੀ ਹੈ ਤਾਂ ਕਿ ਹਰ ਹਾਲ ਚੋਣਾਂ ਜਿੱਤਿਆਂ ਜਾ ਸਕਣ।

### ਕਿਸ ਪਾਸੇ ਹੈ ਸ਼੍ਰੋਮਣੀ ਅਕਾਲੀ ਦਲ?

ਅਕਾਲੀ ਦਲ ਦੱਬੀ ਜ਼ੁਬਾਨ 'ਚ ਮੋਦੀ ਸਰਕਾਰ ਦੇ ਫੈਸਲੇ ਦਾ ਵਿਰੋਧ ਕਰ ਰਿਹਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੇਂਦਰੀ ਵਿੱਤ ਮੰਤਰੀ ਤੱਕ ਪਹੁੰਚ ਤਾਂ ਕਰ ਆਏ ਹਨ, ਪਰ ਇਨ੍ਹਾਂ ਲਈ ਨਮੋਸ਼ੀ ਇਹ ਹੈ ਕਿ ਇਸ ਫੈਸਲੇ ਉਪਰ ਦਸਤਖਤ ਕਰਨ ਵੇਲੇ ਕੇਂਦਰੀ ਕੈਬਨਿਟ ਵਿਚ ਉਸ ਦੇ ਪ੍ਰਤੀਨਿਧ ਸ਼ਾਮਲ ਸਨ। 2003 ਵਿਚ ਸੁਖਦੇਵ ਸਿੰਘ ਢੀਂਡਸਾ ਕੇਂਦਰੀ ਮੰਤਰੀ ਸਨ ਅਤੇ ਹੁਣ ਹਰਸਿਮਰਤ ਕੌਰ ਬਾਦਲ ਕੇਂਦਰੀ ਮੰਤਰੀ ਹਨ। ਇਨ੍ਹਾਂ ਪ੍ਰਤੀਨਿਧੀਆਂ ਨੇ ਇਸ ਖਿਲਾਫ ਜ਼ੁਬਾਨ ਨਹੀਂ ਖੋਲ੍ਹੀ।

## ਸਰਕਾਰਾਂ ਨੇ ਡੇਰਾ ਸਿਰਸਾ ਨੂੰ ਹਊਆ ਬਣਾਇਆ



**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਖਿਲਾਫ਼ ਸਾਧਵੀ ਬਲਾਤਕਾਰ ਕੇਸ ਵਿਚ ਫੈਸਲੇ ਤੋਂ ਪਹਿਲਾਂ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿਚ ਇੰਨੇ ਵੱਡੇ ਪੱਧਰ 'ਤੇ ਵਰਤੀ ਚੌਕਸੀ ਨੇ ਇਸ ਡੇਰੇ ਦੇ ਪ੍ਰਭਾਵ ਬਾਰੇ ਸਾਫ ਕਰ ਦਿੱਤਾ ਹੈ। ਦੋਵੇਂ ਸੂਬਿਆਂ ਵਿਚ ਨੀਮ ਫੌਜੀ ਬਲਾਂ ਦੀ ਤਾਇਨਾਤੀ ਅਤੇ ਧਾਰਾ 144 ਲਾਗੂ ਕਰਨਾ ਦੱਸਦਾ ਹੈ ਕਿ ਦੋਸ਼ੀ ਹੋਣ ਦੇ ਬਾਵਜੂਦ ਕਿਸੇ ਡੇਰਾ ਮੁਖੀ ਖਿਲਾਫ ਫੈਸਲਾ ਸੁਣਾਉਣਾ ਕਿੰਨਾ ਮੁਸ਼ਕਲ ਹੈ। ਪ੍ਰਸ਼ਾਸਨ ਦੀਆਂ ਤਿਆਰੀਆਂ ਵੇਖ ਕੇ ਡੇਰੇ ਦੇ ਹਮਾਇਤੀ ਵੀ ਚਾਂਭਲ ਗਏ ਅਤੇ ਸੜਕਾਂ 'ਤੇ ਸ਼ਕਤੀ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ। ਡੇਰੇ ਦੀਆਂ ਤਿਆਰੀਆਂ ਇਹ ਵੀ ਦੱਸਦੀਆਂ ਹਨ ਕਿ ਉਨ੍ਹਾਂ ਨੂੰ ਸਰਕਾਰ ਜਾਂ ਪ੍ਰਸ਼ਾਸਨ ਦਾ ਕੋਈ ਭੈਅ ਨਹੀਂ ਹੈ। ਜਾਣਕਾਰੀ ਮੁਤਾਬਕ, ਡੇਰੇ ਮੁਖੀ ਦੀ ਪੇਸ਼ੀ ਤੋਂ ਤਿੰਨ ਦਿਨ ਪਹਿਲਾਂ ਹੀ ਧਾਰਾ 144 ਦੇ ਬਾਵਜੂਦ, ਪੰਚਕੂਲਾ ਵਿਚ 20 ਤੋਂ ਵੱਧ ਹਜ਼ਾਰ ਡੇਰਾ ਪ੍ਰੇਮੀ ਪਹੁੰਚ ਗਏ। ਉਧਰ, ਪੰਜਾਬ ਤੇ ਹਰਿਆਣਾ ਸਰਕਾਰਾਂ ਇਹੀ ਦਾਅਵਾ ਕਰਦੀਆਂ ਰਹੀਆਂ ਕਿ ਕਾਨੂੰਨ ਨਾਲ ਕਿਸੇ ਨੂੰ ਖਿਲਵਾੜ ਨਹੀਂ ਕਰਨ ਦਿੱਤਾ ਜਾਵੇਗਾ। ਡੇਰਾ ਪ੍ਰੇਮੀ ਸ਼ਰੇਆਮ ਸਰਕਾਰ ਨੂੰ ਡਰਾਵੇ ਦਿੰਦੇ ਰਹੇ, ਪਰ ਪ੍ਰਸ਼ਾਸਨ ਕੋਈ ਵੀ ਕਾਰਵਾਈ ਕਰਨ ਤੋਂ ਅਸਮਰਥ ਨਜ਼ਰ ਆਇਆ। ਅਸਲ ਵਿਚ, ਪ੍ਰਸ਼ਾਸਨ ਅਤੇ ਸਰਕਾਰਾਂ ਕਾਰਵਾਈ ਕਰਨ ਦੀਆਂ ਇੱਛੁਕ ਵੀ ਨਹੀਂ ਜਾਪਦੀਆਂ।


ਪਤਾ ਲੱਗਾ ਹੈ ਕਿ ਫੈਸਲੇ ਤੋਂ ਪਹਿਲਾਂ ਪੰਜਾਬ ਤੇ ਹਰਿਆਣਾ ਦੇ ਕੁਝ ਸੀਨੀਅਰ ਅਧਿਕਾਰੀ ਡੇਰਾ ਮੁਖੀ ਨੂੰ ਅਮਨ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਨ ਗਏ ਸਨ, ਪਰ ਡੇਰਾ ਮੁਖੀ ਨੇ ਮਿਲਣ ਤੋਂ ਹੀ ਇਨਕਾਰ ਕਰ ਦਿੱਤਾ। ਯਾਦ ਰਹੇ ਕਿ ਡੇਰਾ ਮੁਖੀ ਆਪਣੀ ਫਿਲਮ 'ਮੈਸੰਜਰ ਆਫ ਗੌਡ' ਵਿਚ ਨਿਆਂ ਤੇ ਅਮਨ ਕਾਨੂੰਨ ਬਾਰੇ ਵੱਡੀਆਂ ਵੱਡੀਆਂ ਗੱਲਾਂ ਕਰਦਾ ਹੈ, ਪਰ ਅਸਲ ਜ਼ਿੰਦਗੀ ਵਿਚ ਉਸ ਨੇ ਨਿਆਂ ਤੋਂ ਬਚਣ ਲਈ ਆਪਣੇ ਚੇਲਿਆਂ ਨੂੰ ਅੱਗੇ ਕਰ ਦਿੱਤਾ।

ਦਰਅਸਲ ਅਦਾਲਤੀ ਫੈਸਲੇ ਤੋਂ ਪਹਿਲਾਂ ਜੋ ਹਾਲਾਤ ਪੈਦਾ ਕੀਤੇ ਗਏ, ਇਹ ਸਭ ਅਦਾਲਤ 'ਤੇ ਦਬਾਅ ਬਣਾਉਣ ਦੀ ਰਣਨੀਤੀ ਸੀ ਅਤੇ ਸਰਕਾਰੀ ਤਿਆਰੀਆਂ ਵੀ ਡੇਰੇ ਦੀ ਹਮਾਇਤ ਕਰਨ ਵਾਲੀਆਂ ਜਾਪ ਰਹੀਆਂ ਸਨ। ਪੰਜਾਬ ਸਰਕਾਰ ਚੌਕਸੀ ਬਾਰੇ ਤਰਕ ਦੇ ਰਹੀ ਸੀ ਕਿ ਫੈਸਲੇ ਪਿੱਛੋਂ ਸਿੱਖਾਂ ਅਤੇ ਪ੍ਰੇਮੀਆਂ ਵਿਚ ਟਕਰਾਅ ਹੋ ਸਕਦਾ ਹੈ ਹਾਲਾਂਕਿ ਇਹ

(ਬਾਕੀ ਸਫਾ 6 'ਤੇ)

We Do Real Estate in
Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING TABLE CLOTH, NAPKINS, CHAIRS ETC.
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com


SIKH GURDWARA SAN JOSE
3636 Gurdwara Ave, San Jose, CA 95148
First Parkash Diwas
2nd Annual Nagar Kirtan
Sunday, September 3, 2017
(Labor Day Weekend)
From 11 AM to 4 PM
GURDWARA AVE
GURDWARA AVE
QUIMBY RD
ABORN RD
RUBY AVE
PARKING
FREE PARKING Evergreen Valley High School, Chaboya Middle School & Carolyn Clark Elementary School.
ਭਾਈ ਸਰਬਜੀਤ ਸਿੰਘ ਜੀ
Bhai Mohinder Singh Bajwa
Head Granthi
Sikh Gurdwara San Jose
Bhai Dharam Singh Ji
Hazoori Ardaasia Darbar Sahib
Bhai Harcharan Singh Khalsa
Hazuri Ragi
Sri Darbar Sahib Amritsar
Bhai Jaswinder Singh Ji
Sabka Head Granthi
Sri Darbar Sahib, Amritsar
Katha By
Bhai Sahib Singh Ji
Canada Wale
Bhai Sarbjit Singh Laddi
Hazuri Ragi
Sri Darbar Sahib, Amritsar
Dhadi Jatha Bhai Amarjit Singh Johal
(Johala Wale)
Designed by:
MEEKA STUDIO
Jasvir Singh Powar
Radio Punjab
PTC PUNJABI
Program Schedule:
Special Kirtan & Katha Divaans From 8/20/2017 To 9/4/2017
8/20/17 To 9/4/2017- Kirtan Darbar Bhai Harcharan Singh Khalsa, Bhai Sarbjit Singh Laddi.
9/2/2017- Gatka Competion California Gatka Dal From 8 AM to 8 PM.
IN SERVICE OF SANGAT- SIKH GURDWARA SAN JOSE PARBANDHAK COMMITTEE
Event Co-ordinator
Surjit Singh Bains
408-394-3595
Event Co-ordinator
Jasvir Singh Powar
408-416-7200
Religious Affairs
Sukhdev Singh Baniwal
408-421-9463
Political Affairs
Bhuphindar (Bob) S. Dhillon
408-568-0034
General Enquiries
Amrinder Singh Jhajj
408-600-7857
Kirpal Singh Atwal
408-835-7712
Head Granthie
Bhai Mohinder Singh Bajwa
408-274-9373
For Langar Sewa Harjinder S. Ladhar 408-904-9158, Kuldeep Shergill 408-230-8319. For Booths Khuswinderpal Singh 408-507-1290
For more info visit www.sanjosegurdwara.org

# ਪ੍ਰਕਾਸ਼ ਪੁਰਬ 'ਤੇ ਗੁਰੂ ਗ੍ਰੰਥ ਸਾਹਿਬ ਨੂੰ ਅਕੀਦਤ ਪੇਸ਼

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 413ਵਾਂ ਪ੍ਰਕਾਸ਼ ਪੁਰਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਨੂੰ ਸਮਰਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨਾ ਅਸਥਾਨ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੌਰਾਨ ਗਿਆਨੀ ਜਗਤਾਰ ਸਿੰਘ ਨੇ ਪਰੰਪਰਾ ਅਨੁਸਾਰ ਆਪਣੇ ਸੀਸ ਉਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਜਾ ਕੇ ਪਾਲਕੀ ਵਿਚ ਸੁਸ਼ੋਭਿਤ ਕੀਤਾ।

ਇਹ ਨਗਰ ਕੀਰਤਨ ਕਰੋੜੀ ਚੌਕ ਅਤੇ ਬਾਬਾ ਸਾਹਿਬ ਚੌਕ ਤੋਂ ਹੁੰਦਾ ਹੋਇਆ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਪੂਰਨ ਹੋਇਆ। ਲਗਰ ਕੀਰਤਨ ਵਿਚ ਦੂਰੋਂ-ਨੇੜਿਓਂ ਪੁੱਜੀਆਂ ਸੰਗਤਾਂ, ਗੱਤਕਾ ਅਖਾੜਿਆਂ, ਸਭ-ਸੁਸਾਇਟੀਆਂ, ਸਕੂਲੀ ਬੱਚਿਆਂ ਦੀਆਂ ਬੈਂਡ ਤੇ ਗੱਤਕਾ ਟੀਮਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸੰਗਤਾਂ ਨੂੰ ਇਸ ਪਾਵਨ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਰ ਕੇ ਹਨੇਰੇ ਵਿਚ ਭਟਕਦੇ ਮਨੁੱਖਾ ਜੀਵਨ ਦਾ ਮਾਰਗ ਦਰਸ਼ਨ ਕੀਤਾ।

# ਜੈਨਕੋ ਵਲੋਂ ਇੰਜੀਨੀਅਰ ਦਿਵਸ 27 ਅਗਸਤ ਨੂੰ

**ਸੈਕਰਾਮੈਂਟੋ (ਬਿਊਰੋ):** ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਪੁਰਾਣੇ ਵਿਦਿਆਰਥੀਆਂ ਦੀ ਜਥੇਬੰਦੀ ਜੈਨਕੋ ਬੇ ਏਰੀਆ ਵਲੋਂ ਮਨਾਏ ਜਾ ਰਹੇ ਇੰਜੀਨੀਅਰ ਦਿਵਸ ਦੌਰਾਨ ਇਸ ਵਾਰ ਗੁਰਦੁਆਰਾ ਸਟਾਕਟਨ ਵਿਚ ਐਤਵਾਰ, 27 ਅਗਸਤ ਨੂੰ ਵਿਸ਼ੇਸ਼ ਬੂਥ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਲਾਇਆ ਜਾਵੇਗਾ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਇਸ ਬੂਥ ਰਾਹੀਂ ਮਾਪਿਆਂ ਅਤੇ ਬੱਚਿਆਂ ਨੂੰ ਇੰਜੀਨੀਅਰਿੰਗ ਬਾਰੇ ਚੇਤੰਨਤਾ ਵਧਾਉਣ ਲਈ ਜਾਣਕਾਰੀ ਮੁਹੱਈਆ ਕੀਤੀ ਜਾਵੇਗੀ ਅਤੇ ਲੜਕੀਆਂ ਨੂੰ ਜਾਗਰੂਕ ਕੀਤਾ ਜਾਏਗਾ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਇੰਜੀਨੀਅਰ ਕੀ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਆਪਣੇ ਮਨਪਸੰਦ ਦਾ ਪੇਸ਼ਾ ਚੁਣਨ ਵਿਚ ਮਦਦ ਮਿਲ ਸਕੇ। ਕਾਲਜਾਂ ਅਤੇ ਮੁਲਾਜ਼ਮਾਂ ਦੀ ਕੌਮੀ ਜਥੇਬੰਦੀ ਨੇਸ (NACE) ਦੇ ਹਾਲੀਆ ਸਰਵੇਖਣ ਅਨੁਸਾਰ ਇੰਜੀਨੀਅਰਿੰਗ ਪਾਸ ਕਰਨ ਵਾਲਿਆਂ ਨੂੰ ਇਸ ਦੇ ਬਰਾਬਰ ਪੇਸ਼ਿਆਂ ਤੋਂ ਵੱਧ ਤਨਖਾਹ ਅਤੇ ਹੋਰ ਲਾਭ ਮਿਲਦੇ ਹਨ। ਜੈਨਕੋ ਅਨੁਸਾਰ ਨੇਸ ਨੇ ਆਪਣੇ ਜਨਵਰੀ 2017 ਪ੍ਰੈਸ ਰਿਲੀਜ਼ ਵਿਚ ਜ਼ਿਕਰ ਕੀਤਾ ਹੈ ਕਿ ਇਸ ਸਾਲ ਪਾਸ ਹੋਣ ਵਾਲਿਆਂ ਵਿਚੋਂ ਇੰਜੀਨੀਅਰਿੰਗ ਮੇਜਰ ਦੀ ਡਿਗਰੀ ਕਰਨ ਵਾਲਿਆਂ ਨੂੰ ਵੱਧ ਤਨਖਾਹ ਮਿਲਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਕੰਪਿਊਟਰ ਸਾਇੰਸ ਅਤੇ ਸਾਇੰਸ/ਹਿਸਾਬ ਮੇਜਰ ਵਾਲਿਆਂ ਨੂੰ ਵੱਧ ਤਨਖਾਹ ਮਿਲਣ ਦੀ ਸੰਭਾਵਨਾ ਹੈ।

ਜੈਨਕੋ ਇੰਜੀਨੀਅਰਿੰਗ ਸਿਖਿਆ ਮੁਹੱਈਆ ਕਰਨ ਵਾਲੀ ਕਿਸੇ ਇਕ ਸੰਸਥਾ ਦੀ ਵਕਾਲਤ ਨਹੀਂ ਕਰਦੀ। ਇਸ ਵਲੋਂ ਹਰ ਸਾਲ ਆਪਣੇ ਮੈਂਬਰਾਂ ਲਈ ਸਭਿਆਚਾਰਕ, ਖੇਡਾਂ, ਧਾਰਮਿਕ ਅਤੇ ਇੰਜੀਨੀਅਰਿੰਗ ਦੇ ਪੇਸ਼ੇ ਸਬੰਧੀ ਕਈ ਪ੍ਰੋਗਰਾਮ ਕਰਵਾਏ ਜਾਂਦੇ ਹਨ। ਹੋਰ ਜਾਣਕਾਰੀ ਈਮੇਲ gencospirit@yahoo.com ਜਾਂ ਵੈਬ ਸਾਈਟ www.GencoBayArea.com ਰਾਹੀਂ ਲਈ ਜਾ ਸਕਦੀ ਹੈ।

## ਲਿੰਕਨ ਦੀ ਯਾਦਗਾਰ 'ਤੇ ਅਸ਼ਲੀਲ ਸੰਦੇਸ਼ ਲਿਖਿਆ

**ਵਾਸ਼ਿੰਗਟਨ:** ਮਰਹੂਮ ਰਾਸ਼ਟਰਪਤੀ ਅਬਰਾਹਮ ਲਿੰਕਨ ਦੀ ਯਾਦਗਾਰ ਦੀ ਬੇਅਦਬੀ ਕਰਦਿਆਂ ਕਿਸੇ ਨੇ ਲਾਲ ਪੇਂਟ ਨਾਲ ਅਸ਼ਲੀਲ ਸੰਦੇਸ਼ ਲਿਖ ਦਿੱਤਾ। ਅਮਰੀਕਾ ਦੇ 16ਵੇਂ ਰਾਸ਼ਟਰਪਤੀ ਲਿੰਕਨ ਦੀ ਯਾਦਗਾਰ ਤੋਂ ਇਸ ਅਸ਼ਲੀਲ ਸੰਦੇਸ਼ ਨੂੰ ਮਿਟਾਉਣ ਲਈ ਅਮਲੇ ਵੱਲੋਂ ਵਿਸ਼ੇਸ਼ ਪ੍ਰਕਾਰ ਦੀ ਜੈੱਲ ਵਰਤੀ ਗਈ। ਦੱਸਣਯੋਗ ਹੈ ਕਿ ਵਾਸ਼ਿੰਗਟਨ ਵਿਚ ਯਾਦਗਾਰਾਂ ਉਤੇ ਗੰਦੀਆਂ-ਮੰਦੀਆਂ ਗੱਲਾਂ ਲਿਖਣ ਦੀ ਕੋਝੀ ਹਰਕਤ ਕੋਈ ਪਹਿਲੀ ਵਾਰ ਨਹੀਂ ਹੋਈ ਹੈ।


PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City



ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

ਪਾਠਕਾਂ ਦੀ ਪਹਿਲੀ ਪਸੰਦ ਪੰਜਾਬ ਟਾਈਮਜ਼




ਅਮਰੀਕਾ ਵਿਚ ਤਿੰਨ ਐਡੀਸ਼ਨਾਂ (ਸ਼ਿਕਾਗੋ, ਕੈਲੀਫੋਰਨੀਆ ਅਤੇ ਨਿਊ ਯਾਰਕ) ਵਿਚ ਛਪਣ ਵਾਲਾ ਇਕੋ ਇਕ ਪੰਜਾਬੀ ਹਫਤਾਵਾਰੀ ਅਖਬਾਰ, ਜਿਸ ਦੇ ਪਾਠਕਾਂ ਦੀ ਗਿਣਤੀ ਕਿਸੇ ਵੀ ਹੋਰ ਪੰਜਾਬੀ ਅਖਬਾਰ ਤੋਂ ਵੱਧ ਹੈ

ਪਿਛਲੇ 18 ਸਾਲ ਤੋਂ ਨਿਰਵਿਘਨ ਪ੍ਰਕਾਸ਼ਨ। ਹਰ ਵਰਗ ਦੇ ਪਾਠਕ ਲਈ ਸਭ ਤੋਂ ਵੱਧ ਮਿਆਰੀ ਪੜ੍ਹਨ ਸਮੱਗਰੀ ਦੇਣ ਵਾਲਾ ਪੰਜਾਬੀ ਅਖਬਾਰ।
ਪੰਜਾਬ ਟਾਈਮਜ਼ ਕਿਸੇ ਇਕ ਵਿਚਾਰਧਾਰਾ, ਕਿਸੇ ਇਕ ਸਮਾਜਿਕ, ਧਾਰਮਿਕ ਜਾਂ ਸਿਆਸੀ ਧਿਰ ਨਾਲ ਪ੍ਰਤੀਬੱਧ ਨਹੀਂ ਹੈ। ਹਮੇਸ਼ਾ ਸਭ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦਿੰਦਾ ਹੈ।

***Advertisement in Punjab Times, Support Punjab Times.***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦਿਓ ਤੇ ਆਪਣਾ ਕਾਰੋਬਾਰ ਵਧਾਓ

ਪੰਜਾਬ ਟਾਈਮਜ਼ ਸੇਲ ਪੇਪਰ ਨਹੀਂ, ਇਸ ਵਿਚ ਪੀਰ ਬਾਬਿਆਂ, ਜੋਤਸ਼ੀਆਂ, ਠੱਗੀ ਮਾਰਾਂ, ਭਰੂਣ ਹੱਤਿਆ ਕਰਨ ਵਾਲਿਆਂ ਦੇ ਇਸ਼ਤਿਹਾਰ ਨਹੀਂ ਛਾਪੇ ਜਾਂਦੇ। ਪੇਸ਼ੇਵਰ ਤੇ ਮਿਆਰੀ ਪੱਤਰਕਾਰੀ, ਨਾ ਕਿ ਬਾਂਹ ਮਰੋੜ ਤੇ ਵਿਕਾਊ ਪੱਤਰਕਾਰੀ।
ਸੂਝਵਾਨ ਤੇ ਸੁਹਿਰਦ ਪਾਠਕਾਂ ਜੋ ਚਾਹੁੰਦੇ ਹਨ ਕਿ ਪੰਜਾਬ ਟਾਈਮਜ਼ ਸਾਬਤ ਕਦਮੀਂ ਅੱਗੇ ਵਧਦਾ ਰਹੇ, ਨੂੰ ਬੇਨਤੀ ਹੈ ਕਿ ਜਿਨ੍ਹਾਂ ਵਿਗਿਆਪਕਾਂ ਨਾਲ ਉਨ੍ਹਾਂ ਦਾ ਵਾਸਤਾ ਪੈਂਦਾ ਹੈ, ਉਨ੍ਹਾਂ ਉਤੇ ਜ਼ੋਰ ਪਾਉਣ ਕਿ ਪੰਜਾਬ ਟਾਈਮਜ਼ ਨੂੰ ਇਸ਼ਤਿਹਾਰ ਜ਼ਰੂਰ ਦਿੱਤਾ ਜਾਵੇ।

ਫੋਨ: 847-359-0746 Email: punjabtimes1@gmail.com www.punjabtimesusa.com

# ਚੋਣ ਵਾਅਦਿਆਂ ਤੋਂ ਭੱਜੀ ਕੈਪਟਨ ਸਰਕਾਰ ਨੂੰ ਘੇਰਾ

**ਅੰਮ੍ਰਿਤਸਰ:** ਵਿਧਾਨ ਸਭਾ ਚੋਣਾਂ ਸਮੇਂ ਕੀਤੇ ਵਾਅਦੇ ਤੈਅ ਸਮੇਂ ਵਿਚ ਪੁਗਾਉਣ ਵਿਚ ਅਸਫਲ ਰਹੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਖਾਸਕਰ ਕਿਸਾਨਾਂ ਤੇ ਸਰਕਾਰੀ ਮੁਲਜ਼ਮਾਂ ਨੇ ਸਰਕਾਰ ਖਿਲਾਫ ਬਗਾਵਤ ਦਾ ਝੰਡਾ ਚੁੱਕ ਲਿਆ ਹੈ। ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕਰਾਉਣ ਲਈ ਕਿਸਾਨ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਵੱਡੀ ਗਿਣਤੀ ਕਿਸਾਨਾਂ ਨੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਘਰ ਘੇਰ ਲਿਆ। ਪੁਲਿਸ ਨੇ ਵਿਖਾਵਾਕਾਰੀਆਂ ਨੂੰ ਰੋਕਣ ਦਾ ਯਤਨ ਕੀਤਾ ਪਰ ਇਹ ਯਤਨ ਸਫਲ ਨਾ ਹੋਇਆ। ਕਿਸਾਨਾਂ ਨੇ ਸਾਰੀ ਦੁਪਹਿਰ ਸਿੱਧੂ ਦੇ ਘਰ ਦੇ ਬਾਹਰ ਧਰਨਾ ਦਿੱਤਾ।

## ਮੰਤਰੀਆਂ ਦੇ ਘਰ ਘੇਰਨ ਪਿੱਛੋਂ ਵਧੀਆਂ ਮੁਸ਼ਕਲਾਂ



ਕਿਸਾਨਾਂ ਦਾ ਰੋਸ ਸੀ ਕਿ ਕਾਂਗਰਸ ਸਰਕਾਰ ਚੋਣਾਂ ਤੋਂ ਪਹਿਲਾਂ ਕਿਸਾਨਾਂ ਨਾਲ ਕੀਤੇ ਵਾਅਦੇ ਤੋਂ ਭੱਜ ਗਈ ਹੈ। ਸਾਰਾ ਕਰਜ਼ਾ ਮੁਆਫ ਕਰਨ ਦੀ ਥਾਂ ਸਿਰਫ ਦੋ ਲੱਖ ਰੁਪਏ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਹੈ। ਬੁਲਾਰਿਆਂ ਨੇ ਵਿਅੰਗ ਕੀਤਾ ਕਿ ਕਿਸਾਨਾਂ ਦੀ ਵਾਰੀ ਸਰਕਾਰੀ ਖਜ਼ਾਨੇ ਖਾਲੀ ਹੋ ਜਾਂਦੇ ਹਨ, ਜਦੋਂ ਕਿ ਮੁੱਖ ਮੰਤਰੀ ਨੇ ਆਪਣੇ ਨੌਂ ਓ.ਐਸ.ਡੀ. ਰੱਖੇ ਹੋਏ ਹਨ ਅਤੇ ਸਲਾਹਕਾਰਾਂ ਦੀ ਤਨਖਾਹ ਵੀ ਵਧਾਈ ਹੈ। ਕੇਂਦਰ ਸਰਕਾਰਾਂ ਨੇ ਕਾਰਪੋਰੇਟ ਘਰਾਣਿਆਂ ਦਾ ਦੋ ਲੱਖ ਕਰੋੜ ਰੁਪਏ ਦਾ ਕਰਜ਼ ਮੁਆਫ ਕਰ ਦਿੱਤਾ ਹੈ ਪਰ ਕਿਸਾਨਾਂ ਲਈ ਕੋਈ ਕਰਜ਼ਾ ਮੁਆਫੀ ਨਹੀਂ ਹੈ। ਹੁਣ ਕਰਜ਼ਾ ਮੁਆਫੀ ਬਾਰੇ ਰਾਜਨੀਤੀ ਕੀਤੀ ਜਾ ਰਹੀ ਹੈ, ਜਦੋਂ ਕਿ ਦੂਜੇ ਪਾਸੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਖੁਦਕੁਸ਼ੀ ਕਰ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਐਲਾਨੀ ਰਾਸ਼ੀ ਦਿੱਤੀ ਜਾਵੇ ਅਤੇ ਭਵਿੱਖ ਲਈ ਅਜਿਹੀ ਨੀਤੀ ਬਣਾਈ ਜਾਵੇ ਤਾਂ ਜੋ ਕਿਸਾਨਾਂ ਸਿਰ ਕਰਜ਼ਾ ਨਾ ਚੜ੍ਹੇ। ਇਸ ਤੋਂ ਇਲਾਵਾ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਵੀ ਮੰਗ ਕੀਤੀ ਗਈ।

ਇਸ ਦੌਰਾਨ ਸਾਬਕਾ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੇ ਮੌਕੇ 'ਤੇ ਪੁੱਜ ਕੇ ਧਰਨਾਕਾਰੀਆਂ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਪਰ ਵਿਖਾਵਾਕਾਰੀਆਂ ਨੇ ਮੰਗ ਕੀਤੀ ਕਿ ਉਹ ਦਿੱਤੇ ਮੰਗ ਪੱਤਰ 'ਤੇ ਅਮਲ ਕਰਾਉਣ ਲਈ ਆਏ ਹਨ। ਡਾ. ਸਿੱਧੂ ਨੇ ਭਰੋਸਾ ਦਿੱਤਾ ਕਿ ਉਹ ਇਹ ਮਾਮਲਾ ਨਵਜੋਤ ਸਿੰਘ ਸਿੱਧੂ ਕੋਲ ਰੱਖਣਗੇ ਤਾਂ ਜੋ ਮੁੱਖ ਮੰਤਰੀ ਨਾਲ ਗੱਲਬਾਤ ਕਰ ਕੇ ਮਸਲਾ ਹੱਲ ਕੀਤਾ ਜਾ ਸਕੇ ਪਰ ਉਹ ਮੁੜ ਅਗਲੀ ਗੱਲਬਾਤ ਸਬੰਧੀ ਕੋਈ ਸੁਨੇਹਾ ਦੇਣ ਨਾ ਪੁੱਜੇ।

## ਨਿਊ ਮੋਤੀ ਮਹਿਲ ਵੱਲ ਕੂਚ

**ਪਟਿਆਲਾ:** ਪੰਜਾਬ ਭਰ ਦੇ ਸਰਕਾਰੀ ਮਾਡਲ ਆਦਰਸ਼ ਸਕੂਲਾਂ ਦੇ ਅਧਿਆਪਨ ਤੇ ਗੈਰ ਅਧਿਆਪਨ ਅਮਲੇ ਨੇ ਸੂਬਾ ਪੱਧਰੀ ਇਕੱਠ ਕਰ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ 'ਨਿਊ ਮੋਤੀ ਮਹਿਲ' ਵੱਲ ਰੋਸ ਮਾਰਚ ਕੱਢਿਆ। ਪੁਲਿਸ ਨੇ ਇਨ੍ਹਾਂ ਨੂੰ ਮੋਦੀ ਕਾਲਜ ਚੌਕ ਕੋਲ ਬੈਰੀਕੇਡ ਲਾ ਕੇ ਰੋਕ ਲਿਆ। ਇਸ ਤੋਂ ਇਲਾਵਾ ਕਾਂਗਰਸ ਸਰਕਾਰ ਨੂੰ ਚੋਣ ਵਾਅਦੇ ਯਾਦ ਕਰਵਾਉਣ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੀ ਸਰਪ੍ਰਸਤੀ ਹੇਠ ਬਣੀ ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸੱਦੇ 'ਤੇ ਸੂਬੇ ਭਰ ਵਿਚੋਂ ਹਜ਼ਾਰਾਂ ਸਰਕਾਰੀ, ਅਰਧ-ਸਰਕਾਰੀ ਤੇ ਠੇਕਾ ਮੁਲਾਜ਼ਮਾਂ ਨੇ ਸ਼ਾਹੀ ਸ਼ਹਿਰ ਵਿਚ ਰੋਸ ਮਾਰਚ ਕੀਤਾ ਅਤੇ ਧਰਨਾ ਲਾਇਆ। ਠੇਕਾ ਮੁਲਾਜ਼ਮ ਐਕਸ਼ਨ ਕਮੇਟੀ ਦੇ ਕਾਰਕੁਨ ਪਹਿਲਾਂ ਇਥੇ ਰੇਲਵੇ ਸਟੇਸ਼ਨ ਕੋਲ ਇਕੱਠੇ ਹੋਏ ਅਤੇ ਮਗਰੋਂ ਇਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ 'ਨਿਊ ਮੋਤੀ ਮਹਿਲ' ਵੱਲ ਪੈਦਲ ਰੋਸ ਮਾਰਚ ਕੀਤਾ। ਮੁਲਾਜ਼ਮਾਂ ਦੇ ਰੋਹ ਕਾਰਨ ਪੁਲਿਸ ਤੇ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪੁਲਿਸ ਨੇ ਪਹਿਲਾਂ ਹੀ ਬੈਰੀਕੇਡ ਲਾ ਕੇ ਰੋਸ ਮਾਰਚ ਕਰਦੇ ਕਾਰਕੁਨਾਂ ਨੂੰ ਫੁਹਾਰਾ ਚੌਕ ਨੇੜੇ ਮਾਲ ਰੋਡ 'ਤੇ ਰੋਕ ਲਿਆ, ਜਿਸ ਕਰ ਕੇ ਮੁਲਾਜ਼ਮਾਂ ਨੇ ਰਸਤੇ ਵਿਚ ਹੀ ਧਰਨਾ ਲਾ ਦਿੱਤਾ।

# ਗੈਂਗਸਟਰ ਗਾਂਧੀ ਦੇ ਭਰਾ ਨੂੰ ਮਾਰੀਆਂ ਗੋਲੀਆਂ



**ਲੁਧਿਆਣਾ:** ਖੰਨਾ ਦੇ ਨਾਮਵਰ ਗੈਂਗਸਟਰ ਰੁਪਿੰਦਰ ਗਾਂਧੀ ਦੇ ਭਰਾ ਮਨਵਿੰਦਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮਨਵਿੰਦਰ ਮਿੰਦੀ ਆਪਣੇ ਘਰ ਤੋਂ ਖੇਤ ਨੂੰ ਜਾ ਰਿਹਾ ਸੀ ਜਦੋਂ ਦੋ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ।

ਹਮਲਾਵਰ ਮਲਵਿੰਦਰ ਦਾ ਹੀ ਮੋਟਰਸਾਈਕਲ ਖੋਹ ਕੇ ਫਰਾਰ ਹੋ ਗਏ। ਮਨਵਿੰਦਰ ਦੇ ਭਤੀਜੇ ਨੇ ਹਮਲਾਵਰਾਂ ਦਾ ਪਿੱਛਾ ਕੀਤਾ। ਉਸ ਨੇ ਆਪਣੀ ਕਾਰ ਨਾਲ ਉਨ੍ਹਾਂ ਨੂੰ ਟੱਕਰ ਮਾਰ ਕੇ ਹੇਠਾਂ ਸੁੱਟ ਦਿੱਤਾ। ਇਸੇ ਦੌਰਾਨ, ਰਵੀ ਖਵਾਜਕੇ ਗਰੁਪ ਨਾਲ ਸਬੰਧਤ ਗੁਰਜੋਤ ਸਿੰਘ ਗਰਚਾ ਨੇ ਸੋਸ਼ਲ ਮੀਡੀਆ 'ਤੇ ਇਹ ਗੱਲ ਮੰਨੀ ਹੈ ਕਿ ਕਤਲ ਵਿਚ ਉਸ ਦਾ ਅਤੇ ਉਸ ਦੇ ਇਕ ਸਾਥੀ ਰਿੰਦਾ ਸੰਧੂ ਦਾ ਹੱਥ ਹੈ।

# ਡੁੱਬੇ ਕਰਜ਼ਿਆਂ 'ਚ ਸਟੇਟ ਬੈਂਕ ਮੋਹਰੀ

**ਨਵੀਂ ਦਿੱਲੀ:** ਵਿੱਤ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਸਰਕਾਰੀ ਬੈਂਕਾਂ ਦੇ ਡੁੱਬੇ ਕਰਜ਼ਿਆਂ ਵਿਚ 27 ਫੀਸਦੀ ਦੇ ਯੋਗਦਾਨ ਨਾਲ ਮੁਲਕ ਦਾ ਸਭ ਤੋਂ ਵੱਡਾ ਬੈਂਕ ਐਸ.ਬੀ.ਆਈ. ਮੋਹਰੀ ਹੈ। ਭਾਰਤੀ ਸਟੇਟ ਬੈਂਕ ਦੀ ਬੈਲੰਸ ਸੀਟ ਮੁਤਾਬਕ ਇਸ ਸਾਲ 31 ਮਾਰਚ ਨੂੰ ਬੈਂਕ ਦੀ 25,104 ਕਰੋੜ ਰੁਪਏ ਦੀ ਰਾਸ਼ੀ ਡੁੱਬੇ ਕਰਜ਼ਿਆਂ ਵਜੋਂ 1762 ਡਿਫਾਲਟਰਾਂ ਵੱਲ ਬਕਾਇਆ ਸੀ, ਜੋ ਜਾਣਬੁਝ ਕੇ ਕਰਜ਼ੇ ਮੋੜਨ ਤੋਂ ਇਨਕਾਰੀ ਹਨ। 1120 ਡਿਫਾਲਟਰਾਂ ਨਾਲ ਇਸ ਸੂਚੀ ਵਿਚ ਦੂਜਾ ਨੰਬਰ ਪੰਜਾਬ ਨੈਸ਼ਨਲ ਬੈਂਕ ਦਾ ਆਉਂਦਾ ਹੈ। ਪੀ.ਐਨ.ਬੀ. ਦੇ ਡੁੱਬੇ ਕਰਜ਼ੇ 12,278 ਕਰੋੜ ਰੁਪਏ ਦੇ ਕਰੀਬ ਹਨ। ਕੁੱਲ ਮਿਲਾ ਕੇ ਦੋਵਾਂ ਬੈਂਕਾਂ ਦੇ ਡੁੱਬੇ ਕਰਜ਼ਿਆਂ ਦੀ ਰਾਸ਼ੀ 37,382 ਕਰੋੜ ਹੈ, ਜੋ ਕਿ ਕੁੱਲ ਬਕਾਇਆ ਕਰਜ਼ਿਆਂ ਦਾ 40 ਫੀਸਦੀ ਹੈ। ਉਂਜ ਸਰਕਾਰੀ ਬੈਂਕਾਂ ਵੱਲ ਬਕਾਇਆ ਡੁੱਬੇ ਕਰਜ਼ਿਆਂ ਦੀ ਕੁੱਲ ਰਾਸ਼ੀ 92,376 ਕਰੋੜ ਰੁਪਏ ਹੈ।

ਅੰਕੜਿਆਂ ਮੁਤਾਬਕ ਵਿੱਤੀ ਸਾਲ 2016-17 ਦੇ ਖਤਮ ਹੋਣ ਮਗਰੋਂ ਕਰਜ਼ੇ ਮੋੜਨ ਤੋਂ ਇਨਕਾਰੀ ਲੋਕਾਂ ਖਿਲਾਫ਼ 92,376 ਕਰੋੜ ਦੀ ਰਾਸ਼ੀ ਬਕਾਇਆ ਸੀ ਜਦਕਿ ਉਸ ਤੋਂ ਪਿਛਲੇ




ਵਿੱਤੀ ਸਾਲ 2015-16 ਵਿਚ ਇਹ ਅੰਕੜਾ 76,685 ਕਰੋੜ ਸੀ। ਪਿਛਲੇ ਇਕ ਸਾਲ ਵਿਚ ਡੁੱਬੇ ਕਰਜ਼ਿਆਂ ਵਿਚ 20.4 ਫੀਸਦੀ ਦਾ ਇਜ਼ਾਫਾ ਹੋਇਆ ਹੈ। ਇਸ ਦੇ ਨਾਲ ਹੀ ਸਲਾਨਾ ਆਧਾਰ 'ਤੇ ਜਾਣਬੁਝ ਕੇ ਕਰਜ਼ਾ ਨਾ ਮੋੜਨ ਵਾਲਿਆਂ ਦੀ ਗਿਣਤੀ 10 ਫੀਸਦੀ ਦੇ ਕਰੀਬ ਵਧੀ ਹੈ। ਪਿਛਲੇ ਵਿੱਤੀ ਸਾਲ ਵਿਚ 8167 ਦੇ ਮੁਕਾਬਲੇ ਡਿਫਾਲਟਰਾਂ ਦੀ ਗਿਣਤੀ 8915 ਹੋ ਗਈ ਹੈ। ਕਰਜ਼ੇ ਮੋੜਨ ਤੋਂ ਇਨਕਾਰੀ 8915 ਮਾਮਲਿਆਂ ਵਿਚੋਂ 1914 ਕੇਸਾਂ ਵਿਚ ਐਫ. ਆਈ. ਆਰ. ਦਰਜ ਕੀਤੀ ਗਈ ਜਿਨ੍ਹਾਂ ਵੱਲ 32,484 ਕਰੋੜ ਰੁਪਏ ਬਕਾਇਆ ਸਨ। ਵਿੱਤੀ ਸਾਲ 2016-17 ਵਿਚ ਐਸ.ਬੀ. ਆਈ. ਤੇ ਇਸ ਨਾਲ ਜੁੜੇ ਪੰਜ ਸਹਾਇਕ ਬੈਂਕਾਂ ਸਮੇਤ 27 ਸਰਕਾਰੀ ਬੈਂਕਾਂ ਨੇ 81,683 ਕਰੋੜ ਦੇ ਕਰਜ਼ਿਆਂ ਉਤੇ ਲੀਕ ਮਾਰ ਦਿੱਤੀ ਸੀ, ਜੋ ਕਿ ਪਿਛਲੇ ਪੰਜ ਵਿੱਤੀ ਸਾਲਾਂ ਵਿਚ ਸਭ ਤੋਂ ਵੱਧ ਸੀ।

# ਹਰਸਿਮਰਤ ਵੱਲੋਂ ਘੱਟ ਗਿਣਤੀਆਂ ਬਾਰੇ ਬਡੂੰਗਰ ਦੇ ਦਾਅਵੇ ਰੱਦ

**ਜਲੰਧਰ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦੇ ਦਾਅਵੇ ਨੂੰ ਰੱਦ ਕੀਤਾ ਹੈ। ਬਡੂੰਗਰ ਵੱਲੋਂ ਘੱਟ ਗਿਣਤੀ ਦੇ ਸੁਰੱਖਿਅਤ ਨਾ ਹੋਣ ਬਾਰੇ ਦਿੱਤੇ ਗਏ ਬਿਆਨ 'ਤੇ ਬੀਬੀ ਬਾਦਲ ਨੇ ਕਿਹਾ ਕਿ ਪਤਾ ਨਹੀਂ ਉਹ ਦੇਸ਼ ਦੇ ਕਿਹੜੇ ਹਿੱਸੇ ਹੋ ਕੇ ਆਏ ਹਨ। ਦੇਸ਼ 'ਚ ਤਾਂ ਅਜਿਹਾ ਕੁਝ ਨਹੀਂ ਹੋ ਰਿਹਾ।

ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਦਾ ਕਹਿਣਾ ਹੈ ਕਿ ਦੇਸ਼ ਵਿਚ ਕਿਤੇ ਵੀ ਘੱਟ ਗਿਣਤੀ ਪ੍ਰਤੀ ਅਸੁਰੱਖਿਅਤ ਮਾਹੌਲ ਨਹੀਂ ਹੈ। ਹਰਸਿਮਰਤ ਨੇ ਸਾਬਕਾ ਉਪ ਰਾਸ਼ਟਰਪਤੀ ਅਨਸਾਰੀ ਦੇ ਨਾਲ-ਨਾਲ ਐਸ.ਜੀ.ਪੀ.ਸੀ. ਪ੍ਰਧਾਨ ਬਡੂੰਗਰ ਨੂੰ ਵੀ ਇਸ ਮਾਮਲੇ 'ਤੇ ਗਲਤ ਦੱਸਿਆ। ਉਨ੍ਹਾਂ ਕਿਹਾ, 'ਮੈਂ ਨਹੀਂ ਸਮਝਦੀ ਕਿ ਬਡੂੰਗਰ ਸਾਹਿਬ ਜਾਂ



ਕਿਸੇ ਨੂੰ ਇਹੋ ਜਿਹੀ ਗੱਲ ਮਹਿਸੂਸ ਹੋਣੀ ਚਾਹੀਦੀ ਹੈ। ਪਤਾ ਨਹੀਂ ਬਡੂੰਗਰ ਦੇਸ਼ ਦੇ ਕਿਹੜੇ ਹਿੱਸੇ ਵਿਚ ਹੋ ਕੇ ਆਏ ਹਨ, ਇਹ ਉਹੀ ਦੱਸ ਸਕਦੇ ਹਨ। ਮੈਂ ਦੇਸ਼ 'ਚ ਫਿਰਦੀ ਹਾਂ ਤੇ ਇਹ ਕਹਿ ਸਕਦੀ ਹਾਂ ਕਿ ਇਹੋ ਜਿਹੀ ਕੋਈ ਗੱਲ ਨਹੀਂ।'

# ਇਨਸਾਫ ਲਈ ਧਰਨੇ 'ਤੇ ਬੈਠਾ ਜੱਜ



**ਰਤਲਾਮ (ਮੱਧ ਪ੍ਰਦੇਸ਼):** ਭਾਰਤੀ ਨਿਆਂ ਪ੍ਰਣਾਲੀ ਦਾ ਹਾਲ ਇਹ ਹੈ ਕਿ ਇਨਸਾਫ ਲਈ ਜੱਜਾਂ ਨੂੰ ਵੀ ਸੜਕਾਂ ਉਤੇ ਆਉਣਾ ਪੈ ਰਿਹਾ ਹੈ। ਸਵਾ ਸਾਲ ਵਿਚ ਚਾਰ ਤਬਾਦਲਿਆਂ ਦੇ ਵਿਰੋਧ ਵਿਚ ਮੱਧ ਪ੍ਰਦੇਸ਼ ਹਾਈ ਕੋਰਟ ਜਬਲਪੁਰ ਦੇ ਵਿਹੜੇ ਵਿਚ ਧਰਨਾ ਦੇ ਕੇ ਚਰਚਾ ਵਿਚ ਆਏ ਬਰਖਾਸਤ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਏ.ਡੀ. ਜੇ. ਰਾਜਿੰਦਰਕੁਮਾਰ ਸ੍ਰੀਵਾਸ ਨੇ ਬਰਖਾਸਤਗੀ ਵਿਰੁੱਧ ਨੀਮਚ ਤੋਂ ਜਬਲਪੁਰ ਤੱਕ ਸਾਈਕਲ 'ਤੇ ਨਿਆਂ ਯਾਤਰਾ ਸ਼ੁਰੂ ਕੀਤੀ।


ਰਤਲਾਮ ਵਾਸੀ ਸ੍ਰੀਵਾਸ 15 ਮਹੀਨਿਆਂ ਦੇ ਸਮੇਂ ਵਿਚ ਚੌਥਾ ਤਬਾਦਲਾ ਕੀਤੇ ਜਾਣ ਵਿਰੁੱਧ ਹਾਈ ਕੋਰਟ ਸਾਹਮਣੇ ਪਹਿਲੀ ਅਗਸਤ ਨੂੰ ਅਣਮਿਥੇ ਧਰਨੇ 'ਤੇ ਬੈਠੇ ਸਨ, ਪਰ ਤੀਜੇ ਦਿਨ ਹੀ ਧਰਨਾ ਖਤਮ ਕਰ ਦਿੱਤਾ ਸੀ। ਜਬਲਪੁਰ ਤੋਂ ਨੀਮਚ ਤਬਾਦਲੇ ਦਾ ਹੁਕਮ ਮਿਲਣ ਤੋਂ ਬਾਅਦ ਸ੍ਰੀਵਾਸ ਨੇ ਅੱਠ ਅਗਸਤ ਨੂੰ ਨੀਮਚ ਏ.ਡੀ.ਜੇ. ਦਾ ਚਾਰਜ ਸੰਭਾਲਿਆ, ਪਰ ਚਾਰ ਘੰਟੇ ਬਾਅਦ ਹੀ ਉਸ ਨੂੰ ਸਸਪੈਨਸ਼ਨ ਦਾ ਹੁਕਮ ਮਿਲ ਗਿਆ।

ਉਨ੍ਹਾਂ ਕਿਹਾ ਕਿ ਜਮਹੂਰੀਅਤ ਵਿਚ ਨਿੱਜੀ ਆਜ਼ਾਦੀ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਤੋਂ ਦੁਖੀ ਹੋ ਕੇ ਉਸ ਨੇ ਜ਼ਮੀਨੀ ਪੱਧਰ 'ਤੇ ਨਿਆਂ ਦੀ ਲੜਾਈ ਦਾ ਫੈਸਲਾ ਕੀਤਾ ਹੈ। ਯਾਤਰਾ ਪੂਰੀ ਕਰ ਕੇ ਉਹ ਜਬਲਪੁਰ ਹਾਈ ਕੋਰਟ ਸਾਹਮਣੇ ਸਤਿਆਗ੍ਰਹਿ ਕਰ ਕੇ ਇਨਸਾਫ ਦੀ ਮੰਗ ਕਰੇਗਾ।

# ਗੁਰਦਾਸਪੁਰ ਜ਼ਿਮਨੀ ਚੋਣ ਲਈ ਕਮਰਕੱਸੇ

**ਚੰਡੀਗੜ੍ਹ:** ਗੁਰਦਾਸਪੁਰ ਲੋਕ ਸਭਾ ਸੀਟ ਲਈ ਜ਼ਿਮਨੀ ਚੋਣ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ-ਭਾਜਪਾ ਗੱਠਜੋੜ ਲਈ ਵਕਾਰ ਦਾ ਸਵਾਲ ਬਣ ਗਈ ਹੈ। ਆਮ ਆਦਮੀ ਪਾਰਟੀ ਵੱਲੋਂ ਵੀ ਚੋਣ ਸਤੰਬਰ ਮਹੀਨੇ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਭਾਜਪਾ ਨੇ ਬੂਥ ਪੱਧਰ ਉਤੇ ਇੰਚਾਰਜ ਲਗਾ ਕੇ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਆਜ਼ਾਦੀ ਦਿਹਾੜੇ ਦੇ ਸਮਾਗਮ ਲਈ ਗੁਰਦਾਸਪੁਰ ਜਾਣ ਦੀ ਚੋਣ ਵੀ ਇਸੇ ਦੇ ਮੱਦੇਨਜ਼ਰ ਕੀਤੀ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦੀ ਸੀ.ਪੀ.ਆਈ. ਦੇ ਸੀਨੀਅਰ ਆਗੂ ਡਾ. ਜੋਗਿੰਦਰ ਦਿਆਲ ਨਾਲ ਹੋਈ ਮੁਲਾਕਾਤ ਨੂੰ ਭਾਜਪਾ ਖਿਲਾਫ਼ ਸਾਂਝਾ ਫਰੰਟ ਬਣਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

ਗੁਰਦਾਸਪੁਰ ਸੰਸਦੀ ਸੀਟ ਫਿਲਮ ਅਦਾਕਾਰ ਵਿਨੋਦ ਖੰਨਾ ਦੇ ਅਕਾਲ ਚਲਾਣੇ ਕਰ ਕੇ ਖਾਲੀ ਹੋਈ ਸੀ। ਚੋਣ ਕਮਿਸ਼ਨ ਨੇ ਛੇ ਮਹੀਨੇ ਅੰਦਰ ਚੋਣ ਕਰਵਾਉਣੀ ਹੁੰਦੀ ਹੈ, ਪਰ ਲਗਭਗ ਚਾਰ ਮਹੀਨੇ ਲੰਘ ਚੁੱਕੇ ਹਨ। ਸੱਤਾ ਵਿਚ ਆਉਣ ਦੇ ਛੇ ਮਹੀਨੇ ਅੰਦਰ ਹੀ ਕਾਂਗਰਸ ਸਾਹਮਣੇ ਜ਼ਿਮਨੀ ਚੋਣ ਜਿੱਤਣ ਦੀ ਵੱਡੀ ਚੁਣੌਤੀ ਖੜ੍ਹੀ ਹੈ। ਕਾਂਗਰਸ ਦੇ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਸੁਨੀਲ ਕੁਮਾਰ ਜਾਖੜ ਦੀ ਪ੍ਰਧਾਨਗੀ ਵਿਚ ਇਹ ਪਹਿਲੀ ਚੋਣ ਹੋਵੇਗੀ। ਇਸ ਲਈ ਅਮਰਿੰਦਰ ਸਰਕਾਰ ਦੇ ਅਕਸ ਅਤੇ ਜਾਖੜ ਦੀ ਕਾਰਗੁਜ਼ਾਰੀ




## ਕਾਂਗਰਸ ਲਈ ਸਭ ਤੋਂ ਵੱਧ ਚੁਣੌਤੀ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਵਿਚ ਵੱਡੇ ਬਹੁਮਤ ਨਾਲ ਸੱਤਾ ਵਿਚ ਆਈ ਕਾਂਗਰਸ ਪਾਰਟੀ ਨੂੰ ਮਾਝੇ ਵਿਚ ਲੋਕਾਂ ਦਾ ਭਰਪੂਰ ਸਹਿਯੋਗ ਮਿਲਿਆ ਸੀ। ਸਰਕਾਰ ਬਣਨ ਮਗਰੋਂ ਖੁਦ ਕਾਂਗਰਸੀਆਂ ਵਿਚ ਬਦਲੀ ਹੋਈ ਸਰਕਾਰ ਵਾਲਾ ਉਤਸ਼ਾਹ ਮੱਠਾ ਪੈਂਦਾ ਦਿਖਾਈ ਦੇ ਰਿਹਾ ਹੈ। ਗੁਰਦਾਸਪੁਰ ਨਾਲ ਸਬੰਧਤ ਕਈ ਵਿਧਾਇਕ, ਕੈਪਟਨ ਅਮਰਿੰਦਰ ਸਿੰਘ ਦੇ ਅਕਾਲੀਆਂ ਪ੍ਰਤੀ ਨਰਮ ਵਿਵਹਾਰ ਉਤੇ ਖੁੱਲ੍ਹੇਆਮ ਟਿੱਪਣੀਆਂ ਕਰ ਚੁੱਕੇ ਹਨ।

ਲਈ ਇਹ ਚੋਣ ਅਹਿਮ ਮੰਨੀ ਜਾ ਰਹੀ ਹੈ।

ਇਸ ਦੌਰਾਨ ਜ਼ਿਮਨੀ ਚੋਣ ਵਿਚ ਭਾਜਪਾ ਨੂੰ ਹਮਦਰਦੀ ਵੋਟ ਦਾ ਸਹਾਰਾ ਹੈ। ਅਕਾਲੀ ਦਲ ਨੇ ਵੀ ਮਾਝਾ ਖੇਤਰ ਵਿਚ ਹੀ ਜਬਰ ਵਿਰੋਧੀ ਲਹਿਰ ਦੀ ਸ਼ੁਰੂਆਤ ਕਰ ਕੇ ਵਿਧਾਨ ਸਭਾ ਚੋਣ ਹਾਰੇ ਕਾਰਕੁਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ ਹੈ। ਪਿਛਲੇ ਦਿਨੀਂ ਭਾਜਪਾ ਆਗੂਆਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਵੀ ਕੀਤੀ ਸੀ। ਉਧਰ 'ਆਪ' ਵਿਧਾਇਕ ਦਲ ਦੇ ਆਗੂ ਸੁਖਪਾਲ ਸਿੰਘ ਖਹਿਰਾ ਜ਼ਿਮਨੀ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। 2014 ਦੀਆਂ ਲੋਕ ਸਭਾ ਚੋਣਾਂ ਵੇਲੇ 'ਆਪ' ਨੂੰ ਭਾਵੇਂ ਇਥੋਂ ਵੱਡਾ ਹੁੰਗਾਰਾ ਮਿਲਿਆ, ਪਰ ਹਾਲੀਆ ਵਿਧਾਨ ਸਭਾ ਚੋਣਾਂ ਵਿਚ ਦੂਜੀ ਵੱਡੀ ਪਾਰਟੀ ਵੱਜੋਂ ਉਭਰੀ 'ਆਪ' ਮਾਝੇ ਵਿਚ ਇਸ ਸਫਲਤਾ ਨੂੰ ਕੈਸ਼ ਕਰਵਾਉਣ ਵਿਚ ਨਾਕਾਮ ਰਹੀ।

# ਸਿਟੀ ਸੈਂਟਰ ਘੁਟਾਲਾ: ਸੱਤਾ ਮਿਲਦਿਆਂ ਹੀ ਸਭ 'ਗੁਨਾਹ' ਮੁਆਫ

**ਲੁਧਿਆਣਾ:** ਲੁਧਿਆਣਾ ਦੇ ਬਹੁ-ਕਰੋੜੀ ਸਿਟੀ ਸੈਂਟਰ ਘੁਟਾਲੇ ਵਿਚ ਵਿਜੀਲੈਂਸ ਬਿਊਰੋ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹੋਰ ਨਾਮਜ਼ਦ ਮੁਲਜ਼ਮਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਵਿਜੀਲੈਂਸ ਅਧਿਕਾਰੀਆਂ ਵੱਲੋਂ ਅਦਾਲਤ ਵਿਚ ਇਸ ਕੇਸ ਨੂੰ ਬੰਦ ਕਰਨ ਲਈ ਦਰਖਾਸਤ ਦਿੱਤੀ ਗਈ। ਵਿਜੀਲੈਂਸ ਬਿਊਰੋ ਵੱਲੋਂ ਸ਼ਹੀਦ ਭਗਤ ਸਿੰਘ ਨਗਰ 'ਚ ਬਣਨ ਵਾਲੇ ਸਿਟੀ ਸੈਂਟਰ ਵਿਚ ਵੱਡੇ ਪੱਧਰ 'ਤੇ ਹੋਈ ਘਪਲੇਬਾਜ਼ੀ ਨੂੰ ਲੈ ਕੇ ਮਾਰਚ 2007 ਵਿਚ ਕੈਪਟਨ ਅਮਰਿੰਦਰ ਸਿੰਘ, ਸਾਬਕਾ ਕੈਬਨਿਟ ਮੰਤਰੀ ਚੌਧਰੀ ਜਗਜੀਤ ਸਿੰਘ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਪਰਮਜੀਤ ਸਿੰਘ ਸੀਬੀਆ ਤੇ ਸਿਟੀ ਸੈਂਟਰ ਦੀ ਉਸਾਰੀ ਕਰਨ ਵਾਲੀ ਕੰਪਨੀ ਟੂਡੇ ਹੋਮਜ਼ ਦੇ ਅਧਿਕਾਰੀਆਂ ਸਮੇਤ 19 ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ।

ਇਸ ਮਾਮਲੇ ਵਿਚ ਜ਼ਿਆਦਾਤਰ ਦੋਸ਼ੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ ਪਰ ਅਦਾਲਤ ਵੱਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਗਈ ਸੀ। ਵਿਜੀਲੈਂਸ ਵੱਲੋਂ ਭਾਵੇਂ 19 ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ, ਪਰ ਦਸੰਬਰ 2007 ਵਿਚ ਵਿਜੀਲੈਂਸ ਵੱਲੋਂ ਇਸ ਮਾਮਲੇ 'ਚ 11 ਹੋਰ ਵਿਅਕਤੀਆਂ ਨੂੰ ਨਾਮਜ਼ਦ ਕਰ ਕੇ ਕੁੱਲ 30 ਵਿਅਕਤੀਆਂ ਖਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਸੀ, ਪਰ ਅਦਾਲਤ 'ਚ ਨਾਮਜ਼ਦ ਵਿਅਕਤੀਆਂ ਖਿਲਾਫ਼ ਦੋਸ਼ ਨਹੀਂ ਲਗਾਏ ਜਾ ਸਕੇ ਸੀ। ਵਿਜੀਲੈਂਸ ਬਿਊਰੋ ਵੱਲੋਂ ਇਸ ਮਾਮਲੇ 'ਚ 152 ਗਵਾਹਾਂ ਦੀ ਸੂਚੀ ਅਦਾਲਤ ਵਿਚ ਪੇਸ਼ ਕੀਤੀ ਗਈ ਸੀ। ਕੁਝ ਸਮਾਂ ਪਹਿਲਾਂ ਇਸ ਮਾਮਲੇ ਵਿਚ ਨਾਮਜ਼ਦ ਚੇਤਨ ਗੁਪਤਾ ਨੇ ਵਿਜੀਲੈਂਸ ਅਧਿਕਾਰੀਆਂ ਨੂੰ ਦਰਖ਼ਾਸਤ ਦੇ ਕੇ ਮੁੜ ਜਾਂਚ ਕਰਨ ਦੇ ਹੁਕਮ ਦਿੱਤੇ ਸਨ।

ਸ੍ਰੀ ਗੁਪਤਾ ਦਾ ਕਹਿਣਾ ਹੈ ਕਿ ਪਹਿਲਾਂ ਅਧਿਕਾਰੀਆਂ ਵੱਲੋਂ ਉਨ੍ਹਾਂ ਦਾ ਪੱਖ ਸਹੀ ਢੰਗ ਨਾਲ ਨਹੀਂ ਸੁਣਿਆ ਗਿਆ ਸੀ, ਜਿਸ ਕਾਰਨ ਇਸ ਦੀ ਮੁੜ ਜਾਂਚ ਕੀਤੀ ਜਾਵੇ। ਸ੍ਰੀ ਚੇਤਨ ਦੀ ਬੇਨਤੀ 'ਤੇ ਅਧਿਕਾਰੀਆਂ ਵੱਲੋਂ ਇਸ ਦੀ ਮੁੜ ਜਾਂਚ ਕੀਤੀ ਗਈ ਤੇ ਜਾਂਚ ਦੌਰਾਨ ਕੈਪਟਨ ਅਮਰਿੰਦਰ ਸਿੰਘ ਸਮੇਤ ਸਾਰੇ ਨਾਮਜ਼ਦ ਦੋਸ਼ੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਸੀ ਕਿ ਦਰਜ ਕੀਤੀ ਐਫ਼.ਆਈ.ਆਰ. 'ਚ ਦੋਸ਼ ਸਾਬਤ ਨਹੀਂ ਹੋ ਸਕੇ ਹਨ। ਸਾਲ 2007 'ਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਹੀ ਇਸ ਸਾਰੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਗਏ ਸਨ ਪਰ ਫਰਵਰੀ 2007 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਦੀ ਜਿੱਤ ਹੋਈ ਸੀ ਤੇ ਸਰਕਾਰ ਬਣਨ ਦੇ ਤੁਰਤ ਬਾਅਦ ਮਾਰਚ 2007 'ਚ ਇਸ ਮਾਮਲੇ ਵਿਚ ਕੇਸ ਦਰਜ ਕੀਤਾ ਗਿਆ ਸੀ। ਇਨ੍ਹਾਂ ਤੱਥਾਂ ਦਾ ਜ਼ਿਕਰ ਵੀ ਵਿਜੀਲੈਂਸ ਵੱਲੋਂ ਪੇਸ਼ ਕੀਤੀ ਤਾਜ਼ਾ ਰਿਪੋਰਟ 'ਚ ਕੀਤਾ ਗਿਆ ਹੈ।

## ਵਿਜੀਲੈਂਸ ਬਿਊਰੋ ਵੱਲੋਂ ਕੈਪਟਨ ਨੂੰ ਕਲੀਨ ਚਿੱਟ



## ਕਲੀਨ ਚਿੱਟ ਦੇਣ 'ਤੇ ਈ.ਡੀ. ਨੇ ਚੁੱਕੇ ਸਵਾਲ

**ਜਲੰਧਰ**: ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਸਿਟੀ ਸੈਂਟਰ ਘੁਟਾਲੇ ਸਬੰਧੀ ਬਿਊਰੋ ਵੱਲੋਂ ਬਣਾਈ ਵਿਜੀਲੈਂਸ ਰਿਪੋਰਟ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ। ਈ.ਡੀ. ਨੇ ਦਾਅਵਾ ਕੀਤਾ ਕਿ ਵਿਜੀਲੈਂਸ ਤੋਂ ਵਾਰ-ਵਾਰ ਇਸ ਘਪਲੇ ਦੀ ਰਿਪੋਰਟ ਮੰਗਣ ਦੇ ਬਾਵਜੂਦ ਵਿਭਾਗ ਨੇ ਉਨ੍ਹਾਂ ਤੱਕ ਇਸ ਕੇਸ ਨਾਲ ਸਬੰਧਤ ਰਿਪੋਰਟ ਨਹੀਂ ਪਹੁੰਚਾਈ ਗਈ। ਇਨਫੋਰਸਮੈਂਟ ਡਾਇਰੈਕਟੋਰੇਟ ਦੇ ਸੰਯੁਕਤ ਨਿਰਦੇਸ਼ਕ ਡਾ. ਗਿਰੀਸ਼ ਬਾਲੀ ਨੇ ਦੱਸਿਆ ਕਿ 2013 ਤੋਂ ਅਸੀਂ ਪੰਜਾਬ ਵਿਜੀਲੈਂਸ ਬਿਊਰੋ ਨੂੰ ਇਸ ਘੁਟਾਲੇ ਦੀ ਜਾਂਚ ਰਿਪੋਰਟ ਲੈਣ ਵਾਸਤੇ ਲਿਖ ਰਹੇ ਹਾਂ। 10 ਵਾਰ ਚਿੱਠੀਆਂ ਲਿਖਣ ਤੋਂ ਬਾਅਦ ਸਾਨੂੰ ਵਿਜੀਲੈਂਸ ਨੇ ਕਿਹਾ ਕਿ ਅਦਾਲਤ ਤੋਂ ਜਾਂਚ ਰਿਪੋਰਟ ਲੈ ਲਵੋ, ਅਸੀਂ ਸੈਸ਼ਨ ਕੋਰਟ ਗਏ ਤਾਂ ਕੋਰਟ ਨੇ ਕਿਹਾ ਕਿ ਰਿਪੋਰਟ ਵਿਜੀਲੈਂਸ ਬਿਊਰੋ ਤੋਂ ਲਈ ਜਾਵੇ। ਵਿਜੀਲੈਂਸ ਵੱਲੋਂ ਮਿਲੀ ਕਲੀਨ ਚਿੱਟ ਨੇ ਬੇਸ਼ੱਕ ਮੁੱਖ ਮੰਤਰੀ ਨੂੰ ਰਾਹਤ ਦਿੱਤੀ ਹੈ ਪਰ ਈ.ਡੀ. ਵੱਲੋਂ ਇਸ ਮਾਮਲੇ ਵਿਚ 2013 ਵਿਚ ਦਰਜ 'ਇਨਫੋਰਸਮੈਂਟ ਕੇਸ ਇਨਫਰਮੇਸ਼ਨ ਰਿਪੋਰਟ' (ਈ.ਸੀ.ਆਈ.ਆਰ.) ਬਰਕਰਾਰ ਹੈ। ਹੁਣ ਈ.ਡੀ. ਇਸ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਕੋਲ ਪਹੁੰਚ ਕਰਨ ਦੀ ਤਿਆਰੀ ਵਿਚ ਹੈ।

## ਫਰੈਂਡਲੀ ਮੈਚ ਖੇਡ ਰਹੇ ਨੇ ਕੈਪਟਨ: ਖਹਿਰਾ

**ਲੁਧਿਆਣਾ:** ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਵਿਚ ਆਉਣ ਤੋਂ ਬਾਅਦ ਸਿਟੀ ਸੈਂਟਰ ਘੁਟਾਲੇ ਦੇ ਮਾਮਲੇ ਵਿਚ ਵਿਜੀਲੈਂਸ ਤੋਂ ਕਲੀਨ ਚਿੱਟ ਲੈ ਲਈ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਬਾਦਲਾਂ ਨੂੰ ਬਚਾਉਣ ਲਈ ਕੈਪਟਨ ਨੇ ਆਪਣੇ ਸਾਰੇ ਮੰਤਰੀਆਂ ਦੇ ਹੱਥ ਬੰਨ੍ਹ ਦਿੱਤੇ ਹਨ। ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਫਾਸਟਵੇਅ ਦਾ 20 ਹਜ਼ਾਰ ਕਰੋੜ ਦਾ ਘੁਟਾਲਾ ਸਾਹਮਣੇ ਲਿਆਂਦਾ ਹੈ ਪਰ ਕੈਪਟਨ ਬਾਦਲਾਂ ਨਾਲ ਫਰੈਂਡਲੀ ਮੈਚ ਖੇਡ ਰਹੇ ਹਨ।

# ਗੰਭੀਰ ਮਨੁੱਖੀ ਸੰਕਟ ਵੱਲ ਵਧ ਰਿਹਾ ਹੈ ਦੱਖਣੀ ਏਸ਼ੀਆ: ਰਿਪੋਰਟ



**ਜਨੇਵਾ:** ਰੈਡ ਕਰਾਸ ਨੇ ਆਪਣੀ ਰਿਪੋਰਟ ਵਿਚ ਕਿਹਾ ਕਿ ਦੱਖਣੀ ਏਸ਼ੀਆ 'ਚ ਮਨੁੱਖੀ ਸੰਕਟ ਗੰਭੀਰ ਰੁਖ ਅਖਤਿਆਰ ਕਰ ਗਿਆ ਹੈ, ਜਿਥੇ ਤਬਾਹਕਾਰੀ ਮੌਨਸੂਨ ਹੜ੍ਹਾਂ ਕਾਰਨ ਇਕ ਕਰੋੜ 60 ਲੱਖ ਲੋਕ ਪ੍ਰਭਾਵਿਤ ਹੋਏ ਹਨ, ਇਨ੍ਹਾਂ ਵਿਚ ਇਕੱਲੇ ਭਾਰਤ ਦੇ ਕਰੀਬ ਇਕ ਕਰੋੜ 10 ਲੱਖ ਤੋਂ ਜ਼ਿਆਦਾ ਲੋਕ ਸ਼ਾਮਲ ਹਨ। 'ਇੰਟਰਨੈਸ਼ਨਲ ਫੈਡਰੇਸ਼ਨ ਆਫ ਰੈਡ ਕਰਾਸ' (ਆਈ.ਐਫ.ਆਰ.ਸੀ.) ਅਨੁਸਾਰ ਮੌਨਸੂਨ ਹੜ੍ਹਾਂ ਕਾਰਨ ਤਿੰਨ ਦੇਸ਼ਾਂ ਭਾਰਤ, ਨਿਪਾਲ ਤੇ ਬੰਗਲਾਦੇਸ਼ 'ਚ ਇਕ ਕਰੋੜ 60 ਲੱਖ ਤੋਂ ਜ਼ਿਆਦਾ ਲੋਕ ਪ੍ਰਭਾਵਿਤ ਹੋਏ ਹਨ ਤੇ 400 ਤੋਂ ਜ਼ਿਆਦਾ ਮੌਤਾਂ ਹੋ ਚੁੱਕੀਆਂ ਹਨ। ਏਸ਼ੀਆ ਪ੍ਰਸ਼ਾਂਤ ਦੇ ਡਿਪਟੀ ਰਿਜਨਲ ਡਾਇਰੈਕਟਰ ਮਾਰਟਿਨ ਫਾਲਰ ਨੇ ਕਿਹਾ ਕਿ ਇਹ ਤੇਜ਼ੀ ਨਾਲ ਵੱਧ ਰਹੇ ਮਨੁੱਖੀ ਸੰਕਟਾਂ 'ਚੋਂ ਇਕ ਹੈ ਅਤੇ ਇਨ੍ਹਾਂ ਤਬਾਹਕਾਰੀ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਪ੍ਰਤੀ ਲੋੜੀਂਦੇ ਕਦਮ ਚੁੱਕਣ ਦੀ ਲੋੜ ਹੈ। ਭਾਰਤ, ਨਿਪਾਲ ਤੇ ਬੰਗਲਾਦੇਸ਼ ਦੇ ਕਰੋੜਾਂ ਲੋਕ ਹੜ੍ਹਾਂ ਦੇ ਪ੍ਰਦੂਸ਼ਿਤ ਪਾਣੀ ਕਾਰਨ ਬਿਮਾਰੀਆਂ ਤੇ ਭੋਜਨ ਦੀ ਘਾਟ ਦਾ ਸਾਹਮਣਾ ਕਰਦੇ ਹਨ।

ਆਈ.ਐਫ.ਆਰ.ਸੀ. ਨੇ ਇਕ ਰਿਪੋਰਟ 'ਚ ਕਿਹਾ ਕਿ ਉਤਰੀ ਭਾਰਤ ਵਿਚ 4 ਸੂਬਿਆਂ ਦੇ 1 ਕਰੋੜ 10 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹਨ ਤੇ ਭਾਰਤੀ ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ 'ਚ ਭਾਰੀ ਬਾਰਸ਼ ਦੀ ਸੰਭਾਵਨਾ ਪ੍ਰਗਟਾਈ ਹੈ। ਬਿਹਾਰ, ਆਸਾਮ ਤੇ ਪੱਛਮੀ ਬੰਗਾਲ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ 74 ਹੋਰ ਮੌਤਾਂ ਹੋ ਚੁੱਕੀਆਂ ਹਨ ਜਦੋਂ ਕਿ ਬਿਹਾਰ 'ਚ 119 ਲੋਕ ਜ਼ਖਮੀ ਹੋ ਚੁੱਕੇ ਹਨ।

## ਲੋਕ ਇਨਸਾਫ ਪਾਰਟੀ ਵਿਚ ਬਗਾਵਤ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਦੋ ਵਿੰਗਾਂ ਦੇ ਸੂਬਾ ਪ੍ਰਧਾਨਾਂ ਨੇ ਸਾਥੀਆਂ ਸਣੇ ਪਾਰਟੀ ਛੱਡਣ ਦਾ ਐਲਾਨ ਕਰ ਦਿੱਤਾ। ਲੋਕ ਇਨਸਾਫ ਪਾਰਟੀ ਦੇ ਜਨਰਲ ਸਕੱਤਰ ਤੇ ਇੰਡਸਟਰੀਅਲ ਵਿੰਗ ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਠੁਕਰਾਲ, ਵਿਦਿਆਰਥੀ ਵਿੰਗ ਦੇ ਸੂਬਾ ਪ੍ਰਧਾਨ ਮਨਰਾਜ ਸਿੰਘ ਠੁਕਰਾਲ, ਹਲਕਾ ਦੱਖਣੀ ਦੇ ਵਿਦਿਆਰਥੀ ਵਿੰਗ ਦੇ ਪ੍ਰਧਾਨ ਜੈਪਾਲ ਸਿੰਘ ਸੰਧੂ, ਆਤਮ ਨਗਰ ਵਿਦਿਆਰਥੀ ਵਿੰਗ ਦੇ ਪ੍ਰਧਾਨ ਕੁਲਵਿੰਦਰ ਸਿੰਘ ਟੋਨੀ ਅਰੋੜਾ ਸਾਂਝੇ ਤੌਰ 'ਤੇ ਪਾਰਟੀ ਦੇ ਸਾਰੇ ਅਹੁਦਿਆਂ ਤੇ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ।

ਠੁਕਰਾਲ ਨੇ ਕਿਹਾ ਕਿ ਉਹ ਪਿਛਲੇ 14-15 ਸਾਲਾਂ ਤੋਂ ਬੈਂਸ ਭਰਾਵਾਂ ਨਾਲ ਰਾਜਸੀ ਤੌਰ 'ਤੇ ਜੁੜਿਆ ਹੋਇਆ ਸੀ ਪਰ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਮਨਰਾਜ ਸਿੰਘ ਠੁਕਰਾਲ ਨੇ ਕਿਹਾ ਕਿ ਪਾਰਟੀ ਫੈਸਲਿਆਂ ਸਬੰਧੀ ਉਨ੍ਹਾਂ ਨੂੰ ਬਾਹਰੋਂ ਪਤਾ ਲੱਗਦਾ ਹੈ ਅਤੇ ਕਿਸੇ ਵੀ ਫੈਸਲਿਆਂ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਅਜਿਹੇ ਵਿਚ ਉਹ ਪਾਰਟੀ ਛੱਡ ਰਹੇ ਹਨ। ਉਧਰ, ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦਾ ਕਹਿਣਾ ਹੈ ਕਿ ਕਈ ਵਾਰ ਲੋਕਾਂ ਨੂੰ ਸਰਕਾਰ ਦੀ ਚਮਕ-ਦਮਕ ਜ਼ਿਆਦਾ ਖਿੱਚ ਪਾਉਂਦੀ ਹੈ। ਇਸ ਕਾਰਨ ਜੋ ਜਿਸ ਥਾਂ ਜਾਣਾ ਚਾਹੁੰਦਾ ਹੈ, ਉਹ ਉਸ ਨੂੰ ਰੋਕ ਨਹੀਂ ਸਕਦੇ।

# ਫੌਰਚੂਨ 40 ਦੀ ਸੂਚੀ 'ਚ ਭਾਰਤੀ ਮੂਲ ਦੀਆਂ 5 ਹਸਤੀਆਂ ਨੂੰ ਮਿਲੀ ਥਾਂ

**ਨਿਊ ਯਾਰਕ:** ਫੌਰਚੂਨ ਦੀ 40 ਨੌਜਵਾਨਾਂ ਅਤੇ ਪ੍ਰਮੁੱਖ ਹਸਤੀਆਂ 'ਤੇ ਆਧਾਰਤ ਸਾਲਾਨਾ ਸੂਚੀ 'ਚ ਭਾਰਤੀ ਮੂਲ ਦੇ ਪੰਜ ਨੌਜਵਾਨ ਵੀ ਸ਼ਾਮਲ ਹਨ। ਇਨ੍ਹਾਂ ਵਿਚ ਆਇਰਿਸ਼ ਪ੍ਰਧਾਨ ਮੰਤਰੀ ਲੀਓ ਵਰਾਡਕਰ (38), ਦਿਵਿਆ ਨਾਗ (26), ਰਿਸ਼ੀ ਸ਼ਾਹ (31), ਸ਼ਰਧਾ ਅਗਰਵਾਲ (32) ਅਤੇ ਲੀਲਾ ਜਨਾਹ (31) ਸ਼ਾਮਲ ਹਨ।

ਫੌਰਚੂਨ 2017 ਦੀ '40 ਅੰਡਰ 40' ਸੂਚੀ 'ਚ ਜ਼ਿਆਦਾਤਰ ਅਸਰਦਾਰ ਨੌਜਵਾਨਾਂ ਦੇ ਨਾਮ ਦਰਜ ਹੁੰਦੇ ਹਨ ਜੋ 40 ਸਾਲ ਤੋਂ ਘੱਟ ਉਮਰ ਦੇ ਹੁੰਦੇ ਹਨ ਅਤੇ ਜਿਨ੍ਹਾਂ ਕਾਰੋਬਾਰ 'ਚ ਅਜਿਹੇ ਨਾਮਣੇ ਖੱਟੇ ਹੋਣ ਜਿਸ ਨਾਲ ਹੋਰ ਪ੍ਰਭਾਵਤ ਹੁੰਦੇ ਹੋਣ। ਸੂਚੀ ਵਿਚ ਪਹਿਲਾ ਸਥਾਨ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ (39) ਨੇ ਹਾਸਲ ਕੀਤਾ ਹੈ ਜੋ ਨੈਪੋਲੀਅਨ ਤੋਂ ਬਾਅਦ ਫਰਾਂਸ ਦੀ ਕਮਾਨ ਸਾਂਭਣ ਵਾਲੇ ਸਭ ਤੋਂ ਛੋਟੀ ਉਮਰ ਦੇ ਆਗੂ ਹਨ। ਸੂਚੀ ਵਿਚ ਫੇਸਬੁੱਕ ਸੰਸਥਾਪਕ ਮਾਰਕ ਜ਼ੁਕਰਬਰਗ ਦੂਜੇ ਸਥਾਨ 'ਤੇ ਹਨ। ਟੈਨਿਸ ਸਟਾਰ ਸੇਰੇਨਾ ਵਿਲੀਅਮਜ਼ ਨੂੰ 7ਵਾਂ ਸਥਾਨ ਦਿੱਤਾ ਗਿਆ ਹੈ।

ਸੂਚੀ 'ਚ ਪੰਜਵੇਂ ਸਥਾਨ ਉਤੇ ਰਹੇ ਵਰਾਡਕਰ ਦੇ ਪਿਤਾ ਭਾਰਤ 'ਚ ਜਨਮੇ ਸਨ। ਫੌਰਚੂਨ 'ਚ ਕਿਹਾ ਗਿਆ ਹੈ ਕਿ ਸਾਬਕਾ ਡਾਕਟਰ ਆਇਰਲੈਂਡ ਦੇ ਐਲਾਨੀਆ ਪਹਿਲੇ ਸਮਲਿੰਗੀ ਵੀ ਹਨ। ਦਿਵਿਆ ਨਾਗ ਐਪਲ ਦੇ ਮਹੱਤਵਾਕਾਂਸ਼ੀ ਰਿਸਰਚ ਕਿਟ ਅਤੇ ਕੇਅਰ ਕਿਟ ਪ੍ਰੋਗਰਾਮਾਂ ਨੂੰ ਦੇਖਦੀ ਹੈ ਜੋ ਸਿਹਤ ਸਬੰਧੀ ਐਪ ਬਣਾਉਂਦੇ ਹਨ। ਉਸ ਨੂੰ 27ਵਾਂ ਦਰਜਾ ਮਿਲਿਆ ਹੈ।

# ਲੌਂਗੋਵਾਲ ਦੇ ਵਿਕਾਸ ਬਾਰੇ ਦਾਅਵੇ ਹੋਏ ਹਵਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰ ਸਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮਨਾਈ ਜਾਂਦੀ ਹੈ ਤੇ ਇਕ ਦਹਾਕੇ ਬਾਅਦ ਸੱਤਾ 'ਤੇ ਕਾਬਜ਼ ਹੋਈ ਕਾਂਗਰਸ ਸਰਕਾਰ ਵੱਲੋਂ ਵੀ ਅਨਾਜ ਮੰਡੀ ਲੌਂਗੋਵਾਲ ਵਿਚ ਸੂਬਾ ਪੱਧਰੀ ਸਮਾਗਮ ਕਰਵਾ ਕੇ ਸੰਤ ਲੌਂਗੋਵਾਲ ਦੀ ਬਰਸੀ ਮਨਾਈ ਗਈ। ਦੋਵੇਂ ਰਵਾਇਤੀ ਪਾਰਟੀਆਂ ਵੱਲੋਂ ਲੌਂਗੋਵਾਲ ਦੇ ਵਿਕਾਸ ਲਈ ਹਰ ਵਾਰ ਵੱਡੇ ਵੱਡੇ ਵਾਅਦੇ ਕੀਤੇ ਜਾਂਦੇ ਹਨ, ਇਸ ਦੇ ਬਾਵਜੂਦ ਇਹ ਕਸਬਾ ਲੋੜੀਂਦੀਆਂ ਸਹੂਲਤਾਂ ਤੋਂ ਵਾਂਝਾ ਹੈ।

ਤਤਕਾਲੀ ਅਕਾਲੀ ਸਰਕਾਰ ਵੇਲੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਲੌਂਗੋਵਾਲ ਵਿਚ ਸ਼ਹੀਦ ਭਾਈ ਮਨੀ ਸਿੰਘ ਦੀ ਯਾਦ ਵਿਚ ਲੜਕੀਆਂ ਦਾ ਕਾਲਜ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਕਾਲਜ ਦਾ ਨੀਂਹ ਪੱਥਰ ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ 6 ਦਸੰਬਰ 2011 ਨੂੰ ਰੱਖਿਆ ਗਿਆ ਸੀ ਪਰ ਪਿਛਲੇ ਛੇ ਸਾਲਾਂ ਤੋਂ ਇਹ ਨੀਂਹ ਪੱਥਰ ਚਿੱਟਾ ਹਾਥੀ ਬਣਿਆ ਹੋਇਆ ਹੈ। ਇਹ ਕਸਬਾ ਬੱਸ ਸਟੈਂਡ ਦੀ ਸਹੂਲਤ ਤੋਂ ਵੀ ਵਾਂਝਾ ਹੈ। ਪਿਛਲਾ ਇਕ ਦਹਾਕਾ ਸੱਤਾ 'ਤੇ ਕਾਬਜ਼ ਰਹੀ ਅਕਾਲੀ-ਭਾਜਪਾ ਸਰਕਾਰ ਵੱਲੋਂ ਹਰ ਸਾਲ ਬੱਸ ਸਟੈਂਡ ਬਣਾਉਣ ਦਾ ਰਾਗ ਅਲਾਪਿਆ ਜਾਂਦਾ ਰਿਹਾ ਹੈ ਪਰ ਅਜੇ ਤੱਕ ਲੌਂਗੋਵਾਲ ਨੂੰ ਬੱਸ ਸਟੈਂਡ ਨਸੀਬ ਨਹੀਂ ਹੋਇਆ। ਲੌਂਗੋਵਾਲ ਵਿਚ 30 ਬਿਸਤਰਿਆਂ ਦਾ ਹਸਪਤਾਲ ਐਮਰਜੈਂਸੀ ਸੇਵਾਵਾਂ ਦੇਣ ਦੇ ਸਮਰੱਥ ਨਹੀਂ ਹੈ। ਇਸ ਕਸਬੇ ਵਿਚ ਸੀਵਰੇਜ ਪਾਇਆ ਜਾ ਚੁੱਕਿਆ ਹੈ ਪਰ ਇਹ ਸਹੀ ਤਰ੍ਹਾਂ ਚਾਲੂ ਨਹੀਂ ਹੋ ਸਕਿਆ।




ਕਸਬੇ ਨੂੰ ਅਜੇ ਤੱਕ ਸਟੇਡੀਅਮ ਵੀ ਨਸੀਬ ਨਹੀਂ ਹੋਇਆ। ਪਟਵਾਰਖਾਨੇ ਦੀ ਨਵੀਂ ਇਮਾਰਤ ਬਣ ਚੁੱਕੀ ਹੈ ਪਰ ਅਜੇ ਵੀ ਦਫਤਰ ਪੁਰਾਣੀ ਅਤੇ ਡੂੰਘੀ ਇਮਾਰਤ ਵਿਚ ਚੱਲ ਰਿਹਾ ਹੈ। ਲੌਂਗੋਵਾਲ ਵਿਚ ਸੁਨਾਮ ਰੋਡ 'ਤੇ ਬਣੇ ਡਰੇਨ ਦੇ ਪੁਲ ਦੀ ਹਾਲਤ ਵੀ ਠੀਕ ਨਹੀਂ ਹੈ। ਕਈ ਮਹੀਨਿਆਂ ਤੋਂ ਟੁੱਟੀ ਰੇਲਿੰਗ ਹਾਦਸਿਆਂ ਨੂੰ ਸੱਦਾ ਦੇ ਰਹੀ ਹੈ। ਬਰਸੀ ਦੇ ਮੱਦੇਨਜ਼ਰ ਡਰੇਨ ਪੁਲ ਅਤੇ ਮੰਡੀ ਦੀਆਂ ਟੁੱਟੀਆਂ ਸੜਕਾਂ ਨੂੰ 'ਟਾਕੀਆਂ' ਲਾ ਕੇ ਡੰਗ ਸਾਰਿਆ ਗਿਆ ਹੈ। ਲੜਕਿਆਂ ਦੇ ਸਕੂਲ ਵਿਚ ਪ੍ਰਿੰਸੀਪਲ ਸਮੇਤ ਦਰਜਨਾਂ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਲੌਂਗੋਵਾਲ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਸੰਤ ਲੌਂਗੋਵਾਲ ਨੂੰ ਸੱਚੀ ਸ਼ਰਧਾਂਜਲੀ ਦੇਣੀ ਚਾਹੁੰਦੀ ਹੈ ਤਾਂ ਕਸਬੇ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਾਈਆਂ ਜਾਣ।

# ਵਿਦੇਸ਼ੀ ਸੈਲਾਨੀਆਂ ਦੀ ਆਮਦ ਵਧੀ



**ਨਵੀਂ ਦਿੱਲੀ:** ਭਾਰਤ ਵਿਚ ਈ-ਵੀਜ਼ਾ ਦੀ ਸਹੂਲਤ ਲਾਗੂ ਕਰਨ ਤੋਂ ਬਾਅਦ ਇਸ ਸਾਲ ਜਨਵਰੀ ਤੋਂ ਜੁਲਾਈ ਤੱਕ ਵਿਦੇਸ਼ ਤੋਂ ਆਉਣ ਵਾਲੇ ਸੈਲਾਨੀਆਂ ਦੀ ਆਮਦ ਵਿਚ 15 ਫੀਸਦੀ ਤੋਂ ਵੱਧ ਦਾ ਵਾਧਾ ਦਰਜ ਕੀਤਾ ਗਿਆ ਹੈ। ਸੈਰ-ਸਪਾਟਾ ਮੰਤਰਾਲੇ ਅਨੁਸਾਰ ਜੁਲਾਈ ਮਹੀਨੇ ਵਿਚ ਸਭ ਤੋਂ ਵੱਧ ਸੈਲਾਨੀ (20.12 ਫੀਸਦੀ) ਬੰਗਲਾਦੇਸ਼, ਦੂਜੇ ਨੰਬਰ 'ਤੇ ਅਮਰੀਕਾ (16.26 ਫੀਸਦੀ), ਇੰਗਲੈਂਡ (10.88 ਫੀਸਦੀ) ਅਤੇ ਫਰਾਂਸ (3.01 ਫੀਸਦੀ) ਤੋਂ ਭਾਰਤ ਆਏ।

ਇਸ ਸਾਲ ਜਨਵਰੀ ਤੋਂ ਜੁਲਾਈ ਮਹੀਨੇ ਤੱਕ ਫੌਰਨ ਟੂਰਿਸਟ ਅਰਾਈਵਲਜ਼ (ਐਫਟੀਏਜ਼) 56.74 ਲੱਖ ਰਿਹਾ, ਜੋ ਪਿਛਲੇ ਸਾਲ 49.03 ਲੱਖ ਤੋਂ 15.7 ਫੀਸਦੀ ਵੱਧ ਹੈ। ਜੁਲਾਈ ਮਹੀਨੇ ਵਿਚ 7.88 ਲੱਖ ਸੈਲਾਨੀ ਭਾਰਤ ਆਏ ਜੋ ਪਿਛਲੇ ਸਾਲ ਇਸੇ ਮਹੀਨੇ ਦੇ ਮੁਕਾਬਲੇ 7.4 ਫੀਸਦੀ ਵੱਧ ਹੈ।

ਮੰਤਰਾਲੇ ਨੇ ਦੱਸਿਆ ਕਿ ਈ-ਵੀਜ਼ੇ ਰਾਹੀਂ ਭਾਰਤ ਆਉਣ ਵਾਲੇ ਵਿਦੇਸ਼ੀ ਸੈਲਾਨੀਆਂ ਦੀ ਆਮਦ ਵਿਚ ਵੀ ਵਾਧਾ ਹੋਇਆ ਹੈ। ਇਸ ਸਾਲ ਜੁਲਾਈ ਵਿਚ ਈ-ਵੀਜ਼ਾ ਰਾਹੀਂ ਭਾਰਤ ਆਉਣ ਵਾਲੇ ਵਿਦੇਸ਼ੀ ਸੈਲਾਨੀਆਂ ਦੀ ਗਿਣਤੀ 1.19 ਲੱਖ ਹੈ, ਜੋ ਪਿਛਲੇ ਸਾਲ 0.68 ਲੱਖ ਦੇ ਮੁਕਾਬਲੇ 73.3 ਫੀਸਦੀ ਵੱਧ ਹੈ। ਜਨਵਰੀ ਤੋਂ ਜੁਲਾਈ ਤੱਕ ਈ-ਵੀਜ਼ਾ ਰਾਹੀਂ ਕੁੱਲ 8.36 ਲੱਖ ਸੈਲਾਨੀ ਆਏ ਜੋ ਪਿਛਲੇ ਸਾਲ ਇਸੇ ਸਮੇਂ ਦੌਰਾਨ 5.40 ਲੱਖ ਸੀ।

**Punjab Times**

**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਾਤਰ ਬਣੇ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ

## ਸਤਿੰਦਰ ਸੱਤੀ ਦੀ ਕੀਤੀ ਛੁੱਟੀ



*ਸੁਰਜੀਤ ਪਾਤਰ ਨੂੰ ਨਿਯੁਕਤੀ ਪੱਤਰ ਸੌਂਪਦੇ ਹੋਏ ਕੈਬਨਿਟ ਮੰਤਰੀ ਨਵਜੋਤ ਸਿੱਧੂ।*

**ਲੁਧਿਆਣਾ:** ਕਾਂਗਰਸ ਸਰਕਾਰ ਨੇ ਸਤਿੰਦਰ ਸੱਤੀ ਨੂੰ ਹਟਾ ਕੇ ਉਘੇ ਸ਼ਾਇਰ ਡਾ. ਸੁਰਜੀਤ ਪਾਤਰ ਨੂੰ ਪੰਜਾਬ ਕਲਾ ਪ੍ਰੀਸ਼ਦ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ। ਸੱਭਿਆਚਾਰ ਤੇ ਸੈਰ ਸਪਾਟਾ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਡਾ. ਪਾਤਰ ਨੂੰ ਉਨ੍ਹਾਂ ਦੇ ਘਰ ਜਾ ਕੇ ਨਿਯੁਕਤੀ ਪੱਤਰ ਸੌਂਪਿਆ। ਲੁਧਿਆਣਾ ਪਹੁੰਚੇ ਸ੍ਰੀ ਸਿੱਧੂ ਨੇ ਕਿਹਾ ਕਿ ਸੂਬੇ ਦੇ ਅਮੀਰ ਸਭਿਆਚਾਰ ਨੂੰ ਪ੍ਰਫੁਲਿਤ ਕਰਨਾ ਸਰਕਾਰ ਦਾ ਮੁੱਖ ਮਕਸਦ ਹੈ। ਇਸ ਲਈ ਪੁਰਾਤਨ ਸੱਭਿਆਚਾਰ ਦੀ ਨੁਮਾਇੰਦਗੀ ਕਰਦੀਆਂ ਥਾਵਾਂ ਨੂੰ ਸੈਰ ਸਪਾਟੇ ਲਈ ਵਿਕਸਤ ਕੀਤਾ ਜਾਵੇਗਾ ਅਤੇ ਨੌਜਵਾਨ ਪੀੜ੍ਹੀ ਨੂੰ ਸੱਭਿਆਚਾਰ ਨਾਲ ਜੋੜਨ ਲਈ ਵੀ ਅਹਿਮ ਪ੍ਰੋਗਰਾਮ ਉਲੀਕੇ ਜਾਣਗੇ।

ਡਾ. ਸੁਰਜੀਤ ਪਾਤਰ ਨੂੰ ਨਵੀਆਂ ਪੀੜ੍ਹੀਆਂ ਲਈ ਚਾਨਣ ਮੁਨਾਰਾ ਦੱਸਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਆਉਂਦੇ ਸਮੇਂ 'ਚ ਪੰਜਾਬ ਕਲਾ ਪ੍ਰੀਸ਼ਦ ਨਾਲ ਸਿੱਧੇ ਤੌਰ ਉਤੇ ਇਕ ਲੱਖ ਦੇ ਕਰੀਬ ਸੱਭਿਆਚਾਰ ਅਤੇ ਕਲਾ ਪ੍ਰੇਮੀਆਂ ਨੂੰ ਜੋੜਿਆ ਜਾਵੇਗਾ। ਡਾ. ਸੁਰਜੀਤ ਪਾਤਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਨਵਜੋਤ ਸਿੱਧੂ ਤੇ ਕਲਾ ਪ੍ਰੇਮੀਆਂ ਨੂੰ ਭਰੋਸਾ ਦਿੱਤਾ ਕਿ ਉਹ ਪੰਜਾਬ ਕਲਾ ਪ੍ਰੀਸ਼ਦ ਨਾਲ ਲੋਕ ਲਹਿਰ ਖੜ੍ਹੀ ਕਰ ਕੇ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਨੂੰ ਪ੍ਰਫੁਲਿਤ ਕਰਨ ਲਈ ਸਮਰਪਤ ਹੋ ਕੇ ਯੋਗਦਾਨ ਦੇਣਗੇ।

# ਮਾਲੇਗਾਉਂ ਧਮਾਕੇ: ਪੁਰੋਹਿਤ ਨੂੰ 9 ਸਾਲਾਂ ਬਾਅਦ ਜ਼ਮਾਨਤ

**ਨਵੀਂ ਦਿੱਲੀ:** ਮਾਲੇਗਾਉਂ ਬੰਬ ਧਮਾਕੇ ਮਾਮਲੇ 'ਚ ਸੁਪਰੀਮ ਕੋਰਟ ਨੇ ਲੈਫਟੀਨੈਂਟ ਕਰਨਲ ਸ੍ਰੀਕਾਂਤ ਪ੍ਰਸਾਦ ਪੁਰੋਹਿਤ ਨੂੰ ਜ਼ਮਾਨਤ ਦੇ ਦਿੱਤੀ। ਤਕਰੀਬਨ 9 ਸਾਲਾਂ ਤੱਕ ਉਹ ਜੇਲ੍ਹ 'ਚ ਬੰਦ ਰਿਹਾ।

ਸੁਪਰੀਮ ਕੋਰਟ ਦੇ ਬੈਂਚ ਨੇ ਵੱਖ-ਵੱਖ ਜਾਂਚ ਏਜੰਸੀਆਂ ਵੱਲੋਂ ਦਾਖਲ ਚਾਰਜਸ਼ੀਟਾਂ 'ਚ ਵਖਰੇਵੇਂ ਨੂੰ ਜ਼ਮਾਨਤ ਦੇਣ ਦਾ ਆਧਾਰ ਬਣਾਇਆ। ਉਨ੍ਹਾਂ ਕਿਹਾ ਕਿ ਕਿਸੇ ਇਕ ਭਾਈਚਾਰੇ ਦੀਆਂ ਭਾਵਨਾਵਾਂ ਉਸ ਖਿਲਾਫ਼ ਹੋਣ 'ਤੇ ਰਾਹਤ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜ਼ਿਕਰਯੋਗ ਹੈ ਕਿ 29 ਸਤੰਬਰ 2008 ਨੂੰ ਮਹਾਰਾਸ਼ਟਰ ਦੇ ਨਾਸ਼ਿਕ ਜ਼ਿਲ੍ਹੇ 'ਚ ਹੋਏ ਬੰਬ ਧਮਾਕੇ ਦੌਰਾਨ ਛੇ ਵਿਅਕਤੀ ਹਲਾਕ ਹੋ ਗਏ ਸਨ।

# ਟਰੰਪ ਵੱਲੋਂ ਅਫਗਾਨਿਸਤਾਨ ਬਾਰੇ ਨੀਤੀ ਦਾ ਐਲਾਨ

**ਵਾਸ਼ਿੰਗਟਨ:** ਰਾਸ਼ਟਰਪਤੀ ਡੋਨਲਡ ਟਰੰਪ ਨੇ ਅਫ਼ਗਾਨਿਸਤਾਨ ਵਿਚੋਂ ਅਮਰੀਕੀ ਫ਼ੌਜਾਂ ਨੂੰ ਜਲਦਬਾਜ਼ੀ 'ਚ ਕੱਢਣ ਦੀ ਸੰਭਾਵਨਾ ਨਕਾਰਦਿਆਂ ਪਾਕਿਸਤਾਨ ਨੂੰ ਦਹਿਸ਼ਤਗਰਦਾਂ ਦੀ ਪੁਸ਼ਤਪਨਾਹੀ ਖ਼ਿਲਾਫ਼ ਚਿਤਾਵਨੀ ਦਿੱਤੀ ਹੈ। ਉਨ੍ਹਾਂ ਜੰਗ ਮਾਰੇ ਮੁਲਕ ਅਫ਼ਗਾਨਿਸਤਾਨ ਵਿਚ ਭਾਰਤ ਦੇ ਵਡੇਰੇ ਰੋਲ ਦੀ ਵੀ ਉਮੀਦ ਜ਼ਾਹਰ ਕੀਤੀ।

ਮੁਲਕ ਦੀਆਂ ਫ਼ੌਜਾਂ ਦੇ ਕਮਾਂਡਰ-ਇਨ-ਚੀਫ਼ ਵਜੋਂ ਟੈਲੀਵਿਜ਼ਨ ਉਤੇ ਕੌਮ ਦੇ ਨਾਂ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਉਨ੍ਹਾਂ ਅਫ਼ਗਾਨਿਸਤਾਨ ਅਤੇ ਦੱਖਣੀ ਏਸ਼ੀਆ ਵਿੱਚ ਅਮਰੀਕੀ ਰਣਨੀਤੀ ਦੀ ਵਿਆਪਕ ਨਜ਼ਰਸਾਨੀ ਕੀਤੀ ਹੈ। ਹੁਣ ਅਮਰੀਕੀ ਫ਼ੌਜਾਂ ਖ਼ਿੱਤੇ ਵਿਚੋਂ ਜਲਦਬਾਜ਼ੀ ਵਿਚ ਨਿਕਲਣ ਦੀ ਥਾਂ 16 ਸਾਲਾਂ ਤੋਂ ਜਾਰੀ ਇਸ ਜੰਗ ਨੂੰ ਜਿੱਤਣ ਲਈ ਡਟੀਆਂ ਰਹਿਣਗੀਆਂ। ਇਸ ਨੀਤੀ ਤਹਿਤ ਅਮਰੀਕਾ ਨੇ ਆਈ.ਐਸ., ਅਲ-ਕਾਇਦਾ ਤੇ ਤਾਲਿਬਾਨ, ਨੂੰ ਜੜ੍ਹੋਂ ਪੁੱਟ ਸੁੱਟਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਉਹ ਅਫ਼ਗਾਨਿਸਤਾਨ ਵਿਚੋਂ ਫ਼ੌਜਾਂ ਕੱਢੇ ਜਾਣ ਦੇ ਹਾਮੀ ਸਨ, ਪਰ ਵਿਚਾਰਾਂ ਪਿਛੋਂ ਉਨ੍ਹਾਂ ਸਿੱਟਾ ਕੱਢਿਆ ਕਿ ਕਾਹਲੀ ਨਾਲ ਵਾਪਸੀ ਦੇ ਸਿੱਟੇ ਭਿਆਨਕ ਹੋਣਗੇ। ਇਸ ਨੀਤੀ ਦਾ ਅਹਿਮ ਹਿੱਸਾ ਭਾਰਤ ਨਾਲ ਅਮਰੀਕਾ ਦੀ ਰਣਨੀਤਕ ਭਾਈਵਾਲੀ ਨੂੰ ਹੋਰ ਵਿਕਸਤ ਕਰਨਾ ਹੈ। ਉਨ੍ਹਾਂ ਅਫ਼ਗਾਨਿਸਤਾਨ ਵਿਚ ਭਾਰਤ ਦੀ ਖ਼ਾਸ ਕਰ ਕੇ ਆਰਥਿਕ ਖੇਤਰ ਵਿਚ ਵਧੇਰੇ ਭੂਮਿਕਾ ਦੀ ਲੋੜ ਉਤੇ ਜ਼ੋਰ ਦਿੱਤਾ। ਇਸੇ ਦੌਰਾਨ ਇਸ ਮੁੱਦੇ ਉਤੇ ਚੀਨ ਤੁਰੰਤ ਆਪਣੇ ਭਾਈਵਾਲ ਪਾਕਿਸਤਾਨ ਦੀ ਹਮਾਇਤ ਉਤੇ ਆ ਗਿਆ ਹੈ। ਚੀਨ ਮੁਤਾਬਕ, ਪਾਕਿਸਤਾਨ ਦਹਿਸ਼ਤਗਰਦੀ ਦੇ ਟਾਕਰੇ ਲਈ ਮੋਹਰੀ ਰਿਹਾ ਹੈ। ਉਮੀਦ ਹੈ, ਟਰੰਪ ਦਾ ਨੀਤੀ ਫ਼ੈਸਲਾ ਖ਼ਿੱਤੇ ਵਿਚ ਸੁਰੱਖਿਆ ਨੂੰ ਹੁਲਾਰਾ ਦੇਣ ਵਾਲਾ ਹੋਵੇਗਾ।

# ਤੀਹਰੇ ਤਲਾਕ ਬਾਰੇ ਆਇਆ ਇਤਿਹਾਸਕ ਫੈਸਲਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਤਿਹਾਸਕ ਫੈਸਲੇ ਵਿਚ ਮੁਸਲਿਮ ਭਾਈਚਾਰੇ ਦੀ 1400 ਸਾਲਾਂ ਤੋਂ ਜਾਰੀ 'ਤੀਹਰੇ ਤਲਾਕ' ਦੀ ਪ੍ਰਥਾ ਨੂੰ ਗੈਰ ਸੰਵਿਧਾਨਕ ਕਰਾਰ ਦੇ ਦਿੱਤਾ। ਚੀਫ ਜਸਟਿਸ ਜੇ.ਐਸ. ਖੇਹਰ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਿਕ ਬੈਂਚ ਨੇ 3-2 ਦੇ ਬਹੁਮਤ ਨਾਲ ਸੁਣਾਏ ਫੈਸਲੇ ਤਹਿਤ ਇਸ ਪ੍ਰਥਾ ਨੂੰ ਕੁਰਾਨ ਸ਼ਰੀਫ ਅਤੇ ਇਸਲਾਮੀ ਕਾਨੂੰਨ ਸ਼ਰੀਅਤ ਦੀ ਖਿਲਾਫ਼ਵਰਜ਼ੀ ਕਰਾਰ ਦਿੱਤਾ। ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਇਸ ਸਬੰਧੀ ਆਪਣੀ ਰਣਨੀਤੀ 10 ਸਤੰਬਰ ਨੂੰ ਉਲੀਕੇਗਾ। ਇਸ ਤਹਿਤ ਹੁਣ ਕੋਈ ਵੀ ਮੁਸਲਮਾਨ ਆਪਣੀ ਪਤਨੀ ਨੂੰ ਤਿੰਨ ਵਾਰ 'ਤਲਾਕ-ਤਲਾਕ-ਤਲਾਕ' ਆਖ ਕੇ ਫੌਰੀ ਨਿਕਾਹ ਨਹੀਂ ਤੋੜ ਸਕੇਗਾ। ਜਸਟਿਸ ਖੇਹਰ ਤੇ ਜਸਟਿਸ ਨਜ਼ੀਰ ਨੇ ਆਪਣੇ 272 ਸਫਿਆਂ ਦੇ ਘੱਟ ਗਿਣਤੀ ਫੈਸਲੇ ਰਾਹੀਂ ਸਰਕਾਰ ਨੂੰ ਹਦਾਇਤ ਦਿੱਤੀ ਕਿ ਉਹ ਮੁਸਲਿਮ ਪਰਸਨਲ ਲਾਅ 'ਸ਼ਰੀਅਤ' ਵਿਚ ਹੋਰ ਮੁਲਕਾਂ ਵਿਚ ਕੀਤੀਆਂ ਗਈਆਂ ਸੋਧਾਂ ਦੇ ਆਧਾਰ ਉਤੇ ਇਸ ਮਾਮਲੇ ਵਿਚ ਛੇ ਮਹੀਨਿਆਂ ਦੌਰਾਨ ਕਾਨੂੰਨ ਬਣਾਵੇ ਤੇ ਕਾਨੂੰਨ ਬਣਨ ਤੱਕ ਇਹ ਪ੍ਰਥਾ ਬੰਦ ਰਹੇਗੀ।

ਸੁਪਰੀਮ ਕੋਰਟ ਨੇ ਫੈਸਲੇ ਵਿਚ ਤਲਾਕ ਨੂੰ ਗਲਤ ਕਰਾਰ ਦਿੰਦਿਆਂ ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਦਾ ਵੀ ਹਾਵਾਲਾ ਦਿੱਤਾ। ਜਸਟਿਸ ਆਰ.ਐਫ਼. ਨਾਰੀਮਨ ਨੇ ਬਹੁਮਤ ਫੈਸਲਾ ਲਿਖਦਿਆਂ ਕਿਹਾ ਕਿ 'ਕਾਫ਼ਰ' ਅਰਬ ਵਿਚ ਮਰਦਾਂ ਨੂੰ ਤਲਾਕ ਦੀ ਪੂਰੀ ਤਰ੍ਹਾਂ ਖੁੱਲ੍ਹ ਸੀ ਪਰ ਇਸਲਾਮ ਦੀ ਆਮਦ ਤੋਂ ਬਾਅਦ ਇਸ ਲਈ ਕਾਫੀ ਸ਼ਰਤਾਂ ਲਾ ਦਿੱਤੀਆਂ ਗਈਆਂ।

## ਫਿਲਪੀਨ 'ਚ ਪੰਜਾਬੀ ਕਤਲ

**ਜਲੰਧਰ:** ਕਸਬਾ ਨਕੋਦਰ ਦੇ ਇਕ ਪੰਜਾਬੀ ਦਾ ਫਿਲਪੀਨਸ 'ਚ ਕਤਲ ਕਰ ਦਿੱਤਾ ਗਿਆ। ਨਕੋਦਰ ਦੇ ਮੁਹੱਲਾ ਕਿਸ਼ਨ ਨਗਰ ਦਾ ਰਹਿਣ ਵਾਲਾ ਜਤਿੰਦਰ ਤਕਰੀਬਨ 25 ਸਾਲ ਪਹਿਲਾਂ ਫਿਲਪੀਨਸ ਗਿਆ ਸੀ। ਉਹ ਉਥੇ ਫਾਇਨਾਂਸ ਦਾ ਕੰਮ ਕਰਦਾ ਸੀ। ਉਹ ਰਿਸ਼ਤੇਦਾਰ ਦੇ ਨਾਲ ਕੰਮ 'ਤੇ ਜਾ ਰਿਹਾ ਸੀ। ਇਸ ਦੌਰਾਨ ਦੋ ਹਮਲਾਵਰਾਂ ਨੇ ਉਸ ਦਾ ਗਲਾ ਵੱਢ ਦਿੱਤਾ।

# ਸਰਕਾਰਾਂ ਨੇ ਡੇਰਾ ਸਿਰਸਾ ਨੂੰ ਹਊਆ ਬਣਾਇਆ

*(ਸਫਾ ਇਕ ਦੀ ਬਾਕੀ)*

ਬਲਾਤਕਾਰ ਦਾ ਮਾਮਲਾ ਹੈ ਅਤੇ ਇਸ ਮਸਲੇ ਦਾ ਸਿੱਖਾਂ ਨਾਲ ਕੋਈ ਸਬੰਧ ਹੀ ਨਹੀਂ ਹੈ।

ਅਸਲ ਵਿਚ, ਪੰਜਾਬ ਤੇ ਹਰਿਆਣਾ ਵਿਚ ਡੇਰੇ ਦਾ ਕਾਫੀ ਪ੍ਰਭਾਵ ਹੈ। ਚੋਣਾਂ ਸਮੇਂ ਸਿਆਸੀ ਆਗੂਆਂ ਦੀ ਸਭ ਤੋਂ ਵੱਧ 'ਸ਼ਰਧਾ' ਇਸੇ ਡੇਰੇ ਲਈ ਜਾਗਦੀ ਹੈ। ਹਾਲ ਹੀ ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਵੀ ਅਜਿਹਾ ਨਜ਼ਰ ਆਇਆ ਸੀ। ਤਕਰੀਬਨ ਸਾਰੀਆਂ ਸਿਆਸੀ ਧਿਰਾਂ ਦੇ ਆਗੂ ਡੇਰੇ ਕੋਲੋਂ ਸਿਆਸੀ ਅਸ਼ੀਰਵਾਦ ਲੈਣ ਪੁੱਜ ਗਏ ਸਨ। ਇਸ ਗੁਨਾਹ ਬਦਲੇ ਉਨ੍ਹਾਂ ਨੂੰ ਅਕਾਲ ਤਖਤ 'ਤੇ ਪੇਸ਼ ਹੋ ਕੇ ਧਾਰਮਿਕ ਸਜ਼ਾ ਭੁਗਤਣੀ ਪਈ ਸੀ।

ਯਾਦ ਰਹੇ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਵਿਰੁਧ ਮਈ 2002 ਵਿਚ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਸਨ। ਇਕ ਸਾਧਵੀ ਨੇ ਪ੍ਰਧਾਨ ਮੰਤਰੀ ਅਤੇ ਪੰਜਾਬ-ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਇਸ ਸਬੰਧੀ ਪੱਤਰ ਲਿਖੇ ਸਨ। ਇਸ ਡੇਰਾ ਮੁਖੀ ਖਿਲਾਫ ਹੋਰ ਵੀ ਅਣਗਿਣਤ ਕੇਸ ਚੱਲ ਰਹੇ ਹਨ। 24 ਅਕਤੂਬਰ 2002 ਨੂੰ 'ਪੂਰਾ ਸੱਚ' ਅਖਬਾਰ ਦੇ ਸੰਪਾਦਕ ਰਾਮ ਚੰਦਰ ਛੱਤਰਪਤੀ ਨੂੰ ਗੋਲੀਆਂ ਮਾਰੀਆਂ ਗਈਆਂ ਸਨ ਅਤੇ ਉਸ ਨੇ 21 ਨਵੰਬਰ ਨੂੰ ਅਪੋਲੋ ਹਸਪਤਾਲ ਦਿੱਲੀ ਵਿਚ ਦਮ ਤੋੜ ਦਿੱਤਾ ਸੀ।

ਇਸ ਕਤਲ ਲਈ ਡੇਰੇ ਦੇ ਪ੍ਰਬੰਧਕਾਂ 'ਤੇ ਦੋਸ਼ ਲੱਗੇ ਸਨ ਅਤੇ ਕੇਸ ਦੀ ਪੈਰਵੀ ਮਰਹੂਮ ਛੱਤਰਪਤੀ ਦਾ ਲੜਕਾ ਅੰਸ਼ੁਲ ਤੇ ਉਸ ਦੇ ਹਮਾਇਤੀ ਕਰ ਰਹੇ ਹਨ। ਅਦਾਲਤ ਨੇ ਛੱਤਰਪਤੀ ਅਤੇ ਰਣਜੀਤ ਸਿੰਘ ਦੇ ਕਤਲ ਕੇਸ ਦੀ ਜਾਂਚ ਸੀ.ਬੀ.ਆਈ. ਹਵਾਲੇ ਕਰਨ ਦੇ ਹੁਕਮ ਦਿੱਤੇ ਸਨ। ਡੇਰਾ ਪ੍ਰਬੰਧਕ ਸੀ.ਬੀ.ਆਈ. ਜਾਂਚ ਰੁਕਵਾਉਣ ਖਾਤਰ ਸੁਪਰੀਮ ਕੋਰਟ ਗਏ ਸਨ, ਪਰ ਉਨ੍ਹਾਂ ਦੀ ਅਪੀਲ ਖਾਰਜ ਹੋ ਗਈ ਸੀ। ਸੀ.ਬੀ.ਆਈ. ਨੇ ਇਨ੍ਹਾਂ ਕੇਸਾਂ ਵਿਚ ਡੇਰਾ ਮੁਖੀ ਅਤੇ ਕਈ ਹੋਰਾਂ ਨੂੰ ਨਾਮਜ਼ਦ ਕੀਤਾ ਸੀ ਜਿਸ ਮਗਰੋਂ ਡੇਰਾ ਪ੍ਰੇਮੀਆਂ ਨੇ ਸੀ.ਬੀ.ਆਈ. ਵਿਰੁਧ ਚੰਡੀਗੜ੍ਹ ਵਿਚ ਵੱਡਾ ਮਾਰਚ ਕੱਢਿਆ ਸੀ। ਇਕ ਹੋਰ ਮਾਮਲੇ ਵਿਚ 17 ਜੁਲਾਈ 2012 ਨੂੰ ਡੇਰੇ ਦੇ 400 ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਦੋਸ਼ ਲੱਗੇ। ਇਹ ਕੇਸ ਵੀ ਅਜੇ ਚੱਲ ਰਿਹਾ ਹੈ।

# ਪੰਜਾਬ ਦੇ ਸਨਅਤੀ ਵਿਕਾਸ ਅੱਗੇ ਮੋਦੀ ਬਣਿਆ ਅੜਿੱਕਾ

*(ਸਫਾ ਇਕ ਦੀ ਬਾਕੀ)*

ਕੀਤਾ ਹੈ ਕਿ ਉਹ ਆਪਣੇ ਵੱਲੋਂ ਜੀ.ਐਸ.ਟੀ. ਅਧੀਨ ਵਸੂਲੇ ਗਏ ਟੈਕਸਾਂ ਦਾ 58 ਫੀਸਦੀ ਹਿੱਸਾ ਪਹਾੜੀ ਤੇ ਉਤਰ ਪੂਰਬੀ ਰਾਜਾਂ ਨੂੰ ਵਾਪਸ ਕਰ ਦੇਵੇਗੀ। ਇਹ ਪ੍ਰਬੰਧ ਜਾਂ ਫੈਸਲਾ ਜੀ.ਐਸ.ਟੀ. ਕੌਂਸਲ ਤੋਂ ਬਾਹਰ ਜਾ ਕੇ ਕੀਤਾ ਗਿਆ ਅਤੇ ਇਸ ਨਾਲ ਜੀ.ਐਸ.ਟੀ. ਢਾਂਚੇ ਨੂੰ ਵੀ ਢਾਹ ਲੱਗਣੀ ਸੁਭਾਵਿਕ ਹੈ।

ਅਜਿਹੀਆਂ ਸਨਅਤੀ ਰਿਆਇਤਾਂ ਦਾ ਨਤੀਜਾ ਹੈ ਕਿ ਪੰਜਾਬ ਦੀ ਸਰਹੱਦ ਦੇ ਨਾਲ ਹਿਮਾਚਲ ਦੇ ਖੇਤਰ ਵਿਚ ਗਗਰੇਟ ਅਤੇ ਬੱਦੀ ਵਰਗੇ ਸਨਅਤੀ ਖੇਤਰ ਪੈਦਾ ਹੋ ਗਏ ਹਨ, ਜਦਕਿ ਪੰਜਾਬ ਦੇ ਬਟਾਲਾ, ਗੁਰਾਇਆ ਵਰਗੇ ਅਨੇਕ ਛੋਟੀਆਂ ਸਨਅਤਾਂ ਦੇ ਕੇਂਦਰ ਤਾਂ ਲੋਪ ਹੀ ਹੋ ਗਏ, ਵੱਡੇ ਸਨਅਤੀ ਕੇਂਦਰਾਂ ਦੇ ਪੈਰ ਵੀ ਉਖੜ ਗਏ ਹਨ। ਮਾਹਰਾਂ ਦਾ ਕਹਿਣਾ ਹੈ ਕਿ ਸਨਅਤਕਾਰ ਹਮੇਸ਼ਾ ਉਧਰ ਨੂੰ ਹੀ ਤੁਰਦੇ ਹਨ, ਜਿਧਰ ਸੁਖਾਵਾਂ ਮਾਹੌਲ ਮਿਲੇ ਤੇ ਵਧੇਰੇ ਰਿਆਇਤਾਂ ਹੋਣ।

ਗੁਆਂਢੀ ਰਾਜਾਂ ਨੂੰ ਮੁੜ ਰਿਆਇਤਾਂ ਮਿਲਣ ਦੀ ਹਾਲਤ ਵਿਚ ਪੰਜਾਬ ਵੱਲ ਮੂੰਹ ਕਿਹੜਾ ਸਨਅਤਕਾਰ ਕਰੇਗਾ? ਪੰਜਾਬ ਸਰਕਾਰ ਵੱਲੋਂ ਨਵੀਂ ਘੜੀ ਜਾ ਰਹੀ ਸਨਅਤੀ ਨੀਤੀ ਵਿਚ ਅਗਲੇ ਪੰਜ ਸਾਲ ਵਿਚ ਪੰਜ ਲੱਖ ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਕਰਨ ਅਤੇ ਇਕ ਹਜ਼ਾਰ ਨਵੇਂ ਉਦਮੀਆਂ ਨੂੰ ਅੱਗੇ ਲਿਆਉਣ ਦਾ ਟੀਚਾ ਮਿਥਿਆ ਹੈ, ਪਰ ਮਾਹਿਰਾਂ ਦਾ ਕਹਿਣਾ ਹੈ ਕਿ ਨਵੇਂ ਪੂੰਜੀ ਨਿਵੇਸ਼ ਤੇ ਉਦਮੀਆਂ ਦੀ ਥਾਂ ਹੁਣ ਤਾਂ ਪਹਿਲਾਂ ਬਚੇ ਹੋਏ ਨੂੰ ਸੰਭਾਲਣ ਦੇ ਲਾਲੇ ਪੈਣਗੇ। ਵਿੱਤੀ ਪੱਖੋਂ ਪੰਜਾਬ ਵੱਡੇ ਆਰਥਿਕ ਸੰਕਟ ਦਾ ਸ਼ਿਕਾਰ ਹੈ ਤੇ ਉਪਰੋਂ ਕੇਂਦਰ ਦੇ ਆਏ ਫੈਸਲੇ ਨੇ ਕੇਂਦਰ ਤੋਂ ਕੋਈ ਪੈਕੇਜ ਜਾਂ ਰਿਆਇਤ ਮਿਲਣ ਦੀ ਗੁੰਜਾਇਸ਼ ਹੀ ਲਗਭਗ ਖਤਮ ਕਰ ਦਿੱਤੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਨਸਲਵਾਦ ਦੇ ਲਪੇਟੇ ਵਿਚ ਅਮਰੀਕਾ




**ਨਿਊ ਯਾਰਕ:** ਅਮਰੀਕਾ ਵਿਚ ਗੁਲਾਮੀ ਪ੍ਰਥਾ ਦੇ ਪ੍ਰਤੀਕ ਰਹੇ ਬੁੱਤਾਂ ਨੂੰ ਹਟਾਉਣ ਲਈ ਥਾਂ-ਥਾਂ ਪ੍ਰਦਰਸ਼ਨ ਹੋ ਰਹੇ ਹਨ। ਇਨ੍ਹਾਂ ਬੁੱਤਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਰਕ ਸਾਹਮਣੇ ਰੱਖ ਕੇ ਤੋੜਿਆ ਜਾ ਰਿਹਾ ਹੈ। ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਦੇਸ਼ ਭਰ ਵਿਚ ਸਕੂਲ, ਕਾਲਜਾਂ ਤੇ ਹੋਰ ਸੰਸਥਾਵਾਂ ਵਿਚ ਲੱਗੇ ਕਨਫੈਡਰੇਟ ਕਾਲ ਦੇ ਤਕਰੀਬਨ 1500 ਬੁੱਤਾਂ ਨੂੰ ਹਟਾ ਦਿੱਤਾ ਜਾਵੇ।

ਅਮਰੀਕਾ ਵਿਚ ਕਨਫੈਡਰੇਟ ਉਨ੍ਹਾਂ 11 ਸੂਬਿਆਂ ਦੇ ਸੰਘ ਨੂੰ ਕਹਿੰਦੇ ਹਨ, ਜੋ ਗੁਲਾਮੀ ਪ੍ਰਥਾ ਦਾ ਪਾਲਣ ਕਰਦੇ ਸਨ ਤੇ ਗੋਰਿਆਂ ਨੂੰ ਉਚੇ-ਸੁੱਚੇ ਮੰਨਦੇ ਸਨ। ਇਹ ਸੰਘ 1861 ਤੋਂ 1865 ਤੱਕ ਰਿਹਾ ਸੀ। ਇਸ ਦੌਰਾਨ ਹੋਈ ਹਿੰਸਾ ਵਿਚ ਸਾਢੇ ਸੱਤ ਲੱਖ ਲੋਕ ਮਾਰੇ ਗਏ ਸਨ। ਇਹ ਵੀ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਲੋਕ ਬੁੱਤ ਨਾ ਹਟਾਉਣ ਦੇ ਹੱਕ ਵਿਚ ਹਨ। ਐਨ.ਪੀ.ਆਰ. ਤੇ ਪੀ.ਬੀ.ਐਸ. ਨਿਊਜ ਹਾਵਰ ਦੇ ਸਰਵੇ ਵਿਚ ਦਾਅਵਾ ਕੀਤਾ ਗਿਆ ਹੈ ਕਿ ਦੇਸ਼ ਵਿਚ 60 ਫੀਸਦੀ ਲੋਕ ਬੁੱਤ ਹਟਾਉਣ ਦੇ ਖਿਲਾਫ ਹਨ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਇਹ ਸਾਡੇ ਅਤੀਤ ਦਾ ਪ੍ਰਤੀਕ ਹਨ। ਹਾਲਾਂਕਿ ਕਿ 27 ਲੋਕਾਂ ਦਾ ਤਰਕ ਹੈ ਕਿ ਸਕੂਲ, ਪਾਰਕ, ਸੜਕ ਤੇ ਸੰਸਦ ਵਿਚ ਲੱਗੇ ਬੁੱਤਾਂ ਨੂੰ ਹਟਾ ਦਿੱਤਾ ਜਾਵੇ।

ਪਿਛਲੇ ਹਫਤੇ ਅਮਰੀਕਾ ਦੇ ਘਰੇਲੂ ਯੁੱਧ ਦੌਰਾਨ ਗੁਲਾਮੀ ਪੱਖੀ ਕਨਫੈਡਰੇਸੀ ਲਈ ਲੜੇ ਜਨਰਲ ਰੌਬਰਟ ਈ ਲੀ ਦਾ ਬੁੱਤ ਹਟਾਏ ਜਾਣ ਖਿਲਾਫ ਸੱਜੇ ਪੱਖੀਆਂ ਵੱਲੋਂ ਰੈਲੀ ਕੀਤੀ ਗਈ ਸੀ ਅਤੇ ਇਸ ਰੈਲੀ ਖਿਲਾਫ਼ ਪ੍ਰਦਰਸ਼ਨ ਹੋਇਆ। ਇਸ ਦੌਰਾਨ ਹੋਈ ਝੜਪ ਵਿਚ ਦੋ ਮੌਤਾਂ ਹੋਈਆਂ ਸਨ ਤੇ 19 ਜਣੇ ਫੱਟੜ ਹੋਏ ਸਨ। ਟਰੰਪ ਨੇ ਇਸ ਹਿੰਸਾ ਲਈ 'ਦੋਵੇਂ ਧਿਰਾਂ' ਨੂੰ ਦੋਸ਼ੀ ਠਹਿਰਾਇਆ ਸੀ, ਜਿਸ ਖਿਲਾਫ਼ ਦੇਸ਼ ਭਰ ਵਿਚ ਆਵਾਜ਼ ਉਠੀ। ਹਾਲਾਂਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਟਿੱਪਣੀਆਂ ਦੇ ਉਲਟ ਰਾਜ ਮੰਤਰੀ ਰੈਕਸ ਟਿਲਰਸਨ ਨੇ ਨਸਲਵਾਦ ਦੀ ਜ਼ੋਰਦਾਰ ਨਿੰਦਾ ਕੀਤੀ।"ਉਨ੍ਹਾਂ ਦਾ ਕਹਿਣਾ ਹੈ ਕਿ ਨਸਲਵਾਦ ਬੁਰਾ ਹੈ, ਇਹ ਅਮਰੀਕੀ ਕਦਰਾਂ ਕੀਮਤਾਂ ਲਈ ਠੀਕ ਨਹੀਂ ਹੈ। ਇਹ ਅਮਰੀਕੀ ਵਿਚਾਰਧਾਰਾ ਦਾ ਵਿਰੋਧੀ ਵੀ ਹੈ। ਜੋ ਇਸ ਨੂੰ ਗਲੇ ਲਗਾਉਂਦੇ ਹਨ, ਉਹ ਸਾਡੇ ਜਨਤਾ ਵਿਚ ਜ਼ਹਿਰ ਘੋਲਦੇ ਹਨ ਅਤੇ ਉਹ ਉਸ ਦੇਸ਼ ਨੂੰ ਨੁਕਸਾਨ ਪਹੁੰਚਾਉਂਦੇ ਹਨ।

ਇਸ ਲਈ ਉਹ ਹਰ ਤਰ੍ਹਾਂ ਦੇ ਨਸਲਵਾਦ ਅਤੇ ਕੱਟੜਵਾਦ ਦੀ ਨਿੰਦਾ ਕਰਦੇ ਹਨ।"ਟਿਲਰਸਨ ਨੇ ਸਪੱਸ਼ਟ ਤੌਰ 'ਤੇ ਚਾਰਲੋਟਸਵਿਲ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਪਿਛਲੇ ਹਫਤੇ ਦੀਆਂ ਘਟਨਾਵਾਂ ਦੇ ਨਾਲ ਕੰਮ ਦੇ ਸਥਾਨਾਂ ਉਤੇ ਨਸਲੀ ਵਿਤਕਰਾ ਹੋਣ ਦਾ ਖਦਸ਼ਾ ਹੈ ਅਤੇ ਉਹ ਇਸ ਵਿਸ਼ੇ ਨੂੰ ਸੰਬੋਧਨ ਕਰਨਾ ਚਾਹੁੰਦੇ ਸਨ। ਉਧਰ, ਟਰੰਪ ਦੀਆਂ ਟਿੱਪਣੀਆਂ ਖਿਲਾਫ ਲੋਕਾਂ ਵਿਚ ਗੁੱਸਾ ਹੈ। ਵਰਜੀਨੀਆ ਵਿਚ ਮਾਰੀ ਗਈ 32 ਸਾਲਾ ਹੀਥਰ ਹੇਯਰ ਦੀ ਮਾਂ ਦਾ ਕਹਿਣਾ ਹੈ ਕਿ ਉਸ ਨੂੰ ਵ੍ਹਾਈਟ ਹਾਊਸ ਤੋਂ ਕਈ ਫੋਨ ਆਏ ਹਨ ਪਰ ਉਹ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਗੱਲ ਨਹੀਂ ਕਰੇਗੀ। ਦੱਸਣਯੋਗ ਹੈ ਕਿ ਇਸ ਹਫਤੇ ਦੀ ਸ਼ੁਰੂਆਤ ਵਿਚ ਟਰੰਪ ਨੇ ਕਿਹਾ ਸੀ ਕਿ ਉਹ ਸੁਜੈਨ ਨਾਲ ਗੱਲ ਕਰੇਗਾ।

## ਭੇਦਭਾਵ ਦੇ ਖਿਲਾਫ ਨਿੱਤਰੇ ਅਮਰੀਕੀ



**ਬੋਸਟਨ:** ਵਰਜੀਨੀਆ ਦੇ ਚਾਰਲੋਟਸਵਿਲੇ ਵਿਚ ਨਸਲੀ ਹਿੰਸਾ ਦੇ ਵਿਰੋਧ ਵਿਚ ਬੋਸਟਨ ਵਿਚ ਹਜ਼ਾਰਾਂ ਲੋਕ ਸੜਕਾਂ 'ਤੇ ਆਏ। ਰੈਲੀ ਵਿਚ ਸ਼ਾਮਲ ਲੋਕਾਂ ਨੇ ਸਿਆਹਫਾਮ ਰਾਸ਼ਟਰਵਾਦੀਆਂ ਦਾ ਵਿਰੋਧ ਕਰਦੇ ਹੋਏ ਨਾਜ਼ੀਵਾਦ ਦੇ ਵਿਰੋਧ ਵਿਚ ਨਾਅਰੇ ਲਗਾਏ। ਹਾਲਾਂਕਿ ਰੈਲੀ ਨਿਰਧਾਰਤ ਸਮੇਂ ਤੋਂ ਇਕ ਘੰਟਾ ਪਹਿਲਾਂ ਹੀ ਖਤਮ ਹੋ ਗਈ। ਰੈਲੀ ਲਈ ਬੋਸਟਨ 'ਚ ਲਗਭਗ 40 ਹਜ਼ਾਰ ਲੋਕ ਸਨ। ਰੈਲੀ ਵਿਚ ਸਮੇਂ ਤੋਂ ਪਹਿਲਾਂ ਨਿਕਲ ਰਹੇ ਲੋਕਾਂ ਦਾ ਵੀ ਵਿਰੋਧ ਕੀਤਾ ਗਿਆ। ਇਨ੍ਹਾਂ ਨੂੰ ਪੁਲਿਸ ਨੇ ਭੀੜ ਤੋਂ ਬਚਾਇਆ। ਰੈਲੀ 'ਚ ਕੁਝ ਲੋਕਾਂ ਨੇ ਕਾਲੇ ਕੱਪੜੇ ਪਾਏ ਹੋਏ ਸਨ ਅਤੇ ਚਿਹਰੇ ਨੂੰ ਢੱਕ ਹੋਇਆ ਸੀ। ਸਿਰ 'ਤੇ 'ਮੇਕ ਅਮਰੀਕਾ ਗ੍ਰੇਟ ਅਗੇਨ' ਲਿਖੀ ਟੋਪੀ ਪਾ ਰੱਖੀ ਸੀ।

## ਕੈਪਟਨ ਮੁੜ ਦਿੱਲੀ ਦਰਬਾਰ ਵਿਚ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁੜ ਕੇਂਦਰ ਤੱਕ ਪਹੁੰਚ ਕੀਤੀ ਹੈ। ਮੁਖ ਮੰਤਰੀ ਨੇ ਖੁਰਾਕ ਅਤੇ ਜਨਤਕ ਵੰਡ ਮਾਮਲਿਆਂ ਦੇ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਨਾਲ ਮੀਟਿੰਗ ਕਰ ਕੇ ਨਾ ਸਹਿਣਯੋਗ 31000 ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਦੇ ਨਿਬੇੜੇ ਦੀ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ। ਉਨ੍ਹਾਂ ਇਸ ਮਾਮਲੇ ਦਾ ਨਵੇਂ ਸਿਰਿਓਂ ਜਾਇਜ਼ਾ ਲੈਣ ਲਈ ਜਾਇਜ਼ਾ ਕਮੇਟੀ ਬਣਾਉਣ ਦੀ ਵੀ ਬੇਨਤੀ ਕੀਤੀ ਹੈ।

ਪੰਜਾਬ ਵਿਚ ਅਗਲੇ ਸਾਉਣੀ ਸੀਜ਼ਨ ਦੌਰਾਨ ਇਕ ਵਾਰੀ ਵਰਤੀਆਂ ਗਈਆਂ ਬੋਰੀਆਂ ਉਪਰ ਘਸਾਈ ਦੀ ਸ਼ਕਲ ਵਿਚ ਉਚ ਵਰਤੋਂ ਚਾਰਜ ਦੀ ਆਗਿਆ ਦੇਣ ਦੀ ਮੁੱਖ ਮੰਤਰੀ ਵੱਲੋਂ ਕੀਤੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਕੇਂਦਰੀ ਮੰਤਰੀ ਨੇ ਇਸ ਸੁਝਾਅ ਨੂੰ ਵਿਚਾਰਨ 'ਤੇ ਸਹਿਮਤੀ ਪ੍ਰਗਟਾਈ। ਸ੍ਰੀ ਪਾਸਵਾਨ ਨੇ ਕਿਹਾ ਕਿ ਦੋਵਾਂ ਪਾਸਿਆਂ ਦੇ ਸਕੱਤਰ ਇਸ ਵਿਚਾਰ-ਵਟਾਂਦਰੇ ਨੂੰ ਅੱਗੇ ਵਿਚਾਰਨਗੇ। ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੇ ਸੁਝਾਅ ਸਬੰਧੀ ਕੇਂਦਰੀ ਮੰਤਰੀ ਨੇ ਕਿਹਾ ਕਿ 31000 ਕਰੋੜ ਰੁਪਏ ਦੇ ਕਰਜ਼ੇ ਦਾ ਮਾਮਲਾ ਵਿੱਤ ਮੰਤਰਾਲੇ ਨਾਲ ਸਬੰਧਤ ਹੈ ਅਤੇ ਉਨ੍ਹਾਂ ਦਾ ਮੰਤਰਾਲਾ ਸਿਰਫ ਵਿੱਤ ਮੰਤਰਾਲੇ ਨੂੰ ਇਸ ਮਾਮਲੇ ਸਬੰਧੀ ਜਾਇਜ਼ਾ ਲੈਣ ਵਾਸਤੇ ਢੁਕਵੀਆਂ ਸਿਫਾਰਸ਼ਾਂ ਹੀ ਕਰ ਸਕਦਾ ਹੈ। ਪੰਜਾਬ ਸਰਕਾਰ ਦੇ 20000 ਕਰੋੜ ਰੁਪਏ ਦੇ ਅਨਾਜ ਖਰੀਦ ਦੇ ਬਕਾਏ ਦੇ ਦਾਅਵੇ ਸਬੰਧੀ ਜਾਇਜ਼ਾ ਲੈਣ ਲਈ ਅਪਰੈਲ 2016 ਵਿਚ ਕੇਂਦਰ ਵੱਲੋਂ ਸਥਾਪਤ ਕੀਤੀ ਗਈ ਝਾਅ ਕਮੇਟੀ ਵੱਲੋਂ ਸਾਹਮਣੇ ਲਿਆਂਦੇ ਗਏ ਨਤੀਜਿਆਂ ਬਾਰੇ ਸ੍ਰੀ ਪਾਸਵਾਨ ਨੇ ਕਿਹਾ ਕਿ ਇਨ੍ਹਾਂ ਬਾਰੇ ਹਾਲੇ ਕੁਝ ਭੰਬਲਭੂਸੇ ਹਨ।

## ਬੁੱਢਾ ਦਲ ਦੇ ਮੀਤ ਜਥੇਦਾਰ ਦਾ ਕਤਲ

**ਰੂੜੇਕੇ ਕਲਾਂ:** ਪਿੰਡ ਕਾਹਨਕੇ ਵਿਚ ਬੁੱਢਾ ਦਲ ਛਿਆਨਵੇਂ ਕਰੋੜੀ ਦੇ ਮੀਤ ਜਥੇਦਾਰ ਤੇ ਘੋੜਿਆਂ ਵਾਲੀ ਵਹੀਰ ਦੇ ਮੁਖੀ ਜਥੇਦਾਰ ਬਹਾਦਰ ਸਿੰਘ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਉਹ ਆਪਣੇ ਜਥੇ ਨਾਲ ਪਿੰਡ ਕਾਹਨਕੇ ਆਇਆ ਹੋਇਆ ਸੀ ਅਤੇ ਸਾਥੀਆਂ ਸਮੇਤ ਪਿੰਡ ਵਿਚਲੀ ਧਰਮਸ਼ਾਲਾ ਵਿਚ ਸੁੱਤਾ ਪਿਆ ਸੀ। ਰਾਤ ਨੂੰ ਕੁਝ ਵਿਅਕਤੀਆਂ ਨੇ ਕੰਧ ਟੱਪ ਕੇ ਬਹਾਦਰ ਸਿੰਘ ਦੇ ਗੋਲੀਆਂ ਮਾਰ ਦਿੱਤੀਆਂ, ਜਿਸ ਕਰ ਕੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਹਮਲਾਵਰ ਫਰਾਰ ਹੋ ਗਏ।



## ਸ਼ੇਖ਼ ਹਸੀਨਾ ਦੀ ਹੱਤਿਆ ਦੀ ਕੋਸ਼ਿਸ਼ 'ਚ 10 ਨੂੰ ਮੌਤ ਦੀ ਸਜ਼ਾ

**ਢਾਕਾ:** ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦੀ ਹੱਤਿਆ ਦੀ ਸਾਜਿਸ਼ ਰਚਣ ਦੇ ਦੋਸ਼ ਵਿਚ ਅਦਾਲਤ ਨੇ 10 ਅਤਿਵਾਦੀਆਂ ਨੂੰ ਮੌਤ ਅਤੇ 9 ਨੂੰ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਹਸੀਨਾ 'ਤੇ ਸਾਲ 2000 ਵਿਚ ਹਮਲੇ ਦੀ ਸਾਜਿਸ਼ ਰਚੀ ਗਈ ਸੀ। ਸ਼ੇਖ਼ ਹਸੀਨਾ ਨੇ ਗੋਪਾਲਗੰਜ ਸਥਿਤ ਆਪਣੇ ਪਿੰਡ ਦੇ ਜਿਸ ਮੈਦਾਨ ਵਿਚ ਇਕ ਰੈਲੀ ਨੂੰ ਸੰਬੋਧਨ ਕਰਨਾ ਸੀ, ਉਥੇ ਇਕ ਸ਼ਕਤੀਸ਼ਾਲੀ ਬੰਬ ਲਗਾ ਦਿੱਤਾ ਗਿਆ ਸੀ। ਪੁਲਿਸ ਦੇ ਜਵਾਨਾਂ ਨੇ ਸਮੇਂ 'ਤੇ ਬੰਬ ਦਾ ਪਤਾ ਲਗਾ ਲਿਆ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਸ਼ੇਖ਼ ਹਸੀਨਾ ਨੂੰ ਬੰਬ ਨਾਲ ਉਡਾਣ ਦੀ ਸਾਜਿਸ਼ ਅਤਿਵਾਦੀ ਸੰਗਠਨ ਹਰਕਤ-ਉਲ-ਜੇਹਾਦ-ਏ-ਇਸਲਾਮੀ ਬੰਗਲਾਦੇਸ਼ ਦੇ ਮੁਖੀ ਮੁਫਤੀ ਹਨਾਨ ਨੇ ਬਣਾਈ ਸੀ। ਹਨਾਨ ਨੂੰ ਬੰਗਲਾਦੇਸ਼ੀ ਮੂਲ ਦੇ ਬਰਤਾਨਵੀ ਹਾਈ ਕਮਿਸ਼ਨਰ 'ਤੇ ਜਾਨਲੇਵਾ ਹਮਲਾ ਮਾਮਲੇ ਵਿਚ ਇਸ ਸਾਲ ਹੀ ਫਾਂਸੀ ਦਿੱਤੀ ਜਾ ਚੁੱਕੀ ਹੈ।




ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com



# ਤੰਦੂਰੀਏ ਅਤੇ ਕੁੱਕ ਦੀ ਲੋੜ ਹੈ

ਕੈਂਬਰਿਜ ਸਿਟੀ, ਇੰਡੀਆਨਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ, ਕੁੱਕ ਅਤੇ ਹੈਲਪਰ ਦੀ ਲੋੜ ਹੈ। ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ:

ਫੋਨ: 317-750-1900

33-36

# ਨਰਮਾ ਪੱਟੀ ਦੇ ਕਿਸਾਨਾਂ ਨੂੰ ਚਿੱਟੀ ਮੱਖੀ ਨੇ ਮਾਰਿਆ ਮੁੜ ਡੰਗ

**ਚੰਡੀਗੜ੍ਹ:** ਪੰਜਾਬ ਵਿਚ ਨਰਮੇ ਦੀ ਫਸਲ ਇਕ ਵਾਰ ਫਿਰ ਚਿੱਟੀ ਮੱਖੀ ਦੇ ਹਮਲੇ ਨਾਲ ਦੋ-ਚਾਰ ਹੋ ਰਹੀ ਹੈ। ਕਈ ਥਾਵਾਂ ਉਤੇ ਸਥਿਤੀ ਇਸ ਹੱਦ ਤੱਕ ਗੰਭੀਰ ਹੋ ਗਈ ਹੈ ਕਿ ਇਨ੍ਹਾਂ ਇਲਾਕਿਆਂ ਵਿਚ ਕਿਸਾਨਾਂ ਵੱਲੋਂ ਕਪਾਹ ਦੀ ਫਸਲ ਨੂੰ ਖੇਤਾਂ 'ਚ ਹੀ ਵਾਹ ਦਿੱਤਾ ਗਿਆ ਹੈ। ਇਸ ਸਥਿਤੀ ਨੇ ਸਰਕਾਰ ਦੀ ਨੀਂਦ ਵੀ ਹਰਾਮ ਕੀਤੀ ਹੋਈ ਹੈ। ਭਾਵੇਂ ਸਰਕਾਰੀ ਸੰਸਥਾਵਾਂ ਨਾਲ ਸਬੰਧਤ ਅਧਿਕਾਰੀਆਂ ਅਤੇ ਮਾਹਿਰਾਂ ਦਾ ਤਰਕ ਹੈ ਕਿ ਬਹੁਤ ਥੋੜ੍ਹੀ ਮਾਤਰਾ 'ਚ ਕਪਾਹ ਦੀ ਫਸਲ ਚਿੱਟੀ ਮੱਖੀ ਦੇ ਹਮਲੇ ਤੋਂ ਪ੍ਰਭਾਵਿਤ ਹੋਈ ਹੈ ਪਰ ਇਨ੍ਹਾਂ ਖੇਤਰਾਂ ਦੇ ਕਿਸਾਨਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਫਸਲ ਦਾ ਇਕ ਵੱਡਾ ਹਿੱਸਾ ਪ੍ਰਭਾਵਿਤ ਹੋਇਆ ਹੈ।

ਪੰਜਾਬ ਵਿਚ ਕਪਾਹ ਦੀ ਫਸਲ 'ਤੇ ਚਿੱਟੀ ਮੱਖੀ ਦਾ ਹਮਲਾ ਕੋਈ ਨਵੀਂ ਘਟਨਾ ਨਹੀਂ ਹੈ। ਪਿਛਲੇ ਸਾਲ ਵੀ ਚਿੱਟੀ ਮੱਖੀ ਦੇ ਹਮਲੇ ਨੂੰ ਲੈ ਕੇ ਵਿਵਾਦ ਭਖਿਆ ਸੀ। ਉਸ ਤੋਂ ਪਿਛਲੇ ਸਾਲ 2015 ਵਿਚ ਵੀ ਕਪਾਹ ਦੀ ਫਸਲ ਇਸੇ ਚਿੱਟੀ ਮੱਖੀ ਦੇ ਹਮਲੇ ਨਾਲ ਪ੍ਰਭਾਵਿਤ ਹੋਈ ਸੀ। ਉਦੋਂ ਲਗਭਗ 60 ਫੀਸਦੀ ਫਸਲ ਚਿੱਟੀ ਮੱਖੀ ਦੇ ਹਮਲੇ ਤੋਂ ਪ੍ਰਭਾਵਿਤ ਹੋਈ ਸੀ। ਬੇਸ਼ੱਕ ਇਸ ਸਾਲ ਪਹਿਲਾਂ ਵਰਗੀ ਗੰਭੀਰ ਸਥਿਤੀ ਨਹੀਂ ਹੈ ਪਰ ਇਸ ਦੇ ਬਾਵਜੂਦ ਕਾਫੀ ਫਸਲ



ਇਸ ਹਮਲੇ ਨਾਲ ਪ੍ਰਭਾਵਿਤ ਹੋਈ ਹੈ। ਇਸ ਵਾਰ ਸੂਬੇ ਵਿਚ 3.82 ਲੱਖ ਹੈਕਟੇਅਰ ਰਕਬੇ ਵਿਚ ਕਪਾਹ ਦੀ ਫਸਲ ਦੀ ਕਾਸ਼ਤ ਕੀਤੀ ਗਈ ਹੈ। ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਮਾਨਸਾ ਜ਼ਿਲ੍ਹੇ ਦਾ ਦੌਰਾ ਕਰ ਕੇ ਪ੍ਰਭਾਵਿਤ ਖੇਤਰਾਂ ਦਾ ਮੁਆਇਨਾ ਕੀਤਾ ਸੀ।

ਇਸ ਤੋਂ ਬਾਅਦ ਕੇਂਦਰੀ ਖੇਤੀਬਾੜੀ ਵਿਭਾਗ ਦੀ ਇਕ ਸਾਂਝੀ ਕਮੇਟੀ ਨੇ ਇਸ ਚਿੱਟੀ ਮੱਖੀ ਦੇ ਪ੍ਰਭਾਵ ਹੇਠ ਆਏ ਖੇਤਰ ਦਾ ਦੌਰਾ ਕੀਤਾ। ਇਸ ਖੇਤਰ ਦੇ ਕਿਸਾਨਾਂ ਦਾ ਦਾਅਵਾ ਹੈ ਕਿ ਪੰਜਾਬ ਵਿਚ ਇਸ ਸਾਲ ਮੌਨਸੂਨ ਦੀ ਕਈ ਖੇਤਰਾਂ ਵਿਚ ਬਹੁਤੀ ਬਾਰਸ਼ ਨਹੀਂ ਹੋਈ, ਜਿਸ ਨਾਲ ਚਿੱਟੀ ਮੱਖੀ ਨੂੰ ਪੈਦਾ ਹੋਣ ਅਤੇ ਫਿਰ ਕਪਾਹ ਦੀ ਫਸਲ 'ਤੇ ਹਮਲਾ ਕਰਨ ਲਈ ਢੁਕਵਾਂ ਮਾਹੌਲ ਮਿਲਿਆ। ਇਸ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਅਧਿਕਾਰੀਆਂ ਨੇ ਇਸ ਸਥਿਤੀ ਦਾ ਜਿਥੇ ਘਟਾ ਕੇ ਅੰਦਾਜ਼ਾ ਲਾਇਆ, ਉਥੇ ਕਿਸਾਨਾਂ ਦੀ ਪ੍ਰਭਾਵਿਤ ਹੋਈ ਫਸਲ ਦੇ ਅੰਕੜੇ ਵੀ ਸਹੀ ਨਹੀਂ ਦਰਸਾਏ ਗਏ। ਇਸ ਕਾਰਨ ਕਿਸਾਨਾਂ ਨੂੰ ਇਕੋ ਸਮੇਂ ਕਈ ਪੱਖਾਂ ਤੋਂ ਮਾਰ ਪਈ ਹੈ। ਇਕ ਤਾਂ ਉਨ੍ਹਾਂ ਦੀ ਫਸਲ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਅਤੇ ਦੂਸਰਾ ਉਨ੍ਹਾਂ ਨੂੰ ਘਟੀਆ ਬੀਜਾਂ ਅਤੇ ਨਕਲੀ ਕੀਟਨਾਸ਼ਕਾਂ ਕਾਰਨ ਵੀ ਨੁਕਸਾਨ ਉਠਾਉਣਾ ਪਿਆ। ਪੰਜਾਬ ਦੇ 7 ਜ਼ਿਲ੍ਹੇ ਮਾਨਸਾ, ਬਠਿੰਡਾ, ਬਰਨਾਲਾ, ਸੰਗਰੂਰ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ ਅਤੇ ਫਰੀਦਕੋਟ ਆਦਿ ਕਪਾਹ ਪੱਟੀ ਦੇ ਰੂਪ ਵਿਚ ਜਾਣੇ ਜਾਂਦੇ ਹਨ ਅਤੇ ਪੰਜਾਬ ਦੇ ਖੇਤੀ ਖੇਤਰ ਵਿਚ ਹੋਣ ਵਾਲੀਆਂ ਕਿਸਾਨ ਖੁਦਕੁਸ਼ੀਆਂ ਦੀਆਂ ਘਟਨਾਵਾਂ ਵੀ ਜ਼ਿਆਦਾਤਰ ਇਸੇ ਖੇਤਰ ਵਿਚ ਹੋਈਆਂ ਹਨ।

### ਨੁਕਸਾਨ ਘੱਟ, ਰੌਲਾ ਵੱਧ: ਮਨਪ੍ਰੀਤ

**ਬਠਿੰਡਾ:** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਨਰਮੇ 'ਤੇ ਚਿੱਟੀ ਮੱਖੀ ਦਾ ਹਮਲਾ ਉਨਾ ਨਹੀਂ ਹੈ, ਜਿੰਨਾ ਦੱਸਿਆ ਜਾ ਰਿਹਾ ਹੈ। ਉਨ੍ਹਾਂ ਨੇ ਮਾਨਸਾ ਜ਼ਿਲ੍ਹੇ 'ਚ ਚਿੱਟੀ ਮੱਖੀ ਦੇ ਹਮਲੇ ਦੀ ਗੱਲ ਵੀ ਕਬੂਲੀ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਇਸ ਦਾ ਨਿਰੀਖਣ ਕਰ ਰਹੀਆਂ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਖੁਦ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ।

### ਨਕਲੀ ਕੀਟਨਾਸ਼ਕਾਂ ਨੇ ਵਧਾਇਆ ਫਿਕਰ

**ਬਠਿੰਡਾ:** ਖੇਤੀਬਾੜੀ ਵਿਭਾਗ ਵੱਲੋਂ ਕੀਟਨਾਸ਼ਕਾਂ ਦੇ ਭਰੇ ਨਮੂਨਿਆਂ ਵਿਚੋਂ 94 ਹੋਰ ਨਮੂਨੇ ਫੇਲ੍ਹ ਹੋ ਗਏ ਹਨ, ਜਿਨ੍ਹਾਂ ਵਿਚੋਂ ਬਹੁਤੇ ਨਰਮਾ ਪੱਟੀ ਵਿਚੋਂ ਭਰੇ ਗਏ ਸਨ। ਇਸ ਮਾਮਲੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਘੁਰਕੀ ਕਰ ਕੇ ਖੇਤੀ ਅਫਸਰਾਂ ਨੂੰ ਭਾਜੜਾਂ ਪੈ ਗਈਆਂ ਹਨ। ਖੇਤੀ ਵਿਭਾਗ ਨੇ ਫੌਰੀ ਕਾਰਵਾਈ ਕਰਦਿਆਂ ਅੱਧੀ ਦਰਜਨ ਕੀਟਨਾਸ਼ਕ ਕੰਪਨੀਆਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ ਅਤੇ ਤਿੰਨ ਕੰਪਨੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤੇ ਹਨ। ਖੇਤੀ ਵਿਭਾਗ ਨੇ ਚਾਲੂ ਮਾਲੀ ਵਰ੍ਹੇ ਵਿਚ ਹੁਣ ਤੱਕ ਭਰੇ ਨਮੂਨਿਆਂ ਦਾ ਲੇਖਾ-ਜੋਖਾ ਕੀਤਾ ਹੈ, ਜਿਸ ਵਿਚ ਸੱਤ ਫੀਸਦੀ ਨਮੂਨੇ ਫੇਲ੍ਹ ਆਏ ਹਨ।

ਵੇਰਵਿਆਂ ਅਨੁਸਾਰ ਖੇਤੀਬਾੜੀ ਵਿਭਾਗ ਨੇ ਪੰਜਾਬ ਭਰ ਵਿਚੋਂ ਪਹਿਲੀ ਅਪਰੈਲ ਤੋਂ 15 ਅਗਸਤ ਤੱਕ ਕੀਟਨਾਸ਼ਕਾਂ ਦੇ 2729 ਨਮੂਨੇ ਭਰੇ ਸਨ, ਜਿਨ੍ਹਾਂ ਵਿਚੋਂ 1333 ਨਮੂਨਿਆਂ ਦੇ ਨਤੀਜੇ ਪ੍ਰਾਪਤ ਹੋ ਗਏ ਹਨ। ਇਨ੍ਹਾਂ ਨਮੂਨਿਆਂ 'ਚੋਂ 94 ਨਮੂਨੇ ਫੇਲ੍ਹ ਹੋ ਗਏ ਹਨ, ਜੋ ਨਰਮਾ ਪੱਟੀ ਨਾਲ ਸਬੰਧਤ ਹਨ। ਖੇਤੀ ਵਿਭਾਗ ਕੋਲ ਜੋ ਤਿੰਨ ਲੈਬਾਰਟਰੀਆਂ ਹਨ, ਉਨ੍ਹਾਂ ਦੀ ਸਮਰੱਥਾ 3900 ਨਮੂਨੇ ਟੈਸਟ ਕਰਨ ਦੀ ਹੈ ਅਤੇ ਹੁਣ ਵਿਭਾਗ ਸਮਰੱਥਾ ਵਿਚ ਵਾਧਾ ਕਰ ਰਿਹਾ ਹੈ। ਦੱਸਣਯੋਗ ਹੈ ਕਿ ਪਹਿਲਾਂ ਬਰਨਾਲਾ ਵਿਚੋਂ ਮਿਆਦ ਪੁੱਗੇ ਕੀਟਨਾਸ਼ਕ ਫੜੇ ਗਏ ਹਨ, ਜਿਸ ਕਰ ਕੇ ਗੁਦਾਮਾਂ ਨੂੰ ਸੀਲ ਕਰ ਦਿੱਤਾ ਗਿਆ ਹੈ। ਜਿਹੜੇ 94 ਨਮੂਨੇ ਫੇਲ੍ਹ ਹੋਏ ਹਨ, ਉਨ੍ਹਾਂ ਵਿਚੋਂ 31 ਨਮੂਨੇ ਕੰਪਨੀਆਂ ਦੇ ਵੱਡੇ ਗੁਦਾਮਾਂ 'ਚੋਂ ਭਰੇ ਗਏ ਸਨ। ਕੀਟਨਾਸ਼ਕ ਫੇਲ੍ਹ ਹੋਣ ਨਾਲ ਕੈਪਟਨ ਸਰਕਾਰ ਵੱਲੋਂ ਮਿਆਰੀ ਕੀਟਨਾਸ਼ਕ ਦਿੱਤੇ ਜਾਣ ਦੇ ਦਾਅਵੇ ਉਤੇ ਉਂਗਲ ਉਠੀ ਹੈ, ਜਿਸ ਕਾਰਨ ਸਰਕਾਰ ਨੂੰ ਵੀ ਨਮੋਸ਼ੀ ਝੱਲਣੀ ਪਈ ਹੈ।

# ਖਜ਼ਾਨਾ ਦਫਤਰਾਂ ਦੇ ਤਾਲੇ ਅਜੇ ਵੀ ਨਾ ਖੁੱਲ੍ਹੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਵੇਂ ਵੱਡੇ ਵਾਅਦੇ ਕਰ ਕੇ ਇਸ ਕੁਰਸੀ ਤੱਕ ਪੁੱਜੇ ਹਨ ਪਰ ਪੰਜ ਮਹੀਨਿਆਂ ਬਾਅਦ ਵੀ ਪਿਛਲੀ ਬਾਦਲ ਸਰਕਾਰ ਵਾਂਗ ਰਾਜ ਦੇ ਖਜ਼ਾਨਾ ਦਫਤਰਾਂ 'ਤੇ ਅਣਐਲਾਨੀ ਪਾਬੰਦੀ ਲਾਗੂ ਹੈ। ਮੁਲਾਜ਼ਮਾਂ ਤੇ ਪੈਨਸ਼ਨਰਾਂ ਸਮੇਤ ਹੋਰ ਕਈ ਵਰਗ ਖਜ਼ਾਨਾ ਦਫਤਰਾਂ ਵਿਚ ਅਦਾਇਗੀਆਂ ਰੁਕਣ ਕਾਰਨ ਡਾਢੇ ਪਰੇਸ਼ਾਨ ਹਨ। ਕੈਪਟਨ ਸਰਕਾਰ ਵੀ ਪਿਛਲੀ ਬਾਦਲ ਸਰਕਾਰ ਵਾਂਗ ਹੀ ਜ਼ਿਲ੍ਹਾ ਖਜ਼ਾਨਾ ਅਫਸਰਾਂ ਨੂੰ ਜ਼ੁਬਾਨੀ ਫਰਮਾਨ ਜਾਰੀ ਕਰ ਕੇ ਅਦਾਇਗੀਆਂ ਰੁਕਵਾ ਰਹੀ ਹੈ। ਇਸ ਪਾਬੰਦੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਪਿਛਲੇ ਸਮੇਂ ਦੌਰਾਨ ਸੇਵਾ ਮੁਕਤ ਹੋਏ ਮੁਲਾਜ਼ਮ ਹੋ ਰਹੇ ਹਨ।

ਸੇਵਾ ਮੁਕਤ ਮੁਲਾਜ਼ਮਾਂ ਦੀਆਂ ਅਦਾਇਗੀਆਂ ਸਬੰਧੀ 16 ਮਈ 2017 ਤੋਂ ਲੈ ਕੇ ਹੁਣ ਤੱਕ ਦੇ ਬਿਲ ਖਜ਼ਾਨਾ ਦਫਤਰਾਂ ਵਿਚ ਪੈਂਡਿੰਗ ਹਨ। ਇਸੇ ਤਰ੍ਹਾਂ ਜੀਪੀ ਫੰਡ ਦੀ ਫਾਈਨਲ ਪੇਮੈਂਟ ਦੇ ਬਿੱਲ ਵੀ ਪਹਿਲੀ ਜੂਨ 2017 ਤੋਂ ਖਜ਼ਾਨਾ ਦਫਤਰਾਂ ਵਿਚ ਪੈਂਡਿੰਗ ਹਨ। ਮੁਲਾਜ਼ਮਾਂ ਅਤੇ ਅਧਿਕਾਰੀਆਂ ਦੇ ਵੱਖ-ਵੱਖ ਤਰ੍ਹਾਂ ਦੇ ਬਕਾਇਆਂ ਦੇ ਬਿੱਲ ਪਿਛਲੇ 10 ਮਹੀਨਿਆਂ ਤੋਂ ਕਿਸੇ ਕੰਢੇ ਨਹੀਂ ਲੱਗੇ। ਪਿਛਲੀ ਬਾਦਲ ਸਰਕਾਰ ਨੇ ਮੁਲਾਜ਼ਮਾਂ ਦੇ ਡੀਏ, ਏ.ਸੀ.ਪੀ. ਅਤੇ ਹੋਰ ਬਕਾਇਆਂ ਦੇ 30 ਸਤੰਬਰ 2016 ਤੱਕ ਦੇ ਬਿੱਲਾਂ ਦੀ ਅਦਾਇਗੀ ਦੇ 22 ਫਰਵਰੀ 2017 ਨੂੰ ਹੁਕਮ ਜਾਰੀ ਕੀਤੇ ਸਨ। ਇਸ ਵੇਲੇ ਪਹਿਲੀ ਅਕਤੂਬਰ 2016 ਤੋਂ ਲੈ ਕੇ ਹੁਣ ਤੱਕ ਖਜ਼ਾਨਾ ਦਫਤਰਾਂ ਵਿਚ ਪੁੱਜੇ ਬਕਾਇਆਂ ਦੇ ਬਿੱਲ ਪੈਂਡਿੰਗ ਹਨ।

ਸਰਕਾਰ ਵੱਲੋਂ ਅਣਐਲਾਨੇ ਢੰਗ ਨਾਲ ਖਜ਼ਾਨਾ ਦਫਤਰਾਂ ਵਿਚ ਜੀ.ਪੀ.ਐਫ. ਐਡਵਾਂਸ ਦੇ ਬਿੱਲ ਵੀ ਪਹਿਲੀ ਜੂਨ 2017 ਤੋਂ ਰੋਕੇ ਗਏ ਹਨ। ਕੈਪਟਨ ਸਰਕਾਰ ਨੇ ਮੈਡੀਕਲ ਬਿੱਲਾਂ ਸਬੰਧੀ ਦਿਆਲਤਾ ਦਿਖਾਉਂਦਿਆਂ 15 ਜੁਲਾਈ 2017 ਤੱਕ ਦੇ ਬਿੱਲ ਪਾਸ ਕਰ ਦਿੱਤੇ ਹਨ।

## ਜਣੇਪੇ ਮੌਕੇ ਢਿੱਡ 'ਚ ਛੱਡ ਦਿੱਤੀ ਕੈਂਚੀ

**ਲੰਬੀ:** ਡਾਕਟਰਾਂ ਦੀ ਲਾਪਰਵਾਹੀ ਕਰ ਕੇ ਜਣੇਪੇ ਮੌਕੇ ਢਿੱਡ ਵਿਚ ਕੈਂਚੀ ਰਹਿਣ ਕਰ ਕੇ ਔਰਤ ਦੀ ਮੌਤ ਹੋ ਗਈ। ਡਾਕਟਰੀ ਲਾਪਰਵਾਹੀ ਦਾ ਖੁਲਾਸਾ ਮ੍ਰਿਤਕਾ ਸ਼ਰਨਜੀਤ ਕੌਰ ਦੀਆਂ ਅਸਥੀਆਂ ਚੁਗਣ ਸਮੇਂ ਹੋਇਆ। ਅਸਥੀਆਂ ਵਿਚੋਂ ਕੈਂਚੀ ਬਰਾਮਦ ਹੋਣ 'ਤੇ ਪਰਿਵਾਰਕ ਮੈਂਬਰਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਔਰਤ ਦੀ ਡਲਿਵਰੀ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਹਸਪਤਾਲ ਵਿਚ ਹੋਈ ਸੀ।

ਲੰਬੀ ਹਲਕੇ ਦੇ ਪਿੰਡ ਸਰਾਵਾਂ ਬੋਦਲਾ ਵਾਸੀ ਗਰਭਵਤੀ ਔਰਤ ਸ਼ਰਨਜੀਤ ਕੌਰ (23) ਪਤਨੀ ਬਲਵਿੰਦਰ ਸਿੰਘ ਨੂੰ 15 ਅਗਸਤ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਮ੍ਰਿਤਕਾ ਦੇ ਮਾਪੇ ਮੁਕਤਸਰ ਨੇੜਲੇ ਪਿੰਡ ਧਿਗਾਣਾ ਰਹਿੰਦੇ ਹਨ। ਮ੍ਰਿਤਕਾ ਦੇ ਪਿਤਾ ਗੁਰਨਾਮ ਸਿੰਘ ਨੇ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ ਦੇ ਸਰਕਾਰੀ ਹਸਪਤਾਲ ਵਿਚ ਸ਼ਰਨਜੀਤ ਕੌਰ ਦੀ



ਡਲਿਵਰੀ ਹੋਈ ਸੀ ਅਤੇ ਪੁੱਤਰ ਪੈਦਾ ਹੋਇਆ। 16 ਅਗਸਤ ਸ਼ਾਮ ਨੂੰ ਉਨ੍ਹਾਂ ਦੀ ਧੀ ਦੀ ਹਾਲਤ ਵਿਗੜਨੀ ਸ਼ੁਰੂ ਹੋ ਗਈ।

ਹਸਪਤਾਲ ਵਿਚ ਸ਼ਰਨਜੀਤ ਕੌਰ ਦੀ ਮੌਤ ਹੋ ਗਈ। ਪਿੰਡ ਸਰਾਵਾਂ ਬੋਦਲਾ ਵਿਚ ਧੀ ਦਾ ਅੰਤਮ ਸੰਸਕਾਰ ਕਰ ਦਿੱਤਾ। ਅਗਲੇ ਦਿਨ ਜਦੋਂ ਉਹ ਉਸ ਦੀਆਂ ਅਸਥੀਆਂ ਚੁਗਣ ਲੱਗੇ ਤਾਂ ਉਨ੍ਹਾਂ ਵਿਚੋਂ ਇਕ ਕੈਂਚੀ ਮਿਲੀ ਹੋਈ। ਉਨ੍ਹਾਂ ਦੋਸ਼ ਲਗਾਇਆ ਕਿ ਸ਼ਰਨਜੀਤ ਕੌਰ ਦੀ ਮੌਤ ਡਾਕਟਰਾਂ ਦੀ ਲਾਪਰਵਾਹੀ ਕਰ ਕੇ ਉਪਰੇਸ਼ਨ ਸਮੇਂ ਕੈਂਚੀ ਵਿਚ ਛੱਡਣ ਕਰ ਕੇ ਹੋਈ ਹੈ।

# ਡਰੱਗਜ਼ ਮਾਮਲਾ: ਗਾਬਾ ਦੀਆਂ ਦੋ ਹੋਰ ਜਾਇਦਾਦਾਂ ਕੁਰਕ

**ਜਲੰਧਰ:** ਸਿੰਥੈਟਿਕ ਡਰੱਗਜ਼ ਮਾਮਲੇ ਵਿਚ ਜਾਂਚ ਕਰ ਰਹੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਅਧਿਕਾਰੀਆਂ ਨੇ ਇਸ ਮਾਮਲੇ ਵਿਚ ਫਸੇ ਗੁਰਾਇਆ ਦੇ ਕਾਰੋਬਾਰੀ ਚੂਨੀ ਲਾਲ ਗਾਬਾ ਦੀਆਂ ਦੋ ਜਾਇਦਾਦਾਂ ਕਬਜ਼ੇ ਵਿਚ ਲੈ ਲਈਆਂ ਹਨ ਅਤੇ ਉਥੇ ਆਪਣੇ ਬੋਰਡ ਲਾ ਦਿੱਤੇ ਹਨ। ਇਹ ਦੋਵੇਂ ਜਾਇਦਾਦਾਂ ਪਿੰਡ ਮੇਹਲੀ ਵਿਚ ਦੱਸੀਆਂ ਜਾ ਰਹੀਆਂ ਹਨ, ਜੋ ਬੰਗਾ ਸਬ-ਡਿਵੀਜ਼ਨ ਵਿਚ ਆਉਂਦਾ ਹੈ। ਇਕ ਜਾਇਦਾਦ 4 ਕਨਾਲ 15 ਮਰਲੇ ਅਤੇ ਦੂਜੀ ਇਕ ਕਨਾਲ 4 ਮਰਲੇ ਦੀ ਹੈ। ਈ.ਡੀ. ਨੇ ਇਹ ਕਾਰਵਾਈ ਪ੍ਰੀਵੈਨਸ਼ਨ ਆਫ ਮਨੀ ਲਾਂਡਰਿੰਗ ਐਕਟ 2002 ਦੀ ਧਾਰਾ 8 (4) ਤਹਿਤ ਕੀਤੀ ਹੈ।

ਚੂਨੀ ਲਾਲ ਗਾਬਾ ਦੀਆਂ 11 ਕੰਪਨੀਆਂ, ਜਿਨ੍ਹਾਂ ਦੀ ਕੀਮਤ 85 ਕਰੋੜ ਹੈ, ਵੀ ਡਰੱਗ ਕੇਸ ਨਾਲ ਪਹਿਲਾਂ ਹੀ ਈ.ਡੀ. ਨੇ ਕੁਰਕ ਕੀਤੀਆਂ ਹੋਈਆਂ ਹਨ। ਇਸ ਸਿੰਥੈਟਿਕ ਡਰੱਗ ਮਾਮਲੇ ਵਿਚ ਚੂਨੀ ਲਾਲ ਗਾਬਾ ਤੇ ਉਨ੍ਹਾਂ ਦੇ ਤਿੰਨ ਪੁੱਤਾਂ ਖਿਲਾਫ਼ ਵੀ ਕੇਸ ਦਰਜ ਕੀਤੇ ਗਏ ਹਨ। ਜ਼ਿਕਰਯੋਗ ਹੈ ਕਿ ਬਹੁ-ਚਰਚਿਤ ਡਰੱਗਜ਼ ਮਾਮਲੇ ਦਾ ਮੁੱਖ ਸਰਗਨਾ ਮੰਨੇ ਜਾਂਦੇ ਜਗਦੀਸ਼ ਸਿੰਘ ਭੋਲਾ ਨੇ ਗੁਰਾਇਆ ਦੇ ਕਾਰੋਬਾਰੀ ਚੂਨੀ ਲਾਲ ਗਾਬਾ ਦਾ ਨਾਂ ਵੀ ਲਿਆ ਸੀ। ਆਮਦਨ ਕਰ



ਵਿਭਾਗ ਵੱਲੋਂ ਮਾਰੇ ਛਾਪੇ ਦੌਰਾਨ ਚੂਨੀ ਲਾਲ ਗਾਬਾ ਦੇ ਕੋਲਡ ਸਟੋਰ ਤੋਂ ਇਕ ਡਾਇਰੀ ਬਰਾਮਦ ਹੋਈ ਸੀ, ਜਿਸ ਵਿਚ ਕਈ ਲੀਡਰਾਂ ਅਤੇ ਹੋਰ ਹਸਤੀਆਂ ਨੂੰ ਪੈਸੇ ਦੇ ਲੈਣ-ਦੇਣ ਦਾ ਹਿਸਾਬ-ਕਿਤਾਬ ਲਿਖਿਆ ਹੋਇਆ ਸੀ। ਇਹ ਡਾਇਰੀ ਈ.ਡੀ. ਨੇ ਵੀ ਹਾਸਲ ਕੀਤੀ ਸੀ ਤੇ ਇਸ ਡਾਇਰੀ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ, ਸਰਵਣ ਸਿੰਘ ਫਿਲੌਰ, ਚੌਧਰੀ ਸੰਤੋਖ ਸਿੰਘ ਆਦਿ ਦੇ ਨਾਂ ਲਿਖੇ ਹੋਏ ਸਨ। ਇਨ੍ਹਾਂ ਨਾਵਾਂ ਅੱਗੇ ਲੱਖਾਂ ਦੀਆਂ ਰਕਮਾਂ ਦਾ ਵੀ ਜ਼ਿਕਰ ਕੀਤਾ ਹੋਇਆ ਹੈ। ਇਨ੍ਹਾਂ ਰਾਜਸੀ ਆਗੂਆਂ ਨੂੰ ਈ.ਡੀ. ਨੇ ਆਪਣੇ ਦਫਤਰ ਤਲਬ ਕਰ ਕੇ ਪੁੱਛਗਿੱਛ ਵੀ ਕੀਤੀ ਸੀ।

# ਅਫਸਰਸ਼ਾਹੀ ਅੱਗੇ ਨਾ ਚੱਲੀ ਕਿਸਾਨ ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਵਾਹ

**ਚੰਡੀਗੜ੍ਹ:** ਪੰਜਾਬ ਦੇ ਖੁਦਕੁਸ਼ੀ ਪੀੜਤ ਕਿਸਾਨ-ਮਜ਼ਦੂਰ ਪਰਿਵਾਰਾਂ ਵਿਚੋਂ ਬਹੁਤੇ ਚਾਹੁੰਦੇ ਹੋਏ ਵੀ ਬਠਿੰਡਾ ਅਤੇ ਮਾਨਸਾ ਦੇ ਦੌਰੇ ਉਤੇ ਆਈ ਵਿਧਾਨ ਸਭਾ ਕਮੇਟੀ ਨੂੰ ਆਪਣੀ ਵਿੱਥਿਆ ਨਾ ਸੁਣਾ ਸਕੇ। ਦੋਵੇਂ ਜ਼ਿਲ੍ਹਿਆਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਕਮੇਟੀ ਨੂੰ ਜਿਨ੍ਹਾਂ ਪਰਿਵਾਰਾਂ ਵਿਚ ਲਿਜਾਣ ਦਾ ਪ੍ਰੋਗਰਾਮ ਬਣਾਇਆ, ਉਨ੍ਹਾਂ ਵਿਚੋਂ ਖੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਰਾਹਤ ਅਰਜ਼ੀਆਂ ਰੱਦ ਹੋਣ ਵਾਲੇ ਪਰਿਵਾਰਾਂ ਵਿਚੋਂ ਇਕ ਵੀ ਨਹੀਂ ਸੀ। ਬਹੁਤ ਸਾਰੇ ਪਰਿਵਾਰ ਖੁਦ ਜਾ ਕੇ ਵੀ ਕਮੇਟੀ ਨੂੰ ਮਿਲਣ ਲਈ ਤਿਆਰ ਸਨ ਪਰ ਉਨ੍ਹਾਂ ਨੂੰ ਅਧਿਕਾਰੀਆਂ ਨੇ ਕੋਈ ਥਹੁ ਪਤਾ ਹੀ ਨਹੀਂ ਦਿੱਤਾ।

ਵਿਧਾਨ ਸਭਾ ਦੀ ਕਮੇਟੀ ਦੇ ਚੇਅਰਮੈਨ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੀ ਅਗਵਾਈ ਵਿਚ ਕਮੇਟੀ ਨੇ ਮਾਨਸਾ ਜ਼ਿਲ੍ਹੇ ਦੇ ਤਿੰਨ ਵਿਧਾਨ ਸਭਾ ਹਲਕੇ ਸਰਦੂਲਗੜ੍ਹ, ਬੁਢਲਾਡਾ ਅਤੇ ਮਾਨਸਾ ਨਾਲ ਸਬੰਧਤ ਇਕ ਦਰਜਨ ਪਰਿਵਾਰਾਂ ਦੀ ਹਕੀਕਤ ਜਾਨਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਕਿਸਾਨ ਤੇ ਖੇਤ ਮਜ਼ਦੂਰ ਪਰਿਵਾਰਾਂ ਦੇ ਕਿਸੇ ਨਾ ਕਿਸੇ ਜੀਅ ਨੇ 2002, 2003, 2013, 2014, 2016 ਅਤੇ 2017 ਦੌਰਾਨ ਖੁਦਕੁਸ਼ੀ ਕੀਤੀ ਸੀ। ਸਰਕਾਰੀ ਦਾਅਵੇ ਅਨੁਸਾਰ ਇਨ੍ਹਾਂ ਪਰਿਵਾਰਾਂ ਵਿਚੋਂ ਨੌਂ ਨੂੰ ਸਰਕਾਰੀ ਰਾਹਤ ਮਿਲ ਚੁੱਕੀ ਹੈ ਅਤੇ ਤਿੰਨ ਨਵੇਂ ਕੇਸ ਹੋਣ ਕਰ ਕੇ ਅਜੇ ਤੱਕ ਰਾਹਤ ਬਾਰੇ ਫੈਸਲਾ ਨਹੀਂ ਹੋਇਆ।

### ਬਹੁਤੇ ਪੀੜਤ ਨਾ ਸੁਣਾ ਸਕੇ ਸੰਸਦੀ ਕਮੇਟੀ ਨੂੰ ਆਪਣਾ ਦਰਦ



ਗੌਰਤਲਬ ਹੈ ਕਿ ਪੰਜਾਬ ਸਰਕਾਰ ਨੇ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ ਦੀ ਨੀਤੀ ਅਪਰੈਲ 2014 'ਚ ਬਣਾਈ ਸੀ। ਇਸ ਮਗਰੋਂ ਇਕੱਲੇ ਮਾਨਸਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਫਤਰ ਨੂੰ ਖੁਦਕੁਸ਼ੀ ਪੀੜਤ ਪਰਿਵਾਰਾਂ ਵੱਲੋਂ 406 ਅਰਜ਼ੀਆਂ ਮਿਲੀਆਂ। ਇਨ੍ਹਾਂ ਵਿਚੋਂ ਸਿਰਫ 79 ਪਰਿਵਾਰਾਂ ਨੂੰ ਰਾਹਤ ਮਿਲੀ ਹੈ, 327 ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਅਤੇ 60 ਤੋਂ ਵੱਧ ਪੈਂਡਿੰਗ ਪਈਆਂ ਹਨ।

ਪਿੰਡ ਸਿਰਸੀਵਾਲਾ ਦਾ ਨਿਰਮਲ ਸਿੰਘ ਖੁਦ ਕੈਂਸਰ ਦਾ ਮਰੀਜ਼ ਹੈ। ਉਸ ਦਾ ਜਵਾਨ ਪੁੱਤ ਯਾਦਵਿੰਦਰ ਸਿੰਘ ਚਾਰ ਲੱਖ ਰੁਪਏ ਖਰਚ ਕਰ ਕੇ ਲਾਇਆ ਬੋਰ ਟੁੱਟ ਜਾਣ, ਨਰਮੇ ਦੀ ਬਰਬਾਦੀ ਅਤੇ ਕਿਸੇ ਹੋਰ ਦੇ ਖੇਤ 'ਚ ਵਗਾਰ ਕਰਨ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਗਿਆ ਸੀ। ਲਗਭਗ ਇਕ ਸਾਲ ਤੋਂ ਨਿਰਮਲ ਸਿੰਘ ਸਰਕਾਰੀ ਦਫਤਰਾਂ ਦੇ ਚੱਕਰ ਕੱਢ ਰਿਹਾ ਹੈ ਪਰ ਰਾਹਤ ਨਹੀਂ ਮਿਲੀ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਜ਼ਮੀਨ ਅਤੇ ਕਰਜ਼ਾ ਪੁੱਤਰ ਦੇ ਨਾਂ ਨਹੀਂ ਸੀ, ਇਸ ਲਈ ਰਾਹਤ ਨਹੀਂ ਮਿਲ ਸਕਦੀ।

ਖੇਤੀ ਵਿਭਾਗ ਦੇ ਅਧਿਕਾਰੀਆਂ ਨੇ ਝੁਨੀਰ ਪਿੰਡ ਦੇ ਖੁਦਕੁਸ਼ੀ ਕਰ ਗਏ ਕਿਸਾਨ ਗੁਰਨਾਮ ਸਿੰਘ ਦੇ ਘਰ 17 ਅਗਸਤ ਸ਼ਾਮ ਤੇ ਮੁੜ 18 ਅਗਸਤ ਨੂੰ ਵੀ ਸੁਨੇਹਾ ਭੇਜਿਆ ਕਿ ਕਮੇਟੀ ਉਨ੍ਹਾਂ ਦੇ ਘਰ ਵੀ ਆਵੇਗੀ। ਇਹ ਸੁਣ ਕੇ ਨੇੜੇ ਦੇ ਕਈ ਪੀੜਤ ਪਰਿਵਾਰਾਂ ਨੇ ਵੀ ਉਥੇ ਹੀ ਪਹੁੰਚ ਕੇ ਆਪਣਾ ਹਾਲ ਸੁਣਾਉਣ ਦਾ ਫੈਸਲਾ ਕਰ ਲਿਆ, ਪਰ ਦਸ ਵਜੇ ਦੇ ਕਰੀਬ ਪਰਿਵਾਰ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੇ ਪਿੰਡ ਆਉਣ ਦਾ ਕਮੇਟੀ ਦਾ ਪ੍ਰੋਗਰਾਮ ਨਹੀਂ ਹੈ। ਗੁਰਨਾਮ ਸਿੰਘ ਦੀ ਬੇਟੀ ਕਿਰਨਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਇਹ ਪੇਸ਼ਕਸ਼ ਵੀ ਕੀਤੀ ਸੀ ਕਿ ਕਮੇਟੀ ਜਿਥੇ ਚਾਹੇ ਤਾਂ ਕੁਝ ਪਰਿਵਾਰ ਉਥੇ ਪਹੁੰਚ ਕੇ ਵੀ ਉਨ੍ਹਾਂ ਨਾਲ ਗੱਲ ਕਰ ਸਕਦੇ ਹਨ ਪਰ ਉਹ ਉਨ੍ਹਾਂ ਨੂੰ ਨਾ ਮਿਲ ਸਕੇ।

ਬਠਿੰਡਾ ਦੇ ਵੀ ਹਰ ਵਿਧਾਨ ਸਭਾ ਹਲਕੇ ਦੇ ਦੋ-ਦੋ ਪਿੰਡਾਂ ਵਿਚ ਜਿਨ੍ਹਾਂ ਪਰਿਵਾਰਾਂ ਕੋਲ ਕਮੇਟੀ ਗਈ, ਉਨ੍ਹਾਂ ਵਿਚੋਂ ਵੀ ਜ਼ਿਆਦਾ ਰਾਹਤ ਮਿਲਣ ਵਾਲੇ ਸਨ। ਬਠਿੰਡਾ ਦੇ ਡਿਪਟੀ ਕਮਿਸ਼ਨ ਦਫਤਰ ਨੂੰ ਖੁਦਕੁਸ਼ੀ ਪੀੜਤ ਰਾਹਤ ਲਈ ਸਬੰਧਤ 357 ਪਰਿਵਾਰਾਂ ਦੀਆਂ ਮਿਲੀਆਂ ਅਰਜ਼ੀਆਂ 'ਚੋਂ ਸਿਰਫ 63 ਨੂੰ ਹੀ ਰਾਹਤ ਮਿਲੀ। 192 ਅਰਜ਼ੀਆਂ ਵੱਖ-ਵੱਖ ਆਧਾਰ 'ਤੇ ਰੱਦ ਕਰ ਦਿੱਤੀਆਂ ਗਈਆਂ ਅਤੇ 90 ਅਜੇ ਪੈਂਡਿੰਗ ਪਈਆਂ ਹਨ। ਹਾਲਾਂਕਿ ਰਾਹਤ ਨੀਤੀ ਅਨੁਸਾਰ ਡੀਸੀ ਦੀ ਅਗਵਾਈ ਵਾਲੀ ਕਮੇਟੀ ਨੇ ਇਕ ਮਹੀਨੇ ਅੰਦਰ ਅਰਜ਼ੀਆਂ 'ਤੇ ਫੈਸਲਾ ਲੈਣਾ ਹੁੰਦਾ ਹੈ।

# ਆਖਰ ਹੋ ਗਈ ਨਿਤੀਸ਼ ਦੀ ਘਰ ਵਾਪਸੀ



**ਪਟਨਾ:** ਜੇ.ਡੀ.(ਯੂ) ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਵਾਲੇ ਧੜੇ ਨੇ ਉਮੀਦ ਮੁਤਾਬਕ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਦਾ ਹਿੱਸਾ ਬਣਨ ਦਾ ਫੈਸਲਾ ਕਰ ਲਿਆ ਹੈ। ਯਾਦ ਰਹੇ ਕਿ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਾਏ ਜਾਣ ਉਤੇ ਨਿਤੀਸ਼ ਕੁਮਾਰ ਨੇ 16 ਜੂਨ, 2013 ਨੂੰ ਭਗਵਾਂ ਪਾਰਟੀ ਨਾਲ 17 ਸਾਲ ਪੁਰਾਣਾ ਰਿਸ਼ਤਾ ਤੋੜ ਦਿੱਤਾ ਸੀ। ਨਿਤੀਸ਼, ਜੋ ਪਾਰਟੀ ਪ੍ਰਧਾਨ ਹਨ, ਦੀ ਅਗਵਾਈ ਹੇਠ ਇਥੇ ਜੇ.ਡੀ.(ਯੂ) ਦੀ ਕੌਮੀ ਕਾਰਜਕਾਰਨੀ ਦੀ ਬੈਠਕ 'ਚ ਘਰ ਵਾਪਸੀ ਬਾਰੇ ਮਤੇ ਨੂੰ ਹਰੀ ਝੰਡੀ ਦਿੱਤੀ ਗਈ। ਪਾਰਟੀ ਦੇ ਪ੍ਰਮੁੱਖ ਜਨਰਲ ਸਕੱਤਰ ਕੇ.ਸੀ. ਤਿਆਗੀ ਨੇ ਦੱਸਿਆ ਕਿ ਜੇ.ਡੀ.(ਯੂ) ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਐਨ.ਡੀ.ਏ. ਦਾ ਹਿੱਸਾ ਬਣਨ ਬਾਰੇ ਮਤੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

ਜੇ.ਡੀ.(ਯੂ) ਦੇ ਦੋ ਲੋਕ ਸਭਾ ਅਤੇ ਦਸ ਰਾਜ ਸਭਾ ਮੈਂਬਰ ਹਨ। ਦੋ ਲੋਕ ਸਭਾ ਮੈਂਬਰ ਨਿਤੀਸ਼ ਨਾਲ ਖੜ੍ਹੇ ਹਨ ਜਦੋਂ ਕਿ ਇਸ ਦੇ ਤਿੰਨ ਰਾਜ ਸਭਾ ਮੈਂਬਰ ਸ਼ਰਦ ਯਾਦਵ, ਅਲੀ ਅਨਵਰ ਅੰਸਾਰੀ ਅਤੇ ਕੇਰਲਾ ਦਾ ਐਮ.ਪੀ. ਵੀਰੇਂਦਰ ਕੁਮਾਰ ਉਸ ਖਿਲਾਫ਼ ਹਨ। ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਕਿ ਉਹ ਜੇ.ਡੀ.(ਯੂ) ਦੇ ਐਨ.ਡੀ.ਏ. ਵਿਚ ਸ਼ਾਮਲ ਹੋਣ ਦੇ ਫੈਸਲੇ ਦਾ ਸਵਾਗਤ ਕਰਦਾ ਹਨ ਕਿਉਂਕਿ ਇਸ ਨਾਲ ਸਿਰਫ ਐਨ.ਡੀ.ਏ. ਹੀ ਮਜ਼ਬੂਤ ਨਹੀਂ ਹੋਵੇਗਾ ਬਲਕਿ ਬਿਹਾਰ ਵਿਚ ਵਿਕਾਸ ਤੇ ਤਰੱਕੀ ਦੇ ਨਵੇਂ ਯੁੱਗ ਦਾ ਆਗਾਜ਼ ਹੋਵੇਗਾ। ਕੌਮੀ ਕਾਰਜਕਾਰਨੀ ਨੇ ਜੇ.ਡੀ.(ਯੂ) ਦੀ ਬਿਹਾਰ ਇਕਾਈ ਦੇ ਮਹਾਗੱਠਜੋੜ ਤੋਂ ਵੱਖ ਹੋਣ ਅਤੇ ਭਾਜਪਾ ਨਾਲ ਮਿਲ ਕੇ ਬਿਹਾਰ ਵਿਚ ਸਰਕਾਰ ਬਣਾਉਣ ਦੇ ਫੈਸਲੇ ਉਤੇ ਵੀ ਮੋਹਰ ਲਗਾ ਦਿੱਤੀ।

## ਹੁੱਡਾ ਤੇ ਮੋਦੀ ਦੀ ਮੁਲਾਕਾਤ ਨੇ ਸਿਆਸਤ ਭਖਾਈ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਰਮਿਆਨ ਦਿੱਲੀ ਵਿਚ ਹੋਈ ਮੁਲਾਕਾਤ ਨੇ ਸਿਆਸਤ ਗਰਮਾ ਦਿੱਤੀ ਹੈ। ਰੌਲਾ ਇਹ ਪੈ ਗਿਆ ਸੀ ਕਿ ਸ੍ਰੀ ਹੁੱਡਾ ਦੀ ਭਾਜਪਾ ਨਾਲ ਗੰਢ-ਤੁੱਪ ਹੋ ਗਈ ਹੈ। ਜਦੋਂ ਇਹ ਮਾਮਲਾ ਭਖ ਗਿਆ ਤਾਂ ਸਾਬਕਾ ਮੁੱਖ ਮੰਤਰੀ ਨੂੰ ਬਿਆਨ ਦੇਣਾ ਪਿਆ ਕਿ ਇਹ ਸਿਰਫ ਮੂੰਹ ਮੁਲਾਹਜ਼ੇ ਵਾਲੀ ਮੁਲਾਕਾਤ ਸੀ ਅਤੇ ਇਸ ਦੇ ਸਿਆਸੀ ਅਰਥ ਨਹੀਂ ਕੱਢੇ ਜਾਣੇ ਚਾਹੀਦੇ। ਉਨ੍ਹਾਂ ਸਪੱਸ਼ਟ ਕੀਤਾ ਕਿ ਜਦੋਂ ਸ੍ਰੀ ਮੋਦੀ ਗੁਜਰਾਤ ਅਤੇ ਉਹ ਖੁਦ ਹਰਿਆਣਾ ਦੇ ਮੁੱਖ ਮੰਤਰੀ ਸਨ ਤਾਂ ਦੋਹਾਂ ਦੇ ਚੰਗੇ ਸਬੰਧ ਸਨ। ਮੁੱਖ ਮੰਤਰੀਆਂ ਦੀ ਬੈਠਕ ਦੌਰਾਨ ਵੀ ਉਹ ਨਾਲੋਂ ਨਾਲ ਬੈਠਦੇ ਸਨ। ਉਧਰ, ਰਾਈ ਦੇ ਵਿਧਾਇਕ ਜੈ ਤੀਰਥ ਦਹੀਆ ਨੇ ਮੋਦੀ-ਹੁੱਡਾ ਮੁਲਾਕਾਤ ਸਬੰਧੀ ਕਿਹਾ ਕਿ ਆਉਂਦੇ ਦਿਨਾਂ 'ਚ ਇਹ ਗੱਲਬਾਤ ਨਵੇਂ ਸਿਆਸੀ ਸਮੀਕਰਣ ਬਣਾ ਸਕਦੀ ਹੈ। ਇਸ ਦੌਰਾਨ ਇਨੈਲੋ ਆਗੂ ਅਤੇ ਹਰਿਆਣਾ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਅਭੈ ਸਿੰਘ ਚੌਟਾਲਾ ਨੇ ਕਿਹਾ ਕਿ ਸੀ.ਬੀ.ਆਈ. ਕੇਸਾਂ 'ਚ ਫਸੇ ਹੁੱਡਾ ਆਪਣੇ ਆਪ ਨੂੰ ਬਚਾਉਣ ਲਈ ਭਾਜਪਾ ਨਾਲ ਹੱਥ ਮਿਲਾਉਣ ਦੀ ਕੋਸ਼ਿਸ਼ ਵਿਚ ਹਨ।

# ਮਾਲੇਰਕੋਟਲਾ: ਤਿੰਨ ਮਸਜਿਦਾਂ ਵਿਚ ਕੁਰਾਨ ਦੀ ਬੇਅਦਬੀ

**ਮਾਲੇਰਕੋਟਲਾ:** ਮਾਲੇਰਕੋਟਲਾ ਦੀਆਂ ਤਿੰਨ ਮਸਜਿਦਾਂ ਨੇੜੇ ਕੁਰਾਨ ਸ਼ਰੀਫ ਦੀ ਬੇਅਦਬੀ ਦੇ ਮਾਮਲੇ ਸਾਹਮਣੇ ਆਏ ਹਨ। ਘਟਨਾ ਦਾ ਉਸ ਵਕਤ ਪਤਾ ਲੱਗਿਆ ਜਦੋਂ ਬੱਸ ਅੱਡੇ ਨਜ਼ਦੀਕ ਮੁਹੰਮਦੀ ਮਸਜਿਦ ਵਿਚੋਂ ਸਵੇਰ ਦੀ ਨਮਾਜ਼ ਅਦਾ ਕਰਨ ਤੋਂ ਬਾਅਦ ਕੁਝ ਨਮਾਜ਼ੀਆਂ ਨੇ ਦਾਣਾ ਮੰਡੀ ਰੋਡ 'ਤੇ ਕਰਬਲਾ ਨੇੜੇ ਪਾਕੇਟ ਸਾਈਜ਼ ਕੁਰਾਨ ਸ਼ਰੀਫ ਦੇ ਪੰਨੇ ਖਿੰਡੇ ਹੋਏ ਦੇਖੇ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਪੰਨਿਆਂ ਨੂੰ ਮੁਸਲਿਮ ਧਾਰਮਿਕ ਆਗੂਆਂ ਦੀ ਹਾਜ਼ਰੀ ਵਿਚ ਦਫਨਾ ਦਿੱਤਾ ਅਤੇ ਅਬਦੁੱਲ ਰਜ਼ਾਕ ਦੇ ਬਿਆਨ 'ਤੇ ਮਾਮਲਾ ਦਰਜ ਕਰ ਕੇ ਤਫਤੀਸ਼ ਸ਼ੁਰੂ ਕਰ ਦਿੱਤੀ। ਪੁਲਿਸ ਨੂੰ ਸਬਜ਼ੀ ਮੰਡੀ ਨੇੜਲੀ ਮੀਨਾ ਮਸਜਿਦ ਅਤੇ ਕੋਰਟ ਕੰਪਲੈਕਸ ਨੇੜਲੀ ਮਸਜਿਦ ਨੇੜਿਓਂ ਵੀ ਕੁਝ ਪੰਨੇ ਮਿਲੇ ਹਨ।

ਪੁਲਿਸ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਗਹਿਰਾਈ ਨਾਲ ਖੰਗਾਲ ਰਹੀ ਹੈ। ਮੁਸਲਿਮ ਫੈਡਰੇਸ਼ਨ ਆਫ ਪੰਜਾਬ ਦੇ ਵਫਦ ਨੇ ਐਡਵੋਕੇਟ ਮੂਬੀਨ ਫਾਰੂਕੀ ਦੀ ਅਗਵਾਈ ਹੇਠ ਪੁਲਿਸ ਕਪਤਾਨ ਰਾਜਕੁਮਾਰ ਨੂੰ ਮਿਲ ਕੇ ਦੋਸ਼ੀਆਂ ਨੂੰ ਜਲਦ ਫੜਨ ਦੀ ਮੰਗ ਕੀਤੀ। ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਜੈਪਾਲ ਸਿੰਘ ਮੰਡੀਆਂ ਅਤੇ ਬਾਬਾ ਬੁੱਢਾ ਜੀ ਗੁਰਮਤਿ ਗ੍ਰੰਥੀ ਸਭਾ ਦੇ ਪ੍ਰਧਾਨ ਭਾਈ ਨਰਿੰਦਰਪਾਲ ਸਿੰਘ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਲੋਕਾਂ ਨੂੰ ਅਮਨ-ਸ਼ਾਂਤੀ ਬਣਾਈ ਰੱਖਣ ਤੇ ਪੁਲਿਸ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

## ਮਲਾਲਾ ਨੇ ਆਕਸਫੋਰਡ ਯੂਨੀਵਰਸਿਟੀ 'ਚ ਮੱਲੀ ਥਾਂ

**ਲੰਡਨ:** ਨੋਬੇਲ ਪੁਰਸਕਾਰ ਜੇਤੂ ਮਲਾਲਾ ਯੂਸਫਜ਼ਈ ਨੇ ਔਕਸਫੋਰਡ ਯੂਨੀਵਰਸਿਟੀ ਵਿਚ ਦਾਖਲੇ ਲਈ ਲਾਜ਼ਮੀ 'ਏ ਲੈਵਲ' ਇਮਤਿਹਾਨ ਵਿਚ ਤਿੰਨ ਏ ਗਰੇਡ ਹਾਸਲ ਕੀਤੇ ਹਨ, ਜਿਸ ਨਾਲ ਉਸ ਦੀ ਵਿਸ਼ਵ ਪ੍ਰਸਿੱਧ ਔਕਸਫੋਰਡ ਯੂਨੀਵਰਸਿਟੀ ਵਿਚ ਥਾਂ ਪੱਕੀ ਹੋ ਗਈ ਹੈ। ਉਹ ਇਸ ਯੂਨੀਵਰਸਿਟੀ ਵਿਚ ਫਿਲਾਸਫੀ, ਸਿਆਸਤ ਅਤੇ ਅਰਥਸ਼ਾਸਤਰ ਪੜ੍ਹੇਗੀ।

ਸੰਯੁਕਤ ਰਾਸ਼ਟਰ ਦੀ 'ਮੈਸੰਜਰ ਆਫ ਪੀਸ' ਮਲਾਲਾ, ਜੋ ਇਸ ਵੇਲੇ ਬਰਮਿੰਘਮ (ਇੰਗਲੈਂਡ) ਵਿਚ ਰਹਿ ਰਹੀ ਹੈ, ਨੂੰ ਪੰਜ ਸਾਲ ਪਹਿਲਾਂ ਤਾਲਿਬਾਨ ਨੇ ਗੋਲੀ ਮਾਰ ਦਿੱਤੀ ਸੀ। ਮਲਾਲਾ ਨੇ ਉਪਰੋਕਤ ਬੋਰਡ ਪੱਧਰ ਦੀ ਪ੍ਰੀਖਿਆ ਦੇ ਨਤੀਜੇ ਬਾਰੇ ਜਾਣਕਾਰੀ ਟਵਿਟਰ ਜ਼ਰੀਏ ਦਿੱਤੀ। ਉਸ ਨੇ ਇਹ ਪ੍ਰੀਖਿਆ ਪਾਸ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਹੈ।

# ਗਿਣੀ ਮਿਥੀ ਸਾਜ਼ਿਸ਼ ਨਾਲ ਹੁੰਦੇ ਨੇ ਦੰਗੇ: ਰਾਣਾ ਅਯੂਬ

**ਟੋਰਾਂਟੋ:** ਦਲੇਰ ਪੱਤਰਕਾਰ ਅਤੇ 'ਗੁਜਰਾਤ ਫਾਈਲਜ਼' ਦੀ ਲੇਖਿਕਾ ਰਾਣਾ ਅਯੂਬ ਨੇ ਆਖਿਆ ਕਿ ਦੰਗੇ ਲੋਕ ਨਹੀਂ ਕਰਦੇ, ਸਰਕਾਰਾਂ ਦੀ ਗਿਣੀ ਮਿਥੀ ਸਾਜ਼ਿਸ਼ ਨਾਲ ਹੁੰਦੇ ਹਨ। ਬਰੈਂਪਟਨ ਦੇ ਸੈਂਚੁਰੀ ਗਾਰਡਨ ਸੈਂਟਰ ਵਿਚ 'ਸਰੋਕਾਰਾਂ ਦੀ ਆਵਾਜ਼' ਅਤੇ 'ਕੈਨੇਡੀਅਨ ਅਗੇਂਸਟ ਟਾਰਚਰ' ਵੱਲੋਂ ਕਰਵਾਏ ਸਮਾਗਮ ਵਿਚ ਉਨ੍ਹਾਂ ਕਿਹਾ ਕਿ ਜੇ 1984 ਦੇ ਕਤਲੇਆਮ ਦਾ ਇਨਸਾਫ ਮਿਲਿਆ ਹੁੰਦਾ ਤਾਂ ਨਾ 1993 ਦਾ ਕਾਂਡ ਵਾਪਰਦਾ ਅਤੇ ਨਾ 2002 ਦੇ ਦੰਗੇ ਹੁੰਦੇ। ਉਸ ਨੇ ਆਖਿਆ ਕਿ ਸਮੱਸਿਆ ਸਿੱਖਾਂ, ਮੁਸਲਮਾਨਾਂ ਜਾਂ ਦਲਿਤਾਂ ਦੀ ਨਹੀਂ, ਸਵਾਲ ਤਾਂ ਇਨਸਾਫ ਦਾ ਹੈ।

ਰਾਣਾ ਅਯੂਬ ਅੱਜ ਕੱਲ੍ਹ ਕੈਨੇਡਾ ਵਿਚ ਹੈ ਅਤੇ ਜਨਤਕ ਸਮਾਗਮਾਂ ਵਿਚ ਆਪਣੇ ਤਜਰਬੇ ਸਾਂਝੇ ਕਰ ਰਹੀ ਹੈ, ਉਸ ਮੁਤਾਬਕ ਵੱਧ ਤੋਂ ਵੱਧ ਲੋਕਾਂ ਤੱਕ ਅਸਲੀਅਤ ਪਹੁੰਚਣੀ ਜ਼ਰੂਰੀ ਹੈ।



ਤਹਿਲਕਾ 'ਰਸਾਲੇ' ਨਾਲ ਕੰਮ ਕਰਦਿਆਂ ਉਸ ਨੇ 'ਸਟਿੰਗ' ਰਾਹੀਂ ਭਾਰਤ ਵਿਚ ਮੁਸਲਮਾਨਾਂ ਦੇ ਕਤਲਾਂ ਵਿਚ ਪੁਲਿਸ ਤੇ ਪ੍ਰਸ਼ਾਸਨ ਦੀ ਮਿਲੀਭੁਗਤ ਦਾ ਖੁਲਾਸਾ ਕੀਤਾ ਅਤੇ ਬਾਅਦ ਵਿਚ ਇਨ੍ਹਾਂ ਤੱਥਾਂ ਨੂੰ ਕਿਤਾਬ 'ਗੁਜਰਾਤ ਫਾਈਲਜ਼' ਵਿਚ ਛਾਪਿਆ। ਇਹ ਕਿਤਾਬ 12 ਭਾਸ਼ਾਵਾਂ ਵਿਚ ਡੇਢ ਲੱਖ ਤੋਂ ਵੱਧ ਵਿਕ ਚੁੱਕੀ ਹੈ।


## ਰੈਸਟੋਰੈਂਟ ਸਟਾਫ ਦੀ ਲੋੜ ਹੈ

ਆਇਓਵਾ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁੱਕ, ਤੰਦੂਰੀਏ, ਹੈਲਪਰ, ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਤੇ ਮੁਫਤ ਰਿਹਾਇਸ਼।

ਸੰਪਰਕ ਕਰੋ

ਫੋਨ: 515-291-1961

32-33



## ਵੇਟਰ ਅਤੇ ਕਿਚਨ ਹੈਲਪਰ ਦੀ ਲੋੜ ਹੈ



ਅਰਕਨਸਾਸ ਵਿਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ। ਰਿਹਾਇਸ਼ ਅਤੇ ਖਾਣ-ਪੀਣ ਫਰੀ, ਚੰਗੀ ਤਨਖਾਹ। ਛੇ ਦਿਨ ਕੰਮ, ਇਕ ਦਿਨ ਛੁੱਟੀ

ਸੰਪਰਕ ਕਰੋ

ਫੋਨ: 501-309-4140

32-33



## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL MULTI SERVICES

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210

FAX: 209.547.9211
www.gfbontime.com, raj@gfbontime.com

### REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

### REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਭਾਜਪਾ ਖਿਲਾਫ 'ਸਾਂਝੀ ਵਿਰਾਸਤ ਬਚਾਓ' ਮੁਹਿੰਮ

**ਨਵੀਂ ਦਿੱਲੀ:** ਕਾਂਗਰਸ ਸਮੇਤ 12 ਤੋਂ ਵੱਧ ਵਿਰੋਧੀ ਪਾਰਟੀਆਂ ਨੇ ਭਾਜਪਾ ਖਿਲਾਫ਼ ਸਾਂਝੀ ਲੜਾਈ ਲੜਨ ਲਈ ਹੱਥ ਮਿਲਾ ਲਏ। ਕਾਂਗਰਸ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਆਪਣੇ ਵਾਅਦੇ ਪੂਰੇ ਕਰਨ ਤੋਂ ਭੱਜ ਰਹੀ ਹੈ।

ਵਿਰੋਧੀ ਧਿਰ ਦੀ ਏਕਤਾ ਦਾ ਮੰਚ 'ਸਾਂਝੀ ਵਿਰਾਸਤ ਬਚਾਓ' ਸੀ ਜਿਸ ਦੀ ਮੇਜ਼ਬਾਨੀ ਜਨਤਾ ਦਲ (ਯੂ) ਦੇ ਬਾਗੀ ਆਗੂ ਸ਼ਰਦ ਯਾਦਵ ਨੇ ਕੀਤੀ ਅਤੇ ਉਸ ਵਿਚ ਕਾਂਗਰਸ ਤੋਂ ਇਲਾਵਾ, ਸੀ.ਪੀ.ਐਮ., ਸੀ.ਪੀ.ਆਈ., ਸਮਾਜਵਾਦੀ ਪਾਰਟੀ, ਬਸਪਾ, ਆਰ.ਜੇ.ਡੀ., ਐਨ.ਸੀ.ਪੀ., ਨੈਸ਼ਨਲ ਕਾਨਫਰੰਸ, ਜਨਤਾ ਦਲ (ਐਸ) ਅਤੇ ਆਰ.ਐਲ.ਡੀ. ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਰਾਹੁਲ ਗਾਂਧੀ ਨੇ ਕਿਹਾ, "ਮੋਦੀ ਜੀ ਆਖਦੇ ਹਨ ਕਿ ਉਹ ਸਵੱਛ ਭਾਰਤ ਬਣਾਉਣਾ ਚਾਹੁੰਦੇ ਹਨ ਪਰ ਅਸੀਂ 'ਸੱਚਾ ਭਾਰਤ' ਚਾਹੁੰਦੇ ਹਾਂ।"

ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਹਰੇਕ ਸੰਸਥਾਨ 'ਚ ਆਪਣੇ ਲੋਕਾਂ ਨੂੰ ਭਰਤੀ ਕਰ ਰਹੀ ਹੈ ਕਿਉਂਕਿ ਉਹ ਜਾਣਦੇ ਹਨ ਕਿ ਸਿਰਫ ਵਿਚਾਰਾਂ ਨਾਲ ਹੀ ਚੋਣਾਂ ਨਹੀਂ ਜਿੱਤੀਆਂ ਜਾ ਸਕਦੀਆਂ। ਸ਼ਰਦ ਯਾਦਵ ਨੇ ਕਿਹਾ ਕਿ ਜੇਕਰ ਲੋਕ ਇਕਜੁੱਟ ਹੋ ਜਾਣ ਤਾਂ ਹਿਟਲਰ ਵੀ ਉਨ੍ਹਾਂ ਮੂਹਰੇ ਖੜ੍ਹਾ ਨਹੀਂ ਹੋ ਸਕਦਾ।



## ਭਾਰਤ ਨੂੰ ਚੀਨ-ਪਾਕਿ ਤੋਂ ਨਹੀਂ, ਅੰਦਰੋਂ ਖਤਰਾ: ਅਬਦੁੱਲਾ

**ਨਵੀਂ ਦਿੱਲੀ:** ਨੈਸ਼ਨਲ ਕਾਨਫਰੰਸ ਦੇ ਆਗੂ ਫਾਰੂਕ ਅਬਦੁੱਲਾ ਨੇ ਕਿਹਾ ਹੈ ਕਿ ਭਾਰਤ ਗੁਆਂਢੀ ਮੁਲਕਾਂ ਚੀਨ ਤੇ ਪਾਕਿਸਤਾਨ ਦਾ ਟਾਕਰਾ ਕਰਨ ਦੇ ਸਮਰੱਥ ਹੈ, ਪਰ ਮੁਲਕ ਨੂੰ ਅਸਲ ਖਤਰਾ ਅੰਦਰੋਂ ਦਰਪੇਸ਼ ਹੈ। ਬਜ਼ੁਰਗ ਆਗੂ ਨੇ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਂ ਲਏ ਬਿਨਾਂ ਕਿਹਾ ਕਿ ਅੰਦਰਲਾ ਕੋਈ ਚੋਰ ਹੈ, ਜੋ ਮੁਲਕ ਦਾ ਬੇੜਾ ਗਰਕ ਕਰ ਰਿਹੈ। ਉਹ ਇਥੇ ਜਨਤਾ ਦਲ (ਯੂ) ਆਗੂ ਸ਼ਰਦ ਯਾਦਵ ਦੀ ਮੇਜ਼ਬਾਨੀ ਵਿਚ ਹੋਏ 'ਸਾਂਝੀ ਵਿਰਾਸਤ ਬਚਾਓ' ਸਮਾਗਮ 'ਚ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਸੰਬੋਧਨ ਕਰ ਰਹੇ ਸਨ। ਜੰਮੂ ਤੇ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਨੇ ਆਪਣੀ ਤਕਰੀਰ ਦੌਰਾਨ ਵਾਦੀ ਦੇ ਹਾਲਾਤ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋਂ ਕਸ਼ਮੀਰ ਤੇ ਕਸ਼ਮੀਰੀਆਂ ਦੀ ਕੌਮੀਅਤ 'ਤੇ ਸਵਾਲ ਉਠਾਏ ਜਾ ਰਹੇ ਹਨ।

# ਡੋਕਲਾਮ ਵਿਵਾਦ: ਚੀਨ ਨੇ ਮੋਦੀ ਨੂੰ ਦੱਸਿਆ ਪੁਆੜੇ ਦੀ ਅਸਲ ਜੜ੍ਹ

**ਨਵੀਂ ਦਿੱਲੀ:** ਭਾਰਤ ਤੇ ਚੀਨ ਦਰਮਿਆਨ ਵਿਵਾਦ ਵਿਚ ਹਰ ਰੋਜ਼ ਕੋਈ ਨਾ ਕੋਈ ਨਵੀਂ ਗੱਲ ਸਾਹਮਣੇ ਆਉਂਦੀ ਰਹਿੰਦੀ ਹੈ। ਹੁਣ ਚੀਨ ਦੇ ਅਖਬਾਰ ਗਲੋਬਲ ਟਾਈਮਜ਼ 'ਚ ਛਪੇ ਲੇਖ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ 'ਚ ਕਿਹਾ ਗਿਆ ਹੈ ਕਿ ਮੋਦੀ ਨੇ ਚੀਨ ਨਾਲ ਟਕਰਾਅ ਦਾ ਰਸਤਾ ਚੁਣਿਆ ਹੈ। ਚੀਨ ਦਾ ਕਹਿਣਾ ਹੈ ਕਿ ਮੋਦੀ ਨੇ ਅਮਰੀਕਾ ਦੌਰੇ ਤੋਂ ਬਾਅਦ ਹੀ ਡੋਕਲਾਮ ਵਿਵਾਦ ਸ਼ੁਰੂ ਹੋਇਆ ਹੈ।



ਅਖ਼ਬਾਰ 'ਚ ਲਿਖਿਆ ਗਿਆ ਹੈ ਕਿ ਡੋਕਲਾਮ ਇਲਾਕੇ 'ਚ ਭਾਰਤ ਲਗਾਤਾਰ ਫੌਜ ਦੀ ਗਿਣਤੀ ਵਧਾ ਰਿਹਾ ਹੈ। ਭਾਰਤ ਬੀਜਿੰਗ ਤੇ ਵਾਸ਼ਿੰਗਟਨ ਵਿਚਕਾਰ ਮਤਭੇਦ ਦਾ ਫਾਇਦਾ ਉਠਾ ਰਿਹਾ ਹੈ। ਚੀਨ ਦੇ ਵਧ ਰਹੇ ਪ੍ਰਭਾਵ ਨੂੰ ਰੋਕਣ ਲਈ ਭਾਰਤ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਟਕਰਾਅ ਪੈਦਾ ਕਰ ਰਿਹਾ ਹੈ। ਮੋਦੀ ਦੋਵਾਂ ਦੇਸ਼ਾਂ ਵਿਚਾਲੇ ਟਕਰਾਅ 'ਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ।

## ਆਈ.ਟੀ.ਬੀ.ਪੀ. ਦੇ ਜਵਾਨ ਸਿੱਖਣਗੇ ਚੀਨੀ ਭਾਸ਼ਾ

**ਨਵੀਂ ਦਿੱਲੀ:** ਡੋਕਲਾਮ ਮਾਮਲੇ 'ਤੇ ਚੀਨ ਨਾਲ ਜਾਰੀ ਵਿਵਾਦ ਨੂੰ ਵੇਖਦੇ ਹੋਏ ਭਾਰਤ ਤੇ ਚੀਨ ਸਰਹੱਦ ਦੀ ਰਖਵਾਲੀ ਕਰਨ ਵਾਲੇ ਆਈ.ਟੀ.ਬੀ.ਪੀ. (ਇੰਡੋ-ਤਿੱਬਤ ਬਾਰਡਰ ਪੁਲਿਸ) ਦੇ ਜਵਾਨਾਂ ਨੂੰ ਚੀਨ ਦੀ ਭਾਸ਼ਾ 'ਮੰਦਾਰੀਨ' ਸਿਖਾਈ ਜਾਏਗੀ। ਆਈ.ਟੀ.ਬੀ.ਪੀ. ਨੂੰ ਚੀਨੀ ਭਾਸ਼ਾ ਸਿਖਾਉਣ ਲਈ ਮੁਹਿੰਮ ਵੀ ਚਲਾਈ ਜਾ ਰਹੀ ਹੈ ਤਾਂ ਕਿ ਉਹ ਸਰਹੱਦ 'ਤੇ ਚੀਨੀ ਸੈਨਿਕਾਂ ਦੀ ਭਾਸ਼ਾ ਸਮਝ ਸਕਣ ਤੇ ਉਨ੍ਹਾਂ ਨੂੰ ਉਥੋਂ ਚਲੇ ਜਾਣ ਲਈ ਵੀ ਕਹਿ ਸਕਣ। ਇਸ ਭਾਸ਼ਾ ਨੂੰ ਸਿੱਖਣ ਪਿੱਛੇ ਆਈ.ਟੀ.ਬੀ.ਪੀ. ਦਾ ਮਕਸਦ ਘੁਸਪੈਠ ਦੌਰਾਨ ਚੀਨੀ ਸੈਨਿਕਾਂ ਦੀ ਭਾਸ਼ਾ ਨੂੰ ਸਹੀ ਤਰੀਕੇ ਨਾਲ ਸਮਝਣਾ ਹੈ ਕਿਉਂਕਿ ਚੀਨੀ ਸੈਨਿਕ ਘੁਸਪੈਠ ਦੌਰਾਨ ਕਈ ਤਰੀਕਿਆਂ ਨਾਲ ਗੱਲਬਾਤ ਕਰਦੇ ਹਨ, ਜਿਨ੍ਹਾਂ ਨੂੰ ਜਵਾਨ ਸਮਝ ਨਹੀਂ ਸਕਦੇ, ਇਹੋ ਕਾਰਨ ਹੈ ਕਿ ਉਹ ਆਪਣੇ ਉਚ ਅਧਿਕਾਰੀਆਂ ਨੂੰ ਸੂਚਨਾ ਨਹੀਂ ਦੇ ਸਕਦੇ।

# ਯੋਗੀ ਫਰਮਾਨ ਉਲੰਘਣ ਵਾਲੇ ਮਦਰੱਸਿਆਂ ਖਿਲਾਫ ਕਰੇਗਾ ਕਾਰਵਾਈ

**ਬਰੇਲੀ (ਯੂਪੀ):** ਆਜ਼ਾਦੀ ਦਿਹਾੜੇ ਮੌਕੇ ਯੂ.ਪੀ. ਸਰਕਾਰ ਵੱਲੋਂ ਜਾਰੀ ਸਰਕੂਲਰ ਦਾ ਉਲੰਘਣ ਕਰਨ ਵਾਲੇ ਮਦਰੱਸਿਆਂ ਖਿਲਾਫ਼ ਕੌਮੀ ਸੁਰੱਖਿਆ ਐਕਟ ਤਹਿਤ ਕਾਰਵਾਈ ਹੋਵੇਗੀ। ਇਹ ਦਾਅਵਾ ਇਕ ਸੀਨੀਅਰ ਅਧਿਕਾਰੀ ਨੇ ਕੀਤਾ ਹੈ। ਯਾਦ ਰਹੇ ਕਿ ਯੋਗੀ ਸਰਕਾਰ ਨੇ ਇਕ ਫਰਮਾਨ ਜਾਰੀ ਕਰਦਿਆਂ ਸਰਕਾਰ ਤੋਂ ਵਿੱਤੀ ਇਮਦਾਦ ਲੈਣ ਵਾਲੇ ਮਦਰੱਸਿਆਂ ਨੂੰ ਆਜ਼ਾਦੀ ਦਿਹਾੜੇ ਮੌਕੇ ਕੌਮੀ ਝੰਡਾ ਲਹਿਰਾਉਣ ਤੇ ਕੌਮੀ ਤਰਾਨਾ ਗਾਉਣ ਦੀ ਤਾਕੀਦ ਕਰਦਿਆਂ ਇਸ ਦੀ ਵੀਡੀਓਗ੍ਰਾਫੀ ਕਰਵਾਉਣ ਲਈ ਕਿਹਾ ਸੀ।

ਬਰੇਲੀ ਦੇ ਡਿਵੀਜ਼ਨਲ ਕਮਿਸ਼ਨਰ ਪੀ.ਵੀ.ਜਗਨਮੋਹਨ ਨੇ ਕਿਹਾ ਕਿ ਜੇਕਰ ਕਿਸੇ ਮਦਰੱਸੇ ਖਿਲਾਫ ਸਰਕਾਰੀ ਹੁਕਮਾਂ ਦੀ ਉਲੰਘਣਾ ਕੀਤੇ ਜਾਣ ਦੀ ਸ਼ਿਕਾਇਤ ਮਿਲਦੀ ਹੈ ਤਾਂ ਜਾਂਚ ਮਗਰੋਂ ਦੋਸ਼ੀਆਂ 'ਤੇ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

# ਕੂੜੇ 'ਚੋਂ ਮਿਲੇ ਸਿੱਕੇ ਨੇ ਬਣਾਇਆ ਕਰੋੜਪਤੀ

**ਬਠਿੰਡਾ:** ਕਹਿੰਦੇ ਨੇ ਜਦੋਂ ਕਿਸਮਤ ਸਾਥ ਦਿੰਦੀ ਹੈ ਤਾਂ ਬੰਦਾ ਘਰ ਬੈਠਾ-ਬੈਠਾ ਵੀ ਕਰੋੜਪਤੀ ਬਣ ਜਾਂਦਾ ਹੈ। ਕੁਝ ਅਜਿਹਾ ਹੀ ਹੋਇਆ ਇਥੋਂ ਨਜ਼ਦੀਕੀ ਹਰਿਆਣਾ ਦੀ ਹੱਦ 'ਤੇ ਵੱਸਦੇ ਪਿੰਡ ਡੂਮਵਾਲੀ ਦੇ ਸੀਟ ਕਵਰ ਦੀ ਦੁਕਾਨ ਕਰਨ ਵਾਲੇ ਗੌਰੀਸ਼ੰਕਰ ਨਾਲ। ਉਸ ਨੂੰ ਅਜਿਹਾ ਸਿੱਕਾ ਮਿਲਿਆ ਹੈ ਜਿਸ ਬਦਲੇ ਉਸ ਨੂੰ ਡੇਢ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਹੈ।

ਦਰਅਸਲ, ਗੌਰੀਸ਼ੰਕਰ ਨੂੰ ਇਕ ਦਿਨ ਆਪਣੇ ਘਰ ਦੀ ਸਫਾਈ ਕਰਦਿਆਂ ਪੁਰਾਣਾ ਸਿੱਕਾ ਲੱਭਾ। ਉਸ ਨੇ ਸਿੱਕਾ ਸਾਫ ਕਰ ਕੇ ਵੇਖਿਆ ਤਾਂ ਉਸ ਉਤੇ ਉਰਦੂ ਵਿਚ ਕੁਝ ਲਿਖਿਆ ਹੋਇਆ ਸੀ। ਉਸ ਨੇ ਇਸ ਦਾ ਜ਼ਿਕਰ ਆਪਣੇ ਦੁਬਈ ਵਿਚ ਰਹਿੰਦੇ ਦੋਸਤਾਂ ਨਾਲ ਕੀਤਾ। ਇਸ ਤੋਂ ਬਾਅਦ ਉਥੋਂ ਦੇ ਇਕ ਵਿਅਕਤੀ ਨੇ ਗੌਰੀਸ਼ੰਕਰ ਨੂੰ ਉਸ ਸਿੱਕੇ ਬਦਲੇ ਡੇਢ ਕਰੋੜ ਰੁਪਏ ਦੇਣ ਦੀ ਵੀ ਪੇਸ਼ਕਸ਼ ਕੀਤੀ। ਉਸ ਨੂੰ ਬਾਅਦ ਵਿਚ ਪਤਾ ਲੱਗਾ ਕਿ ਇਹ ਸਿੱਕਾ 1450 ਈਸਵੀ ਦਾ ਇਕ ਇਸਲਾਮਿਕ ਸਿੱਕਾ ਹੈ।

ਮੰਡੀ ਡੱਬਵਾਲੀ ਵਿਚ ਸੀਟ ਕਵਰਾਂ ਦੀ ਦੁਕਾਨ ਕਰਨ ਵਾਲੇ ਗੌਰੀਸ਼ੰਕਰ ਨੇ ਦੱਸਿਆ ਕਿ ਉਹ ਕਬਾੜ ਦਾ ਨਿਬੇੜਾ ਕਰਨ ਲਈ ਘਰ ਦਾ ਪੁਰਾਣਾ ਸਾਮਾਨ ਵੇਚਣ ਲੱਗਾ ਸੀ ਤਾਂ ਇਹ ਸਿੱਕਾ ਲੱਭ ਗਿਆ। 567 ਸਾਲ ਪੁਰਾਣੇ ਇਸ ਸਿੱਕੇ 'ਤੇ ਮਦੀਨਾ ਸ਼ਹਿਰ ਵੀ ਖੁਣਿਆ ਹੋਇਆ ਹੈ। ਪੁਰਾਣੇ ਸਿੱਕੇ ਬਦਲੇ ਡੇਢ ਕਰੋੜ ਦੀ ਪੇਸ਼ਕਸ਼ ਤੋਂ ਉਹ ਹੈਰਾਨ ਹੀ ਹੋ ਗਿਆ। ਉਸ ਨੇ ਦੱਸਿਆ ਕਿ ਇਕ ਸ਼ਾਪਿੰਗ ਵੈੱਬਸਾਈਟ 'ਤੇ ਇਸ ਸਿੱਕੇ ਦਾ ਮੁੱਲ 3 ਕਰੋੜ ਵੀ ਦੱਸਿਆ ਹੈ। ਗੌਰੀਸ਼ੰਕਰ ਨੇ ਦੱਸਿਆ ਕਿ ਇਹ ਸਿੱਕਾ ਉਸ ਦੇ ਨਾਨਾ ਚਿਰੰਜੀ ਲਾਲ ਨੇ ਕਾਫੀ ਸਮਾਂ ਪਹਿਲਾਂ ਦਿੱਤਾ ਸੀ। ਇਸ ਦੀ ਕੀਮਤ ਤੇ ਦੁਰਲਭਤਾ ਨੂੰ ਵੇਖਦਿਆਂ ਉਸ ਨੇ ਇਸ ਨੂੰ ਬੈਂਕ ਦੇ ਲਾਕਰ ਵਿਚ ਰੱਖ ਦਿੱਤਾ।

# ਸਵਾਈਨ ਫਲੂ ਦਾ ਕਹਿਰ ਜਾਰੀ

**ਲੁਧਿਆਣਾ:** ਇਸ ਵੇਲੇ ਸਮੁੱਚੇ ਦੇਸ਼ ਵਿਚ ਨਾਮੁਰਾਦ ਬਿਮਾਰੀ ਸਵਾਈਨ ਫਲੂ ਦਾ ਕਹਿਰ ਜਾਰੀ ਹੈ ਜਦੋਂ ਕਿ ਭਾਰਤ ਸਰਕਾਰ ਵੱਲੋਂ ਇਸ ਬਿਮਾਰੀ ਦੀ ਰੋਕਥਾਮ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਾਰੀਆਂ ਸੂਬਾ ਸਰਕਾਰਾਂ ਨੂੰ ਵਿਸ਼ੇਸ਼ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਸ ਬਿਮਾਰੀ ਨੂੰ ਲੈ ਕੇ ਦੇਸ਼ ਅੰਦਰ ਵਿਗੜ ਰਹੀ ਸਥਿਤੀ ਨਾਲ ਨਿਪਟਣ ਲਈ ਹਸਪਤਾਲਾਂ 'ਚ ਪੀੜਤ ਮਰੀਜ਼ਾਂ ਲਈ ਵਿਸ਼ੇਸ਼ ਬਿਸਤਰਿਆਂ ਦਾ ਪ੍ਰਬੰਧ ਕਰਨ ਤੇ ਮਰੀਜ਼ ਦੇ ਪਰਿਵਾਰਕ ਮੈਂਬਰਾਂ ਤੇ ਸੰਪਰਕ 'ਚ ਆਉਣ ਵਾਲੇ ਲੋਕਾਂ ਨੂੰ ਅਗਾਊਂ ਇਸ ਬਿਮਾਰੀ ਤੋਂ ਬਚਾਉਣ ਲਈ ਸੂਬਾ ਸਰਕਾਰਾਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ।



ਸਿਹਤ ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਹੁਣ ਤੱਕ 800 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਮ੍ਰਿਤਕਾਂ ਵਿਚ 15 ਮਰੀਜ਼ ਪੰਜਾਬ ਤੇ 7 ਮਰੀਜ਼ ਚੰਡੀਗੜ੍ਹ ਨਾਲ ਸਬੰਧਤ ਸਨ। ਪੰਜਾਬ ਵਿਚ ਜਿੰਨੀਆਂ ਮੌਤਾਂ ਹੋਈਆਂ ਹਨ, ਵਿਚ 8 ਮੌਤਾਂ ਇਕੱਲੇ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਹਨ। ਪੰਜਾਬ ਵਿਚ ਹੁਣ ਤੱਕ 81 ਤੇ ਚੰਡੀਗੜ੍ਹ ਵਿਚ 38 ਮਰੀਜ਼ਾਂ ਵਿਚ ਸਵਾਈਨ ਫਲੂ ਦੇ ਲੱਛਣ ਪਾਏ ਗਏ ਹਨ।

## ਬ੍ਰਿਟੇਨ 'ਚ ਰਾਤੋ ਰਾਤ ਹੀਰੋ ਭਾਰਤੀ ਬੱਚਾ

**ਲੰਡਨ:** ਬ੍ਰਿਟੇਨ ਵਿਚ ਇਕ ਟੀ.ਵੀ. ਪ੍ਰੋਗਰਾਮ ਵਿਚ ਸਾਰੇ ਸਵਾਲਾਂ ਦਾ ਠੀਕ ਜਵਾਬ ਦੇਣ ਕਾਰਨ ਭਾਰਤੀ ਮੂਲ ਦਾ 12 ਸਾਲਾ ਲੜਕਾ ਇਕੋ ਰਾਤ ਵਿਚ ਹੀਰੋ ਬਣ ਗਿਆ ਹੈ। ਨਵੀਂ ਟੀ.ਵੀ. ਲੜੀਵਾਰ 'ਚਾਈਲਡ ਜੀਨੀਅਸ' ਦੇ ਪਹਿਲੇ ਦੌਰ ਵਿਚ ਰਾਹੁਲ ਨੇ 15 ਵਿਚੋਂ 14 ਸਵਾਲਾਂ ਦਾ ਠੀਕ ਉਤਰ ਦਿੱਤਾ। ਉਸ ਦਾ ਆਈ ਕਿਊ 162 ਸੀ ਅਤੇ ਇਹ ਮੰਨਿਆ ਜਾਂਦਾ ਹੈ ਕਿ ਇਹ ਅਲਬਰਟ ਆਈਂਸਟੀਨ ਅਤੇ ਸਟੀਫਨ ਹਾਕਿੰਗ ਵਰਗੇ ਲੋਕਾਂ ਤੋਂ ਜ਼ਿਆਦਾ ਹੈ। ਇਸ ਤਰ੍ਹਾਂ ਉਹ ਉਸ ਮੇਨਸਾ ਕਲੱਬ ਦਾ ਮੈਂਬਰ ਬਣਨ ਦੇ ਯੋਗ ਹੋ ਗਿਆ ਹੈ, ਜੋ ਦੁਨੀਆਂ ਵਿਚ ਉਚ ਆਈ ਕਿਊ ਵਾਲੇ ਲੋਕਾਂ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਪੁਰਾਣਾ ਕਲੱਬ ਹੈ। ਇਨ੍ਹਾਂ ਵਿਚੋਂ ਕਿਸੇ ਵਿਗਿਆਨੀ ਨੇ ਆਈ ਕਿਊ ਪ੍ਰੀਖਿਆ ਨਹੀਂ ਸੀ ਦਿੱਤੀ, ਇਸ ਲਈ ਇਹ ਕਹਿਣਾ ਸਿਰਫ ਅਨੁਮਾਨ ਹੈ। ਇਸ ਟੀ.ਵੀ. ਪ੍ਰੋਗਰਾਮ ਵਿਚ ਸ਼ਾਮਲ 8 ਤੋਂ 12 ਸਾਲ ਦੇ 20 ਬੱਚਿਆਂ ਵਿਚੋਂ ਹਰ ਹਫਤੇ ਉਮੀਦਵਾਰ ਹੌਲੀ-ਹੌਲੀ ਘਟਣਗੇ ਤੇ ਅੰਤ ਵਿਚ ਇਕ ਜੇਤੂ ਬਣ ਕੇ ਉਭਰੇਗਾ। ਉਸ ਨੇ 15 ਵਿਚੋਂ 14 ਸਵਾਲਾਂ ਦੇ ਸਹੀ ਜਵਾਬ ਦਿੱਤੇ, ਪਰ ਅੰਤਿਮ ਪ੍ਰਸ਼ਨ ਦਾ ਉਤਰ ਦੇਣ ਲਈ ਉਸ ਦੇ ਕੋਲ ਸਮਾਂ ਨਹੀਂ ਸੀ।




## 16 ਸਾਲਾ ਭਾਰਤੀ ਕੁੜੀ ਦਾ 65 ਸਾਲਾ ਸ਼ੇਖ ਨਾਲ ਵਿਆਹ

**ਨਵੀਂ ਦਿੱਲੀ:** ਹੈਦਰਾਬਾਦ ਰਹਿਣ ਵਾਲੀ 16 ਸਾਲ ਦੀ ਲੜਕੀ ਦੇ 65 ਸਾਲ ਦੇ ਸ਼ੇਖ ਨਾਲ ਵਿਆਹ 'ਤੇ ਕੇਂਦਰੀ ਮੰਤਰੀ ਮੇਨਕਾ ਗਾਂਧੀ ਨੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਇਸ ਲੜਕੀ ਨੂੰ ਆਜ਼ਾਦ ਕਰਾਉਣ ਲਈ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਅਪੀਲ ਕਰਨਗੇ।

ਮੇਨਕਾ ਗਾਂਧੀ ਨੇ ਮੀਡੀਆ ਰਿਪੋਰਟਾਂ 'ਤੇ ਟਵਿੱਟਰ ਰਾਹੀਂ ਪ੍ਰਤੀਕਿਰਿਆ ਦਿੱਤੀ, ਜਿਸ ਨੂੰ ਉਨ੍ਹਾਂ ਨੇ ਬੇਹੱਦ ਪ੍ਰੇਸ਼ਾਨ ਕਰਨ ਵਾਲਾ ਕਰਾਰ ਦਿੱਤਾ। ਉਨ੍ਹਾਂ ਨੇ ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨੂੰ ਲੜਕੀ ਦੇ ਪਰਿਵਾਰ ਨਾਲ ਸੰਪਰਕ ਕਰਨ ਲਈ ਵੀ ਕਿਹਾ ਹੈ।" ਜ਼ਿਕਰਯੋਗ ਹੈ ਕਿ 8ਵੀਂ ਜਮਾਤ 'ਚ ਪੜ੍ਹਨ ਵਾਲੀ ਲੜਕੀ ਦਾ ਤਿੰਨ ਮਹੀਨੇ ਪਹਿਲਾਂ 5 ਲੱਖ ਰੁਪਏ ਲਈ ਓਮਾਨ ਦੇ 65 ਸਾਲਾ ਅਹਿਮਦ ਨਾਂ ਦੇ ਸ਼ੇਖ ਨਾਲ ਵਿਆਹ ਕਰਵਾ ਦਿੱਤਾ ਗਿਆ ਸੀ।

# ਐਮਾ ਸਟੋਨ ਸਾਲ ਦੀ ਸਭ ਤੋਂ ਵੱਧ ਕਮਾਈ ਵਾਲੀ ਅਦਾਕਾਰਾ ਬਣੀ

**ਨਿਊ ਯਾਰਕ:** ਆਸਕਰ ਵਿਚ ਧੁੰਮਾਂ ਪਾਉਣ ਵਾਲੀ ਫਿਲਮ 'ਲਾ ਲਾ ਲੈਂਡ' ਦੀ ਅਦਾਕਾਰਾ ਐਮਾ ਸਟੋਨ ਇਸ ਸਾਲ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀ ਅਦਾਕਾਰਾ ਬਣ ਗਈ ਹੈ। ਫੋਰਬਸ ਮੈਗਜ਼ੀਨ ਵੱਲੋਂ ਜਾਰੀ ਜੂਨ 2016 ਤੋਂ ਜੂਨ 2017 ਵਿਚ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੀਆਂ ਮਹਿਲਾ ਅਦਾਕਾਰਾਂ ਦੀ ਸੂਚੀ ਵਿਚ ਸਟੋਨ ਸਿਖਰ ਉਤੇ ਹੈ।

ਐਮਾ ਸਟੋਨ ਨੇ ਇਸ 12 ਮਹੀਨਿਆਂ ਦੌਰਾਨ 17 ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਕਰ ਜੈਨੀਫਰ ਐਨਿਸਟਨ ਤੇ ਐਮਾ ਵਾਟਸਨ ਨੂੰ ਪਛਾੜ ਦਿੱਤਾ ਹੈ। ਸਾਲ 2016 ਵਿਚ ਸਿਖਰ ਉਤੇ ਰਹਿਣ ਵਾਲੀ ਜੈਨੀਫਰ ਲਾਰੈਂਸ ਇਸ ਸਾਲ 15 ਕਰੋੜ ਦੀ ਕਮਾਈ ਨਾਲ ਤੀਜੇ ਸਥਾਨ ਉਤੇ ਖਿਸਕ ਗਈ ਹੈ। ਉਹ ਲਗਾਤਾਰ ਦੋ ਸਾਲ ਤੋਂ ਫੋਰਬਸ ਦੀ ਇਸ ਸਾਲਾਨਾ ਸੂਚੀ ਵਿਚ ਸਿਖਰ 'ਤੇ ਕਾਬਜ਼ ਸੀ। ਐਮਾ ਸਟੋਨ ਦੀ ਕਮਾਈ ਵਿਚ ਪਿਛਲੇ ਸਾਲ ਦੀ ਤੁਲਨਾ ਵਿਚ 160 ਫੀਸਦੀ ਦਾ ਵਾਧਾ ਹੋਇਆ ਹੈ।



ਪਿਛਲੇ ਸਾਲ ਐਮਾ ਨੇ ਤਕਰੀਬਨ 6.4 ਕਰੋੜ ਰੁਪਏ ਦੀ ਕਮਾਈ ਕੀਤੀ ਸੀ। 28 ਸਾਲਾ ਐਮਾ ਸਟੋਨ ਨੇ ਹਾਲ ਹੀ ਵਿਚ ਹਾਲੀਵੁੱਡ ਵਿਚ ਪੁਰਸ਼ ਤੇ ਮਹਿਲਾ ਅਦਾਕਾਰਾਂ ਵਿਚਕਾਰ ਕਮਾਈ ਦੇ ਵੱਡੇ ਫਰਕ ਦਾ ਮੁੱਦਾ ਚੁੱਕਿਆ ਸੀ। ਬਾਲੀਵੁੱਡ ਦੀ ਕੋਈ ਵੀ ਅਦਾਕਾਰਾ ਇਸ ਸੂਚੀ ਵਿਚ ਜਗ੍ਹਾ ਨਹੀਂ ਬਣਾ ਸਕੀ। ਪਿਛਲੇ ਸਾਲ ਦੀਪਿਕਾ ਪਾਦੁਕੋਣ 6 ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਨਾਲ ਇਸ ਸੂਚੀ ਵਿਚ ਜਗ੍ਹਾ ਬਣਾਉਣ ਵਿਚ ਕਾਮਯਾਬ ਰਹੀਆਂ ਸਨ। ਉਹ 10ਵੇਂ ਸਥਾਨ ਉਤੇ ਸਨ। ਇਸ ਵਾਰ ਜਿਨ੍ਹਾਂ ਮਹਿਲਾ ਅਦਾਕਾਰਾਂ ਨੇ ਟਾਪ-10 ਵਿਚ ਜਗ੍ਹਾ ਬਣਾਈਆਂ ਹਨ, ਦੀ ਔਸਤਨ ਕਮਾਈ 7 ਕਰੋੜ ਤੋਂ ਜ਼ਿਆਦਾ ਹੈ।

ਉਥੇ ਹੀ ਜੂਨ ਵਿਚ ਫੋਰਬਸ ਵੱਲੋਂ ਹੀ ਜਾਰੀ ਕੀਤੀ ਗਈ ਇਸ ਸਾਲ ਸਭ ਤੋਂ ਜ਼ਿਆਦਾ ਕਮਾਈ ਕਰਨ ਵਾਲੇ ਟਾਪ-100 ਸੈਲੇਬ੍ਰਿਟੀ ਦੀ ਸੂਚੀ ਵਿਚ ਭਾਰਤ ਦੇ ਸ਼ਾਹਰੁਖ ਖਾਨ (65ਵਾਂ), ਸਲਮਾਨ ਖਾਨ (71ਵਾਂ) ਤੇ ਅਕਸ਼ੈ ਕੁਮਾਰ (80ਵਾਂ) ਸ਼ਾਮਲ ਹਨ। ਛੇਵੇਂ ਸਥਾਨ ਉਤੇ ਕਾਬਜ਼ ਐਮਾ ਵਾਟਸਨ ਸਿਖਰਲੀਆਂ 10 ਵਿਚ ਸ਼ਾਮਲ ਇਕਲੌਤੀ ਬ੍ਰਿਟਿਸ਼ ਅਦਾਕਾਰਾ ਹਨ। ਉਨ੍ਹਾਂ ਨੇ ਪਹਿਲੀ ਵਾਰ ਇਸ ਸੂਚੀ ਵਿਚ ਜਗ੍ਹਾ ਬਣਾਈ ਹੈ।

# ਘਰ ਘਰ ਰੁਜ਼ਗਾਰ ਮੁਹਿੰਮ ਠੰਢੇ ਬਸਤੇ 'ਚ ਜਾਵੇਗੀ?



**ਚੰਡੀਗੜ੍ਹ:** ਪੰਜਾਬ ਦੀ ਕਾਂਗਰਸ ਸਰਕਾਰ ਦੀ 'ਘਰ-ਘਰ ਰੁਜ਼ਗਾਰ' ਮੁਹਿੰਮ ਵਿਵਾਦਾਂ ਵਿਚ ਘਿਰ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੰਜ ਸਤੰਬਰ ਨੂੰ ਮੁਹਾਲੀ ਵਿਚ ਦੋ ਵੱਖ-ਵੱਖ ਸਮਾਗਮਾਂ ਵਿਚ ਬੇਰੁਜ਼ਗਾਰਾਂ ਨੂੰ ਨਿਯੁਕਤੀ ਪੱਤਰ ਦੇਣ ਦਾ ਪ੍ਰੋਗਰਾਮ ਹੈ, ਪਰ ਇਸ ਪ੍ਰੋਗਰਾਮ ਦੌਰਾਨ ਵੱਖ-ਵੱਖ ਵਿਭਾਗਾਂ ਵਿਚ ਪਹਿਲਾਂ ਕੰਟਰੈਕਟ ਅਤੇ ਆਊਟਸੋਰਸਿੰਗ 'ਤੇ ਭਰਤੀ ਕੀਤੇ ਜਾ ਚੁੱਕੇ ਮੁਲਾਜ਼ਮਾਂ ਨੂੰ ਜਨਤਾ ਸਾਹਮਣੇ ਨਿਯੁਕਤੀ ਪੱਤਰ ਦੇਣ ਦਾ ਅਡੰਬਰ ਰਚਾਇਆ ਜਾ ਰਿਹਾ ਹੈ। ਪੰਜਾਬ ਦੇ ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਨੇ ਵੱਖ-ਵੱਖ ਸਰਕਾਰੀ ਅਦਾਰਿਆਂ ਨੂੰ ਇਕ ਪੱਤਰ ਭੇਜ ਕੇ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਮੁਲਾਜ਼ਮਾਂ ਦੀ ਗਿਣਤੀ ਬਾਰੇ ਜਾਣਕਾਰੀ ਮੰਗੀ ਹੈ।

ਸਰਕਾਰ ਵੱਲੋਂ ਪੰਜ ਸਤੰਬਰ ਨੂੰ ਮੁਹਾਲੀ ਦੇ ਇੰਡੀਅਨ ਸਕੂਲ ਆਫ ਬਿਜ਼ਨਸ ਅਤੇ ਸਪੋਰਟਸ ਸਟੇਡੀਅਮ ਵਿਚ ਦੋ ਰੁਜ਼ਗਾਰ ਮੇਲੇ ਕਰਵਾਏ ਜਾ ਰਹੇ ਹਨ। ਰੁਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਨੇ ਇਕ ਪੱਤਰ ਰਾਹੀਂ ਵਿਭਾਗਾਂ ਨੂੰ ਰੁਜ਼ਗਾਰ ਮੇਲੇ ਦੀ ਸੂਚਨਾ ਦਿੰਦਿਆਂ ਮੇਲੇ ਵਾਲੇ ਦਿਨ ਦਿੱਤੇ ਜਾਣ ਵਾਲੇ ਨਿਯੁਕਤੀ ਪੱਤਰਾਂ ਦੀ ਗਿਣਤੀ ਪੁੱਛੀ ਹੈ। ਸਰਕਾਰ ਦਾ ਪੱਤਰ ਮਿਲਣ ਤੋਂ ਬਾਅਦ ਸਬੰਧਤ ਵਿਭਾਗਾਂ ਨੇ ਕੰਟਰੈਕਟ ਅਤੇ ਆਊਟਸੋਰਸਿੰਗ 'ਤੇ ਭਰਤੀ ਕੀਤੇ ਮੁਲਾਜ਼ਮਾਂ ਦਾ ਵੇਰਵੇ ਇਕੱਤਰ ਕਰ ਕੇ ਭੇਜਣਾ ਸ਼ੁਰੂ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਕਾਂਗਰਸ ਨੇ ਆਪਣੀ ਸਰਕਾਰ ਬਣਨ ਤੋਂ ਤੁਰਤ ਬਾਅਦ ਇਕ ਪੱਤਰ ਜਾਰੀ ਕਰ ਕੇ ਮਨਜ਼ੂਰਸ਼ੁਦਾ ਅਸਾਮੀਆਂ ਖਿਲਾਫ਼ ਠੇਕਾ ਆਧਾਰ 'ਤੇ ਭਰਤੀ ਕਰਨ ਉਤੇ ਰੋਕ ਲਾ ਦਿੱਤੀ ਸੀ ਪਰ ਰੁਜ਼ਗਾਰ ਮੇਲਿਆਂ ਵਿਚ ਕੰਟਰੈਕਟ ਅਤੇ ਆਊਟਸੋਰਸਿੰਗ ਰਾਹੀਂ ਭਰਤੀ ਕਰਨ ਦੇ ਨਿਯੁਕਤੀ ਪੱਤਰ ਦਿੱਤੇ ਜਾਣਗੇ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਰੁਜ਼ਗਾਰ ਮੇਲਿਆਂ ਦੇ ਪ੍ਰਚਾਰ ਸਬੰਧੀ ਅਖ਼ਬਾਰਾਂ ਵਿਚ ਛਪ ਰਹੇ ਇਸ਼ਤਿਹਾਰਾਂ 'ਤੇ ਵੀ ਸਰਕਾਰੀ ਨੌਕਰੀ ਦਾ ਝਾਂਸਾ ਦੇ ਕੇ ਪ੍ਰਾਈਵੇਟ ਨੌਕਰੀਆਂ ਦੇਣ ਸਬੰਧੀ ਟਿੱਪਣੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ।

ਕਾਂਗਰਸ ਨੇ ਚੋਣ ਮੈਨੀਫੈਸਟੋ 'ਚ ਸਰਕਾਰੀ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ। ਇਸ ਦੇ ਨਾਲ ਹੀ ਕਾਂਗਰਸ ਨੇ ਹੋਂਦ ਵਿਚ ਆਉਂਦਿਆਂ ਹੀ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਕੰਟਰੋਲ ਹੇਠ ਲਿਆਉਣ ਲਈ ਰੈਗੂਲੇਟਰੀ ਬਾਡੀ ਬਣਾਉਣ ਦਾ ਐਲਾਨ ਕਰ ਦਿੱਤਾ ਸੀ ਪਰ ਮੋਤੀਆਂ ਵਾਲੀ ਸਰਕਾਰ ਵੱਲੋਂ ਰੁਜ਼ਗਾਰ ਮੇਲੇ ਪ੍ਰਾਈਵੇਟ ਯੂਨੀਵਰਸਿਟੀਆਂ ਵਿਚ ਵੀ ਲਾਏ ਜਾ ਰਹੇ ਹਨ।

# ਹੁਣ ਡਾਕਟਰਾਂ ਦੀ ਸਰਕਾਰੀ ਨੌਕਰੀ ਤੋਂ ਤੌਬਾ

**ਚੰਡੀਗੜ੍ਹ:** ਪੰਜਾਬ ਵਿਚ ਹਰ ਛੇਵਾਂ ਸਰਕਾਰੀ ਡਾਕਟਰ ਨੌਕਰੀ ਨੂੰ ਅਲਵਿਦਾ ਕਹਿ ਗਿਆ ਹੈ। ਪਿਛਲੇ ਦੋ ਸਾਲਾਂ 'ਚ ਪਰਖ ਕਾਲ ਦੌਰਾਨ 754 ਐਮ.ਬੀ.ਬੀ.ਐਸ. ਡਾਕਟਰਾਂ 'ਚੋਂ 254 ਘੱਟ ਤਨਖਾਹ ਕਾਰਨ ਨੌਕਰੀ ਛੱਡ ਗਏ ਅਤੇ 350 ਮਾਹਿਰ ਸਿਹਤ ਵਿਭਾਗ ਤੋਂ ਵਿਦਾਇਗੀ ਲੈ ਗਏ। ਸਿਹਤ ਵਿਭਾਗ ਵਿਚ ਪ੍ਰੋਬੇਸ਼ਨ ਪੀਰੀਅਡ ਦੌਰਾਨ ਡਾਕਟਰਾਂ ਦੀ ਤਨਖਾਹ ਠੇਕਾ ਆਧਾਰ 'ਤੇ ਭਰਤੀ ਕੀਤੇ ਕਲਰਕਾਂ ਤੋਂ ਵੀ ਘੱਟ ਹੈ।

ਸਿਹਤ ਵਿਭਾਗ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਅਗਸਤ 2015 ਵਿਚ 404 ਐਮ.ਬੀ.ਬੀ.ਐਸ. ਡਾਕਟਰ ਭਰਤੀ ਕੀਤੇ ਸਨ। ਉਦੋਂ ਪਰਖ ਕਾਲ ਦੋ ਸਾਲਾਂ ਦਾ ਸੀ। ਉਸ ਪਿਛੋਂ 350 ਹੋਰ ਐਮ.ਬੀ.ਬੀ.ਐਸ. ਡਾਕਟਰ ਹੋਰ ਭਰਤੀ ਕੀਤੇ ਗਏ। ਉਦੋਂ ਤੱਕ ਸਰਕਾਰ ਨੇ ਪਰਖ ਕਾਲ ਵਧਾ ਕੇ 3 ਸਾਲ ਕਰ ਦਿੱਤਾ। 2015 'ਚ ਦੋ ਸਾਲ ਦੇ ਪਰਖ ਕਾਲ 'ਤੇ ਭਰਤੀ ਕੀਤੇ ਡਾਕਟਰਾਂ ਵਿਚੋਂ 104 ਨੌਕਰੀ ਛੱਡ ਗਏ।

ਇਸੇ ਤਰ੍ਹਾਂ ਇਕ ਸਾਲ ਬਾਅਦ ਤਿੰਨ ਸਾਲ ਦੇ ਪਰਖ ਕਾਲ 'ਤੇ ਭਰਤੀ ਕੀਤੇ 350 ਐਮ.ਬੀ.ਬੀ.ਐਸ. ਡਾਕਟਰਾਂ ਵਿਚੋਂ ਵੀ 200 ਹੀ ਸਰਕਾਰੀ ਨੌਕਰੀ ਵਿਚ ਬਚੇ ਹਨ। ਇਸੇ ਤਰ੍ਹਾਂ ਮਾਹਿਰ ਡਾਕਟਰਾਂ ਦੀਆਂ 350 ਅਸਾਮੀਆਂ ਦਸੰਬਰ ਤੋਂ ਖਾਲੀ ਪਈਆਂ ਹਨ। ਸਿਹਤ ਵਿਭਾਗ ਵਿਚ ਮਾਹਿਰਾਂ ਸਮੇਤ ਐਮ.ਬੀ.ਬੀ.ਐਸ. ਡਾਕਟਰਾਂ ਦੀਆਂ 4400 ਦੇ ਕਰੀਬ ਅਸਾਮੀਆਂ ਹਨ ਅਤੇ ਇਨ੍ਹਾਂ ਵਿਚੋਂ ਤੀਜਾ ਹਿੱਸਾ ਦਹਾਕਿਆਂ ਤੋਂ ਖਾਲੀ ਹਨ। ਪਰਖ ਕਾਲ ਦੌਰਾਨ ਤਨਖਾਹ ਘੱਟ ਹੋਣ ਕਾਰਨ ਡਾਕਟਰ ਆਰਥਿਕ ਤੰਗੀ ਦਾ ਸ਼ਿਕਾਰ ਹੋ ਰਹੇ ਹਨ।

ਫਰੀਦਕੋਟ ਜ਼ਿਲ੍ਹੇ ਨਾਲ ਸਬੰਧਤ ਇਕ ਡਾਕਟਰ ਨੇ ਦੱਸਿਆ ਕਿ 17 ਅਗਸਤ ਤੋਂ ਰੈਗੂਲਰ ਨੌਕਰੀ ਦਾ ਪੱਤਰ ਨਾ ਮਿਲਣ ਦੀ ਸੂਰਤ ਵਿਚ ਸਮੂਹਿਕ ਅਸਤੀਫੇ ਦੇਣ ਦਾ ਮਨ ਬਣਾ ਲਿਆ ਗਿਆ ਹੈ। ਸਿਹਤ ਵਿਭਾਗ ਦੀ ਪ੍ਰਮੁੱਖ ਸਕੱਤਰ ਅੰਜਲੀ ਭਾਵੜਾ ਦਾ ਕਹਿਣਾ ਹੈ ਕਿ ਦੋ ਸਾਲ ਪਹਿਲਾਂ ਪਰਖ ਕਾਲ ਤਹਿਤ ਰੱਖੇ ਡਾਕਟਰਾਂ ਦੀ ਨੌਕਰੀ ਵਿਚ ਵਾਧਾ ਕਾਨੂੰਨ ਮੁਤਾਬਕ ਕੀਤਾ ਜਾ ਰਿਹਾ ਹੈ। ਵਿਭਾਗ ਦੇ ਡਾਇਰੈਕਟਰ ਡਾ. ਰਾਜੀਵ ਭੱਲਾ ਦਾ ਕਹਿਣਾ ਹੈ ਕਿ ਇਨ੍ਹਾਂ ਡਾਕਟਰਾਂ 'ਤੇ ਦੂਜੇ ਮੁਲਾਜ਼ਮਾਂ ਵਾਲਾ ਫੈਸਲਾ ਹੀ ਲਾਗੂ ਹੋਵੇਗਾ।

## ਕਲਰਕਾਂ ਤੋਂ ਵੀ ਘੱਟ ਮਿਲਦੀ ਹੈ ਤਨਖਾਹ

**ਚੰਡੀਗੜ੍ਹ:** ਡਾਕਟਰਾਂ ਦੀ ਬੇਸਿਕ ਤਨਖਾਹ 15,600 ਹੈ, ਜਦੋਂਕਿ ਕਲਰਕ ਵੀ ਘੱਟੋ-ਘੱਟ ਉਜਰਤ ਤਹਿਤ ਉਕਾ-ਪੁੱਕਾ 18,000 ਰੁਪਏ ਮਹੀਨਾ ਤਨਖਾਹ ਲੈ ਰਹੇ ਹਨ। ਇਸੇ ਦੌਰਾਨ 300 ਐਮ.ਬੀ.ਬੀ.ਐਸ. ਡਾਕਟਰਾਂ ਦਾ ਦੋ ਸਾਲ ਦਾ ਪਰਖ ਕਾਲ ਮੁੱਕ ਗਿਆ ਹੈ ਪਰ ਸਰਕਾਰ ਨੇ ਨਾ ਤਾਂ ਇਨ੍ਹਾਂ ਨੂੰ ਰੈਗੂਲਰ ਕਰਨ ਦੀ ਚਿੱਠੀ ਦਿੱਤੀ ਹੈ ਅਤੇ ਨਾ ਹੀ 2016 ਦੇ ਫੈਸਲੇ ਮੁਤਾਬਕ ਪਰਖ ਕਾਲ ਵਿਚ ਵਾਧੇ ਬਾਰੇ ਸੂਚਿਤ ਕੀਤਾ ਹੈ।

## ਹੁਣ ਆਵੇਗਾ 50 ਰੁਪਏ ਦਾ ਨਵਾਂ ਨੋਟ

**ਮੁੰਬਈ:** ਰਿਜ਼ਰਵ ਬੈਂਕ ਵੱਲੋਂ ਚਮਕੀਲੇ ਨੀਲੇ ਰੰਗੇ ਦੇ 50 ਰੁਪਏ ਦੇ ਨਵੇਂ ਨੋਟ ਛੇਤੀ ਜਾਰੀ ਕੀਤੇ ਜਾਣਗੇ। 50 ਰੁਪਏ ਦੇ ਪਹਿਲਾਂ ਵਾਲੇ ਨੋਟ ਵੀ ਜਾਰੀ ਰਹਿਣਗੇ।

## ਜੈਲਲਿਤਾ ਦੀ ਮੌਤ ਬਾਰੇ ਹੋਵੇਗੀ ਜਾਂਚ

**ਚੇਨੱਈ:** ਤਾਮਿਲਨਾਡੂ ਦੇ ਮੁੱਖ ਮੰਤਰੀ ਕੇ. ਪਲਾਨੀਸਵਾਮੀ ਨੇ ਮਰਹੂਮ ਮੁੱਖ ਮੰਤਰੀ ਜੇ. ਜੈਲਲਿਤਾ ਦੀ ਮੌਤ ਦੀ ਜਾਂਚ ਲਈ ਕਮਿਸ਼ਨ ਦਾ ਐਲਾਨ ਕੀਤਾ ਹੈ।


## Matrimonial

### ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 31 ਸਾਲ, ਕੱਦ 5'8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ: 319-670-8892 33

### ਵਰ ਦੀ ਲੋੜ ਹੈ

Looking for a Jatt Sikh well-educated US Citizen boy from respected family for U.S. citizen Jatt Sikh girl 28, Height 5'4", CPA. Tax Manager, from SF Bay Area. Contact saabks500@gmail.com 34-37

33 ਸਾਲਾ ਤਲਾਕਸ਼ੁਦਾ ਲੜਕੀ ਐਮ. ਐਸਸੀ ਬਾਇਓਟੈਕ, ਯੂਨੀਵਰਸਿਟੀ ਟਾਪਰ ਡਿਪਲੋਮਾ ਇਨ ਫਾਰਮੇਸੀ ਬੀ.ਏ.ਐਮ.ਐਸ. ਡਾਕਟਰ, ਗੋਦੀ ਛੇ ਸਾਲ ਦਾ ਬੇਟਾ, ਪੇਂਡੂ ਤੇ ਸ਼ਹਿਰੀ ਜਾਇਦਾਦ ਵਾਸਤੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 408-915-1268 ਜਾਂ ਈਮੇਲ: tsdupalpuri@yahoo.com 33-36



# ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ, ਫੋਨ: 608-630-0287 28-35



WEBSITE - DHOLRADIO.CO
# DHOL RADIO
ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ



REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋਂ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)



# Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605
www.princebarbershop.com





# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

1816 Main Ave., Secramento CA, 95838

# ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

*ਸਨਿਚਰਵਾਰ, 26 ਅਗਸਤ 2017*

# ਤੀਹਰੇ ਤਲਾਕ ਦੀ ਹਿੰਦੂਤਵੀ ਗੂੰਜ

ਤੀਹਰੇ ਤਲਾਕ ਬਾਰੇ ਭਾਰਤ ਦੀ ਸੁਪਰੀਮ ਕੋਰਟ ਦਾ ਜੋ ਫੈਸਲਾ ਆਇਆ ਹੈ, ਉਸ ਨਾਲ ਕਿਸੇ ਦੀ ਅਸਹਿਮਤੀ ਨਹੀਂ ਹੋ ਸਕਦੀ; ਪਰ ਮਸਲਾ ਮੁਲਕ ਵਿਚ ਹਿੰਦੂਵਾਦੀ ਤਾਕਤਾਂ ਵੱਲੋਂ ਤੇਜ਼ੀ ਨਾਲ ਬਣਾਏ ਜਾ ਰਹੇ ਹਿੰਦੂਤਵੀ ਮਾਹੌਲ ਲਈ ਹਰ ਮੁੱਦੇ ਅਤੇ ਸੰਸਥਾ ਨੂੰ ਆਪਣੇ ਢੰਗ ਨਾਲ ਵਰਤਣ ਦਾ ਹੈ। ਇਸ ਫੈਸਲਾ ਆਉਣ ਸਾਰ ਆਰ.ਐਸ.ਐਸ. ਵੱਲੋਂ ਆਏ ਬਿਆਨ ਨਾਲ ਸਭ ਕੁਝ ਸਪਸ਼ਟ ਹੋ ਜਾਂਦਾ ਹੈ। ਇਸ ਦੇ ਸੀਨੀਅਰ ਲੀਡਰ ਇੰਦਰੇਸ਼ ਨੇ ਬੜੇ ਉਚੇਚ ਨਾਲ ਆਖਿਆ ਹੈ ਕਿ ਸੁਪਰੀਮ ਕੋਰਟ ਦਾ ਇਹ ਫੈਸਲਾ ਕੱਟੜ ਮੁਸਲਮਾਨਾਂ ਲਈ ਵੱਡਾ ਸਬਕ ਹੈ। ਇਸ ਬਿਆਨ ਵਿਚ ਲੁਕਵੇਂ ਢੰਗ ਨਾਲ ਸਾਫ ਚਿਤਾਵਨੀ ਦਿੱਤੀ ਗਈ ਹੈ। ਸੁਪਰੀਮ ਕੋਰਟ ਦੇ ਫੈਸਲੇ ਉਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਅਦਾਲਤ ਨੇ ਤੱਥਾਂ ਨੂੰ ਆਧਾਰ ਮੰਨ ਕੇ ਤੀਹਰੇ ਤਲਾਕ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ ਹੈ ਅਤੇ ਇਸ ਉਪਰ ਛੇ ਮਹੀਨਿਆਂ ਲਈ ਰੋਕ ਲਾ ਦਿੱਤੀ ਹੈ ਤਾਂ ਕਿ ਸੰਸਦ ਇਸ ਸਮੇਂ ਦੌਰਾਨ ਕਾਨੂੰਨ ਬਣਾ ਦੇਵੇਗੀ। ਇਹ ਗੱਲ ਵੱਖਰੀ ਹੈ ਕਿ ਇਸ ਸਬੰਧੀ ਸਰਕਾਰ ਦੀ ਬਦਨੀਤੀ ਵੀ ਇਕਦਮ ਸਾਹਮਣੇ ਆ ਗਈ ਹੈ। ਸੱਤਾਧਾਰੀ ਧਿਰ ਨੇ ਇਸ ਫੈਸਲੇ ਦਾ ਸਵਾਗਤ ਕਰਨ ਦੇ ਨਾਲ ਹੀ ਇਹ ਕਹਿ ਸੁਣਾਇਆ ਹੈ ਕਿ ਕਾਨੂੰਨ ਬਣਾਉਣ ਦੀ ਫਿਲਹਾਲ ਕੋਈ ਲੋੜ ਨਹੀਂ ਹੈ।

ਅਦਾਲਤ ਦੇ ਇਸ ਫੈਸਲੇ ਨਾਲ ਮੁਸਲਮਾਨ ਔਰਤਾਂ ਨੂੰ ਸੱਚਮੁੱਚ ਰਾਹਤ ਮਿਲੀ ਹੈ। ਤੀਹਰੇ ਤਲਾਕ ਦੇ ਸ਼ਰ੍ਹੱਈ ਪ੍ਰਬੰਧਾਂ ਦੀ ਦੁਰਵਰਤੋਂ ਕਾਰਨ ਉਹ ਬਹੁਤ ਤੰਗ ਸਨ ਅਤੇ ਲੰਮੇ ਸਮੇਂ ਤੋਂ ਇਸ ਤੋਂ ਨਿਜਾਤ ਹਾਸਲ ਕਰਨ ਲਈ ਜੂਝ ਰਹੀਆਂ ਸਨ। ਮਰਦ ਵੱਲੋਂ ਜ਼ੁਬਾਨੀ ਤਿੰਨ ਵਾਰ ਤਲਾਕ ਕਹਿ ਕੇ ਵਿਆਹ ਦੇ ਬੰਧਨ ਤੋਂ ਮੁਕਤ ਹੋ ਜਾਣਾ ਔਰਤਾਂ ਨਾਲ ਸਰਾਸਰ ਧੱਕਾ ਸੀ ਜਿਸ ਦੀ ਕਿਤੇ ਸੁਣਵਾਈ ਵੀ ਨਹੀਂ ਸੀ ਹੁੰਦੀ। ਅੱਜ ਕੱਲ੍ਹ ਤਾਂ ਵੱਟਸਐਪ ਵਰਗੇ ਸੋਸ਼ਲ ਮੀਡੀਆ ਰਾਹੀਂ ਵੀ ਤਲਾਕ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਧਿਆਨ ਦੇਣ ਵਾਲੀ ਇਹ ਗੱਲ ਵੀ ਹੈ ਕਿ ਬਹੁਤੇ ਮੁਸਲਿਮ ਮੁਲਕਾਂ, ਖਾਸ ਕਰ ਕੇ ਅਰਬ ਮੁਲਕਾਂ, ਨੇ ਪਹਿਲਾਂ ਹੀ ਇਸ ਪ੍ਰਥਾ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੋਇਆ ਹੈ। ਭਾਰਤ ਅੰਦਰ ਵੱਖ-ਵੱਖ ਧਿਰਾਂ ਅਤੇ ਸਰਕਾਰਾਂ ਇਸ ਮਸਲੇ ਨੂੰ ਹੱਥ ਪਾਉਣ ਤੋਂ ਕਤਰਾਉਂਦੀਆਂ ਸਨ, ਕਿਉਂਕਿ ਸਾਰਾ ਕੁਝ ਵੋਟ ਸਿਆਸਤ ਨਾਲ ਜੁੜਿਆ ਹੋਣ ਕਰ ਕੇ ਇਨ੍ਹਾਂ ਧਿਰਾਂ ਨੂੰ ਨੁਕਸਾਨ ਹੋਣ ਦਾ ਖਦਸ਼ਾ ਰਹਿੰਦਾ ਸੀ। ਹੁਣ ਅਦਾਲਤ ਨੇ ਸਪਸ਼ਟ ਕੀਤਾ ਹੈ ਤੀਹਰੇ ਤਲਾਕ ਨੂੰ ਕੁਰਾਨ ਸ਼ਰੀਫ ਤੋਂ ਕੋਈ ਮਨਜ਼ੂਰੀ ਨਹੀਂ ਮਿਲੀ ਹੋਈ, ਇਸ ਲਈ ਇਸ ਨੂੰ ਧਰਮ ਦੀ ਆਜ਼ਾਦੀ ਦੇ ਬੁਨਿਆਦੀ ਅਧਿਕਾਰ ਨਾਲ ਨਹੀਂ ਜੋੜਿਆ ਜਾ ਸਕਦਾ। ਤੀਹਰਾ ਤਲਾਕ ਮਜ਼ਹਬੀ ਪਰੰਪਰਾ ਦਾ ਅਟੁੱਟ ਅੰਗ ਨਹੀਂ ਹੈ, ਇਹ ਤਾਂ ਸਗੋਂ ਸੰਵਿਧਾਨ ਦੀ ਉਲੰਘਣਾ ਹੈ। ਇਸ ਲਈ ਇਸ ਨੂੰ ਕਾਨੂੰਨੀ ਮਾਨਤਾ ਨਹੀਂ ਦਿੱਤੀ ਜਾ ਸਕਦੀ।

ਭਾਰਤੀ ਜਨਤਾ ਪਾਰਟੀ ਨੇ ਇਸ ਮਾਮਲੇ ਵਿਚ ਬੇਲੋੜੀ ਤੇ ਵਾਧੂ ਦਿਲਚਸਪੀ ਦਿਖਾਈ ਹੈ ਅਤੇ ਇਸ ਨੂੰ ਆਪਣੀ ਸਿਆਸਤ ਮੁਤਾਬਕ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰਧਾਨ ਮੰਤਰੀ ਤੋਂ ਲੈ ਕੇ ਹੇਠਲੇ ਪੱਧਰ ਤਕ ਦਾ ਪਾਰਟੀ ਦਾ ਨੇਤਾ ਇਉਂ ਬਿਆਨ ਦਾਗ ਰਿਹਾ ਹੈ ਜਿਵੇਂ ਇਨ੍ਹਾਂ ਨੂੰ ਮੁਸਲਮਾਨ ਭੈਣਾਂ ਦੇ ਹੱਕਾਂ ਦਾ ਬਹੁਤ ਫਿਕਰ ਹੋਵੇ। ਅਸਲ ਵਿਚ ਅਜਿਹੇ ਮਸਲਿਆਂ ਦੀ ਆੜ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ, ਘੱਟ ਗਿਣਤੀ ਫਿਰਕਿਆਂ ਉਤੇ ਕਾਠੀ ਪਾਉਣ ਦਾ ਮੰਤਵ ਤਲਾਸ਼ਦੀ ਰਹਿੰਦੀ ਹੈ। ਨਹੀਂ ਤਾਂ ਇਹ ਤੱਥ ਅਤੇ ਅੰਕੜੇ ਵੀ ਜੱਗ-ਜ਼ਾਹਰ ਹਨ ਕਿ ਤੀਹਰੇ ਤਲਾਕ ਨਾਲੋਂ ਵੱਧ ਤਲਾਕ ਤਾਂ ਅੱਜ ਕੱਲ੍ਹ ਹੋਰ ਮਜ਼ਹਬਾਂ ਵਿਚ ਹੋ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਦੇ ਮਸਲੇ ਕੁਝ ਹੋਰ ਹੁੰਦੇ ਹਨ। ਉਂਜ, ਇਕ ਗੱਲ ਵਿਚਾਰਨ ਵਾਲੀ ਹੈ ਕਿ ਹੋਰ ਮਜ਼ਹਬਾਂ ਦੇ ਤਲਾਕ ਮਾਮਲਿਆਂ ਵੇਲੇ ਵੀ ਪੀੜਤ ਧਿਰ ਔਰਤ ਹੀ ਬਣਦੀ ਹੈ, ਪਰ ਭਾਰਤੀ ਜਨਤਾ ਪਾਰਟੀ ਵਾਲਾ ਲਾਣਾ ਹੋਰ ਮਜ਼ਹਬਾਂ ਦੀਆਂ ਔਰਤਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਬਾਰੇ ਉਕਾ ਹੀ ਖਾਮੋਸ਼ ਹੈ। ਜੇ ਅਜਿਹਾ ਨਾ ਹੁੰਦਾ ਤਾਂ ਸੱਤਾਧਿਰ ਨਾਲ ਜੁੜੇ ਲੋਕ ਵਾਰ-ਵਾਰ ਘੱਟ ਗਿਣਤੀਆਂ ਨੂੰ ਨਿਸ਼ਾਨੇ ਉਤੇ ਨਾ ਰੱਖਦੇ ਅਤੇ ਫਿਰਕੂ ਤਣਾਅ ਪੈਦਾ ਕਰਨ ਦੀ ਥਾਂ ਸਦਭਾਵ ਵਧਾਉਣ ਲਈ ਉਚੇਚ ਕਰਦੇ। ਬਹੁਤਾ ਦੂਰ ਜਾਣ ਦੀ ਲੋੜ ਨਹੀਂ, ਹਾਲ ਹੀ ਵਿਚ ਆਜ਼ਾਦੀ ਦਿਵਸ ਮੌਕੇ ਉਤਰ ਪ੍ਰਦੇਸ਼ ਦੀ ਸਰਕਾਰ ਵੱਲੋਂ ਮਦਰੱਸਿਆਂ ਬਾਰੇ ਜਾਰੀ ਕੀਤੇ ਫਰਮਾਨ ਤੋਂ ਹੀ ਇਸ ਲਾਣੇ ਦੀ ਪਹੁੰਚ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਸੂਬੇ ਵਿਚ ਇਸ ਵੇਲੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਆਰ.ਐਸ.ਐਸ. ਦਾ ਪਸੰਦੀਦਾ ਆਗੂ ਹੈ। ਉਸ ਨੂੰ ਤਾਂ ਕੁਝ ਲੋਕ ਸਗੋਂ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਤਕੜਾ ਉਮੀਦਵਾਰ ਵੀ ਦੱਸ ਰਹੇ ਹਨ। ਉਸ ਦੀ ਯੋਗਤਾ ਸਿਰਫ ਇਹੀ ਹੈ ਕਿ ਉਹ ਆਰ.ਐਸ.ਐਸ. ਵਾਲਾ ਏਜੰਡਾ ਬੜੀ ਤੇਜ਼ੀ ਨਾਲ ਲਾਗੂ ਕਰ ਰਿਹਾ ਹੈ। ਮਦਰੱਸਿਆਂ ਦੇ ਪ੍ਰਬੰਧਕਾਂ ਨੂੰ ਦੇਸ਼ ਭਗਤੀ ਸਾਬਤ ਕਰਨ ਲਈ ਜਾਰੀ ਕੀਤੇ ਫਰਮਾਨ ਘੱਟ ਗਿਣਤੀਆਂ ਨੂੰ ਸ਼ਿਸ਼ਕੇਰ ਕੇ ਖੂੰਜੇ ਲਾਉਣ ਦੀ ਕਵਾਇਦ ਦਾ ਹੀ ਹਿੱਸਾ ਹਨ। ਸੁਪਰੀਮ ਕੋਰਟ ਦੇ ਤੀਹਰੇ ਤਲਾਕ ਦੇ ਫੈਸਲੇ ਨੂੰ ਇਸ ਰੋਸ਼ਨੀ ਵਿਚ ਪੜ੍ਹਨ-ਗੁੜ੍ਹਨ ਦੀ ਜ਼ਰੂਰਤ ਇਸ ਕਰ ਕੇ ਵੀ ਹੈ ਕਿਉਂਕਿ ਆਰ.ਐਸ.ਐਸ. ਅਤੇ ਭਾਰਤੀ ਜਨਤਾ ਪਾਰਟੀ ਦੇ ਸੱਤਾ ਵਿਚ ਹੋਣ ਕਾਰਨ ਬਹੁਤ ਸਾਰੀਆਂ ਤਾਕਤਾਂ ਇਨ੍ਹਾਂ ਧਿਰਾਂ ਦੇ ਹੱਥਾਂ ਵਿਚ ਸਿਮਟ ਗਈਆਂ ਹਨ ਜਿਨ੍ਹਾਂ ਦੀ ਵਰਤੋਂ ਇਹ ਬਹੁਤ ਚਲਾਕੀ ਨਾਲ ਘੱਟ ਗਿਣਤੀਆਂ ਦੇ ਖਿਲਾਫ ਕਰ ਰਹੀਆਂ ਹਨ। ਇਸੇ ਕਰ ਕੇ ਸੂਝਵਾਨ ਧਿਰਾਂ ਨੂੰ ਹੁਣ ਚਾਹੀਦਾ ਹੈ ਕਿ ਇਸ ਬਾਰੇ ਆਵਾਮ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਇਹ ਪੈਂਡਾ ਬਹੁਤ ਬਿਖੜਾ ਹੈ, ਕਿਉਂਕਿ ਪ੍ਰਚਾਰ ਦੇ ਤਕਰੀਬਨ ਹਰ ਸਾਧਨ ਉਤੇ ਹੁਣ ਇਨ੍ਹਾਂ ਧਿਰਾਂ ਦਾ ਕਬਜ਼ਾ ਹੈ। ਆਉਣ ਵਾਲੇ ਸਮੇਂ ਵਿਚ ਮੁਲਕ ਦੀਆਂ ਸੰਜੀਦਾ ਧਿਰਾਂ, ਕੱਟੜਪੰਥੀਆਂ ਖਿਲਾਫ ਕਿੰਨਾ ਕੁ ਸਫਲ ਹੁੰਦੀਆਂ ਹਨ, ਇਹ ਸਭ ਕੁਝ ਇਨ੍ਹਾਂ ਦੀ ਇਕਜੁੱਟਤਾ ਅਤੇ ਸਾਰੇ ਮਾਮਲਿਆਂ ਨੂੰ ਸਹੀ ਪ੍ਰਸੰਗ ਵਿਚ ਸਮਝਣ ਨਾਲ ਹੀ ਸੰਭਵ ਹੋ ਸਕੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਅੱਤ ਤੇ ਖੁਦਾ ਦਾ ਵੈਰ

ਆਮ ਲੋਕਾਂ ਲਈ ਕਾਨੂੰਨ-ਕਾਇਦੇ, ਡੇਰਾ ਸਭ ਦੀਆਂ ਫੱਕੀਆਂ ਉਡਾਈ ਜਾਂਦਾ।
ਅੱਗੇ ਲਾ ਕੇ ਆਪਣੇ ਚੇਲਿਆਂ ਨੂੰ, ਘੱਟਾ ਅੱਖੀਂ ਸਰਕਾਰ ਦੇ ਪਾਈ ਜਾਂਦਾ।
ਵੋਟਾਂ ਖਾਤਰ ਨੇਤਾ ਜਦ ਲਾਉਣ ਗੇੜੇ, ਸ਼ਰਤਾਂ ਲਾ ਕੇ ਧੂਣੀ ਰਮਾਈ ਜਾਂਦਾ।
ਗੱਲ ਲੱਖਾਂ ਦੀ ਇਕੋ ਸੁਣਾ ਦੇਈਏ, ਜਦੋਂ ਵਕਤ ਸੁਵੱਲੜੇ ਆਂਵਦੇ ਨੇ,
ਹਾਂਡੀ ਕਾਠ ਦੀ ਹਰ ਵਾਰ ਨਹੀਂ ਚੜ੍ਹਦੀ, ਸਾਡੇ ਪੁਰਖੇ ਇਹੀ ਫਰਮਾਂਵਦੇ ਨੇ।
ਅੱਤ ਅਤੇ ਖੁਦਾ ਦਾ ਵੈਰ ਹੁੰਦਾ, ਲੋਕ ਕਵੀ ਵੀ ਨਿੱਤ ਪਏ ਗਾਂਵਦੇ ਨੇ।

# ਵਿਕਾਸਤੰਤਰ ਜਾਂ ਖੈਰਾਤਤੰਤਰ!

***ਭਾਰਤ ਦਾ ਪ੍ਰਸ਼ਾਸਨ ਸਿਆਸੀ ਲੀਡਰਾਂ ਦੀਆਂ ਇੱਛਾਵਾਂ ਅੱਗੇ ਗੋਡਿਆਂ ਪਰਨੇ ਹੋਇਆ ਪਿਆ ਹੈ। ਸਮੁੱਚੇ ਸਿਸਟਮ ਅਤੇ ਆਮ ਲੋਕਾਂ ਵਿਚਕਾਰ ਕਿਤੇ ਕੋਈ ਤਾਲਮੇਲ ਨਹੀਂ। ਤਾਲਮੇਲ ਦੀ ਤਾਂ ਗੱਲ ਹੀ ਛੱਡੋ, ਆਮ ਬੰਦੇ ਦਾ ਪ੍ਰਸ਼ਾਸਨ ਅੰਦਰ ਕਿਤੇ ਪੈਰ-ਧਰਾਵਾ ਹੀ ਨਹੀਂ ਹੈ, ਸਭ ਕੁਝ ਸਿਆਸੀ ਆਗੂਆਂ ਨੇ ਅਗਵਾ ਕਰ ਲਿਆ ਹੋਇਆ ਹੈ। ਦਰਅਸਲ, ਸਿਆਸੀਤੰਤਰ ਨੇ ਸਮੁੱਚੇ ਤੰਤਰ ਨੂੰ ਨਕਾਰਾ ਕਰ ਕੇ ਰੱਖ ਦਿੱਤਾ ਹੈ। ਇਸ ਸਾਰੇ ਹਾਲਾਤ ਬਾਰੇ ਸੀਨੀਅਰ ਪੱਤਰਕਾਰ ਨਿਰਮਲ ਸੰਧੂ ਨੇ ਆਪਣੇ ਇਸ ਲੇਖ ਵਿਚ ਬੜੀ ਫੱਬਵੀਂ ਟਿੱਪਣੀ ਕੀਤੀ ਹੈ। -ਸੰਪਾਦਕ***

ਅਸੀਂ ਠੋਕ-ਵਜਾ ਕੇ ਸਿੱਧ ਕਰ ਚੁੱਕੇ ਹਾਂ ਕਿ ਅਸੀਂ ਕਿਸੇ ਵੀ ਮੁੱਦੇ ਉਤੇ ਅਰਥ ਭਰਪੂਰ ਅਤੇ ਸਭਿਅਕ ਬਹਿਸ ਨਹੀਂ ਕਰ ਸਕਦੇ; ਭਾਵੇਂ ਇਹ ਸੰਸਦ ਵਿਚ ਹੋਵੇ, ਟੀ.ਵੀ. ਸਟੂਡੀਓ ਜਾਂ ਜਨਤਕ ਮੰਚ ਹੋਵੇ। ਸਾਨੂੰ ਫ਼ੈਸਲਾ ਕਰਨ ਦੀ ਲੋੜ ਹੈ- ਕੀ ਸਰਕਾਰ ਦਾ ਆਕਾਰ ਘਟਾਉਣ ਦੀ ਜ਼ਰੂਰਤ ਹੈ? ਪ੍ਰਸ਼ਾਸਨਿਕ ਸੁਧਾਰਾਂ, ਆਪਣੇ-ਆਪ ਪ੍ਰਵਾਨਗੀਆਂ ਅਤੇ ਤਕਨਾਲੋਜੀ ਦੀ ਉਪਲਬਧਤਾ ਦੇ ਬਾਵਜੂਦ ਲੰਡੇ ਸਾਨ੍ਹ ਵਾਂਗ ਪਸਰੀ ਸਰਕਾਰ, ਜਿਸ ਦਾ ਹਰ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਨਾਲ ਖ਼ਰਚਾ ਵਧ ਜਾਂਦਾ ਹੈ, ਗਲ ਪਿਆ ਢੋਲ ਬਣ ਗਈ ਹੈ।

ਸਿਆਸਤਦਾਨਾਂ ਨੂੰ ਵੱਡ-ਆਕਾਰੀ ਸਰਕਾਰ ਦੀ ਲੋੜ ਹੁੰਦੀ ਹੈ ਤਾਂ ਜੋ ਹਰ ਵਫ਼ਾਦਾਰ ਨੂੰ ਖੁਸ਼ ਕਰਨ ਲਈ ਕਿਸੇ ਖੱਲ-ਖੂੰਜੇ ਵਿਚ ਬੰਨ੍ਹਿਆ ਜਾ ਸਕੇ। ਇਨ੍ਹਾਂ ਨੂੰ ਪ੍ਰਸ਼ਾਸਨਿਕ ਵੱਢ ਵਿਚੋਂ ਕੱਢਣ

**ਨਿਰਮਲ ਸੰਧੂ**

ਲਈ ਕੋਈ ਹੀਲਾ ਨਹੀਂ ਕੀਤਾ ਜਾਂਦਾ। ਅਮਰੀਕੀ ਰਿਪਬਲਿਕਨ ਪਾਰਟੀ ਦਾ ਘੱਟੋ-ਘੱਟ ਸ਼ਾਸਨ ਅਤੇ ਘੱਟ ਟੈਕਸਾਂ ਵਿਚ ਵਿਸ਼ਵਾਸ ਹੈ ਜਿਸ ਵਿਚ ਇਕ ਵਾਰ ਨਰੇਂਦਰ ਮੋਦੀ ਵੱਲੋਂ ਵੀ ਭਰੋਸਾ ਜਤਾਇਆ ਗਿਆ ਸੀ। ਡੈਮੋਕਰੈਟਿਕ ਪਾਰਟੀ ਜੋ ਆਪ ਮੋਟੇ ਤੌਰ 'ਤੇ ਅਜਿਹੀਆਂ ਹੀ ਆਰਥਿਕ ਨੀਤੀਆਂ ਅਪਣਾਉਂਦੀ ਆਈ ਹੈ, ਵੱਲੋਂ ਕਿਰਤੀ ਜਮਾਤ ਅਤੇ ਪਰਵਾਸੀਆਂ ਦੀ ਮਾਂ ਵਾਂਗ ਸੰਭਾਲ ਕੀਤੀ ਜਾਂਦੀ ਹੈ। ਭਾਰਤ ਵਿਚ ਰਾਜਸੀ ਪਾਰਟੀਆਂ ਕੋਲ ਘੱਟ ਜਾਂ ਵੱਧ ਸ਼ਾਸਨ ਬਾਰੇ ਕੋਈ ਵਿਚਾਰਧਾਰਕ ਪ੍ਰਤੀਬੱਧਤਾ ਨਹੀਂ ਹੈ। ਉਨ੍ਹਾਂ ਵੱਲੋਂ ਸਰਕਾਰੀ ਸ਼ਾਸਨ ਨੂੰ ਕਾਨੂੰਨੀ ਲਾਲ ਲੀਕ ਤੋਂ ਵੀ ਅਗਾਂਹ ਖਿੱਚਣ ਦਾ ਯਤਨ ਕੀਤਾ ਜਾਂਦਾ ਹੈ।

ਸੋਵੀਅਤ ਸੰਘ ਖਿੰਡਣ ਅਤੇ ਸਮਾਜਵਾਦੀ ਪੰਧ ਤੋਂ ਕਿਨਾਰਾ ਕਰਨ ਬਾਅਦ ਘੱਟ ਸ਼ਾਸਨ ਵਾਲੇ ਪੱਛਮੀ ਮਾਡਲ ਨੂੰ ਤਰਜੀਹ ਦਿੱਤੀ ਗਈ ਸੀ। ਕੈਨੇਡਾ ਦੇ ਪੰਜਾਬੀ ਮੰਤਰੀ ਪੰਜਾਬ ਵਿਚ ਆਮ ਨਾਗਰਿਕਾਂ ਵਾਂਗ ਵਿਚਰਦੇ ਹਨ। ਉਹ ਪੰਜਾਬ ਵਿਚ ਮੰਤਰੀਆਂ ਦਾ ਲਾਮ-ਲਸ਼ਕਰ ਦੇਖ ਕੇ ਹੱਕੇ-ਬੱਕੇ ਰਹਿ ਜਾਂਦੇ ਹਨ ਅਤੇ ਸ਼ਾਸਨ ਦਾ ਨੀਵਾਂ ਪੱਧਰ ਦੇਖ ਕੇ ਭੈਅਭੀਤ ਹੁੰਦੇ ਹਨ। ਭਾਰਤ ਵਿਚ ਅਸੀਂ ਬੇਲੋੜੀਆਂ ਚੀਜ਼ਾਂ ਉਤੇ ਵਸੀਲੇ ਖ਼ਰਾਬ ਕਰਦੇ ਹਾਂ। ਅਸੀਂ ਆਸ ਕਰਦੇ ਹਾਂ ਕਿ ਸਰਕਾਰ ਹੀ ਸਾਰਾ ਕੁਝ ਕਰੇਗੀ ਅਤੇ ਜੋ ਕੰਮ ਨਹੀਂ ਹੁੰਦਾ, ਉਸ ਦਾ ਵੀ ਜ਼ਿੰਮਾ ਲਵੇ। ਇਕ ਮੁਲਕ ਵਜੋਂ ਸਾਡੇ ਟੈਕਸਾਂ ਦਾ ਪੈਸਾ ਕਿਵੇਂ ਖ਼ਰਚਿਆ ਜਾਂਦਾ ਹੈ, ਅਸੀਂ ਬਹੁਤ ਘੱਟ ਗ਼ੌਰ ਕਰਦੇ ਹਾਂ।

ਖੇਤੀਬਾੜੀ ਤੇ ਵਪਾਰ ਸਮੇਤ ਹਰ ਖੇਤਰ ਵਿਚ ਸਰਕਾਰ ਦੇ ਬਹੁਤ ਜ਼ਿਆਦਾ ਦਖ਼ਲ ਬਾਅਦ ਕਿਸਾਨਾਂ ਤੇ ਕਾਰੋਬਾਰੀਆਂ ਵੱਲੋਂ ਰਿਆਇਤਾਂ ਮੰਗਣੀਆਂ ਸੁਭਾਵਿਕ ਹਨ ਅਤੇ ਜੇ ਬਾਜ਼ੀ ਪੁੱਠੀ ਪੈਂਦੀ ਹੈ ਤਾਂ ਕਰਜ਼ਾ ਮੁਆਫ਼ੀ ਮੰਗਣਾ ਅਧਿਕਾਰ ਬਣ ਜਾਂਦਾ ਹੈ। ਰੱਖਿਆਵਾਦੀ ਨੀਤੀਆਂ ਨੇ ਲੋਕਾਂ 'ਚੋਂ ਅਣਖ, ਉਦਮੀ ਜੋਸ਼, ਆਪਣੇ ਕਦਮਾਂ ਦੀ ਜ਼ਿੰਮੇਵਾਰੀ ਲੈਣ ਅਤੇ ਜੋਖ਼ਮ ਲੈਣ ਦੀ ਇੱਛਾ ਸ਼ਕਤੀ ਮਾਰ ਦਿੱਤੀ ਹੈ। ਅਸੀਂ ਨਾਕਾਮੀਆਂ ਤੋਂ ਭੱਜਦੇ ਹਾਂ ਅਤੇ ਜੇ ਸਾਡਾ ਕੋਈ ਫ਼ੈਸਲਾ ਪੁੱਠਾ ਪੈਂਦਾ ਹੈ ਤਾਂ ਸਰਕਾਰ ਤੋਂ ਬਚਾਅ ਦੀ ਆਸ ਰੱਖਦੇ ਹਾਂ। ਸਿਆਸਤਦਾਨ ਵੀ ਚੋਣਾਂ ਦੇ ਮੱਦੇਨਜ਼ਰ ਹਰ ਵਰਗ ਨੂੰ ਖ਼ੁਸ਼ ਕਰਨ ਲਈ ਕਿਸੇ ਵੀ ਹੱਦ ਤਕ ਜਾਂਦੇ ਹਨ, ਜਿਸ ਨਾਲ ਗ਼ੈਰ-ਤਰਕਸੰਗਤ ਮੰਗਾਂ ਵਧਦੀਆਂ ਹਨ। ਅਸੀਂ ਅਜਿਹੇ ਰਾਜਸੀ ਆਗੂਆਂ ਦੇ ਹੀ ਲਾਇਕ ਹਾਂ ਜੋ ਅੱਜ ਸਾਡੇ ਕੋਲ ਹਨ।

ਐਥੇ ਸਮੇਂ ਨਾਗਰਿਕਾਂ ਦੀ ਬਾਂਹ ਫੜਨਾ ਜਮਹੂਰੀ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ। ਸਮਾਜਿਕ ਸੁਰੱਖਿਆ ਘੇਰਾ ਮੁਹੱਈਆ ਕਰਾਉਣਾ ਕਲਿਆਣਕਾਰੀ ਰਾਜ ਦਾ ਨਿਸ਼ਾਨਾ ਹੁੰਦਾ ਹੈ। ਸਾਡੇ ਮੁਲਕ ਵਿਚ ਇਕ ਵੀ ਜ਼ਿਕਰਯੋਗ ਸਮਾਜਿਕ ਸੁਰੱਖਿਆ ਯੋਜਨਾ ਨਹੀਂ ਹੈ। ਭਲਾਈ ਦਾ ਵਿਸ਼ਾ ਹਾਸੋ-ਹੀਣੇ ਪੱਧਰ ਤਕ ਪਹੁੰਚ ਗਿਆ ਹੈ। ਅਜਿਹੇ ਸਿਆਸਤਦਾਨਾਂ ਦਾ ਮੁੱਖ ਮਕਸਦ ਸੱਤਾ ਹਾਸਲ ਕਰਨਾ ਤੇ ਇਸ ਨੂੰ ਹਰ ਹਾਲ ਬਰਕਰਾਰ ਰੱਖਣਾ ਹੈ। ਇਸ ਲਈ ਜਦੋਂ ਉਹ ਵੋਟਾਂ ਲਈ ਪੱਲਾ ਅੱਡਦੇ ਹਨ ਤਾਂ ਹਰ ਤਰ੍ਹਾਂ ਦੇ ਵਾਅਦੇ ਕਰਦੇ ਹਨ ਅਤੇ ਉਹੀ ਕੁਝ ਮੁੱਖੋਂ ਫਰਮਾਉਂਦੇ ਹਨ ਜੋ ਵੋਟਰ ਸੁਣਨਾ ਚਾਹੁੰਦੇ ਹਨ। ਆਪਣਾ ਭਰੋਸਾ ਬਣਾਈ ਰੱਖਣ ਲਈ ਕਈ ਵਾਰ ਉਹ ਵਾਅਦੇ ਪੂਰੇ ਵੀ ਕਰਦੇ ਹਨ।

ਜੇ ਸੀਮਤ ਸਾਧਨ ਇਸ ਜਾਂ ਉਸ ਵਰਗ ਨੂੰ ਖ਼ੁਸ਼ ਕਰਨ ਵਾਸਤੇ ਵਰਤੇ ਜਾਣ ਤਾਂ ਇਸ ਨਾਲ ਸ਼ਾਸਨ ਦਾ ਮਿਆਰ ਮੂੰਹ ਪਰਨੇ ਡਿੱਗਣ ਤੋਂ ਇਲਾਵਾ ਸਿਹਤ ਤੇ ਸਿੱਖਿਆ ਸਹੂਲਤਾਂ, ਅਦਾਰਿਆਂ ਦੀ ਕੰਮ-ਕਾਜੀ ਸਮਰੱਥਾ ਅਤੇ ਕੁੱਲ ਮਿਲਾ ਕੇ ਜਨਤਾ ਦੀ ਭਲਾਈ ਅਸਰਅੰਦਾਜ਼ ਹੁੰਦੀ ਹੈ ਜਿਵੇਂ ਪੰਜਾਬ ਵਿਚ ਹੋਇਆ ਹੈ। ਖ਼ਾਲੀ ਖ਼ਜ਼ਾਨੇ ਦੇ ਸਾਹਸ ਤੋੜਨ ਵਾਲੇ ਪ੍ਰਭਾਵ ਪੈਂਦੇ ਹਨ ਅਤੇ ਡੁੱਬੇ ਕਰਜ਼ਿਆਂ ਦੀ ਭਾਰੀ ਪੰਡ ਅਗਲੀ ਪੀੜ੍ਹੀ ਦੀ ਧੌਣ ਵਿਚ ਵਲ ਪਾਉਂਦੀ ਹੈ।

ਮਰਹੂਮ ਮੁੱਖ ਮੰਤਰੀ ਜੈਲਲਿਤਾ ਨੇ ਆਪਣੇ ਲਾਹੇ ਲਈ ਸਫ਼ਲਤਾਪੂਰਵਕ ਕਲਿਆਣਕਾਰੀ ਸਿਆਸਤ ਖੇਡੀ। ਜਿਸ ਗੱਲ ਨੇ ਤਾਮਿਲ ਨਾਡੂ ਨੂੰ ਪੰਜਾਬ ਵਾਂਗ ਦਿਵਾਲੀਆ ਹੋਣ ਤੋਂ ਬਚਾਇਆ, ਉਹ ਸੀ ਆਰਥਿਕਤਾ ਦੇ ਮੁਕੰਮਲ ਵਿਸਥਾਰ ਅਤੇ ਨਿਪੁੰਨਤਾ ਨਾਲ ਸੇਵਾਵਾਂ ਦੇਣਾ। ਤਾਮਿਲ ਨਾਡੂ ਨੂੰ ਭਾਵੇਂ 'ਭਾਰਤ ਵਿਚ ਅੱਵਲ ਨੰਬਰ ਭ੍ਰਿਸ਼ਟ ਸੂਬਾ' ਮੰਨਿਆ ਜਾਂਦਾ ਹੈ, ਪਰ ਜੈਲਲਿਤਾ ਨੇ ਯਕੀਨੀ ਬਣਾਇਆ ਕਿ ਮੁਫ਼ਤ ਯੋਜਨਾਵਾਂ ਦਾ ਲਾਭ ਲੋੜਵੰਦਾਂ ਤਕ ਜ਼ਰੂਰ ਪਹੁੰਚੇ।

ਜੇ ਮੁਫ਼ਤ ਬਿਜਲੀ ਨਾਲ ਬਾਦਲ ਲਿਸ਼ਕ ਤੇ ਗੜ੍ਹਕ ਕੇ ਚੋਣਾਂ ਵਿਚ ਵਿਰੋਧੀਆਂ ਦੀ ਗੋਡਣੀ ਲਵਾ ਸਕਦੇ ਹਨ ਤਾਂ ਉਹ ਵਾਅਦੇ ਪੂਰੇ ਕਰਨ ਲਈ ਸਰਕਾਰੀ ਖ਼ਜ਼ਾਨੇ ਨੂੰ ਖੁੰਗਲ ਕਰਨ ਅਤੇ ਕਰਜ਼ੇ ਉਤੇ ਕਰਜ਼ਾ ਚੁੱਕਣ ਵਿਚ ਭੋਰਾ ਵੀ ਗੁਰੇਜ਼ ਨਹੀਂ ਕਰਨਗੇ। ਇਹ ਰਵਾਇਤ ਹਰ ਸਿਆਸੀ ਵਿਰੋਧੀ ਨੂੰ ਅਜਿਹਾ ਕਰਨ ਲਈ ਮਜਬੂਰ ਕਰੇਗੀ। ਲੋਕਾਂ ਨੂੰ ਖ਼ੁਸ਼ ਕਰਨ ਦੀ ਮੁਕਾਬਲੇਬਾਜ਼ੀ ਨੇ ਪੰਜਾਬ ਦੀਆਂ ਜੜ੍ਹਾਂ ਖੁੰਢ ਦਿੱਤੀਆਂ ਹਨ। ਵਿਰਾਸਤ ਵਿਚ ਮਿਲੇ ਖ਼ਾਲੀ ਖ਼ਜ਼ਾਨੇ ਕਾਰਨ ਹੁਣ ਕੈਪਟਨ ਅਮਰਿੰਦਰ ਸਿੰਘ ਨੂੰ ਕੁਝ ਨਹੀਂ ਸੁਝ ਰਿਹਾ ਕਿ ਉਸ ਵੱਲੋਂ ਚੋਣਾਂ ਵੇਲੇ ਕੀਤੇ ਬੇਸ਼ੁਮਾਰ ਵਾਅਦੇ ਪੂਰੇ ਕਰਨ ਦਾ ਕਾਰਜ ਕਿਸ ਪਾਸਿਓਂ ਵਿੱਢਿਆ ਜਾਵੇ। ਅਮਰੀਕੀ ਪੱਤਰਕਾਰ ਪੀ.ਜੇ. ਓਰੂਕ ਦੇ ਸ਼ਬਦਾਂ ਨੂੰ ਦਿਮਾਗ ਵਿਚ ਰੱਖਣਾ ਚਾਹੀਦਾ ਹੈ- 'ਜਦੋਂ ਕੋਈ ਸਿਆਸਤਦਾਨ ਆਪਣੇ-ਆਪ ਨੂੰ ਦਰਦਮੰਦ ਅਤੇ ਸੰਵੇਦਨਸ਼ੀਲ ਇਨਸਾਨ ਵਜੋਂ ਪੇਸ਼ ਕਰਦਾ ਹੈ, ਕਿਉਂਕਿ ਉਹ ਸਰਕਾਰ ਦੇ ਲੋਕ ਭਲਾਈ ਪ੍ਰੋਗਰਾਮਾਂ ਦਾ ਵਿਸਥਾਰ ਕਰਨਾ ਚਾਹੁੰਦਾ ਹੈ, ਤਾਂ ਅਸਲ ਵਿਚ ਉਹ ਕਹਿ ਰਿਹਾ ਹੁੰਦਾ ਹੈ ਕਿ ਉਹ ਹੋਰ ਲੋਕਾਂ ਦੇ ਧਨ ਨਾਲ ਚੰਗਾ ਕਰਨ ਦੀ ਇੱਛਾ ਰੱਖਦਾ ਹੈ'।

ਹਾਲ ਹੀ ਵਿਚ 'ਜਨ ਧਨ' ਨਾਲ ਆਪਣਾ ਜਨਤਕ ਅਕਸ ਸੰਵਾਰਨ ਵਾਲਿਆਂ ਵਿਚ ਨਰੇਂਦਰ ਮੋਦੀ ਸ਼ਾਮਲ ਹੋਇਆ ਹੈ। ਜੇ ਉਹ ਉਤਰ ਪ੍ਰਦੇਸ਼ ਵਿਚ ਫਿਰਕੂ ਸਿਆਸਤ ਦਾ ਪੱਤਾ ਖੇਡਣ ਤੋਂ ਇਲਾਵਾ ਮੁਫ਼ਤ ਗੈਸ ਸਿਲੰਡਰਾਂ ਦੀ ਪੇਸ਼ਕਸ਼ ਕਰ ਕੇ ਚੋਣ ਜਿੱਤ ਸਕਦਾ ਹੈ ਤਾਂ ਉਹ ਹਰ ਸੂਬੇ ਵਿਚ ਆਗਾਮੀ ਚੋਣਾਂ ਸਮੇਂ ਅਜਿਹਾ ਹੀ ਕਰੇਗਾ। ਇਸ ਬਾਅਦ ਉਸ ਕੋਲ ਮੱਧ ਵਰਗ ਦੀ ਗੈਸ ਸਬਸਿਡੀ ਖੋਹਣ ਅਤੇ ਪੈਟਰੋਲ ਤੇ ਡੀਜ਼ਲ ਉਤੇ ਟੈਕਸ ਵਧਾਉਣ ਦਾ ਆਧਾਰ ਵੀ ਹੋਵੇਗਾ ਤੇ ਅਧਿਕਾਰ ਵੀ।

ਜੇ ਖ਼ੈਰਾਤ ਵਾਲਾ ਸਭਿਆਚਾਰ ਬਰਕਰਾਰ ਰੱਖਣਾ ਹੈ, ਜੋ ਲੋੜਵੰਦਾਂ ਨਾਲੋਂ ਸਿਆਸਤਦਾਨਾਂ ਦੀ ਵੱਧ ਮਦਦ ਕਰਦਾ ਹੈ, ਤਾਂ ਸਰਦੇ-ਪੁੱਜਦੇ ਵਰਗਾਂ ਨੂੰ ਕੁਰਬਾਨੀਆਂ ਦੇਣੀਆਂ ਹੀ ਪੈਣਗੀਆਂ। ਇਸ ਤੋਂ ਬਾਅਦ ਵਿਚ ਸਰਕਾਰੀ ਕਰਾਂ ਜਾਂ ਕਰਜ਼ਾ ਵਧਣ ਬਾਰੇ ਰੋਣਾ ਨਹੀਂ ਰੋਇਆ ਜਾ ਸਕਦਾ। ਸਾਨੂੰ ਇਸ ਬਹਿਸ ਨੂੰ ਸਿਰੇ ਲਾਉਣ ਦੀ ਲੋੜ ਹੈ ਕਿ ਕੀ 'ਗਰੀਬ ਪੱਖੀ' ਸਿਆਸਤ ਨਾਲ ਦੇਸ਼ ਦਾ ਕੁਝ ਸੰਵਰ ਰਿਹਾ ਹੈ ਜਾਂ ਨਹੀਂ? ਕੀ ਅਸੀਂ ਅੱਖਾਂ ਮੁੰਦ ਕੇ ਉਨ੍ਹਾਂ ਯੋਜਨਾਵਾਂ ਲਈ ਫੰਡ ਨਹੀਂ ਦੇ ਰਹੇ, ਜਿਨ੍ਹਾਂ ਸਹਾਰੇ ਭ੍ਰਿਸ਼ਟ ਘੱਟ ਰਹੇ ਹਨ ਅਤੇ ਸਿਆਸਤਦਾਨ ਆਪਣੇ ਆਪ ਨੂੰ ਚਮਕਾ ਰਹੇ ਹਨ? ਜਾਂ ਅਸੀਂ ਸਰਕਾਰ ਨੂੰ ਸਾਡੀ ਪਿੱਠ ਤੋਂ ਹੱਥ ਚੁੱਕਣ ਅਤੇ ਪੁੱਜਤ ਮੁਤਾਬਕ ਘੱਟ ਤੋਂ ਘੱਟ ਮਦਦ ਕਰਨ ਲਈ ਕਹਿਣਾ ਚਾਹੁੰਦੇ ਹਾਂ?

ਜੇ ਅਸੀਂ ਸਰਕਾਰ ਵੱਲੋਂ ਹੋਟਲ, ਏਅਰਲਾਈਨਜ਼ ਅਤੇ ਬੈਂਕ ਚਲਾਏ ਜਾਣਾ ਪ੍ਰਵਾਨ ਕਰਦੇ ਹਾਂ, ਜੋ ਸਿਆਸੀ ਦਖ਼ਲ, ਭ੍ਰਿਸ਼ਟਾਚਾਰ ਤੇ ਪੇਸ਼ੇਵਰ ਕੰਮ ਸਭਿਆਚਾਰ ਦੀ ਘਾਟ ਕਾਰਨ ਲਗਾਤਾਰ ਘਾਟੇ 'ਤੇ ਜਾ ਰਹੇ ਹਨ, ਜਾਂ ਇਨ੍ਹਾਂ ਘਾਟੇ ਵਾਲੇ ਅਦਾਰਿਆਂ ਜਾਂ ਡੁੱਬੇ ਕਾਰੋਬਾਰਾਂ ਨੂੰ ਵਿੱਤੀ ਸਹਾਰੇ ਨੂੰ ਮਾਨਤਾ ਦਿੰਦੇ ਹਾਂ ਤਾਂ ਸਾਨੂੰ ਉਹ ਸਾਰੇ ਟੈਕਸ ਖਿੜੇ ਮੱਥੇ ਅਦਾ ਕਰਨੇ ਚਾਹੀਦੇ ਹਨ ਜੋ ਸਾਥੋਂ ਮੰਗੇ ਜਾਂਦੇ ਹਨ।

ਸਿੱਖਿਆ, ਸਿਹਤ ਸੰਭਾਲ, ਮੁਢਲਾ ਢਾਂਚਾ ਸਮੇਤ ਹੋਰ ਵਿਕਾਸ ਕਾਰਜਾਂ ਤੋਂ ਵੱਡੇ ਪੱਧਰ ਉਤੇ ਫੰਡ ਤਬਦੀਲ ਕੀਤੇ ਜਾਣ ਕਾਰਨ ਕਈ ਵਰਗਾਂ ਵਿਚ ਨਾਖ਼ੁਸ਼ੀ ਵਧ ਰਹੀ ਹੈ। ਯੂ.ਪੀ. ਦੇ ਇਕ ਹਸਪਤਾਲ ਵਿਚ ਆਕਸੀਜਨ ਦੀ ਘਾਟ ਕਾਰਨ ਬੱਚੇ ਮਰ ਰਹੇ ਹਨ, ਜਿਸ ਤੋਂ ਮੁਲਕ ਵਿਚ ਸਿਹਤ ਸੰਭਾਲ ਦੀ ਅਸਲ ਹਾਲਤ ਬਾਰੇ ਪਤਾ ਲੱਗਦਾ ਹੈ। ਮਹਾਰਾਸ਼ਟਰ ਵਿਚ ਮਰਾਠਾ ਮਾਰਚ, ਹਰਿਆਣਾ ਵਿਚ ਜਾਟ ਰਾਖਵਾਂਕਰਨ ਅੰਦੋਲਨ, ਗੁਜਰਾਤ ਦੀਆਂ ਗਲੀਆਂ ਵਿਚ ਗਰਜਦੇ ਪਾਟੀਦਾਰ ਅਤੇ ਪੰਜਾਬ ਦੇ ਕਿਸਾਨਾਂ ਵਿਚ ਬੇਚੈਨੀ ਅਤੇ ਹੋਰ ਥਾਈਂ ਵੀ ਅਸ਼ਾਂਤੀ ਇਹੋ ਕੁਝ ਦਰਸਾਉਂਦੀ ਹੈ ਕਿ ਆਰਥਿਕ ਇੱਛਾਵਾਂ ਅਣਸੁਲਝੀਆਂ ਪਈਆਂ ਹਨ। ਖੇਤੀਬਾੜੀ ਵਿਚ ਲਾਇਆ ਜਾਣ ਵਾਲਾ ਧਨ ਲੋਕਾਂ ਨੂੰ ਖ਼ੁਸ਼ ਕਰਨ ਵਾਸਤੇ ਵਰਤਿਆ ਜਾਣਾ ਵੀ ਅਜਿਹੀ ਸਥਿਤੀ ਲਈ ਇਕ ਹੱਦ ਤਕ ਜ਼ਿੰਮੇਵਾਰ ਹੈ।

ਇਸ ਵਾਂਝੇਕਰਨ ਤੋਂ ਮੁਕਤੀ ਲਈ ਦੋ ਰਸਤੇ ਹਨ। ਇਕ ਤਹਿਤ ਸਿੱਖਿਆ ਤੇ ਸਿਹਤ ਸੰਭਾਲ ਉਤੇ ਹੋਰ ਖ਼ਰਚ ਕਰਨਾ ਤਾਂ ਜੋ ਹਰ ਭਾਰਤੀ ਉਚੇ ਵਿਕਾਸ ਵਾਲੇ ਯਤਨਾਂ ਵਿਚ ਹਿੱਸਾ ਲੈਣ ਦੇ ਯੋਗ ਹੋ ਸਕੇ ਅਤੇ ਰਹਿਣ-ਸਹਿਣ ਦਾ ਪੱਧਰ ਉਪਰ ਉਠ ਸਕੇ। ਦੂਜੇ ਮਾਡਲ ਤਹਿਤ ਪਹਿਲਾਂ ਵਿਕਾਸ 'ਤੇ ਧਿਆਨ ਕੇਂਦਰਿਤ ਕਰਨਾ ਅਤੇ ਬਾਅਦ ਵਿਚ ਲਾਭ ਨੂੰ ਹੇਠਲੇ ਪੱਧਰ ਉਤੇ ਲੋਕਾਂ ਤਕ ਪਹੁੰਚਾਉਣਾ ਹੈ। ਦੂਜੇ ਮਾਡਲ ਦੇ ਕੋਈ ਉਤਸ਼ਾਹੀ ਨਤੀਜੇ ਸਾਹਮਣੇ ਨਹੀਂ ਆਏ ਹਨ। ਲੋਕਾਂ ਨੂੰ ਲੁਭਾਉਣ ਵਾਲੀ ਸਿਆਸਤ ਵਿਕਾਸ ਦੇ ਹਰ ਮਾਡਲ ਦਾ ਮੂੰਹ ਚਿੜਾਉਂਦੀ ਹੈ ਅਤੇ ਇਹੋ ਹੁਣ ਕੇਂਦਰ ਤੇ ਸੂਬਿਆਂ ਵਿਚ ਪੂਰੇ ਜ਼ੋਰ-ਸ਼ੋਰ ਨਾਲ ਅਜ਼ਮਾਈ ਜਾ ਰਹੀ ਹੈ।

ਸਾਡੇ ਕੋਲ ਵਿਸ਼ਵ ਪੱਧਰੀ ਅਰਥ ਸ਼ਾਸਤਰੀ ਸਨ, ਪਰ ਸੱਤਾ ਦੀ ਭਾਕ ਅੱਗੇ ਉਹ ਬੇਵਸ ਹੋ ਗਏ। ਯੂ.ਪੀ.ਏ. ਕੋਲ ਡਾ. ਮਨਮੋਹਨ ਸਿੰਘ, ਪੀ. ਚਿਦੰਬਰਮ, ਡਾ. ਮੌਂਟੇਕ ਸਿੰਘ ਆਹਲੂਵਾਲੀਆ ਅਤੇ ਰਘੂਰਾਮ ਰਾਜਨ ਵਰਗੀ ਵਧੀਆ ਟੀਮ ਸੀ, ਪਰ 'ਸਰਬ ਸਾਂਝੇ ਵਿਕਾਸ' ਉਤੇ ਜ਼ਿਆਦਾ ਧਿਆਨ ਕੇਂਦਰਿਤ ਕਰਨ ਅਤੇ ਚੋਣ ਜਿੱਤਣ ਵਾਲੀਆਂ ਸਿਆਸੀ ਤਰਜੀਹਾਂ ਹਾਵੀ ਹੋਣ ਕਾਰਨ ਉਨ੍ਹਾਂ ਨੂੰ ਮਨਇੱਛਤ ਸੁਧਾਰਾਂ ਲਈ ਖੁੱਲ੍ਹ ਨਹੀਂ ਦਿੱਤੀ ਗਈ।

ਜੇ ਸਰਕਾਰ ਸਭਨਾਂ ਦੀ ਪਾਲਣਹਾਰ ਅਤੇ ਸਭਨਾਂ ਨੂੰ ਸਭ ਕੁਝ ਦੇਣ ਵਾਲੀ 'ਦਾਤਾਗਿਰੀ' ਛੱਡ ਕੇ ਆਪਣੇ ਆਪ ਨੂੰ ਲੋੜੀਂਦੀ ਮਸ਼ੀਨਰੀ ਬਣਨ- ਭਾਵ ਚੁਸਤ, ਦਰੁਸਤ ਤੇ ਕਾਰਗਰ ਰਾਜ ਪ੍ਰਬੰਧ ਤਕ ਸੀਮਤ ਕਰਨ ਲਵੇ ਤਾਂ ਅਸੀਂ ਸ਼ਾਇਦ ਸਚਮੁੱਚ ਸੁੱਖ ਦਾ ਸਾਹ ਲੈ ਸਕਾਂਗੇ ਅਤੇ ਉਸ ਸਾਰੇ ਵਿੱਤੀ ਬੋਝ ਤੋਂ ਬਚ ਸਕਾਂਗੇ ਜੋ ਅੱਜ ਸਾਡੇ ਗਲ ਦੀ ਫਾਹੀ ਬਣ ਗਿਆ ਹੈ।

**ਜੇ ਸਰਕਾਰ ਸਭਨਾਂ ਦੀ ਪਾਲਣਹਾਰ ਅਤੇ ਸਭਨਾਂ ਨੂੰ ਸਭ ਕੁਝ ਦੇਣ ਵਾਲੀ 'ਦਾਤਾਗਿਰੀ' ਛੱਡ ਕੇ ਆਪਣੇ ਆਪ ਨੂੰ ਲੋੜੀਂਦੀ ਮਸ਼ੀਨਰੀ ਬਣਨ- ਭਾਵ ਚੁਸਤ, ਦਰੁਸਤ ਤੇ ਕਾਰਗਰ ਰਾਜ ਪ੍ਰਬੰਧ ਤਕ ਸੀਮਤ ਕਰਨ ਲਵੇ ਤਾਂ ਅਸੀਂ ਸ਼ਾਇਦ ਸਚਮੁੱਚ ਸੁੱਖ ਦਾ ਸਾਹ ਲੈ ਸਕਾਂਗੇ ਅਤੇ ਉਸ ਸਾਰੇ ਵਿੱਤੀ ਬੋਝ ਤੋਂ ਬਚ ਸਕਾਂਗੇ ਜੋ ਅੱਜ ਸਾਡੇ ਗਲ ਦੀ ਫਾਹੀ ਬਣ ਗਿਆ ਹੈ।**

*ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਨੇ ਪਾਰਲੀਮਾਨੀ ਪਾਰਟੀਆਂ ਨੂੰ ਕਾਰਪੋਰੇਟ ਸਰਮਾਏਦਾਰੀ ਵਲੋਂ ਕੀਤੀ ਜਾ ਰਹੀ ਫੰਡਿੰਗ ਬਾਰੇ ਅਹਿਮ ਖੁਲਾਸੇ ਕੀਤੇ ਹਨ। ਇਹ ਖੁਲਾਸੇ ਭਾਵੇਂ ਅਸਲ ਕਾਰਪੋਰੇਟ ਫੰਡਿੰਗ ਦਾ ਨਿਗੂਣਾ ਹਿੱਸਾ ਹੀ ਹਨ, ਪਰ ਇਹ ਇਸ ਕਰ ਕੇ ਵਧੇਰੇ ਅਹਿਮ ਹਨ, ਕਿਉਂਕਿ ਸੱਤਾਧਾਰੀ ਧਿਰ ਵਲੋਂ ਕਸ਼ਮੀਰੀ ਆਗੂਆਂ ਦੀ ਬਾਂਹ ਮਰੋੜਨ ਲਈ ਸਰਕਾਰੀ ਜਾਂਚ ਏਜੰਸੀਆਂ ਰਾਹੀਂ 'ਵੱਖਵਾਦ ਨੂੰ ਫੰਡਿੰਗ' ਦੇ ਨਾਂ 'ਤੇ ਛਾਪੇ ਮਰਵਾ ਕੇ ਉਨ੍ਹਾਂ ਦਾ ਅਕਸ ਵਿਗਾੜਨ ਦੀ ਚਾਲ ਖੇਡੀ ਗਈ ਹੈ। ਇਸੇ ਤਰ੍ਹਾਂ ਬਿਹਾਰ ਵਿਚ ਆਪਣੇ ਕੱਟੜ ਸਿਆਸੀ ਵਿਰੋਧੀ ਲਾਲੂ ਪ੍ਰਸਾਦ ਯਾਦਵ ਨੂੰ ਘੇਰਨ ਲਈ ਉਸ ਦੇ ਕੁਨਬੇ ਵਲੋਂ ਕੀਤੇ ਘੁਟਾਲੇ ਉਛਾਲੇ ਗਏ ਹਨ, ਪਰ ਹਾਲੀਆ ਰਿਪੋਰਟ ਨੇ ਕਾਰਪੋਰੇਟ ਸਰਮਾਏਦਾਰੀ ਤੋਂ ਲਏ ਜਾ ਰਹੇ ਬੇਨਾਮੀ ਫੰਡਾਂ ਦੇ ਤੱਥ ਨਸ਼ਰ ਕਰ ਕੇ ਭਗਵੇਂ ਬ੍ਰਿਗੇਡ ਦੇ ਬੇਦਾਗ ਸ਼ਾਸਨ ਦੇ ਦੰਭੀ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਸਭ ਜਾਣਦੇ ਹਨ ਕਿ ਕਾਲੇ ਧਨ ਦੇ ਮਹਾਂ ਘੁਟਾਲੇ ਦਾ ਮੁੱਖ ਸਰੋਤ ਕਾਰਪੋਰੇਟ ਸਰਮਾਏਦਾਰੀ ਹੈ। ਇਸ ਬਾਰੇ ਸੀਨੀਅਰ ਪੱਤਰਕਾਰ ਪੁਨਿਆ ਪ੍ਰਸੂੰਨ ਵਾਜਪਾਈ ਦਾ ਤਾਜ਼ਾ ਤਬਸਰਾ ਧਿਆਨ ਮੰਗਦਾ ਹੈ ਜਿਸ ਦਾ ਉਚੇਚਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

# ਕਾਰਪੋਰੇਟ ਫੰਡਿੰਗ ਨੇ ਬਦਲ ਦਿੱਤੀ ਸਿਆਸਤ

ਚੋਣਾਂ ਦਾ ਚਕਾਚੌਂਧ ਵਾਲਾ ਰੰਗ 2014 ਦੀਆਂ ਲੋਕ ਸਭਾ ਚੋਣਾਂ ਵਿਚ ਦਿਸਿਆ। ਸਵਾਲ ਹੈ ਕਿ ਚੋਣਾਂ ਦੇ ਇਸ ਘੜਮੱਸ ਪਿੱਛੇ ਕਾਰਪੋਰੇਟਾਂ ਦਾ ਹੀ ਪੈਸਾ ਕੰਮ ਕਰ ਰਿਹਾ ਸੀ? ਕਿਉਂਕਿ ਪਹਿਲੀ ਵਾਰ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਨੇ ਕਾਰਪੋਰੇਟ ਫੰਡਿੰਗ ਦੇ ਜੋ ਤੱਥ ਸਾਹਮਣੇ ਲਿਆਂਦੇ ਹਨ, ਉਨ੍ਹਾਂ ਮੁਤਾਬਕ 2014 ਦੀਆਂ ਆਮ ਚੋਣਾਂ ਵਿਚ ਸਿਆਸੀ ਪਾਰਟੀਆਂ ਨੂੰ ਜਿੰਨਾ ਪੈਸਾ ਕਾਰਪੋਰੇਟ ਫੰਡਿੰਗ ਤੋਂ ਹਾਸਲ ਹੋਇਆ, ਉਨਾ ਤਾਂ ਉਸ ਤੋਂ ਪਹਿਲੇ 10 ਸਾਲਾਂ ਵਿਚ ਵੀ ਨਹੀਂ ਮਿਲਿਆ ਸੀ।


**ਪੁਨਿਆ ਪ੍ਰਸੂੰਨ ਵਾਜਪਾਈ**

ਏ.ਡੀ.ਆਰ. ਮੁਤਾਬਿਕ, 2004 ਤੋਂ 2013 ਤਕ ਕਾਰਪੋਰੇਟ ਨੇ 460 ਕਰੋੜ 83 ਲੱਖ ਰੁਪਏ ਸਿਆਸੀ ਪਾਰਟੀਆਂ ਨੂੰ ਦਿੱਤੇ, ਪਰ 2013 ਤੋਂ 2015 ਦਰਮਿਆਨ ਕਾਰਪੋਰੇਟ ਵਲੋਂ 797 ਕਰੋੜ 79 ਲੱਖ ਰੁਪਏ ਫੰਡ ਵਜੋਂ ਸਿਆਸੀ ਪਾਰਟੀਆਂ ਨੂੰ ਦਿੱਤੇ ਗਏ।

ਇਹ ਅੰਕੜੇ ਸਿਰਫ ਕੌਮੀ ਸਿਆਸੀ ਪਾਰਟੀਆਂ ਦੇ ਹਨ; ਭਾਵ ਭਾਜਪਾ, ਕਾਂਗਰਸ, ਐਨ.ਸੀ.ਪੀ. ਅਤੇ ਖੱਬੀਆਂ ਪਾਰਟੀਆਂ ਨੂੰ ਦਿੱਤੇ ਫੰਡ। ਖੇਤਰੀ ਪਾਰਟੀਆਂ ਇਸ ਵਿਚ ਸ਼ਾਮਲ ਨਹੀਂ। ਇਉਂ 2014 ਦੀਆਂ ਚੋਣਾਂ ਵਿਚ ਕਾਰਪੋਰੇਟ ਵਲੋਂ ਸਿਆਸੀ ਪਾਰਟੀਆਂ ਨੂੰ ਦਿਲ ਖੋਲ੍ਹ ਕੇ ਫੰਡ ਦਿੱਤੇ ਗਏ ਅਤੇ ਇਨ੍ਹਾਂ ਚੋਣਾਂ ਵਿਚ ਭਾਜਪਾ ਨੇ ਚੋਣ ਪ੍ਰਚਾਰ ਦੇ ਸਭ ਤੋਂ ਆਧੁਨਿਕ ਤਰੀਕੇ ਅਜ਼ਮਾਏ। ਇਸ ਪਿਛਲਾ ਸੱਚ ਏ.ਡੀ.ਆਰ. ਦੀ ਇਸ ਰਿਪੋਰਟ ਤੋਂ ਵੀ ਸਾਹਮਣੇ ਆਉਂਦਾ ਹੈ ਕਿ 80 ਫ਼ੀਸਦੀ ਤੋਂ ਜ਼ਿਆਦਾ ਕਾਰਪੋਰੇਟ ਫੰਡਿੰਗ ਭਾਜਪਾ ਨੂੰ ਮਿਲ ਰਹੀ ਸੀ। ਯਾਦ ਕਰੋ, ਮਨਮੋਹਨ ਸਿੰਘ ਸਰਕਾਰ ਜਦੋਂ ਇਕ ਤੋਂ ਬਾਅਦ ਦੂਜੇ ਘੁਟਾਲੇ ਵਿਚ ਫਸ ਰਹੀ ਸੀ, ਤਾਂ 20 ਕਾਰਪੋਰੇਟ ਘਰਾਣਿਆਂ ਨੇ 2011-12 ਦੌਰਾਨ ਮਨਮੋਹਨ ਸਿੰਘ ਸਰਕਾਰ ਦੀ ਗਵਰਨੈਂਸ ਉਪਰ ਸਵਾਲ ਉਠਾਉਂਦੇ ਹੋਏ ਖ਼ਤੋ-ਕਿਤਾਬਤ ਕੀਤੀ ਸੀ। ਉਸ ਤੋਂ ਬਾਅਦ ਮੁਲਕ ਵਿਚ ਬਣ ਰਹੇ ਚੋਣ ਮਾਹੌਲ ਵਿਚ ਕਾਰਪੋਰੇਟ ਫੰਡਿੰਗ ਵਿਚ ਕਿੰਨੀ ਤੇਜ਼ੀ ਆਈ, ਇਸ ਦਾ ਪਤਾ ਏ.ਡੀ.ਆਰ. ਦੀ ਰਿਪੋਰਟ ਤੋਂ ਲਗਦਾ ਹੈ।

ਅਪਰੈਲ 2012 ਤੋਂ ਅਪਰੈਲ 2016 ਦਰਮਿਆਨ 956 ਕਰੋੜ 77 ਲੱਖ ਰੁਪਏ ਦੀ ਕਾਰਪੋਰੇਟ ਫੰਡਿੰਗ ਹੋਈ। ਇਸ ਵਿਚੋਂ 705 ਕਰੋੜ 18 ਲੱਖ ਰੁਪਏ ਇਕੱਲੀ ਭਾਜਪਾ ਦੇ ਹਿੱਸੇ ਆਏ। ਕਾਂਗਰਸ ਨੂੰ 198 ਕਰੋੜ 16 ਲੱਖ ਰੁਪਏ ਮਿਲੇ। ਮਹੱਤਵਪੂਰਨ ਇਹ ਵੀ ਹੈ ਕਿ ਭਾਜਪਾ ਨੂੰ ਦਿੱਤੀ ਜਾਣ ਵਾਲੀ ਫੰਡਿੰਗ ਵਿਚ ਹੀ ਇਜ਼ਾਫ਼ਾ ਨਹੀਂ ਹੋਇਆ, ਸਗੋਂ ਕਾਰਪੋਰੇਟ ਫੰਡਿੰਗ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਸਿਆਸੀ ਫੰਡ ਦੇਣ ਵਾਲਿਆਂ ਦੀ ਤਾਦਾਦ ਤਿੰਨ ਹਜ਼ਾਰ ਤੋਂ ਜ਼ਿਆਦਾ ਹੋ ਗਈ ਜਿਨ੍ਹਾਂ ਵਿਚੋਂ 89 ਦਾਤਿਆਂ ਨੇ ਭਾਜਪਾ ਨੂੰ ਫੰਡ ਦਿੱਤੇ (ਇਹ ਸਿਰਫ ਐਲਾਨ ਕੀਤੇ ਫੰਡਾਂ ਦੇ ਅੰਕੜੇ ਹਨ, ਲਿਹਾਜ਼ਾ ਪੂਰੀ ਤਸਵੀਰ ਪੇਸ਼ ਨਹੀਂ ਕਰਦੇ)।

2014 ਦੀ ਚੋਣ-ਹਵਾ ਕਾਰਪੋਰੇਟ ਅਤੇ ਭਾਜਪਾ ਲਈ ਮੁਆਫ਼ਕ ਬਣ ਚੁੱਕੀ ਸੀ, ਲੇਕਿਨ ਫੰਡਿੰਗ ਦੀ ਇਸ ਖੇਡ ਵਿਚ ਕਾਲਾ ਧਨ ਕੌਣ ਦੇ ਰਿਹਾ ਸੀ? ਕਾਲਾ ਧਨ ਨਾ ਲਿਆ ਜਾਵੇ, ਇਸ ਪਾਸਿਓਂ ਸਿਆਸੀ ਪਾਰਟੀਆਂ ਨੇ ਅੱਖਾਂ ਮੀਟ ਲਈਆਂ। ਏ.ਡੀ.ਆਰ. ਦੀ ਰਿਪੋਰਟ ਮੁਤਾਬਿਕ, 1933 ਦਾਤਿਆਂ ਨੇ ਬਿਨਾ ਪੈਨ ਨੰਬਰ ਦਿੱਤਿਆਂ, 384 ਕਰੋੜ ਰੁਪਏ ਸਿਆਸੀ ਪਾਰਟੀਆਂ ਦੇ ਦਾਨ-ਗੱਲੇ ਵਿਚ ਪਾ ਦਿੱਤੇ। 1546 ਦਾਤਿਆਂ ਨੇ ਆਪਣੇ ਪੈਨ ਨੰਬਰ ਤਾਂ ਦਿੱਤੇ, ਲੇਕਿਨ ਬਿਨਾ ਆਪਣੇ ਪਤੇ ਦੱਸੇ 355 ਕਰੋੜ ਰੁਪਏ ਦਾਨ ਕਰ ਦਿੱਤੇ। ਖ਼ਾਸ ਗੱਲ ਇਹ ਰਹੀ ਕਿ 160 ਕਰੋੜ ਰੁਪਏ ਬਿਨਾ ਪੈਨ, ਬਿਨਾ ਪਤੇ ਹੀ ਸਿਆਸੀ ਫੰਡ ਵਿਚ ਆਏ। ਇਸ ਵਿਚੋਂ 99 ਫ਼ੀਸਦੀ ਦਾਨ ਇਕੱਲੀ ਭਾਜਪਾ ਦੇ ਖਾਤੇ ਵਿਚ ਗਿਆ। 2014 ਵਿਚ ਕਾਂਗਰਸ ਹਾਰ ਰਹੀ ਸੀ ਅਤੇ ਭਾਜਪਾ ਜਿੱਤ ਰਹੀ ਸੀ। ਉਦੋਂ ਕਾਰਪੋਰੇਟ ਸਿਆਸੀ ਫੰਡਿੰਗ ਜੇ 80 ਫ਼ੀਸਦੀ ਭਾਜਪਾ ਦੇ ਖਾਤੇ ਵਿਚ ਜਾ ਰਹੀ ਸੀ ਤਾਂ ਫਿਰ 2019 ਲਈ ਮੁਲਕ ਵਿਚ ਬਣ ਰਹੇ ਸਿਆਸੀ ਮਾਹੌਲ ਵਿਚ ਵਿਰੋਧੀ-ਧਿਰ ਦਾ ਸਿਆਸੀ ਤੌਰ 'ਤੇ ਸਿਫ਼ਰ




ਹੋਣਾ ਕੀ ਸੰਕੇਤ ਕਰ ਰਿਹਾ ਹੈ! ਜੇ ਇਹ ਹੁਣ ਤੋਂ ਹੀ ਭਾਜਪਾ ਨੂੰ ਜਿਤਾ ਰਿਹਾ ਹੈ ਤਾਂ ਫਿਰ ਆਖਰੀ ਸਵਾਲ ਇਹੀ ਹੋਵੇਗਾ ਕਿ ਕਾਰਪੋਰੇਟ ਫੰਡ ਦੇ ਭਰੋਸੇ ਜੋ ਸਿਆਸੀ ਪਾਰਟੀਆਂ ਸਿਆਸਤ ਕਰਦੀਆਂ ਹਨ, ਉਨ੍ਹਾਂ ਦੇ ਦਫ਼ਤਰਾਂ ਵਿਚ ਕੀ ਤਾਲਾ ਨਹੀਂ ਲੱਗ ਜਾਣਗੇ? ਕਿਉਂਕਿ ਭਾਜਪਾ ਹੀ ਸਰਕਾਰ ਹੋਵੇਗੀ ਤਾਂ ਭਾਜਪਾ ਦਾ ਹੀ ਦਾਨ ਗੱਲਾ ਹਰ ਕਿਸੇ ਨੂੰ ਨਜ਼ਰ ਆਵੇਗਾ, ਯਾਨੀ ਮੁਤਬਾਦਲ ਸਿਆਸਤ ਸੋਧਤ ਕੀਤੇ ਬਿਨਾ ਕਾਰਪੋਰੇਟ ਫੰਡਿੰਗ ਉਪਰ ਟਿਕੀ ਕਿਸੇ ਦੀ ਵੀ ਸਿਆਸਤ ਭਾਜਪਾ ਦੇ ਸਾਹਮਣੇ ਖੜ੍ਹ ਨਹੀਂ ਸਕੇਗੀ। ਇਹ ਆਖਰੀ ਸੱਚ ਹੈ। ਫਿਰ ਕੀ ਭਾਜਪਾ ਨੇ ਸੱਤਾ ਵਿਚ ਆਉਣ ਤੋਂ ਬਾਅਦ ਆਪਣੀਆਂ ਨੀਤੀਆਂ ਦੇ ਸਹਾਰੇ ਸਿਆਸਤ ਦੀ ਉਹ ਸ਼ਤਰੰਜ ਪੂਰੇ ਮੁਲਕ ਵਿਚ ਵਿਛਾ ਦਿੱਤੀ ਹੈ, ਜਿਥੇ ਕਾਰਪੋਰੇਟ ਹੁਣ 2014 ਦੀ ਤਰਜ਼ 'ਤੇ ਸੱਤਾ ਬਦਲਣ ਵਾਲੇ ਪਾਸੇ ਨਾ ਜਾ ਸਕਣ; ਜਾਂ ਫਿਰ ਕਾਰਪੋਰੇਟ ਨੂੰ ਇਸ ਦਾ ਅਹਿਸਾਸ ਕਰਵਾ ਦਿੱਤਾ ਗਿਆ ਹੈ ਕਿ ਜੇ ਉਸ ਨੇ ਵਿਰੋਧੀ ਧਿਰ ਦੀ ਝੋਲੀ ਭਰਨੀ ਚਾਹੀ ਤਾਂ ਉਨ੍ਹਾਂ ਨੂੰ ਸਰਕਾਰੀ ਏਜੰਸੀਆਂ ਦੇ ਜ਼ਰੀਏ ਹੀ ਨਹੀਂ, ਸਗੋਂ ਜਿਸ ਖੇਤਰ ਵਿਚ ਕਾਰਪੋਰੇਟ ਦਾ ਧੰਦਾ ਹੈ, ਉਸੇ ਦੇ ਦਾਇਰੇ ਵਿਚ ਹੀ ਲਪੇਟਿਆ ਜਾ ਸਕਦਾ ਹੈ।

ਸਵਾਲ ਉਠ ਸਕਦਾ ਹੈ ਕਿ ਵਾਕਈ ਲੋਕਤੰਤਰ ਦਾ ਪੈਮਾਨਾ ਆਮ ਚੋਣਾਂ ਕਾਰਪੋਰੇਟ ਸਰਮਾਏ ਉਪਰ ਟਿਕ ਗਿਆ ਹੈ? ਯਾਨੀ ਵੋਟ ਤਾਂ ਆਮ ਲੋਕ ਦਿੰਦੇ ਹਨ, ਫਿਰ ਕਾਰਪੋਰੇਟ ਸਰਮਾਏ ਨਾਲ ਸੱਤਾ ਕਿਵੇਂ ਉਲਟਾਈ ਜਾ ਸਕਦੀ ਹੈ? ਇਸ ਦਾ ਜਵਾਬ ਸਿੱਧਾ ਹੈ- ਸੱਤਾ ਦੇ ਖ਼ਿਲਾਫ਼ ਲੋਕ ਭਾਵਨਾ ਸਿਆਸੀ ਤੌਰ 'ਤੇ ਆਪਣੀ ਵੋਟ ਨਾਲ ਸੱਤਾ ਬਦਲੀ ਤਾਂ ਕਰ ਸਕਦੀ ਹੈ, ਲੇਕਿਨ ਲੋਕ ਭਾਵਨਾ ਨੂੰ ਪ੍ਰਭਾਵਿਤ ਕਰਨ ਵਾਲੇ ਜੋ ਵੀ ਸੰਦ ਹੁੰਦੇ ਹਨ, ਜੇ ਉਨ੍ਹਾਂ ਉਪਰ ਸੱਤਾ ਕਬਜ਼ਾ ਕਰ ਲਵੇ ਤਾਂ ਫਿਰ ਵਿਰੋਧੀ ਧਿਰ ਦੀ ਸਿਆਸਤ ਇਸ ਅੱਗੇ ਕਿਵੇਂ ਟਿਕੇਗੀ! ਹੁਣ ਇਹ ਸਵਾਲ ਇਸ ਲਈ ਹੈ, ਕਿਉਂਕਿ 1975-77 ਦੀ ਤਰਜ਼ 'ਤੇ ਕੋਈ ਅੰਦੋਲਨ ਮੁਲਕ ਵਿਚ ਚੱਲ ਨਹੀਂ ਰਿਹਾ ਹੈ। ਉਸ ਵਕਤ ਐਮਰਜੈਂਸੀ ਖ਼ਿਲਾਫ਼ ਅੰਦੋਲਨ ਮੀਡੀਆ ਤੋਂ ਵੱਡਾ ਸੀ। ਇਸੇ ਤਰ੍ਹਾਂ ਬੋਫੋਰਸ ਨੂੰ ਲੈ ਕੇ ਭ੍ਰਿਸ਼ਟਾਚਾਰ ਦਾ ਮੁੱਦਾ ਅੰਦੋਲਨ ਦੀ ਤਰਜ਼ 'ਤੇ ਉਠਿਆ ਸੀ। ਅਯੁੱਧਿਆ ਕਾਂਡ ਵੀ ਕਾਰ ਸੇਵਕਾਂ ਦੇ ਜ਼ਰੀਏ ਮੁਲਕ ਵਿਚ ਫੈਲਦਾ ਗਿਆ। ਫਿਰ 2014 ਤੋਂ ਐਨ ਪਹਿਲਾਂ ਅੰਨਾ ਅੰਦੋਲਨ ਨੇ ਮਨਮੋਹਨ ਸਿੰਘ ਸਰਕਾਰ ਦੀ ਕਬਰ ਸਮਾਜਿਕ ਤੌਰ 'ਤੇ ਪੁੱਟ ਦਿੱਤੀ ਸੀ।

ਇਧਰ ਕਾਰਪੋਰੇਟ ਸਰਮਾਏਦਾਰਾਂ ਨੇ ਆਪਣੇ ਹਿਤ ਪੂਰਨ ਲਈ ਭਾਜਪਾ ਨੂੰ ਫੰਡਿੰਗ ਕੀਤੀ; ਲੇਕਿਨ 2014 ਤੋਂ ਬਾਅਦ ਸਿਆਸਤ ਦੇ ਤੌਰ-ਤਰੀਕੇ ਜਿਵੇਂ ਪੂਰੀ ਤਰ੍ਹਾਂ ਚੋਣ ਉਪਰ ਆ ਟਿਕੇ ਹਨ, ਯਾਨੀ ਵਿਰੋਧੀ ਧਿਰ ਦਾ ਗੱਠਜੋੜ ਇਸ ਲਈ ਬਣ ਰਿਹਾ ਹੈ ਕਿ ਚੋਣਾਂ ਦੇ ਹਿਸਾਬ-ਕਿਤਾਬ ਨੂੰ ਬਦਲਿਆ ਜਾ ਸਕੇ। ਨਿਤੀਸ਼ ਵਰਗੇ ਤੇ 2014 ਦੀ ਵਿਰੋਧੀ ਧਿਰ ਇਸ ਲਈ ਟੁੱਟ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਲੱਗ ਰਿਹਾ ਹੈ ਕਿ 2019 ਵਿਚ ਤਾਂ ਭਾਜਪਾ ਹੀ ਜਿੱਤੇਗੀ; ਯਾਨੀ ਸਿਆਸੀ ਜੋੜ-ਤੋੜ ਜਦੋਂ ਚੋਣਾਂ ਜਿੱਤਣ ਉਪਰ ਆ ਟਿਕੇ ਹੋਣ, ਤੇ ਸਰਮਾਏ ਦੀ ਤਾਕਤ ਦੇ ਬਗ਼ੈਰ ਚੋਣਾਂ ਜਿੱਤਣਾ ਮੁਸ਼ਕਲ ਮੰਨਿਆ ਜਾ ਰਿਹਾ ਹੈ ਅਤੇ ਇਸ ਨੂੰ ਨਾ ਸਿਰਫ ਵੋਟਰ, ਸਗੋਂ ਚੋਣ ਕਮਿਸ਼ਨ ਵੀ ਮਹਿਸੂਸ ਕਰਨ ਲੱਗਿਆ ਹੋਵੇ ਤਾਂ ਫਿਰ ਹੁਣ ਕਾਰਪੋਰੇਟ ਫੰਡਿੰਗ ਕਿਸ ਤਰ੍ਹਾਂ ਦੀ ਹੋਵੇਗੀ?

ਇਹ ਸੱਚ ਹੈ ਕਿ 2014 ਨੇ ਚੋਣਾਂ ਦੇ ਤੌਰ-ਤਰੀਕੇ ਬਦਲ ਦਿੱਤੇ ਹਨ। ਆਜ਼ਾਦ ਹਿੰਦੁਸਤਾਨ ਦੇ ਇਤਿਹਾਸ ਵਿਚ ਪਹਿਲੀ ਵਾਰ 2014 ਦੀ ਚੋਣ ਨਾ ਸਿਰਫ ਸਭ ਤੋਂ ਮਹਿੰਗੀ ਸੀ, ਸਗੋਂ 1952 ਤੋਂ 1991 ਤਕ ਦੀਆਂ ਚੋਣਾਂ ਵਿਚ ਜਿੰਨਾ ਖ਼ਰਚ ਹੋਇਆ, ਉਨਾ ਹੀ ਖ਼ਰਚ ਮਹਿਜ਼ 1996 ਤੋਂ 2009 ਤਕ ਦੀਆਂ ਚੋਣਾਂ ਵਿਚ ਹੋ ਗਿਆ। ਫਿਰ ਏਨਾ ਹੀ ਖ਼ਰਚ ਇਕੱਲੀ 2014 ਦੀ ਚੋਣ ਵਿਚ ਹੋ ਗਿਆ। ਇਹ ਅੰਕੜਾ 3870 ਕਰੋੜ ਰੁਪਏ ਦਾ ਹੈ। ਇਹ ਕਲਪਨਾ ਤੋਂ ਪਰੇ ਹੈ ਕਿ 2014 ਤੋਂ ਬਾਅਦ ਹੁਣ 2019 ਦੀ ਚੋਣ ਵਿਚ ਕਿੰਨਾ ਖ਼ਰਚ ਆਵੇਗਾ।

ਲੇਕਿਨ ਆਖਰੀ ਸੱਚ ਇਹ ਵੀ ਸਮਝਣਾ ਹੋਵੇਗਾ ਕਿ ਜਿਨ੍ਹਾਂ ਕਾਰਪੋਰੇਟ ਨੇ ਫੰਡਿੰਗ ਕੀਤੀ, ਉਨ੍ਹਾਂ ਵਿਚ ਖਣਨ, ਰੀਅਲ ਐਸਟੇਟ, ਊਰਜਾ ਅਤੇ ਨਿਊਜ਼ਪੇਪਰ ਇੰਡਸਟਰੀ ਪਹਿਲੇ ਨੰਬਰ 'ਤੇ ਰਹੀ ਹੈ। ਇਸ ਦਾ ਦੂਜਾ ਪਾਸਾ ਇਹ ਵੀ ਹੈ ਕਿ ਹੁਣ ਇਨ੍ਹਾਂ ਸਾਰੇ ਹੀ ਖੇਤਰਾਂ ਨੂੰ ਸਰਕਾਰ ਨੇ ਆਪਣੀਆਂ ਉਂਗਲਾਂ ਉਪਰ ਨਚਾਉਣਾ ਸ਼ੁਰੂ ਕੀਤਾ ਹੋਇਆ ਹੈ, ਯਾਨੀ ਇਹ ਹਿੱਸਾ ਹੁਣ ਵਿਰੋਧੀ ਧਿਰ ਨੂੰ ਫੰਡਿੰਗ ਨਾ ਕਰੇ, ਇਸ ਦਾ ਪੂਰਾ ਇੰਤਜ਼ਾਮ ਕਰ ਲਿਆ ਗਿਆ ਹੈ।

---

# ਪ੍ਰੋ. ਸਾਈਬਾਬਾ ਦਾ ਜੇਲ੍ਹ ਵਿਚੋਂ ਖਤ



ਨਾਗਪੁਰ ਦੀ ਅਦਾਲਤ ਦੇ ਬਾਹਰ ਵਸੰਤਾ ਸਾਈ ਬਾਬਾ ਨਾਲ।

## ਧੜਵੈਲ ਸਾਡੇ ਸੁਪਨਿਆਂ ਤੋਂ ਭੈਅ ਖਾਂਦੇ ਨੇ...

***ਪ੍ਰੋਫੈਸਰ ਜੀ.ਐਨ. ਸਾਈਬਾਬਾ ਜਿਹੜਾ ਬਿਨਾ ਕਿਸੇ ਦਾ ਸਹਾਰਾ ਲਏ ਉਠ ਕੇ ਖੜ੍ਹਾ ਵੀ ਨਹੀਂ ਹੋ ਸਕਦਾ, ਉਸ ਉਪਰ 'ਸਟੇਟ ਵਿਰੁਧ ਜੰਗ ਛੇੜਨ' ਦਾ ਇਲਜ਼ਾਮ ਲਾ ਕੇ ਉਸ ਨੂੰ ਜੇਲ੍ਹ ਵਿਚ ਸੜਨ ਲਈ ਸੁੱਟ ਦਿੱਤਾ ਹੋਇਆ ਹੈ। 90 ਫ਼ੀਸਦੀ ਅਪਾਹਜ ਅਤੇ ਪੂਰੀ ਤਰ੍ਹਾਂ ਵੀਲ੍ਹ ਚੇਅਰ 'ਤੇ ਨਿਰਭਰ ਪ੍ਰੋਫੈਸਰ ਨੂੰ ਮਹਾਰਾਸ਼ਟਰ ਦੀ ਅਦਾਲਤ ਵਲੋਂ ਹੁਕਮਰਾਨਾਂ ਦੇ ਇਸ਼ਾਰੇ 'ਤੇ ਪੰਜ ਹੋਰ ਸਾਥੀਆਂ ਸਮੇਤ ਉਮਰ ਕੈਦ ਦੀ ਸਜ਼ਾ ਦੇ ਕੇ 7 ਮਾਰਚ 2017 ਤੋਂ ਮਹਾਰਾਸ਼ਟਰ ਦੀ ਜੇਲ੍ਹ ਵਿਚ ਬੰਦ ਕੀਤਾ ਹੋਇਆ ਹੈ। ਇਨ੍ਹਾਂ ਦਾ 'ਜੁਰਮ' ਇਹ ਹੈ ਕਿ ਇਹ ਮਾਓਵਾਦੀ ਲਹਿਰ ਦੇ ਹਮਾਇਤੀ ਹਨ। ਸਜ਼ਾ ਸੁਣਾਉਣ ਤੋਂ ਪਹਿਲੀ ਜੇਲ੍ਹਬੰਦੀ ਦੌਰਾਨ ਇਲਾਜ ਦੀ ਅਣਹੋਂਦ ਵਿਚ ਪ੍ਰੋਫੈਸਰ ਸਾਈਬਾਬਾ ਦੀ ਹਾਲਤ ਦਿਨੋ-ਦਿਨ ਨਾਜ਼ੁਕ ਹੁੰਦੀ ਗਈ ਸੀ ਅਤੇ ਸੁਪਰੀਮ ਕੋਰਟ ਦੇ ਦਖ਼ਲ ਨਾਲ ਉਸ ਨੂੰ ਇਲਾਜ ਲਈ ਜ਼ਮਾਨਤ ਦਿੱਤੀ ਗਈ ਸੀ। ਹੁਣ ਜੇਲ੍ਹ ਵਿਚ ਪ੍ਰੋ. ਸਾਈਬਾਬਾ ਨਾਲ ਗਿਣ-ਮਿਥ ਕੇ ਜ਼ਾਲਮ ਤੋਂ ਜ਼ਾਲਮ ਸਲੂਕ ਕੀਤਾ ਜਾ ਰਿਹਾ ਹੈ। ਉਸ ਨੂੰ ਇਲਾਜ ਤੋਂ ਪੂਰੀ ਤਰ੍ਹਾਂ ਵਾਂਝਾ ਰੱਖਿਆ ਜਾ ਰਿਹਾ ਹੈ। ਪ੍ਰੋ. ਸਾਈਬਾਬਾ ਜਾਣਦਾ ਹੈ ਕਿ ਉਸ ਨੂੰ ਕਿਸ ਕਾਰਨ ਸਜ਼ਾ ਦਿੱਤੀ ਗਈ ਹੈ, ਲਿਹਾਜ਼ਾ ਘੋਰ ਅਣਮਨੁੱਖੀ ਹਾਲਾਤ ਵਿਚ ਕੈਦ ਹੋਣ ਦੇ ਬਾਵਜੂਦ ਉਸ ਦਾ ਇਨਕਲਾਬੀ ਆਸ਼ਾਵਾਦ ਵਿਚ ਡੂੰਘਾ ਯਕੀਨ ਹੈ। ਹਾਲ ਹੀ ਵਿਚ ਪ੍ਰੋ. ਸਾਈਬਾਬਾ ਨੇ ਆਪਣੀ ਜੀਵਨ ਸਾਥਣ ਏ.ਐਸ.ਵਸੰਤਾ ਨੂੰ ਉਸ ਦੇ ਜਨਮ ਦਿਨ 'ਤੇ ਜੇਲ੍ਹ ਤੋਂ ਖ਼ਤ ਲਿਖਿਆ ਹੈ। ਇਹ ਖ਼ਤ ਹਰ ਸੰਵੇਦਨਸ਼ੀਲ ਇਨਸਾਨ ਨੂੰ ਉਦਾਸ ਕਰਨ ਵਾਲਾ ਹੈ। ਇਸ ਵਿਚ ਉਸ ਨੇ ਨਿੱਜੀ ਜਜ਼ਬਾਤ ਦੇ ਨਾਲ-ਨਾਲ ਆਪਣੀ ਵੇਦਨਾ, ਆਪਣੀਆਂ ਉਮੀਦਾਂ ਅਤੇ ਸੁਪਨੇ ਮੁੜ ਸਾਂਝੇ ਕੀਤੇ ਹਨ। ਇਨਕਲਾਬੀ ਆਸ਼ਾਵਾਦ ਨਾਲ ਲਬਰੇਜ਼ ਇਹ ਖ਼ਤ ਦੱਬੇ-ਕੁਚਲੇ ਅਵਾਮ ਦੇ ਹਿਤਾਂ ਲਈ ਸਾਈਬਾਬਾ ਦੀ ਵਚਨਬੱਧਤਾ ਦਾ ਇਜ਼ਹਾਰ ਹੈ।***

ਪਿਆਰੀ ਵਸੰਤਾ,

ਮੈਂ ਤੈਨੂੰ ਜਨਮ ਦਿਨ ਦੀ ਮੁਬਾਰਕਵਾਦ ਦਿੰਦਾ ਹਾਂ। ਮੈਨੂੰ ਉਮੀਦ ਹੈ ਕਿ ਤੈਨੂੰ ਇਹ ਖ਼ਤ ਤੇਰੇ ਜਨਮ ਦਿਨ 'ਤੇ ਮਿਲ ਜਾਵੇਗਾ। ਇਸ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ। ਮੈਂ ਜਾਣਦਾ ਹਾਂ, ਤੈਨੂੰ ਇਸ ਦਿਨ 'ਤੇ ਮੇਰਾ ਮੌਜੂਦ ਨਾ ਹੋਣਾ ਕਿੰਨਾ ਬੁਰਾ ਲੱਗਦਾ ਹੋਵੇਗਾ। ਸਟੇਟ ਨੇ ਸਾਨੂੰ ਜੁਦਾ ਰੱਖਣ ਦੀ ਠਾਣੀ ਹੋਈ ਹੈ। ਇਸ ਨੇ ਸਾਨੂੰ ਤਬਾਹ ਕਰਨ ਦੀ ਠਾਣ ਰੱਖੀ ਹੈ। ਆਪਣੀ 26 ਸਾਲਾ ਗ੍ਰਹਿਸਥੀ ਜ਼ਿੰਦਗੀ ਵਿਚ ਅਸੀਂ ਕਦੇ ਆਪਣੇ ਸੁਖ-ਆਰਾਮ ਅਤੇ ਤਰੱਕੀ ਦੀ ਝਾਕ ਨਹੀਂ ਰੱਖੀ। 36 ਸਾਲ ਦੇ ਸਾਡੇ ਸਾਥ ਨੇ ਸਮਾਜ ਦੀ ਬਿਹਤਰੀ ਦੀ ਉਮੀਦ ਕੀਤੀ ਹੈ ਅਤੇ ਅਸੀਂ ਇਸੇ ਖ਼ਾਤਰ ਕੰਮ ਕਰਦੇ ਰਹੇ ਹਾਂ। ਇਸ ਪ੍ਰਸੰਗ ਵਿਚ, ਮੈਂ ਤਾਂ ਕੇਵਲ ਇਹੀ ਕਹਿ ਸਕਦਾ ਹਾਂ ਕਿ ਤੈਨੂੰ ਮੇਰੀ ਗ਼ੈਰਹਾਜ਼ਰੀ ਵਿਚ ਵੀ ਉਮੀਦ ਬਣਾਈ ਰੱਖਣੀ ਚਾਹੀਦੀ ਹੈ ਅਤੇ ਲੋਕਾਂ ਦੇ ਹੱਕਾਂ ਲਈ ਕੰਮ ਕਰਦੇ ਰਹਿਣਾ ਚਾਹੀਦਾ ਹੈ। ਮੇਰੀ ਕੈਦ ਅਤੇ ਮੇਰੀ ਗ਼ੈਰਹਾਜ਼ਰੀ ਨਾਲ ਤੈਨੂੰ ਹੌਸਲਾ ਨਹੀਂ ਹਾਰਨਾ ਚਾਹੀਦਾ। ਅੱਜ ਆਪਣੇ ਜਨਮ ਦਿਨ 'ਤੇ, ਤੂੰ ਇਨ੍ਹਾਂ ਵਿਰੋਧੀ ਹਾਲਾਤ, ਜੋ ਸਾਡੇ ਉਪਰ ਥੋਪੇ ਗਏ ਹਨ, ਇਨ੍ਹਾਂ ਹਾਲਾਤ ਦੀ ਹਿੰਸਾ ਨਾਲ ਮੱਥਾ ਲਾਉਣ ਦਾ ਦ੍ਰਿੜ ਇਰਾਦਾ ਬਣਾ।

ਇਹ ਮਾਮਲਾ, ਇਹ ਫ਼ੈਸਲਾ ਅਤੇ ਇਸ ਜੇਲ੍ਹ ਵਿਚ ਮੇਰਾ ਸੜਨਾ ਸਾਡੇ ਲਈ ਸ਼ਰਮਿੰਦਗੀ ਵਾਲੀ ਗੱਲ ਨਹੀਂ। ਸਟੇਟ ਦੀਆਂ ਇਹ ਕਾਰਵਾਈਆਂ ਜਮਹੂਰੀਅਤ ਲਈ ਸ਼ਰਮਿੰਦਗੀ ਹਨ। ਅਸੀਂ ਬਿਹਤਰ ਸਮਾਜ ਦਾ ਸੁਪਨਾ ਲਿਆ, ਅਸੀਂ ਨਾ-ਬਰਾਬਰੀਆਂ ਦੇ ਖ਼ਾਤਮੇ ਦੀ, ਦੱਬੇ-ਕੁਚਲੇ ਲੋਕਾਂ, ਦਲਿਤਾਂ, ਆਦਿਵਾਸੀਆਂ, ਔਰਤਾਂ, ਅਪਾਹਜ ਲੋਕਾਂ, ਘੱਟ ਗਿਣਤੀਆਂ ਦੇ ਮਨੁੱਖੀ ਹੱਕਾਂ ਦੀ ਆਜ਼ਾਦੀ ਦੀ ਉਮੀਦ ਕੀਤੀ। ਅਸੀਂ ਆਪਣੇ ਸਮਾਜ ਵਿਚ ਸੱਚੀ ਜਮਹੂਰੀਅਤ ਲਿਆਉਣ ਲਈ ਇਨ੍ਹਾਂ ਕਦਰਾਂ-ਕੀਮਤਾਂ ਨੂੰ ਬੁਲੰਦ ਕਰਨਾ ਅਤੇ ਲੋਕਾਂ ਦੇ ਹਾਸ਼ੀਆਗ੍ਰਸਤ ਹਿੱਸਿਆਂ ਦੀ ਬਿਹਤਰੀ ਲਈ ਕੰਮ ਕਰਨਾ ਜਾਰੀ ਰੱਖ ਰਹੇ ਹਾਂ।

ਉਹ ਸਾਡੀਆਂ ਉਮੀਦਾਂ, ਸਾਡੇ ਸੁਪਨਿਆਂ ਨੂੰ ਤਾਂ ਕੁਚਲ ਸਕਦੇ ਹਨ ਅਤੇ ਉਹ ਐਸੀ ਕੋਸ਼ਿਸ਼ ਕਰ ਸਕਦੇ ਹਨ, ਪਰ ਉਹ ਸਾਨੂੰ ਸੁਪਨੇ ਲੈਣ ਤੋਂ ਨਹੀਂ ਰੋਕ ਸਕਦੇ, ਉਹ ਸਾਨੂੰ ਆਪਣੇ ਦਿਲਾਂ ਵਿਚ ਉਮੀਦਾਂ ਪਾਲਣ ਤੋਂ ਨਹੀਂ ਰੋਕ ਸਕਦੇ। ਝੂਠਾ ਕੇਸ, ਢੌਂਗੀ ਫ਼ੈਸਲਾ ਅਤੇ ਮੈਨੂੰ ਜੇਲ੍ਹ ਵਿਚ ਰੱਖਣ ਦੇ ਸ਼ੱਕੀ ਤਰੀਕਿਆਂ ਤੋਂ ਹੌਸਲਾ ਨਹੀਂ ਛੱਡਣਾ, ਇਨ੍ਹਾਂ ਦੇ ਦਬਾਓ ਹੇਠ ਉਮੀਦ ਦਾ ਪੱਲਾ ਨਹੀਂ ਛੱਡਣਾ। ਮੇਰੇ ਲਈ ਤੇਰਾ ਜਨਮ ਦਿਨ ਸਦਾ ਮਹੱਤਵਪੂਰਨ ਹੁੰਦਾ ਹੈ, ਇਹ ਮੈਨੂੰ ਸਦਾ ਖ਼ੁਸ਼ੀ ਦਿੰਦਾ ਹੈ। ਤੈਨੂੰ ਇਸ ਦਿਨ 'ਤੇ ਖ਼ੁਸ਼ੀ ਹੋਣੀ ਚਾਹੀਦੀ ਹੈ। ਅਸੀਂ ਛੋਟੇ ਲੋਕ ਮਾਮੂਲੀ ਤਰੀਕਿਆਂ ਨਾਲ ਛੋਟੇ ਲੋਕਾਂ ਲਈ ਕੰਮ ਕਰ ਰਹੇ ਹਾਂ। ਇਹ ਧੜਵੈਲ ਰਾਜ ਸਾਡੀਆਂ ਉਮੀਦਾਂ, ਸਾਡੇ ਪਿਆਰ, ਸਾਡੇ ਸੁਪਨਿਆਂ ਤੋਂ ਭੈਅ ਕਿਉਂ ਖਾਂਦਾ ਹੈ? ਕੀ ਅਸੀਂ ਕਿਸੇ ਨਾਲ ਕੁਝ ਗ਼ਲਤ ਕੀਤਾ ਹੈ? ਕੀ ਅਸੀਂ ਕਿਸੇ ਦਾ ਨੁਕਸਾਨ ਕੀਤਾ ਹੈ? ਸਾਡੀਆਂ ਜ਼ਿੰਦਗੀਆਂ ਤਬਾਹ ਕਿਉਂ ਕਰ ਦਿੱਤੀਆਂ ਗਈਆਂ? ਸੁਪਨਿਆਂ ਨੂੰ ਜੁਰਮ ਕਿਉਂ ਬਣਾ ਦਿੱਤਾ ਗਿਆ ਹੈ? ਉਮੀਦਾਂ ਨੂੰ ਕਿਉਂ ਕੁਚਲਿਆ ਜਾਂਦਾ ਹੈ? ਕੀ ਅਸੀਂ ਸਾਡੇ ਸੁਪਨਿਆਂ ਉਪਰ ਵਹਿਸ਼ੀ ਅਤੇ ਅਣਮਨੁੱਖੀ ਹਿੰਸਕ ਹਮਲਿਆਂ ਨਾਲ ਮੱਥਾ ਲਾ ਕੇ ਆਪਣੇ ਤੌਰ 'ਤੇ ਸਾਡੀ ਆਪਣੀ ਦੁਨੀਆ, ਸਾਡੀ ਆਪਣੀ ਸੁਪਨਿਆਂ ਦੀ ਦੁਨੀਆ ਵਿਚ ਜੀਅ ਸਕਦੇ ਹਾਂ? ਇਸ ਘੜੀ ਤੈਨੂੰ ਅਤੇ ਮੈਨੂੰ ਕਿਹੜੀ ਚੀਜ਼ ਤਾਕਤ ਦਿੰਦੀ ਹੈ?

ਇਸ ਸਾਲ ਜਨਮ ਦਿਨ 'ਤੇ ਮੈਂ ਤੈਨੂੰ ਕੀ ਦੇ ਸਕਦਾ ਹਾਂ? ਮੇਰੇ ਕੋਲ ਕੀ ਬਚਿਆ ਹੈ? ਉਹੀ ਪਿਆਰ... ਉਹੀ ਪਿਆਰ ਜੋ ਉਦੋਂ ਹੋਂਦ ਵਿਚ ਆਇਆ ਜਦੋਂ ਸਕੂਲੀ ਦਿਨਾਂ ਵਿਚ ਸਾਡੀ ਮੁਲਾਕਾਤ ਹੋਈ ਸੀ। ਸਾਡੀ ਸਮੁੱਚੀ ਜ਼ਿੰਦਗੀ ਵਿਚ ਤੂੰ ਉਸ ਤੋਂ ਵਧੇਰੇ ਪਿਆਰ ਦਿੱਤਾ ਹੈ ਜਿੰਨਾ ਮੈਂ ਤੈਨੂੰ ਦੇ ਸਕਦਾ ਸੀ। ਹੁਣ ਵੀ ਮੈਂ ਤੈਨੂੰ ਉਹੀ ਸੁਪਨੇ ਦੇ ਸਕਦਾ ਹਾਂ ਜੋ ਅਸੀਂ ਜਵਾਨੀ ਦੇ ਪਿਆਰ ਦੇ ਦਿਨਾਂ ਵਿਚ ਸਾਂਝੇ ਸੰਜੋਏ ਸੀ।

ਹੁਣ ਤੂੰ ਇਕੱਲੀ ਸੂਰਬੀਰ ਏਂ ਜਿਸ ਨੇ ਮੇਰੀ ਆਜ਼ਾਦੀ ਲਈ ਲੜਨਾ ਹੈ। ਇਨ੍ਹਾਂ ਕਾਲੇ ਦਿਨਾਂ ਵਿਚ ਦਿਲ ਨਾ ਛੱਡੀਂ। ਸਾਨੂੰ ਉਮੀਦ ਅਤੇ ਸੁਪਨੇ ਨਹੀਂ ਛੱਡਣੇ ਚਾਹੀਦੇ, ਕਿਉਂਕਿ ਚਾਨਣ ਨੂੰ ਹਨੇਰਾ ਸਦਾ ਲਈ ਨਹੀਂ ਦਬਾ ਕੇ ਨਹੀਂ ਰੱਖ ਸਕਦਾ। ਇਹ ਥੋਥੇ ਸ਼ਬਦ ਨਹੀਂ। ਇਹ ਲੱਫ਼ਾਜ਼ੀ ਨਹੀਂ। ਇਤਿਹਾਸ ਬਹੁਤ ਵਾਰ ਸਾਬਤ ਕਰ ਚੁੱਕਾ ਹੈ ਕਿ ਸਾਡੇ ਸੁਪਨੇ ਫੋਕੇ ਨਹੀਂ ਹਨ। ਸਾਡੀਆਂ ਉਮੀਦਾਂ ਆਦਰਸ਼ਵਾਦੀ ਬਕਤਵਾਹ ਨਹੀਂ। ਅਸੀਂ ਜਿੱਤਾਂਗੇ।

ਇਸ ਸਾਲ ਤੇਰੇ ਜਨਮ ਦਿਨ ਉਪਰ ਮੈਂ ਸੀਖਾਂ ਪਿੱਛਿਓਂ ਤੇਰੇ ਪਿਆਰ ਲਈ ਮੁੜ ਆਪਣੀ ਸਮਰਪਣ ਭਾਵਨਾ ਦਾ ਇਜ਼ਹਾਰ ਕਰਦਾ ਹਾਂ। ਤੇਰੇ ਪਿਆਰ ਦੀ ਬਦੌਲਤ ਮੇਰਾ ਹੌਸਲਾ ਮੇਰੀਆਂ ਉਮੀਦਾਂ ਬੁਲੰਦ ਹਨ। ਹੁਣ ਤਕ ਆਪਣੀ ਜ਼ਿੰਦਗੀ ਵਿਚ ਮੈਂ ਜੋ ਕੁਝ ਕੀਤਾ ਹੈ, ਉਹ ਮੈਂ ਇਸ ਕਰ ਕੇ ਕਰ ਸਕਿਆ, ਕਿਉਂਕਿ ਤੂੰ ਸਦਾ ਚਾਨਣ ਮੀਨਾਰ ਵਾਂਗ ਪਿਆਰ ਵਰਸਾਉਂਦੀ ਹੋਈ ਮੇਰੇ ਨਾਲ ਡਟ ਕੇ ਖੜ੍ਹੀ ਰਹੀ ਏਂ।

ਤੇਰਾ ਇਹ ਸ਼ੁਭ ਦਿਹਾੜਾ ਵਾਰ-ਵਾਰ ਆਉਂਦਾ ਰਹੇ।

***ਤੇਰਾ, ਬਹੁਤ ਸਾਰੇ ਪਿਆਰ ਸਹਿਤ... ਸਾਈ।***

## ਵਿਚਾਰ ਚਰਚਾ

# ਸਿਰ ਦਸਤਾਰ, ਗੁੱਟ 'ਤੇ ਧਾਗਾ...

***ਸਾਡੇ ਬਹੁਤੇ ਤਿੱਥ-ਤਿਉਹਾਰ ਭੇਡ-ਚਾਲ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਜਦੋਂ ਤੋਂ ਇਨ੍ਹਾਂ ਤਿਉਹਾਰਾਂ ਨਾਲ ਮੰਡੀ ਜੁੜ ਗਈ ਹੈ, ਇਹ ਹੋਰ ਵੀ ਬੇਕਾਬੂ ਹੋ ਗਏ ਹਨ ਅਤੇ ਆਮ ਲੋਕ ਇਸ ਮੱਕੜ ਜਾਲ ਵਿਚ ਸਹਿਜੇ ਹੀ ਫਸ ਜਾਂਦੇ ਹਨ। ਉਂਜ, ਇਨ੍ਹਾਂ ਤਿਉਹਾਰਾਂ ਦੇ ਪਿਛੋਕੜ ਬਾਰੇ ਜਾਣਨ ਅਤੇ ਇਨ੍ਹਾਂ ਨੂੰ ਸਮਝਣ ਲਈ ਕਿਤੇ ਕਿਤੇ ਜਗਿਆਸੂ ਆਵਾਜ਼ਾਂ ਵੀ ਗਾਹੇ-ਬਗਾਹੇ ਸੁਣਦੀਆਂ ਰਹਿੰਦੀਆਂ ਹਨ। ਬੀਬੀ ਗੁਰਜੀਤ ਕੌਰ ਨੇ ਆਪਣੇ ਇਸ ਲੇਖ ਵਿਚ ਰੱਖੜੀ ਦੇ ਪ੍ਰਸੰਗ ਵਿਚ ਆਵਾਜ਼ ਬੁਲੰਦ ਕਰਨ ਦਾ ਯਤਨ ਕੀਤਾ ਹੈ। ਇਹ ਲੇਖ ਅਸੀਂ ਵਿਚਾਰ-ਚਰਚਾ ਦੇ ਮਕਸਦ ਨਾਲ ਛਾਪ ਰਹੇ ਹਾਂ। ਲੇਖਕ ਦੇ ਵਿਚਾਰਾਂ ਨਾਲ ਸਾਡੀ ਸਹਿਮਤੀ ਹੋਣਾ ਜਰੂਰੀ ਨਹੀਂ। ਇਸ ਵਿਸ਼ੇ 'ਤੇ ਆਏ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿਤੀ ਜਾਵੇਗੀ। -ਸੰਪਾਦਕ***

**ਗੁਰਜੀਤ ਕੌਰ**
ਫੋਨ: 713-469-2474

ਉਦੋਂ ਮੇਰੀ ਧੀ ਦੀ ਉਮਰ ਕੋਈ ਤਿੰਨ ਕੁ ਸਾਲ ਹੋਵੇਗੀ, ਮੈਂ ਉਹਨੂੰ ਰੋਟੀ ਪਾ ਕੇ ਦਿੱਤੀ। ਬੱਚਾ ਸੁਆਦ ਨਾਲ ਖਾਵੇ। ਲਾਲਚ ਕਰ ਕੇ ਮੈਂ ਉਹਦੀ ਥਾਲੀ ਵਿਚ ਰੋਟੀ ਤੋਂ ਇਲਾਵਾ ਹੋਰ ਸ਼ੈਆਂ ਵੀ ਪਾ ਦਿੱਤੀਆਂ। ਥੋੜ੍ਹੀ ਦੇਰ ਬਾਅਦ ਮੈਂ ਦੇਖਣ ਗਈ ਤਾਂ ਹੈਰਾਨ ਹੋ ਗਈ, ਉਹਨੇ ਆਲੂ ਵਾਲੇ ਪਰੌਂਠੇ ਵਿਚ ਮੋਤੀਚੂਰ ਦਾ ਲੱਡੂ ਤੇ ਰਾਇਤਾ ਲਪੇਟਿਆ ਹੋਇਆ ਸੀ, ਖੀਰ ਵਿਚ ਖੀਰਾ ਤੇ ਟਮਾਟਰ ਮਿਲਾਏ ਹੋਏ ਸਨ, ਤੇ ਬੜੇ ਹੀ ਸੁਆਦ ਨਾਲ ਖਾ ਰਹੀ ਸੀ। ਜ਼ਾਹਰ ਹੈ ਕਿ ਅਜਿਹਾ ਤਾਲਮੇਲ ਜਾਂ ਤਾਂ ਬੱਚਾ ਬਿਠਾ ਸਕਦਾ ਹੈ, ਜਾਂ ਫਿਰ ਜਿਸ ਨੂੰ ਚੰਗੇ ਮਾੜੇ ਦੀ ਪਛਾਣ ਨਹੀਂ।

ਇਕ ਹੋਰ ਤਾਲਮੇਲ ਹੈ, ਜੋ ਸੌਣ ਮਹੀਨੇ ਦੇਖਣ ਨੂੰ ਮਿਲਦਾ ਹੈ। ਇਹ ਤਾਲਮੇਲ ਉਨ੍ਹਾਂ ਬਿਠਾਇਆ ਹੁੰਦਾ ਹੈ, ਜਿਨ੍ਹਾਂ ਦੀਆਂ ਕੰਧਾਂ ਉਤੇ ਵੰਨ-ਸੁਵੰਨੀਆਂ ਡਿਗਰੀਆਂ ਲਮਕਦੀਆਂ ਹੁੰਦੀਆਂ ਨੇ ਅਤੇ ਜਿਹੜੇ ਖਾਲਿਸਤਾਨ ਦੇ ਨਾਅਰੇ ਮਾਰਦੇ ਸਾਹ ਨਹੀਂ ਲੈਂਦੇ। ਆਮ ਦੇਖਣ ਨੂੰ ਮਿਲਦਾ ਹੈ ਕਿ ਸਿਰ 'ਤੇ ਪੱਗ ਹੋਵੇਗੀ, ਗਲ ਵਿਚ ਗਾਤਰਾ, ਪੰਜ ਬਾਣੀਆਂ ਦੀ ਹਮਾਇਤ, ਹਿਰਦੇ ਵਿਚ ਦਸਮ ਗ੍ਰੰਥ ਨੂੰ ਮੰਨਣ ਜਾਂ ਨਾ ਮੰਨਣ ਬਾਰੇ ਤਰਥੱਲੀ ਪਾਉਂਦੇ ਵਿਚਾਰਾਂ ਦਾ ਖੁਲਾਸਾ ਕਰਨ ਦੀ ਤੜਫਾਹਟ, ਤੇ ਗੁੱਟ ਉਤੇ ਧਾਗਾ। ਕਿਆ ਅਲੌਕਿਕ ਮੇਲ ਹੈ!

ਦੂਜੇ ਪਾਸੇ, ਗਲ ਵਿਚ ਸੋਨੇ ਦੀ ਮੋਟੀ ਜ਼ੰਜੀਰ, ਜ਼ੰਜੀਰ ਵਿਚ ਖੰਡਾ, ਡੌਲੇ 'ਤੇ ਖੰਡੇ ਦਾ ਟੈਟੂ, ਸੰਤ ਭਿੰਡਰਾਂਵਾਲਿਆਂ ਦੀ ਫੋਟੋ ਵਾਲੀ ਟੀ-ਸ਼ਰਟ, ਸੱਜੇ ਹੱਥ ਵਿਚ ਸੋਨੇ ਦਾ ਕੜਾ ਤੇ ਨਾਲ ਹੀ ਊਟ-ਪਟਾਂਗ ਧਾਗਿਆਂ ਦੀ ਕਤਾਰ ਤੇ ਦਿਲ ਵਿਚ ਸਿੱਖੀ ਹੋਣ ਦਾ ਦਾਅਵਾ। ਇਹ ਅਲੌਕਿਕ ਮੇਲ ਦੀ ਦੂਜੀ ਕਿਸਮ ਹੈ; ਜਿਵੇਂ ਬੰਦਾ ਨਾ ਹੋ ਗਿਆ, ਨਵਜੋਤ ਸਿੱਧੂ ਹੋ ਗਿਆ! ਗੁਰੂ ਸਾਹਿਬ ਦਾ ਫੁਰਮਾਨ ਹੈ:

ਕਥਨ ਸੁਨਾਵਨ ਗੀਤ ਨੀਕੇ ਗਾਵਨ
ਮਨ ਮਹਿ ਧਰਤੇ ਗਾਰ॥

ਜੇ ਇਸ ਕਥਨ ਦਾ ਖੁਲਾਸਾ ਮੈਂ ਆਪਣੀ ਅਲਪ ਮਤ ਤੇ ਚੌਗਿਰਦੇ ਦੇ ਹਾਲਾਤ ਵੱਲ ਝਾਤ ਮਾਰ ਕੇ ਗੱਲ ਕਰਾਂ ਤਾਂ ਸੌਖਿਆਂ ਨਜ਼ਰ ਆ ਜਾਂਦਾ ਹੈ। ਗੁਰੂ ਦੀ ਜੈ-ਜੈ ਕਾਰ ਕਰੀ ਜਾਣੀ ਹੈ ਅਤੇ ਮੰਨਣੀ ਆਪਣੇ ਮਨ ਜਾਂ ਕਿਸੇ ਤਿਲਕ ਜੰਞੂ ਵਾਲੇ ਬ੍ਰਾਹਮਣ ਦੀ, ਤੇ ਇਹ ਤਾਂ ਅਸਿੱਧੇ ਤੌਰ 'ਤੇ ਗੁਰੂ ਨੂੰ ਪਿਠ ਦਿਖਾਉਣਾ ਹੀ ਤਾਂ ਹੈ। ਜੇ ਕਿਸੇ ਨੂੰ ਇਸ ਦਾ ਕਾਰਨ ਪੁਛਣ ਦੀ ਹਿਮਾਕਤ ਕਰੋ ਤਾਂ ਜਵਾਬ ਹੋਵੇਗਾ, "ਸਾਡੀ ਮਾਂ ਵੀ ਏਦਾਂ ਕਰਦੀ ਹੁੰਦੀ ਸੀ" ਜਾਂ ਫਿਰ "ਦਿਲ ਵਿਚ ਸਿੱਖੀ ਹੋਣੀ ਚਾਹੀਦੀ ਹੈ।" ਇਹ ਕਿਹੜੀ ਨਿਵੇਕਲੀ ਸਿੱਖੀ ਹੈ ਜੋ ਸਿਰਫ ਦਿਲ ਵਿਚ ਹੀ ਹੁੰਦੀ ਹੈ। ਧਰਤੀ ਵਿਚ ਬੀਜ ਬੀਜੀਏ ਤਾਂ ਜਦ ਤੱਕ ਬੀਜ ਪੁੰਗਰ ਨਹੀਂ ਪੈਂਦਾ, ਕੀ ਪਤਾ ਕਿਸੇ ਨੇ ਕੀ ਬੀਜਿਆ ਹੈ; ਇਹੀ ਕਾਰਨ ਹੈ ਕਿ ਗੁਰੂ ਦੀ ਪਾਈ ਪਿਰਤ ਸਿਰਫ ਦਿਲ ਵਿਚ ਹੀ ਰਹਿ ਗਈ ਤੇ ਬਾਹਰਲੇ ਸਰੂਪ 'ਤੇ ਭਾਰੇ ਪੈ ਗਏ ਰੇਸ਼ਮੀ ਧਾਗੇ ਤੇ ਉਸਤਰੇ!

ਹੁਣ ਤਾਂ ਇਉਂ ਜਾਪਦਾ ਹੈ ਕਿ ਅਰਦਾਸ ਵਿਚੋਂ ਗੁਰੂ ਪਾਸੋਂ ਵਿਵੇਕ ਦਾਨ ਮੰਨਣ ਦੀ ਪੰਕਤੀ ਕੱਢ ਦੇਣੀ ਚਾਹੀਦੀ ਹੈ, ਕਿਉਂਕਿ ਗੁਰੂ ਨੇ ਤਾਂ ਸਭ ਕੁਝ ਬਿਨ ਮੰਗਿਆਂ ਹੀ ਦੇ ਦਿੱਤਾ ਸੀ, ਬਸ ਅਸੀਂ ਹੀ ਕਦਰ ਨਹੀਂ ਪਾਈ, ਤੇ ਗੁਰੂ ਦੀ ਤੌਹੀਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਵਿਵੇਕ ਦਾ ਇਸਤੇਮਾਲ ਉਹੀ ਕਰੇਗਾ ਜਿਸ ਕੋਲ ਵਿਕਸਿਤ ਦਿਮਾਗ ਹੋਵੇਗਾ, ਤੇ ਵਿਕਸਿਤ ਦਿਮਾਗ ਹੋਣ ਦਾ ਪ੍ਰਮਾਣ ਇਹੀ ਹੈ ਕਿ ਅਸੀਂ ਸਾਧਾਰਨ ਜ਼ਿੰਦਗੀ ਚੈਨ ਨਾਲ ਬਤੀਤ ਕਰ ਰਹੇ ਹਾਂ, ਸਮਾਜਿਕ ਪ੍ਰਾਣੀ ਹਾਂ, ਨਾ ਕਿ ਕਿਸੇ ਪਾਗਲਖਾਨੇ ਦੀ ਸੋਭਾ ਵਧਾ ਰਹੇ ਹਾਂ। ਜੇ ਇਹ ਸਾਰੀਆਂ ਸਲਾਹੁਤਾਂ ਸਾਡੇ ਅੰਦਰ ਮੌਜੂਦ ਨੇ ਤਾਂ ਫਿਰ ਚੰਗੀ-ਭਲੀ ਤੁਰੀ ਜਾਂਦੀ ਜ਼ਿੰਦਗੀ ਨੂੰ ਬੇਅਰਥ ਭੰਬਲਭੂਸਿਆਂ ਵਿਚ ਪਾਉਣ ਦਾ ਕੀ ਮਤਲਬ ਹੈ?

ਮੈਂ ਦਰਅਸਲ ਰੱਖੜੀ ਵਰਗੇ ਫਜ਼ੂਲ ਤੇ ਮਨਮੱਤ ਭਰਪੂਰ ਤਿਉਹਾਰ ਦੀ ਗੱਲ ਕਰ ਰਹੀ ਹਾਂ। ਜੇ ਗੁਰੂ ਸਾਹਿਬਾਨ ਨੇ ਮੈਨੂੰ ਵਿਵੇਕ ਦਾਨ ਬਖਸ਼ਿਆ ਹੈ ਤਾਂ ਇਸ ਕਰਮ ਕਾਂਡ ਬਾਰੇ ਗੱਲ ਮੈਂ ਉਸੇ ਦਾਨ ਦੇ ਚੌਗਿਰਦੇ ਵਿਚ ਰਹਿ ਕੇ ਹੀ ਕਰਾਂਗੀ।

ਹੋਸ਼ ਸੰਭਾਲਣ ਤੋਂ ਬਾਅਦ ਹੀ ਮਨ ਵਿਚ ਬਗਾਵਤ ਜਿਹੀ ਉਠਣੀ ਸ਼ੁਰੂ ਹੋ ਗਈ ਸੀ। ਜੇ ਕਿਸੇ ਵੀ ਕਰਮ ਕਾਂਡ ਖਿਲਾਫ ਮਾਂ ਨਾਲ ਗੱਲ ਕਰਨੀ ਤਾਂ ਇਹੀ ਜਵਾਬ ਮਿਲਦਾ, "ਮੈਂ ਤਾਂ ਆਪਣੀ ਮਾਂ ਜੰਮ ਲਈ ਏ। ਮੈਂ ਤਾਂ ਸਾਰੀ ਉਮਰ ਮੂਰਖ ਹੀ ਰਹੀ।" ਮਨ ਵਿਚ ਖਿਆਲ ਆਉਂਦਾ, ਰੱਬਾ! ਜੇ ਕਿਤੇ ਤੂੰ ਮੇਰੀ ਜ਼ਿੰਦਗੀ 'ਤੇ ਮੇਰਾ ਆਪਣਾ ਅਖਤਿਆਰ ਬਖਸ਼ੇਂ ਤਾਂ ਸਭ ਤੋਂ ਪਹਿਲਾਂ ਮੈਂ ਇਨ੍ਹਾਂ ਬੇ-ਗੈਰਤਾਂ ਨੂੰ ਜ਼ਿੰਦਗੀ ਵਿਚੋਂ ਬਾਹਰ ਕੱਢਾਂ। ਜੇ ਤੂੰ ਮੈਨੂੰ ਪੁੱਤ ਤੇ ਧੀਆਂ, ਦੋਵੇਂ ਦੇਵੇਂ ਤਾਂ ਮੈਂ ਉਨ੍ਹਾਂ ਨੂੰ ਕੇਵਲ ਆਪਣੇ ਬੱਚੇ ਜਾਣ ਕੇ ਪਾਲਾਂ, ਨਾ ਕਿ ਧੀਆਂ ਤੇ ਪੁੱਤ। ਰੱਬ ਦੀ ਮਿਹਰ ਇਹ ਹੋਈ ਕਿ ਬ੍ਰਾਹਮਣਾਂ ਦੇ ਮੁਲਕ ਵਿਚੋਂ ਜਲਾਵਤਨੀ ਨਸੀਬ ਹੋਈ। ਮੈਂ ਪ੍ਰਣ ਲਿਆ ਕਿ ਬੰਦੇ ਦਾ ਪੁੱਤ ਨਾ ਹੋਵੇ ਜਿਹੜਾ ਪਿਛਾਂਹ ਮੁੜ ਕੇ ਦੇਖ ਜਾਵੇ, ਬਸ! ਗੁਰੂ ਸਾਹਿਬ ਦਾ ਫੁਰਮਾਨ ਹੈ:

ਅੰਮ੍ਰਿਤ ਕਉਰਾ ਬਿਖਿਆ ਮੀਠੀ॥
ਸਾਕਤ ਕੀ ਬਿਧਿ ਨੈਨਹੁ ਡੀਠੀ॥



ਕਿੱਡੀ ਮਿਹਰ ਹੈ, ਬਿਖਿਆ ਵੱਲ ਧਿਆਨ ਨਹੀਂ ਦਿੱਤਾ; ਧਾਗੇ, ਮਠਿਆਈ, ਕੱਪੜੇ, ਗਹਿਣੇ, ਪੈਟਰੋਲ, ਟ੍ਰੈਫਿਕ ਜਾਮ, ਕਿੰਨੀਆਂ ਚੀਜ਼ਾਂ ਦੇ ਫਾਲਤੂ ਖਰਚਿਆਂ ਤੋਂ ਛੁਟਕਾਰਾ ਮਿਲਿਆ। ਸਭ ਤੋਂ ਵੱਧ, ਖੂਨ ਸੜਨੋਂ ਬਚ ਗਿਆ। ਕਈ ਵਾਰ ਏਦਾਂ ਹੁੰਦਾ ਹੈ, ਖਾਸ ਕਰ ਕੇ ਹਿੰਦੁਸਤਾਨ ਵਿਚ, ਡੱਬਾ ਜ਼ਿਆਦਾ ਮਹਿੰਗਾ ਹੁੰਦਾ ਹੈ ਤੇ ਭਰਾ ਪੈਸੇ ਘੱਟ ਦਿੰਦਾ ਹੈ। ਬੱਸ, ਉਹੀ ਭੈਣ ਫਿਰ ਬੁੜ ਬੁੜ ਕਰਦੀ ਘਰ ਪਰਤਦੀ ਹੈ, ਭਰਾ ਦੇ ਭਣੇਵੇਂ-ਭਣੇਵੀਆਂ ਨੂੰ ਪੂਰੇ ਰਾਹ ਘੂਰਦੀ।

2002 ਦੀ ਗੱਲ ਹੈ, ਅਸੀਂ ਸਾਰਿਆਂ ਵਿਸਾਖੀ ਮੌਕੇ ਯੂਬਾ ਸਿਟੀ ਵਿਚ ਨਗਰ ਕੀਰਤਨ ਵਿਚ ਪਕੌੜਿਆਂ ਦਾ ਸਟਾਲ ਲਾਉਣਾ ਤੈਅ ਕੀਤਾ। ਗੁਰਦੁਆਰਾ ਘਰੋਂ ਦੋ ਘੰਟੇ ਦੀ ਦੂਰੀ 'ਤੇ ਸੀ। ਇਕ ਆਂਟੀ ਨੇ ਬਹੁਤ ਦਿਨ ਪਹਿਲਾਂ, ਤੇ ਫਿਰ ਪੂਰੇ ਰਾਹ ਇਕੋ ਰਟ ਲਾਈ ਰੱਖੀ, "ਹੈਂ ਧੀਏ ਗੁਰਜੀਤ ਕੁਰੇ, ਜੂਬਾ ਸਿਟੀਉਂ ਉਹ ਗੁਰੂ ਨਾਨਕ ਦੇਵ ਦੀ ਫੋਟੋ ਚੇਤੇ ਨਾਲ ਲਿਆਉਣੀ ਏ ਜੀਹਦੇ ਵਿਚ ਬੇਬੇ ਨਾਨਕੀ ਉਨ੍ਹਾਂ ਨੂੰ ਲੱਖੜੀ ਬੰਨ੍ਹਦੀ ਪਈ ਆ।" ਤੇ ਇਹ ਗੱਲ ਕਿਸੇ ਇਕ ਔਰਤ 'ਤੇ ਲਾਗੂ ਨਹੀਂ ਹੁੰਦੀ, ਬਹੁ-ਗਿਣਤੀ ਦਾ ਇਹੋ ਹਾਲ ਹੈ। ਫੋਟੋ ਤਾਂ ਗੁਰੂ ਨਾਨਕ ਪਾਤਸ਼ਾਹ ਦੀ ਵੇਦੀ ਦੁਆਲੇ ਲਾਵਾਂ ਲੈਂਦਿਆਂ ਦੀ ਵੀ ਮਿਲ ਜਾਂਦੀ ਹੈ, ਕੀ ਅਸੀਂ ਉਹ ਮੰਨਦੇ ਹਾਂ? ਨਾਲੇ ਫੋਟੋ ਦਾ ਕੀ ਐ, ਇਹ ਕਲਮ ਹੀ ਹੈ, ਜਿਸ ਦੀ ਵਰਤੋਂ ਕਰ ਕੇ ਭਾਵੇਂ ਕ੍ਰਾਂਤੀ ਲੈ ਆਓ, ਭਾਵੇਂ ਗੁਲਾਮਾਂ ਦੀ ਫੌਜ ਖੜ੍ਹੀ ਕਰ ਲਵੋ। ਗੱਲ ਤਾਂ ਬੰਦੂਕ ਚਲਾਉਣ ਪਿਛੇ ਨੀਅਤ ਦੀ ਹੈ ਜੋ ਬੰਦੇ ਨੂੰ ਇਤਿਹਾਸ ਵਿਚ ਜਾਂ ਤਾਂ ਜ਼ਕਰੀਆ ਖਾਨ ਦਰਸਾਉਂਦੀ ਹੈ, ਜਾਂ ਫਿਰ ਬੰਦਾ ਸਿੰਘ ਬਹਾਦਰ।

ਪਹਿਲੇ ਪਾਤਸ਼ਾਹ ਨੂੰ ਆਇਆਂ ਪੰਜ ਸਦੀਆਂ ਬੀਤ ਚੁਕੀਆਂ ਨੇ, ਪਰ ਮਹਾਰਾਜਾ ਰਣਜੀਤ ਸਿੰਘ ਦਾ ਦੌਰ ਤਾਂ ਅਜੇ ਕੱਲ੍ਹ ਦੀਆਂ ਗੱਲਾਂ ਨੇ। ਅੰਗਰੇਜ਼ ਲਿਖਾਰੀ ਉਨ੍ਹਾਂ ਦੀ ਉਪਰੀ ਦਿੱਖ ਬਾਰੇ ਉਨ੍ਹਾਂ ਨੂੰ ਰੱਜ ਕੇ ਕਰੂਪ ਦਰਸਾਉਂਦੇ ਨੇ, ਪਰ ਜੰਗੀ ਜਾਹੋ-ਜਲਾਲ ਦਾ ਵੀ ਨਾਲੋ-ਨਾਲ ਦਮ ਭਰਦੇ ਨੇ। ਜੇ ਕਿਤੇ ਉਨ੍ਹਾਂ ਦਾ ਚਿਹਰਾ ਅੱਜ ਦੇ ਚਿੱਤਰਕਾਰਾਂ ਪਾਸੋਂ ਬਣਿਆ ਦੇਖੀਏ ਤਾਂ ਚਿੱਤਰਕਾਰਾਂ ਦੀ ਅਕਲ 'ਤੇ ਰੋਣਾ ਆਉਂਦਾ ਹੈ। ਗੱਲ ਇਥੇ ਮੁਕਦੀ ਹੈ, ਸਾਡੇ 'ਤੇ ਮਿਹਰ ਹੋਈ ਤੇ ਸਾਨੂੰ ਪਹਿਲੇ ਪਾਤਸ਼ਾਹ ਤੋਂ ਬਾਅਦ ਨੌਂ ਹੋਰ ਮੌਕੇ (ਗੁਰੂ ਸਾਹਿਬਾਨ) ਮਿਲੇ, ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮਝਣ ਲਈ; ਪਰ ਅਸੀਂ ਫਿਰ ਵੀ ਮਨਆਈਆਂ ਕੀਤੀਆਂ। ਕੀ ਸਾਡਾ ਦਿਮਾਗ ਸਾਡਾ ਇੰਨਾ ਸਾਥ ਛੱਡ ਚੁਕਾ ਹੈ ਕਿ ਜਿਹੜਾ ਗੁਰੂ ਧਾਗਾ ਆਪਣੇ ਤਨ 'ਤੇ ਨਹੀਂ ਪਾ ਰਿਹਾ, ਉਹ ਉਸ ਧਾਗੇ ਨੂੰ ਗੁੱਟ 'ਤੇ ਬੰਨ੍ਹਵਾ ਕੇ ਭੈਣ ਨੂੰ ਨੀਵਿਆਂ ਕਰਾਰ ਦੇਵੇਗਾ!

ਵਿਵੇਕ ਦੀ ਪਰਖ ਦਾ ਦੂਜਾ ਮੌਕਾ ਦਿੰਦਾ ਹੈ, ਬ੍ਰਾਹਮਣਵਾਦ। ਅੱਜ ਕੱਲ੍ਹ ਜੇ ਕੋਈ ਕਿਤਾਬ ਪੜ੍ਹਨ ਦੀ ਜ਼ਹਿਮਤ ਭਾਵੇਂ ਨਾ ਵੀ ਕਰੇ, ਸੰਚਾਰ ਮਾਧਿਅਮ ਰਾਹੀਂ ਵੀ ਬ੍ਰਾਹਮਣ ਦੀਆਂ ਸਦੀਆਂ ਤੋਂ ਤੁਰੀਆਂ ਆ ਰਹੀ ਵਧੀਕੀਆਂ ਦਾ ਖੁਲਾਸਾ ਹੋ ਜਾਂਦਾ ਹੈ। ਅਸੀਂ ਕੀ ਲੈਣਾ ਦੇਣਾ, ਕਿਹੜੀ ਮੱਸਿਆ ਨੂੰ ਕੀ ਹੈ ਤੇ ਕਿਹੜੀ ਪੂਰਨਮਾਸ਼ੀ ਨੂੰ ਕੀ? ਸਾਨੂੰ ਤਾਂ ਗੁਰੂ ਨੇ ਹੁਕਮ ਦੀ ਚਾਲ ਵੱਲ ਧਿਆਨ ਮਾਰਨ ਨੂੰ ਕਿਹਾ ਹੈ, ਨਾ ਕਿ ਗ੍ਰਹਿਆਂ ਦੀ। ਉਨ੍ਹਾਂ ਦਾ ਫੁਰਮਾਨ ਹੈ:

ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ॥
ਚਾਰੇ ਵੇਦ ਬ੍ਰਹਮੇ ਨੋ ਫਰਮਾਇਆ॥
ਵਰ੍ਹੇ ਮਾਹ ਵਾਰ ਥਿਤੀ ਕਰਿ
ਇਸ ਜਗ ਮਹਿ ਸੋਡੀ ਪਾਇਦਾ॥

ਦਿਨ ਤਾਂ ਬੰਦੇ ਦੀ ਸੌਖ ਲਈ ਬਣਾਏ ਗਏ ਨੇ, ਨਾ ਕਿ ਅੰਧਵਿਸ਼ਵਾਸ ਫੈਲਾਉਣ ਲਈ। ਉਸ ਨਿਸ਼ਚਿਤ ਤਿਥੀ, ਮੱਸਿਆ, ਸੰਗਰਾਂਦ ਜਾਂ ਪੂਰਨਮਾਸ਼ੀ ਦਾ ਭੈਣ ਤੇ ਭਰਾ ਦੇ ਪਿਆਰ ਨਾਲ ਕੀ ਸਬੰਧ ਭਲਾ?

ਵਿਵੇਕ ਦੀ ਤੀਜੀ ਪਰਖ ਇਸ ਤੱਥ ਦੁਆਲੇ ਹੁੰਦੀ ਹੈ, ਕੀ ਰਿਸ਼ਤੇ ਧਾਗਿਆਂ ਦੇ ਗੁਲਾਮ ਨੇ? ਜੇ ਇਹ ਧਾਗਿਆਂ ਨਾਲ ਹੀ ਪੱਕੇ ਹੁੰਦੇ ਨੇ ਤਾਂ ਬਾਹਰਲੇ ਦੇਸ਼ਾਂ ਵਿਚ ਭੈਣਾਂ ਕਈ ਕਈ ਸਾਲ ਪੇਪਰਾਂ ਪਿਛੇ ਭਾਰਤ ਵਾਪਸ ਨਹੀਂ ਪਰਤ ਸਕਦੀਆਂ। ਹੁਣ ਜੇ ਭੈਣ ਨੂੰ ਬਿਪਤਾ ਪੈ ਜਾਵੇ ਤਾਂ ਭਰਾ ਸਿਰਫ ਇਸ ਕਰ ਕੇ ਭੈਣ ਦੀ ਫਿਕਰ ਕਰੇਗਾ ਕਿ ਭੈਣ ਉਸ ਨੂੰ ਰੱਖੜੀ ਬੰਨ੍ਹਦੀ ਹੈ। ਔਰਤ ਵੀ ਭਰਾਵਾਂ ਨੂੰ ਸਿਰਫ ਧਾਗੇ ਦੇ ਸਬੰਧ ਕਰ ਕੇ ਯਾਦ ਕਰੇਗੀ? ਕਈ ਵਾਰ ਇਮੀਗ੍ਰੇਸ਼ਨ ਦੀਆਂ ਮਜਬੂਰੀਆਂ ਮੁਲਕ ਛੱਡਣ ਨਹੀਂ ਦਿੰਦੀਆਂ ਤੇ ਅਜਿਹੇ ਮੌਕਿਆਂ 'ਤੇ ਬੰਦੇ ਨੂੰ ਰਿਸ਼ਤਿਆਂ ਨਾਲੋਂ ਅਮਰੀਕਨ ਪਾਸਪੋਰਟ ਕਿਤੇ ਅਹਿਮ ਲਗਦਾ ਹੈ। ਧੰਨ ਹੈ ਉਸ ਪਾਸਪੋਰਟ ਦੀ ਵਡਿਆਈ ਜਿਸ ਨੂੰ ਦਸਾਂ ਸਾਲਾਂ ਵਿਚ ਇਕ ਵਾਰ ਨਵਿਆਉਣਾ ਪੈਂਦਾ ਹੈ, ਭੈਣ ਭਰਾ ਦੇ ਰਿਸ਼ਤੇ ਦਾ ਨਵਿਆਉਣ ਤਾਂ ਹਰ ਸਾਲ ਮੈਡੀਕਲ ਦੇ ਨਵਿਆਉਣ ਵਾਂਗੂ ਸਿਰ 'ਤੇ ਸਵਾਰ ਹੁੰਦਾ ਹੈ।

ਛੋਟੇ ਹੁੰਦਿਆਂ ਸਾਲਾਨਾ ਪਰਚਿਆਂ ਵੇਲੇ ਰੱਖੜੀ ਦੇ ਤਿਉਹਾਰ ਵਾਲੇ ਲੇਖ 'ਤੇ ਰੱਟੇ ਮਾਰੀਦੇ ਹੁੰਦੇ ਸਨ ਕਿ ਚਿਤੌੜ ਦੀ ਰਾਣੀ ਨੇ ਅਕਬਰ ਨੂੰ ਰੱਖੜੀ ਭੇਜੀ, ਇਥੋਂ ਹੀ ਇਹ ਪਿਰਤ ਪੈ ਗਈ; ਪਰ ਬਲਿਹਾਰੇ ਜਾਈਏ ਸਾਡੀਆਂ ਅਕਲਾਂ ਦੇ, ਅਸੀਂ ਤਾਂ ਗੁਰਦੁਆਰਿਆਂ ਵਿਚ ਰੱਖੇ ਪੀੜ੍ਹੇ ਵੀ ਨਹੀਂ ਛੱਡੇ। ਮੇਰੇ ਹਿਸਾਬ ਨਾਲ ਪੀੜ੍ਹਾ ਛੱਡ ਕੇ ਜੇ ਵੇਲਣੇ ਦੀ ਸੇਵਾ ਕਰਨ ਦੀ ਤਾਕਤ ਪਛਾਣ ਲਈ ਜਾਵੇ ਤਾਂ ਕਈ ਥਾਂਵਾਂ 'ਤੇ ਭਰਾ ਤੋਂ ਜ਼ਿਆਦਾ ਵੇਲਣਾ ਤਲਿਸਮੀ ਸਾਬਤ ਹੋਵੇਗਾ, ਕਿਉਂਕਿ ਹਰ ਘਰ ਵਿਚ ਭਰਾ ਭਾਵੇਂ ਨਾ ਸਹੀ, ਪਰ ਵੇਲਣਾ ਜ਼ਰੂਰ ਹੁੰਦਾ ਹੈ। ਕਿੱਡੀ ਹਾਸੋ-ਹੀਣੀ ਗੱਲ ਹੈ ਕਿ ਜੰਮਦੇ ਭਰਾ ਨੂੰ ਦੁੱਧ ਦੀ ਬੋਤਲ ਉਹਦੀ ਭੈਣ ਤਿਆਰ ਕਰ ਕੇ ਦੇਵੇਗੀ, ਤੇ ਮਾਂ ਬਤੀਸੀ ਕੱਢਦੀ ਰੱਖੜੀ ਬੰਨ੍ਹਦਿਆਂ ਦੀਆਂ ਫੋਟੋਆਂ ਖਿੱਚਦੀ ਸਾਹ ਨਹੀਂ ਲਵੇਗੀ। ਉਦੋਂ ਉਹੀ ਭਰਾ ਡਾਇਪਰ ਵਿਚੋਂ ਨਿਕਲ ਕੇ ਦਾਰਾ ਸਿੰਘ ਬਣ ਜਾਂਦਾ ਹੈ।

ਸਿੱਖ ਇਤਿਹਾਸ ਵੱਲ ਝਾਤੀ ਮਾਰੀਏ ਅਤੇ ਆਪਣੇ ਆਪ ਕੋਲੋਂ ਹੀ ਪੁਛੀਏ ਕਿ ਸਿੱਖ ਰਾਜ ਦਾ ਸੂਰਜ ਢਲਣ ਵੇਲੇ ਕੀ ਮਹਾਰਾਣੀ ਜਿੰਦ ਕੌਰ ਨੇ ਸ਼ਾਮ ਸਿੰਘ ਅਟਾਰੀ ਨੂੰ ਰੱਖੜੀ ਭੇਜੀ? ਅਕਬਰ ਨੇ ਫਿਰ ਆਪਣੀ ਜਿੰਦ ਨਹੀਂ ਸੀ ਵਾਰੀ। ਸ਼ਾਮ ਸਿੰਘ ਅਟਾਰੀ ਨੂੰ ਤਾਂ ਭਾਣਾ ਦਿਸਦਾ ਹੀ ਹੋਣੈਂ। ਸੈਂਕੜੇ ਧੀਆਂ



ਮੁਸਲਮਾਨ ਹਮਲਾਵਰਾਂ ਤੋਂ ਸਿੱਖਾਂ ਨੇ ਬਚਾਈਆਂ। ਕਿਹੜੇ ਅਜਾਇਬਘਰਾਂ ਵਿਚ ਅੱਜ ਉਨ੍ਹਾਂ ਭੈਣਾਂ ਵੱਲੋਂ ਰੱਖੀਆਂ ਰੱਖੜੀਆਂ ਸਾਂਭੀਆਂ ਹੋਈਆਂ ਨੇ? ਤੇ ਜੇ ਇਹ ਸੱਚ ਹੁੰਦਾ ਤਾਂ ਹਰੀ ਸਿੰਘ ਨਲੂਏ ਨੇ ਰੱਖੜੀਆਂ ਦੇ ਭਾਰ ਥੱਲੇ ਦੱਬ ਕੇ ਸੂਰਮਗਤੀ ਪ੍ਰਾਪਤ ਕਰਨੀ ਸੀ, ਨਾ ਕਿ ਜੰਗ ਦੇ ਮੈਦਾਨ ਵਿਚ।

ਜੇ ਕਿਤੇ ਰੱਬ ਮਿਹਰ ਕਰੇ ਤਾਂ ਦਿਲ ਵਿਚ ਵਸਦੀ ਸਿੱਖੀ ਨੂੰ ਦਿਮਾਗ ਦੇ ਰੋਸ਼ਨਦਾਨ ਤੱਕ ਲਿਆਂਦਾ ਜਾਵੇ ਅਤੇ ਹਰ ਗੈਰਤਮੰਦ ਭੈਣ ਆਪਣੇ ਭਰਾ ਤੋਂ ਇਹ ਸਵਾਲ ਜ਼ਰੂਰ ਪੁੱਛੇ ਕਿ ਭਰਾ ਰੱਖੜੀ ਬੰਨ੍ਹਵਾ ਕੇ ਤੂੰ ਮੈਨੂੰ ਸਾਰੀਆਂ ਔਕੜਾਂ ਤੋਂ ਤਾਂ ਬਚਾ ਲਿਆ, ਪਰ ਬ੍ਰਾਹਮਣ ਦੇ ਕਬਜ਼ੇ ਵਿਚ ਤਾਂ ਮੈਂ ਫਿਰ ਵੀ ਰਹਿ ਗਈ, ਕਿਉਂਕਿ ਬ੍ਰਾਹਮਣ ਦਾ ਸਾਥ ਤਾਂ ਤੂੰ ਵੀ ਨਹੀਂ ਛੱਡ ਸਕਿਆ। ਨਾਲੇ ਰੱਖੜੀ ਤਾਂ ਮਰਦ ਨੂੰ ਬੰਨ੍ਹੀ ਜਾਂਦੀ ਹੈ, ਪਹਿਲਾਂ ਭਰਾ ਮਰਦ ਹੋਣ ਦਾ ਸਬੂਤ ਤਾਂ ਦੇਵੇ। ਬਾਣੀ ਵਿਚ ਸ਼ਰਾਬ ਪੀਣ ਵਾਲੇ ਅਤੇ ਗਾਲੀ-ਗਲੋਚ ਕਰਨ ਵਾਲੇ ਦੀ ਤੁਲਨਾ ਪਸੂ ਨਾਲ ਕੀਤੀ ਹੋਈ ਹੈ ਤੇ ਪਸ਼ੂਆਂ ਨੂੰ ਕੌਣ ਰੱਖੜੀ ਬੰਨ੍ਹਦਾ ਹੈ? ਕਈ ਭਰਾਵਾਂ ਦੀ ਆਦਤ ਆਪਣੀਆਂ ਘਰਵਾਲੀਆਂ 'ਤੇ ਹੱਥ ਚੁੱਕਣ ਦੀ ਹੁੰਦੀ ਹੈ, ਤੇ ਜਿਸ ਭਰਾ ਦੀ ਪਨਾਹ ਵਿਚ ਕੋਈ ਬਿਗਾਨੀ ਧੀ ਮਹਿਫੂਜ਼ ਨਹੀਂ, ਉਹ ਆਪਣੀ ਭੈਣ ਦੀ ਹਿਫਾਜ਼ਤ ਲਈ ਕਿਹੜੇ ਤੀਰ ਮਾਰ ਲਵੇਗਾ? ਅਜਿਹੇ ਭਰਾ ਨੂੰ ਜੇ ਸਿੱਖ ਕਿਹਾ ਜਾਵੇ ਤਾਂ ਬਿਲਕੁਲ ਝੂਠ, ਕਿਉਂਕਿ ਸਿੱਖ ਕਹਾਉਣ ਲਈ ਵੀ ਮਰਦ ਹੋਣਾ ਪਹਿਲੀ ਸ਼ਰਤ ਹੈ।

ਕਮਾਲ ਹੈ, ਬ੍ਰਾਹਮਣ ਜੋ ਸਦੀਆਂ ਤੋਂ ਆਪਣੀ ਰੋਟੀ ਛਲ-ਕਪਟ ਨਾਲ ਕਮਾਉਂਦਾ ਰਿਹਾ ਹੈ, ਜਿਸ ਨੇ ਕਦੇ ਕਿਰਤ ਨਹੀਂ ਕਰ ਕੇ ਦੇਖੀ, ਉਹ ਕਿਸ ਤਰ੍ਹਾਂ ਸਾਡੇ ਦਿਲੋ-ਦਿਮਾਗ 'ਤੇ ਰਾਜ ਕਰ ਰਿਹਾ ਹੈ। ਸਾਡੀ ਹਾਲਤ ਉਸ ਹਾਥੀ ਵਰਗੀ ਹੈ ਜਿਸ ਨੂੰ ਬਚਪਨ ਤੋਂ ਹੀ ਲੋਹੇ ਦੀ ਜ਼ੰਜੀਰ ਨਾਲ ਜਕੜ ਲਿਆ ਜਾਂਦਾ ਹੈ। ਹਾਥੀ ਨੂੰ ਵੱਡਿਆਂ ਹੋ ਕੇ ਇਹ ਨਹੀਂ ਪਤਾ ਲਗਦਾ ਕਿ ਮੇਰੀ ਤਾਕਤ ਅੱਗੇ ਇਸ ਜ਼ੰਜੀਰ ਦੀ ਕੋਈ ਬਿਸਾਤ ਨਹੀਂ, ਪਰ ਕਿਉਂਕਿ ਉਸ ਦੀ ਮਾਨਸਿਕਤਾ ਕਾਬੂ ਕਰ ਲਈ ਗਈ ਹੈ, ਉਹ ਉਸ ਨੂੰ ਤੋੜਨ ਬਾਰੇ ਸੋਚਦਾ ਵੀ ਨਹੀਂ। ਸਾਡੀ ਦਿਮਾਗੀ ਹਾਲਤ ਉਸ ਹਾਥੀ ਤੋਂ ਵੀ ਗਈ ਗੁਜ਼ਰੀ ਹੈ। ਹਾਥੀ ਉਹ ਗੁਲਾਮੀ ਕਿਸੇ ਦੂਸਰੇ ਦੇ ਗਲ ਨਹੀਂ ਪਾਵੇਗਾ, ਪਰ ਅਸੀਂ ਇਕ ਬੰਦੇ ਦੀ ਸਹੇੜੀ ਗੁਲਾਮੀ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਦੇ ਗਲ ਪਾਈ ਜਾਂਦੇ ਹਾਂ। ਮਾਂ ਹੋਣ ਦੇ ਨਾਤੇ ਇਹ ਕਹਿਣ ਦੀ ਬਜਾਏ ਕਿ ਧੀਏ! ਤੇਰਾ ਭਰਾ ਤੇਰੀ ਰੱਖਿਆ ਕਰੇਗਾ, ਸਗੋਂ ਇਹ ਕਿਹਾ ਜਾਵੇ ਕਿ ਪੁੱਤ! ਤੂੰ ਸਾਰੀ ਉਮਰ ਗੁਰੂ ਦੇ ਦੱਸੇ ਰਾਹ 'ਤੇ ਚੱਲੀਂ ਤਾਂ ਜੋ ਹਰ ਧੀ-ਭੈਣ 'ਤੇ ਤੇਰੀ ਨਿਗ੍ਹਾ ਚੰਗੀ ਰਹੇ ਤੇ ਦੁਨੀਆਂ ਦੀਆਂ ਸਾਰੀਆਂ ਧੀਆਂ-ਭੈਣਾਂ ਮਹਿਫੂਜ਼ ਰਹਿਣ।

---

## ਗੱਲ ਬਣੀ ਕਿ ਨਹੀਂ


*-ਐਸ. ਅਸ਼ੋਕ ਭੌਰਾ*

### *ਉਠ ਸਮੇਂ ਦਿਆ ਵਾਰਸਾ...*

ਉਠ ਸਮੇਂ ਦਿਆ ਵਾਰਸਾ, ਰੋਕ ਸਮੇਂ ਦਾ ਰੱਥ।
ਉਹ ਰੱਖੜੀ ਬੰਨ੍ਹਣ ਆਈ ਸੀ ਲਾਹ ਕੇ ਲੈ ਗਈ ਹੱਥ।
ਇਹ ਲੱਗਦੈ ਛੇਤੀਂ ਮੁੱਕ ਜਾਊ, ਨਾਂ ਤੇਰੇ ਦਾ ਖੇਲ,
ਜੇ ਹੁਣ ਤੈਥੋਂ ਨਾ ਪਈ ਭੂਤਰਿਆਂ ਦੇ ਨੱਥ।
ਜਾਗ ਸਮੇਂ ਦਿਆ ਵਾਰਸਾ ਸਮਝ ਸਮੇਂ ਦੀ ਚਾਲ।
ਜੇ ਧਰਤੀ ਬਾਗੀ ਹੋ ਗਈ ਤਾਂ ਕਿੱਦਾਂ ਰੁਕੂ ਭੁਚਾਲ?
ਇਹ ਕੁਰਸੀ ਉਤੇ ਬਹਿਣ ਨੂੰ ਸੇਵਾ ਆਖੀ ਜਾਣ,
ਫਿਰ ਵੀ ਲੋਕੀ ਫਸਣ ਦਾ ਆਪੇ ਬੁਣਦੇ ਜਾਲ।
ਤੇਰੇ ਰਾਜ 'ਚ ਵਾਰਸਾ ਪੈ ਗਈ ਕਿੱਦਾਂ ਲੁੱਟ?
ਝੱਲ ਨਾ ਹੋਵੇ ਗਰੀਬ ਤੋਂ ਜ਼ੋਰਾਵਰ ਦੀ ਕੁੱਟ।
ਰਹਿੰਦੀ ਵਾਹੀਯੋਗ ਨਾ ਵੱਟੋਂ ਗਈਂ ਜਮੀਨ,
ਸਾਨ੍ਹ ਨਾਲੋਂ ਵੀ ਸਾਧ ਦੇ ਔਖਾ ਪਾਉਣਾ ਜੁੱਟ।
ਉਠ ਸਮੇਂ ਦਿਆ ਵਾਰਸਾ ਅੱਖ ਤੋਂ ਪੱਟੀ ਖੋਲ੍ਹ।
ਲਹਿ ਗਈ ਪੱਗ ਸ਼ਰੀਫ ਦੀ ਗੁੰਗੇ ਹੋ ਗਏ ਬੋਲ।
ਗਿੱਦੜ ਫਿਰਦੇ ਆਕੜੇ ਭੇਡਾਂ ਬਣ ਗਏ ਲੋਕ,
ਹੁਣ ਸ਼ੇਰਾਂ ਦੀਆਂ ਬੈਠਕਾਂ ਵਿਚ ਬਾਂਦਰ ਕਰਨ ਕਲੋਲ।
ਜੇ ਨਾ ਵਾਰਸਾ ਜਾਗਿਆ ਜਾਊ ਕਮਾਨੋਂ ਤੀਰ।
ਲੋਕੀਂ ਆਪੇ ਲਿਖਣਗੇ ਆਪਣੀ ਫਿਰ ਤਕਦੀਰ।
ਡੋਲੀ ਜਾਂਦੀ ਵੇਖ ਕੇ ਪੁੱਠਾ ਹੋਊ ਇਤਿਹਾਸ,
ਰਾਂਝਾ ਤਖਤ ਹਜ਼ਾਰਿਓਂ ਸਿਆਲੀਂ ਲੈ ਜੂ ਹੀਰ।
ਉਠ ਸਮੇਂ ਦਿਆ ਵਾਰਸਾ ਫੜ ਲੋਕਾਂ ਦੀ ਬਾਂਹ।
ਕੁਦਰਤ ਰੁੰਡ-ਮਰੁੰਡ ਹੈ ਕਿੱਥੋਂ ਲੱਭੀਏ ਛਾਂ।
ਜੇ ਨਾ ਸੁਣੀ ਮਾਲਕਾ ਹੁਣ ਵੀ ਤੂੰ ਫਰਿਆਦ,
ਉਜੜੇ 'ਭੌਰੇ' ਵੇਖ ਲਈਂ ਤੂੰ ਵੀ ਸ਼ਹਿਰ ਗਰਾਂ।

# ਕੈਪਟਨ ਦੀ ਸਰਕਾਰ ਅਤੇ ਲੋਕਾਂ ਦੀਆਂ ਉਮੀਦਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਕਾਰੋਬਾਰੀ ਲੋਕ ਜਿਵੇਂ ਸਵੇਰੇ ਕੰਮ ਸ਼ੁਰੂ ਕਰਨ ਵੇਲੇ ਇਹ ਬਾਅਦ ਵਿਚ ਵੇਖਦੇ ਹਨ ਕਿ ਕਿੱਥੋਂ ਕੀ ਆਉਣ ਵਾਲਾ ਹੈ, ਪਹਿਲਾਂ ਹੱਥ ਵਿਚਲਾ ਕੈਸ਼ ਗਿਣਦੇ ਹਨ, ਉਵੇਂ ਹੀ ਪੰਜਾਬ ਦੇ ਮੁੱਖ ਮੰਤਰੀ ਦੇ ਬਾਕੀ ਰਹਿੰਦੇ ਸਾਢੇ ਚਾਰ ਤੋਂ ਵੱਧ ਸਾਲ ਬਾਅਦ ਵਿਚ ਵੇਖੇ ਜਾਣਗੇ, ਖੜ੍ਹੇ ਪੈਰ ਉਨ੍ਹਾਂ ਕੋਲ ਕੰਮ ਕਰਨ ਲਈ ਸਿਰਫ ਦੋ ਹਫਤੇ ਹਨ। ਇਸ ਦੇ ਬਾਅਦ ਉਹ ਵਿਦੇਸ਼ ਦੌਰਾ ਕਰਨ ਚਲੇ ਜਾਣਗੇ। ਪੰਜਾਬ ਸਰਕਾਰ ਦੇ ਜਿਨ੍ਹਾਂ ਅਫਸਰਾਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਹ ਕੈਪਟਨ ਅਮਰਿੰਦਰ ਸਿੰਘ ਦੀ ਅੱਖ ਦਾ ਇਸ਼ਾਰਾ ਤੱਕ ਸਮਝਦੇ ਹਨ, ਉਨ੍ਹਾਂ ਬਾਰੇ ਖਬਰਾਂ ਹਨ ਕਿ ਉਹ ਵਿਦੇਸ਼ੀ ਦੌਰੇ ਲਈ ਵੀ ਉਨ੍ਹਾਂ ਦੇ ਨਾਲ ਜਾਣ ਵਾਲੇ ਹਨ। ਸਰਕਾਰ ਦੇ ਕਈ ਅਫਸਰ ਦਿਲ 'ਚ ਕੌੜ ਖਾਈ ਬੈਠੇ ਹਨ।

ਅਕਾਲੀ ਤੇ ਕਾਂਗਰਸੀ-ਦੋਵਾਂ ਦੀ ਲੀਡਰਸ਼ਿਪ ਵੱਲੋਂ ਇਮਾਨਦਾਰ ਅਤੇ ਯੋਗ ਪ੍ਰਸ਼ਾਸਕ ਗਿਣੇ ਗਏ ਸੁਰੇਸ਼ ਕੁਮਾਰ ਨੂੰ ਜਦੋਂ ਰਿਟਾਇਰਮੈਂਟ ਦੇ ਬਾਅਦ ਮੌਜੂਦਾ ਸਰਕਾਰ ਨੇ ਵੱਡੀ ਜ਼ਿੰਮੇਵਾਰੀ ਦਿੱਤੀ ਤਾਂ ਜਿਨ੍ਹਾਂ ਅਫਸਰਾਂ ਨੂੰ ਇਹ ਸਹਾਰਨਾ ਔਖਾ ਹੋ ਗਿਆ ਸੀ, ਉਹ ਸਰਕਾਰ ਵਿਚ ਇਸ ਵੇਲੇ ਚੁੱਪ ਬੈਠੇ ਮੌਕੇ ਦੀ ਉਡੀਕ ਕਰਦੇ ਪਏ ਹਨ ਤੇ ਮੁੱਖ ਮੰਤਰੀ ਦੇ ਵਿਦੇਸ਼ ਨੂੰ ਤੁਰਦੇ ਸਾਰ ਕੁਝ ਕਰਨ ਦੇ ਇਰਾਦੇ ਦੀ ਗੱਲ ਦੱਬੀ ਜ਼ਬਾਨ ਵਿਚ ਸੁਣੀ ਜਾ ਰਹੀ ਹੈ। ਇਸ ਤਰ੍ਹਾਂ ਦਾ ਪੱਖ ਸ਼ਾਇਦ ਮੁੱਖ ਮੰਤਰੀ ਨੇ ਨਹੀਂ ਸੋਚਿਆ ਹੋਣਾ।

ਅਸੀਂ ਮੌਜੂਦਾ ਮੁੱਖ ਮੰਤਰੀ ਦੇ ਵਿਰੋਧੀ ਨਹੀਂ, ਸਗੋਂ ਪਿਛਲੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਵੀ ਨਿਜੀ ਪੱਧਰ ਦਾ ਕੋਈ ਵਿਰੋਧ ਨਹੀਂ ਸੀ। ਉਸ ਰਾਜ ਦੀਆਂ ਸਾਰੇ ਹੱਦ-ਬੰਨੇ ਟੱਪ ਜਾਣ ਵਾਲੀਆਂ ਬੁਰਾਈਆਂ ਨੂੰ ਵੇਖਦਿਆਂ ਉਸ ਦੇ ਖਿਲਾਫ ਲਿਖਣਾ ਪੈਂਦਾ ਸੀ। ਸ. ਬਾਦਲ ਦੀ ਉਮਰ ਦਾ ਫਰਕ ਸੀ ਜਾਂ ਪੁੱਤਰ ਨੂੰ ਰਾਜ ਕਰਨ ਦੀ ਟਰੇਨਿੰਗ ਦੇਣ ਦੀ ਲਿੱਲ੍ਹ ਕਾਰਨ ਉਨ੍ਹਾਂ ਨੇ ਕਦੇ ਕਿਸੇ ਪੁੱਠੇ ਕੰਮ ਅੱਗੇ ਰੋਕ ਨਹੀਂ ਸੀ ਲਾਈ, ਪਰ ਇਹ ਗੱਲ ਸੱਚ ਹੈ ਕਿ ਪੁੱਤਰ ਦੇ ਚੁਫੇਰੇ ਘੁੰਮਦਾ ਵਹਿੜਕਾ ਦਲ ਸਾਰੇ ਪੰਜਾਬ ਵਿਚ ਖੌਰੂ ਪਾਈ ਜਾਂਦਾ ਸੀ। ਫਿਰ ਵੀ ਇੱਕ ਗੱਲੋਂ ਉਹ ਸੌਖੇ ਸਨ। ਮੁੱਖ ਮੰਤਰੀ ਬਾਦਲ ਦੋ ਮਹੀਨੇ ਵੀ ਬਾਹਰ ਰਹਿ ਆਉਣ ਤਾਂ ਪਿੱਛੇ ਅਜਿਹੇ ਕੁਝ ਅਫਸਰ ਉਨ੍ਹਾਂ ਦੇ ਕੰਮ ਸੰਭਾਲਦੇ ਸਨ, ਜੋ ਕੁਝ ਕਾਰਨਾਂ ਕਰ ਕੇ ਬਾਦਲ ਬਾਪ-ਬੇਟੇ ਦੇ ਸਾਹਮਣੇ ਅੱਖ ਚੁੱਕਣ ਜੋਗੇ ਨਹੀਂ ਸਨ ਰਹਿ ਗਏ। ਆਪਣੀ ਕਮਜ਼ੋਰੀ ਦੇ ਕਾਰਨ ਉਹ 'ਰਾਜੇ ਤੋਂ ਰਾਜ ਦੇ ਵੱਧ ਵਫਾਦਾਰ' ਬਣੇ ਰਹਿਣ ਵਾਲੇ ਮੰਨੇ ਜਾਂਦੇ ਸਨ।

ਮੁੱਖ ਮੰਤਰੀ ਅਮਰਿੰਦਰ ਸਿੰਘ ਕੋਲ ਨਿਜੀ ਵਫਾ ਦੀ ਇਸ ਪੱਧਰ ਵਾਲੇ ਬੰਦੇ ਘੱਟ ਦੱਸੇ ਜਾਂਦੇ ਹਨ। ਜਿਹੜੇ ਲੋਕ ਉਨ੍ਹਾਂ ਨਾਲ ਹਨ, ਉਹ ਆਪੋ ਵਿਚ ਸਿੰਗ ਫਸਾਉਣੋਂ ਨਹੀਂ ਹਟਦੇ। ਅਕਾਲੀ ਦਲ ਵਿਚ ਲੰਮਾ ਸਮਾਂ ਖਿੱਚੋਤਾਣ ਹੰਢਾ ਚੁਕੇ ਪ੍ਰਕਾਸ਼ ਸਿੰਘ ਬਾਦਲ ਨੇ ਅੰਤ ਵਿਚ ਇਹ ਸਥਿਤੀ ਪੈਦਾ ਕਰਨ ਦੀ ਸਫਲਤਾ ਹਾਸਲ ਕਰ ਲਈ ਸੀ ਕਿ ਉਥੇ ਲੀਡਰਸ਼ਿਪ ਦੇ ਨਾਂ ਉਤੇ 'ਮਾਂਵਾਂ ਧੀਆਂ ਮੇਲਣਾਂ ਅਤੇ ਪਿਓ-ਪੁੱਤ ਜਾਂਝੀ' ਵਾਲੇ ਮੁਹਾਵਰੇ ਵਾਂਗ ਪਿਓ-ਪੁੱਤ ਅਤੇ ਉਨ੍ਹਾਂ ਦੇ ਕੁਝ ਚੋਣਵੇਂ ਰਿਸ਼ਤੇਦਾਰ ਸਾਰੀ ਪਾਰਟੀ ਤੇ ਸਰਕਾਰ ਨੂੰ ਉਂਗਲਾਂ ਉਤੇ ਨਚਾਈ ਫਿਰਦੇ ਸਨ। ਅੱਗੋਂ ਕੋਈ ਸਿਰ ਚੁੱਕ ਸਕਣ ਵਾਲਾ ਨਹੀਂ ਸੀ ਹੁੰਦਾ। ਅਮਰਿੰਦਰ ਸਿੰਘ ਕੋਲ ਪੰਜਾਬ ਦੀ ਕਾਂਗਰਸ ਪਾਰਟੀ ਵਿਚ ਉਨ੍ਹਾਂ ਦੀ ਸਾਂਝ ਨੂੰ ਸਮਰਪਿਤ ਸਾਥੀ ਕੌਣ-ਕੌਣ ਹਨ, ਕਿਹਾ ਨਹੀਂ ਜਾ ਸਕਦਾ।

ਪਿਛਲੇ ਦਿਨਾਂ ਵਿਚ ਅਸੀਂ ਇਸ ਨਵੀਂ ਸਰਕਾਰ ਦੇ ਪੱਲੇ ਕੁਝ ਅਣਕਿਆਸੀਆਂ ਉਲਝਣਾਂ ਪੈਂਦੀਆਂ ਵੇਖ ਕੇ ਉਨ੍ਹਾਂ ਦੇ ਪਿੱਛੇ ਲੁਕੀ ਕਹਾਣੀ ਫੋਲਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਲੱਗਾ ਕਿ ਸਰਕਾਰ ਚਲਾ ਰਹੀ ਪਾਰਟੀ ਦੇ ਆਪਣੇ ਕੁਝ ਬੰਦੇ ਹੀ ਪੁਆੜੇ ਪਾ ਰਹੇ ਹਨ। ਸਿੱਖਿਆ ਮੰਤਰੀ ਅਰੁਣਾ ਚੌਧਰੀ ਦੇ ਵਿਹਾਰ ਤੇ ਉਸ ਦੇ ਵਿਭਾਗ ਵਿਚ ਉਸ ਦੇ ਪਤੀ ਦੇ ਦਖਲ ਦਾ ਬਹੁਤ ਰੌਲਾ ਪਿਆ। ਕਈ ਗੱਲਾਂ ਸੱਚਮੁੱਚ ਇਤਰਾਜ਼ ਵਾਲੀਆਂ ਸਨ, ਪਰ ਰੌਲਾ ਇਸ ਕਰ ਕੇ ਨਹੀਂ ਸੀ ਪਿਆ ਕਿ ਉਹ ਗੱਲਾਂ ਗਲਤ ਸਨ, ਕਿਉਂਕਿ ਇਹ ਕੁਝ ਹੋਣਾ ਹੁਣ ਆਮ ਸਮਝਿਆ ਜਾਂਦਾ ਹੈ। ਰੌਲਾ ਇਸ ਲਈ ਪਿਆ ਸੀ ਕਿ ਕੁਝ ਸੱਜਣਾਂ ਦੇ ਮਨ ਵਿਚ ਇਹ ਗੱਲ ਪਾਈ ਗਈ ਸੀ ਕਿ ਇਸ ਬੀਬੀ ਦੀ ਛਾਂਟੀ ਹੋਈ ਤਾਂ ਨਵਾਂ ਮੰਤਰੀ ਬਣਾਉਣ ਵੇਲੇ ਤੁਹਾਡਾ ਨੰਬਰ ਲੱਗ ਸਕਦਾ ਹੈ। ਫਿਰ ਵਿਧਾਨ ਸਭਾ ਵਿਚ ਦੋ ਬਹੁ-ਚਰਚਿਤ ਅਕਾਲੀ ਵਿਧਾਇਕਾਂ ਤੇ ਨਵਜੋਤ ਸਿੰਘ ਸਿੱਧੂ ਦੀ ਹਾਸੋਹੀਣੀ ਝੜਪ ਹੋਈ। ਇੱਕ ਦੂਜੇ ਵੱਲ ਨੀਵੇਂ ਪੱਧਰ ਦੇ ਇਸ਼ਾਰੇ ਕੀਤੇ ਜਾਂਦੇ ਵੇਖੇ ਗਏ, ਉਦੋਂ ਵੀ ਇਹੋ ਸੁਣਿਆ ਸੀ ਕਿ ਵਜ਼ੀਰੀ ਲਈ ਕਾਹਲੇ ਪਏ ਕੁਝ ਕਾਂਗਰਸੀ ਵਿਧਾਇਕ ਇਹ ਸਭ ਕੁਝ ਇਸ ਲਈ ਕਰਾ ਰਹੇ ਹਨ ਕਿ ਸਿੱਧੂ ਉਲਝ ਕੇ ਆਪਣੀਆਂ ਜੜ੍ਹਾਂ ਆਪੇ ਟੁੱਕ ਲਵੇ ਤੇ ਸਾਡੇ ਲਈ ਕੁਰਸੀ ਖਾਲੀ ਹੋਣ ਦਾ ਮਹੂਰਤ ਨਿਕਲ ਆਵੇ।

ਹੇਠਾਂ ਮੈਦਾਨੀ ਸਥਿਤੀ ਇਹ ਹੈ ਕਿ ਰਾਜ ਦਰਬਾਰ ਦੀਆਂ ਖਹਿਸਰਾਂ ਨੇ ਉਨ੍ਹਾਂ ਅਫਸਰਾਂ ਦੀ ਚਿੰਤਾ ਦੂਰ ਕਰ ਦਿੱਤੀ ਹੈ, ਜੋ ਸੋਚਦੇ ਸਨ ਕਿ ਬਾਦਲ-ਰਾਜ ਸਮੇਟੇ ਜਾਣ ਪਿੱਛੋਂ ਉਨ੍ਹਾਂ ਲਈ ਮਾੜੇ ਦਿਨ ਆ ਸਕਦੇ ਹਨ। ਵੱਡੇ ਭ੍ਰਿਸ਼ਟ ਗਿਣੇ ਜਾਂਦੇ ਅਫਸਰਾਂ ਨੇ ਦੂਰ ਦੀ ਸਾਂਝ ਕੱਢ ਕੇ ਕਾਂਗਰਸੀ ਵਿਧਾਇਕਾਂ ਨਾਲ ਕੁੰਡੀ ਪਾ ਲਈ ਤੇ ਫਿਰ ਇਸ ਬਹਾਨੇ ਪਹਿਲੀ ਬਦਨਾਮੀ ਵਾਲੇ ਅੱਡੇ ਤੋਂ ਦੂਰ ਦੀ ਬਦਲੀ ਕਰਵਾ ਲਈ ਕਿ ਉਥੇ ਰਹੇ ਤਾਂ ਅਕਾਲੀ ਲੀਡਰਾਂ ਨੇ ਤੰਗ ਕਰਨੋਂ ਨਹੀਂ ਹਟਣਾ। ਨਵੀਂ ਥਾਂ ਜਾ ਕੇ ਉਹ ਅਫਸਰ ਨਵੀਂ ਸਰਕਾਰ ਦੇ ਬੰਦਿਆਂ ਨਾਲੋਂ ਵੱਧ ਅਕਾਲੀ-ਭਾਜਪਾ ਦੇ ਵਰਕਰਾਂ ਨੂੰ ਪਸੰਦ ਹਨ। ਇਹ ਗੱਲ ਵੀ ਹੈਰਾਨੀ ਵਾਲੀ ਹੋਵੇਗੀ, ਪਰ ਸੱਚੀ ਹੈ ਕਿ ਪਿਛਲੀ ਸਰਕਾਰ ਦੇ ਖਾਸ ਪੁੱਤ ਗਿਣੇ ਜਾਂਦੇ ਅਫਸਰ ਅੱਜ ਕੱਲ ਸਾਰਾ ਦਿਨ ਆਮ ਲੋਕਾਂ ਨੂੰ ਇਹ ਕਹਿ ਕੇ ਨਹੀਂ ਮਿਲਦੇ ਕਿ ਕੰਮ ਬੜਾ ਹੈ, ਪਰ ਸ਼ਾਮ ਪੈਂਦੇ ਸਾਰ ਪਿਛਲੇ ਹਾਕਮਾਂ ਦੇ ਨਾਲ ਸਾਂਝ ਪਾਲਣ ਲਈ ਪਹੁੰਚ ਜਾਂਦੇ ਹਨ। ਗਿਆਨੀ ਜ਼ੈਲ ਸਿੰਘ ਜਦੋਂ ਮੁੱਖ ਮੰਤਰੀ ਨਹੀਂ ਸੀ ਰਹੇ, ਅਕਾਲੀ ਮੁੱਖ ਮੰਤਰੀ ਬਾਦਲ ਦੇ ਦਫਤਰ ਦਾ ਇੱਕ ਅਫਸਰ ਹਰ ਹਫਤੇ ਅਨੰਦਪੁਰ ਸਾਹਿਬ ਉਨ੍ਹਾਂ ਕੋਲ ਇਸ ਲਈ ਜਾਂਦਾ ਹੁੰਦਾ ਸੀ ਕਿ ਕੋਈ ਕੰਮ ਕਰਨ ਵਾਲਾ ਹੋਵੇ ਤਾਂ ਦੱਸ ਦੇਣ, ਪਰ ਉਹ ਅਫਸਰ ਬਾਦਲ ਸਾਹਿਬ ਵੱਲੋਂ ਖੁਦ ਭੇਜਿਆ ਹੋਇਆ ਜਾਂਦਾ ਸੀ। ਹੁਣ ਦੀ ਸਰਕਾਰ ਦੇ ਕੁਝ ਅਫਸਰ ਅੱਧੀ ਰਾਤ ਅਕਾਲੀਆਂ ਨੂੰ ਇਹ ਦੱਸਣ ਜਾਂਦੇ ਹਨ ਕਿ ਜਿੱਥੇ ਮਰਜ਼ੀ ਰਹੀਏ, ਪੁਰਾਣੇ ਰਿਸ਼ਤੇ ਅਸੀਂ ਭੁੱਲ ਨਹੀਂ ਜਾਣੇ, ਕੋਈ ਸੇਵਾ ਦੀ ਲੋੜ ਹੋਵੇ ਤਾਂ ਦੱਸ ਦਿਓ। ਇਹ ਗੱਲਾਂ ਆਮ ਲੋਕਾਂ ਨੂੰ ਪਤਾ ਹਨ। ਮੁੱਖ ਮੰਤਰੀ ਨੂੰ ਇਹ ਗੱਲਾਂ ਪਹੁੰਚਦੀਆਂ ਹਨ ਜਾਂ ਨਹੀਂ, ਸਾਨੂੰ ਇਸ ਦਾ ਨਹੀਂ ਪਤਾ, ਪਰ ਇਹ ਵਰਤਾਰਾ ਬੇਰੋਕ ਜਾਰੀ ਹੈ।

ਜਿੱਥੋਂ ਤੱਕ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਦਾ ਸਬੰਧ ਹੈ, ਸਰਕਾਰ ਆਪਣੇ ਖਜ਼ਾਨੇ ਦੀ ਮੰਦੀ ਹਾਲਤ ਦੇ ਕਾਰਨ ਅਜੇ ਤੱਕ ਕੋਈ ਵੱਡਾ ਕਦਮ ਪੁੱਟਣ ਜੋਗੀ ਨਹੀਂ। ਕੇਂਦਰ ਸਰਕਾਰ ਦੀ ਝਾਕ ਊਠ ਦਾ ਬੁੱਲ੍ਹ ਡਿੱਗਣ ਵਰਗੀ ਹੈ। ਲੋਕਾਂ ਦਾ ਸਬਰ ਜਵਾਬ ਦਿੰਦਾ ਜਾ ਰਿਹਾ ਹੈ। ਉਹ ਬਹੁਤਾ ਚਿਰ ਉਡੀਕਣ ਦੇ ਰੌਂਅ ਵਿਚ ਦਿਖਾਈ ਨਹੀਂ ਦਿੰਦੇ। ਕਈ ਧਿਰਾਂ ਉਨ੍ਹਾਂ ਨੂੰ ਸਰਕਾਰ ਵਿਰੁਧ ਉਠਣ ਲਈ ਟੁੰਬਣ ਲੱਗ ਪਈਆਂ ਹਨ ਤੇ ਇਸ ਟੁੰਬਣ ਦਾ ਅਸਰ ਵੀ ਪੈਣਾ ਹੈ।

ਸਰਕਾਰ ਚਲਾਉਂਦੀ ਧਿਰ ਦੇ ਪੱਖ ਦੀਆਂ ਦੋ ਗੱਲਾਂ ਵਿਚੋਂ ਇੱਕ ਇਹ ਹੈ ਕਿ ਆਮ ਆਦਮੀ ਪਾਰਟੀ ਅਜੇ ਤੱਕ ਵੀ ਪਾਰਟੀ ਨਾ ਹੋ ਕੇ ਵੱਖੋ-ਵੱਖ ਮਿਸਲਾਂ ਵਾਲੇ ਜਥੇਦਾਰਾਂ ਦੇ ਰੂਪ ਵਿਚ ਘੁੰਮਦੀ ਪਈ ਹੈ। ਦੂਜੀ ਇਹ ਕਿ ਅਕਾਲੀ ਦਲ ਨੇ ਸਾਰਾ ਟਿੱਲ ਲਾ ਲਿਆ ਹੈ, ਉਸ ਦੇ ਜਲਸੇ-ਰੈਲੀਆਂ ਵਿਚ ਆਮ ਲੋਕ ਅਜੇ ਤੱਕ ਜਾਣ ਨੂੰ ਤਿਆਰ ਨਹੀਂ ਹੁੰਦੇ ਤੇ ਜਿਹੜੇ ਜਾਂਦੇ ਹਨ, ਅਕਾਲੀਆਂ ਵੱਲੋਂ ਜ਼ੁਲਮ ਨਾਲ ਟੱਕਰ ਲੈਣ ਦੀਆਂ ਟਾਹਰਾਂ ਸੁਣ ਕੇ ਹੱਸਦੇ ਹਨ। ਮਾੜੀ ਗੱਲ ਇਸ ਵੇਲੇ ਇਹ ਹੈ ਕਿ ਜਿੰਨਾ ਵਿਰੋਧ ਕਿਸੇ ਸਰਕਾਰ ਨੂੰ ਆਖਰੀ ਸਾਲ ਆਪਣੀ ਪਾਰਟੀ ਵਿਚੋਂ ਵੇਖਣਾ ਪੈਂਦਾ ਹੈ, ਉਹ ਇਸ ਨੂੰ ਪਹਿਲੇ ਸਾਲ ਦੀ ਪਹਿਲੀ ਛਿਮਾਹੀ ਵਿਚ ਵੇਖਣਾ ਪੈ ਰਿਹਾ ਹੈ। ਕਾਂਗਰਸ ਵਿਚ ਹਰ ਜਣਾ-ਖਣਾ ਕਹਿਣ ਲੱਗ ਪਿਆ ਹੈ ਕਿ ਅਸੀਂ ਰਾਹੁਲ ਜੀ ਕੋਲ ਚੱਲੇ ਹਾਂ। ਦਿੱਲੀ ਬੈਠੇ ਕਾਂਗਰਸ ਦੇ ਕੁਝ ਲੀਡਰ ਇਸ ਖੇਡ ਨੂੰ ਉਤਸ਼ਾਹਿਤ ਕਰਦੇ ਹਨ। ਏਦਾਂ ਦੇ ਹਾਲਾਤ ਵਿਚ ਪੰਜਾਬ ਦੀ ਸਰਕਾਰ ਸਿੱਟੇ ਕਿਵੇਂ ਕੱਢੇਗੀ, ਲੋਕਾਂ ਦੀ ਤਸੱਲੀ ਕਿਵੇਂ ਕਰਾਵੇਗੀ? ਕੰਮ ਇਹ ਬੜਾ ਔਖਾ ਹੈ।

# ਭਰੂਣ ਹੱਤਿਆ ਹੋਣੀ ਚਾਹੀਦੀ ਹੈ...

ਬੌਬ ਖਹਿਰਾ ਮਿਸ਼ੀਗਨ
ਫੋਨ: 734-925-0177

ਕੁਝ ਲੋਕ ਲੇਖ ਦਾ ਨਾਮ ਪੜ੍ਹ ਕੇ ਮੈਨੂੰ ਪਾਗਲ ਕਹਿਣਗੇ। ਕੁਝ ਇੱਦਾਂ ਦੇ ਵੀ ਹੋਣਗੇ ਜਿਹੜੇ ਸਭ ਤੋਂ ਸਿਆਣੇ ਹੋਣ ਦਾ ਭਰਮ ਪਾਲੀ ਬੈਠੇ ਹੁੰਦੇ ਹਨ, ਉਹ ਸ਼ਾਇਦ ਮੈਨੂੰ ਗਾਲ੍ਹਾਂ ਵੀ ਕੱਢਣਗੇ, ਪਰ ਮੈਨੂੰ ਕੋਈ ਪ੍ਰਵਾਹ ਨਹੀਂ! ਕੋਈ ਚਾਲੀ ਕੁ ਸਾਲ ਪਹਿਲਾਂ ਪੰਜਾਬੀ ਫਿਲਮ ਆਈ ਸੀ- 'ਦਾਜ'। ਇਸ ਵਿਚ ਇਹੋ ਸੁਨੇਹਾ ਸੀ ਕਿ ਦਾਜ ਬੰਦ ਹੋਣਾ ਚਾਹੀਦਾ ਹੈ। ਕੀ ਦਾਜ ਬੰਦ ਹੋ ਗਿਆ ਹੈ? ਇਕ ਹਿੰਦੀ ਫਿਲਮ ਆਈ ਸੀ- 'ਰੋਟੀ ਕੱਪੜਾ ਔਰ ਮਕਾਨ'। ਇਸ ਫਿਲਮ ਵਿਚ ਮਹਿੰਗਾਈ ਦਾ ਰੋਣਾ ਰੋਇਆ ਗਿਆ ਸੀ। ਕੀ 40 ਸਾਲਾਂ ਵਿਚ ਮਹਿੰਗਾਈ ਘਟ ਗਈ? ਇਹ ਹਵਾਲੇ ਇਸ ਲਈ ਦੇ ਰਿਹਾ ਹਾਂ ਕਿਉਂਕਿ ਸਿਰਫ ਕਹਿਣ ਨਾਲ ਕੁਝ ਨਹੀਂ ਹੁੰਦਾ, ਇਸ ਦੇ ਲਈ ਤਾਂ ਸੋਚ ਬਦਲਣੀ ਪੈਂਦੀ ਹੈ। 'ਭਲਾ ਹੋਵੇ, ਭਲਾ ਹੋਵੇ' ਕਹਿਣ ਨਾਲ ਭਲਾ ਨਹੀਂ ਹੁੰਦਾ, ਭਲਾ ਕਰਨ ਨਾਲ ਹੀ ਭਲਾ ਹੁੰਦਾ ਹੈ।

500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ ਜਾਤ-ਪਾਤ ਛੱਡੋ, ਸਾਰੇ ਇਨਸਾਨ ਇਕ ਸਮਾਨ ਹਨ। ਅਸੀਂ ਉਨ੍ਹਾਂ ਦੇ ਨਾਮ 'ਤੇ ਇਕ ਹੋਰ ਧਰਮ ਤਾਂ ਬਣਾ ਲਿਆ, ਪਰ ਕੀ ਕਿਸੇ ਨੇ ਜਾਤ-ਪਾਤ ਛੱਡੀ ਹੈ? ਦਰਅਸਲ, ਅਸੀਂ ਸਿਰਫ ਵਿਖਾਵੇ ਕਰਨਾ ਜਾਣਦੇ ਹਾਂ, ਅਮਲ ਕਰਨਾ ਨਹੀਂ ਜਾਣਦੇ।

ਜਦੋਂ ਅਸੀਂ ਗੋਰਿਆਂ ਦੇ ਕਿਸੇ ਦੇਸ਼ ਵਿਚ ਜਾਂਦੇ ਹਾਂ, ਸਾਰੇ ਕਾਇਦੇ-ਕਾਨੂੰਨ ਮੰਨਦੇ ਹਾਂ, ਪਰ ਇੰਡੀਆ ਵਿਚ ਰਹਿੰਦੇ ਨਹੀਂ ਮੰਨਦੇ, ਕਿਉਂ? ਸ਼ਾਇਦ ਇਸ ਲਈ ਕਿ ਉਥੇ ਜੋ ਕਾਨੂੰਨ ਬਣਾਉਣ ਵਾਲੇ ਹਨ, ਉਹੀ ਕਾਨੂੰਨ ਉਤੇ ਅਮਲ ਨਹੀਂ ਕਰਦੇ। ਬੱਸ, ਭੇਡ-ਚਾਲ ਬਣ ਜਾਂਦੀ ਹੈ। ਪਹਿਲਾਂ ਤਾਂ ਹਾਲ ਇਹ ਸੀ ਕਿ ਜਦੋਂ ਕੋਈ ਆਦਮੀ ਮਰ ਜਾਂਦਾ ਸੀ ਤਾਂ ਉਸ ਦੀ ਪਤਨੀ ਨੂੰ ਜਿਉਂਦੀ ਨੂੰ ਉਸ ਨਾਲ ਅੱਗ ਵਿਚ ਸੜਨਾ ਪੈਂਦਾ ਸੀ। ਕਿੰਨੀ ਘਿਨਾਉਣੀ ਰਸਮ ਸੀ ਇਹ! ਕੋਈ ਗੱਲ ਭਾਵੇਂ ਕਿੰਨੀ ਗਲਤ ਹੀ ਕਿਉਂ ਨਾ ਹੋਵੇ, ਅਸੀਂ ਅੱਖਾਂ ਬੰਦ ਕਰ ਕੇ ਕਰਨ ਲੱਗ ਪੈਂਦੇ ਹਾਂ।

ਹੁਣ ਗੱਲ ਕਰਦੇ ਹਾਂ ਭਰੂਣ ਹੱਤਿਆ ਦੀ। ਅਖਬਾਰਾਂ ਅਤੇ ਟੀ.ਵੀ. ਚੈਨਲਾਂ ਦੀਆਂ ਖਬਰਾਂ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਦੋ ਮਹੀਨਿਆਂ ਵਿਚ ਸਿਰਫ ਇਕੱਲੀ ਯੂ.ਪੀ. ਸਟੇਟ ਵਿਚ 700 ਕਤਲ ਅਤੇ 700 ਹੀ ਰੇਪ ਹੋਏ ਹਨ। ਰੇਪ ਕੇਸ ਹੋਰ ਵੀ ਹੋਣਗੇ ਜੋ ਸਾਹਮਣੇ ਨਹੀਂ ਆਏ ਹੋਣਗੇ। ਬਾਕੀ ਸਟੇਟਾਂ ਦਾ ਕੀ ਹਾਲ ਹੋਵੇਗਾ? ਉਥੇ ਵੀ ਤਾਂ ਅਜਿਹੀਆਂ ਘਟਨਾਵਾਂ ਹੋਈਆਂ ਹੋਣਗੀਆਂ? ਇਨ੍ਹਾਂ ਕੇਸਾਂ ਵਿਚ ਪੀੜਤ 6 ਮਹੀਨੇ ਦੀ ਬੱਚੀ ਵੀ ਸੀ, 2 ਸਾਲ ਦੀ ਵੀ। ਫੇਸਬੁੱਕ 'ਤੇ ਦੇਖੀਆਂ ਫੋਟੋਆਂ ਰੌਂਗਟੇ ਖੜ੍ਹੇ ਕਰਦੀਆਂ ਹਨ ਅਤੇ ਘਟੀਆ ਮਾਨਸਿਕਤਾ ਵਾਲੇ ਲੋਕਾਂ ਦੀ ਸ਼ਰਮਨਾਕ ਕਰਤੂਤ ਬਿਆਨ ਕਰਦੀਆਂ ਹਨ। ਨਾਲ ਹੀ ਨਪੁੰਸਕ ਲੀਡਰਾਂ ਤੇ ਪੁਲਿਸ ਅਧਿਕਾਰੀਆਂ ਦੇ ਚਿਹਰੇ ਵੀ ਨੰਗੇ ਕਰਦੀਆਂ ਹਨ।




ਦਸੰਬਰ 2014 ਵਿਚ ਦਿੱਲੀ ਵਿਚ ਇਕ ਘਟਨਾ ਹੋਈ ਸੀ। ਇਸ ਨੂੰ ਅਸੀਂ ਸਾਰੇ ਅੱਜ ਨਿਰਭਯਾ ਕੇਸ ਨਾਲ ਜਾਣਦੇ ਹਾਂ। ਰੇਪ ਤੋਂ ਬਾਅਦ ਇਸ ਕੁੜੀ ਨੂੰ ਤਸੀਹੇ ਦੇ ਕੇ ਮਾਰਿਆ ਗਿਆ। ਕਸੂਰ ਕੀ ਸੀ? ਪਿਛਲੇ ਮਹੀਨੇ ਤਿੰਨ ਕੇਸ ਫਿਰ ਉਸੇ ਤਰ੍ਹਾਂ ਦੇ ਸਾਹਮਣੇ ਆਏ। ਕੁੜੀ ਨਾਲ ਸਮੂਹਿਕ ਰੇਪ ਕੀਤਾ ਅਤੇ ਫਿਰ ਉਸ ਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ। ਕੀ ਕਸੂਰ ਸੀ, ਜਿਸ ਦੀ ਇੰਨੀ ਭਿਆਨਕ ਸਜ਼ਾ ਦਿੱਤੀ ਗਈ? ਇਕ ਹੋਰ ਕੇਸ ਯੂ.ਪੀ. ਵਿਚ ਹੋਇਆ। ਦੋ ਬੱਚਿਆਂ ਦੀ ਮਾਂ, ਜੋ ਨਰਸ ਸੀ, ਨਾਲ ਸਮੂਹਿਕ ਰੇਪ ਕੀਤਾ ਗਿਆ। ਫਿਰ ਤਸੀਹੇ ਦੇ ਕੇ ਜਾਨੋਂ ਮਾਰ ਦਿੱਤਾ ਗਿਆ, ਕਿਉਂ? ਕੀ ਕਸੂਰ ਸੀ? ਇਹੀ ਕਿ ਉਹ ਔਰਤ ਸੀ! ਇਕ ਕੇਸ ਸ਼ਿਮਲੇ ਦਾ ਸਾਹਮਣੇ ਆਇਆ ਹੈ। ਸਕੂਲ ਤੋਂ ਆ ਰਹੀ ਕੁੜੀ ਨੂੰ ਚੁੱਕ ਕੇ ਉਸ ਨਾਲ ਰੇਪ ਕਰਨ ਤੋਂ ਬਾਅਦ ਉਸ ਨੂੰ ਜਾਨੋਂ ਮਾਰ ਦਿੱਤਾ ਗਿਆ।

ਦਰਿੰਦਗੀ ਦੀ ਇਥੇ ਹੀ ਬੱਸ ਨਹੀਂ ਹੁੰਦੀ। ਕਿੰਨੀਆਂ ਹੀ ਕੁੜੀਆਂ ਹਨ ਜਿਨ੍ਹਾਂ ਦੇ ਚਿਹਰਿਆਂ ਉਤੇ ਤੇਜ਼ਾਬ ਪਾ ਕੇ ਉਨ੍ਹਾਂ ਦੇ ਖੂਬਸੂਰਤ ਚਿਹਰੇ ਸਾੜ ਦਿੱਤੇ ਗਏ। ਜਿਨ੍ਹਾਂ ਕੁੜੀਆਂ ਨਾਲ ਇਹ ਸਭ ਹੋਇਆ, ਉਹ ਹੀ ਜਾਣਦੀਆਂ ਹਨ, ਉਨ੍ਹਾਂ ਨਾਲ ਉਸ ਵਕਤ ਕੀ ਬੀਤੀ ਹੋਵੇਗੀ ਅਤੇ ਮਰਨ ਤੋਂ ਪਹਿਲਾਂ ਉਨ੍ਹਾਂ ਕਿੰਨਾ ਦਰਦ ਹੰਢਾਇਆ ਹੋਵੇਗਾ। ਸੋਚ ਕੇ ਰੂਹ ਹੀ ਕੰਬ ਜਾਂਦੀ ਹੈ। ਮਗਰੋਂ ਜੋ ਦਰਦ ਉਨ੍ਹਾਂ ਕੁੜੀਆਂ ਦੇ ਮਾਪੇ ਸਹਿ ਰਹੇ ਹਨ, ਉਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਕਿਵੇਂ ਉਨ੍ਹਾਂ ਨੂੰ ਥਾਣਿਆਂ ਕਚਹਿਰੀਆਂ ਵਿਚ ਧੱਕੇ ਖਾਣੇ ਪੈਂਦੇ ਹਨ ਅਤੇ ਕਈ ਕਈ ਸਾਲਾਂ ਦੀ ਖੱਜਲ-ਖੁਆਰੀ ਤੋਂ ਬਾਅਦ ਵੀ ਕਿਸੇ ਨੂੰ ਕੋਈ ਸਜ਼ਾ ਨਹੀਂ ਹੁੰਦੀ।

ਜਿਸ ਮਾਂ ਨੇ ਬੱਚੀ ਨੂੰ 9 ਮਹੀਨੇ ਆਪਣੇ ਢਿੱਡ ਵਿਚ ਰੱਖਿਆ, ਫਿਰ ਜੰਮਣ ਪੀੜਾਂ ਜਰੀਆਂ, ਉਸ ਨੂੰ ਪਾਲਿਆ-ਪੜ੍ਹਾਇਆ। ਕੀ ਉਸ ਦੇ ਦੁੱਖ ਦਾ ਅੰਦਾਜ਼ਾ ਹੈ ਕਿਸੇ ਨੂੰ? ਜੇ ਬੱਚੀ ਨੂੰ ਜੰਮਣ ਤੋਂ ਪਹਿਲਾਂ ਹੀ ਕੁੱਖ ਵਿਚ ਮਾਰ ਦਿੱਤਾ ਜਾਂਦਾ, ਤਾਂ ਨਾ ਤਾਂ ਮਾਂ ਨੂੰ 9 ਮਹੀਨੇ ਢਿੱਡ ਵਿਚ ਰੱਖਣਾ ਪੈਂਦਾ, ਨਾ ਜੰਮਣ ਪੀੜਾਂ ਸਹਿਣੀਆਂ ਪੈਂਦੀਆਂ, ਨਾ ਹੀ 15-20 ਸਾਲ ਉਸ ਨੂੰ ਪਾਲਣਾ ਪੜ੍ਹਾਉਣਾ ਪੈਂਦਾ, ਨਾ ਸੱਸਾਂ ਦੇ ਮਿਹਣੇ ਸੁਣਨੇ ਪੈਂਦੇ ਅਤੇ ਨਾ ਹੀ ਉਸ ਨੂੰ ਇੰਨੀ ਭਿਆਨਕ ਮੌਤ ਮਰਨਾ ਪੈਂਦਾ। ਹੁਣ ਅੰਦਾਜ਼ਾ ਲਾਓ ਕਿ ਜੇ ਉਹ ਪਹਿਲਾਂ ਹੀ ਮਾਰ ਦਿੱਤੀ ਜਾਂਦੀ, ਤਾਂ ਠੀਕ ਸੀ, ਜਾਂ ਜਿਸ ਤਰ੍ਹਾਂ ਉਹ ਮਗਰੋਂ ਮਰੀ, ਉਹ ਮੌਤ ਠੀਕ ਹੈ? ਵੱਖ-ਵੱਖ ਮੁਕਾਮ ਉਤੇ ਅਸੀਂ ਤਾਂ ਉਸ ਨੂੰ ਜਿਉਣ ਦਾ ਹੱਕ ਵੀ ਨਾ ਦਿੱਤਾ! ਜਿਸ ਤਰ੍ਹਾਂ ਦੀਆਂ ਘਟਨਾਵਾਂ ਅੱਜ ਹੋ ਰਹੀਆਂ ਹਨ, ਉਨ੍ਹਾਂ ਤੋਂ ਇਹੀ ਅੰਦਾਜ਼ਾ ਲੱਗ ਰਿਹਾ ਹੈ ਕਿ ਸਾਨੂੰ ਕੁੜੀਆਂ ਚਾਹੀਦੀਆਂ ਹੀ ਨਹੀਂ।

ਸਰਕਾਰੀ ਅੰਕੜੇ ਭਾਵੇਂ ਕੁਝ ਵੀ ਹੋਣ, ਪਰ ਜਾਪਦਾ ਹੈ, ਕੁੜੀਆਂ ਜ਼ਿਆਦਾ ਹੋ ਗਈਆਂ ਹਨ! ਅਸੀਂ ਹਮੇਸ਼ਾ ਉਸ ਚੀਜ਼ ਦੀ ਬੇਕਦਰੀ ਕਰਦੇ ਹਾਂ ਜੋ ਸਾਡੇ ਕੋਲ ਜ਼ਿਆਦਾ ਹੋਵੇ। ਹੁਣ ਸਵਾਲ ਇਹ ਹੈ ਕਿ ਜੋ ਕੁੜੀਆਂ ਸਾਡੇ ਕੋਲ ਹਨ, ਪਹਿਲਾਂ ਉਨ੍ਹਾਂ ਦੀ ਚੰਗੀ ਜ਼ਿੰਦਗੀ ਦੀ ਗਾਰੰਟੀ ਲਈਏ, ਉਨ੍ਹਾਂ ਨੂੰ ਸੰਭਾਲੀਏ, ਉਨ੍ਹਾਂ ਨੂੰ ਬਰਾਬਰੀ ਤੇ ਇੱਜਤ ਦੇਈਏ, ਆਪਣੀ ਸੋਚ ਨੂੰ ਉਪਰ ਚੁੱਕੀਏ ਤਾਂ ਕਿ ਸਾਨੂੰ ਇਹ ਪਤਾ ਹੋਵੇ ਕਿ ਇਹ ਕੁੜੀ ਉਹੀ ਹੈ ਜੋ ਵੱਡੀ ਹੋ ਕੇ ਔਰਤ ਬਣੇਗੀ, ਜਿਵੇਂ ਸਾਡੀ ਆਪਣੀ ਮਾਂ ਸੀ। ਕੁੜੀ ਨੂੰ ਹੀਰ ਸਮਝਣ ਵਾਲਿਆਂ ਨੂੰ ਵੀ ਇਹ ਸਮਝ ਹੋਵੇ ਕਿ ਉਹਦੀ ਕੁੜੀ ਜਾਂ ਭੈਣ ਨੇ ਵੀ ਕੱਲ੍ਹ ਨੂੰ ਕਿਸੇ ਦੀ ਹੀਰ ਬਣਨਾ ਹੈ। ਨਹੀਂ ਤਾਂ ਕੁੜੀਆਂ ਨਾਲ ਬਿਨਾ ਵਜ੍ਹਾ ਵਧੀਕੀ ਕਰਨ ਵਾਲੇ ਅਸੀਂ ਮਨੁੱਖ ਅਖਵਾਉਣ ਦਾ ਹੱਕ ਨਹੀਂ ਰੱਖਦੇ।

ਹੁਣ ਇਹ ਸਭ ਤੁਸੀਂ ਸੋਚਣਾ ਹੈ ਕਿ ਜੋ ਕੁਝ ਅੱਜ ਕੁੜੀਆਂ ਨਾਲ ਹੋ ਰਿਹਾ ਹੈ, ਇਸ ਨਾਲੋਂ ਭਰੂਣ ਹੱਤਿਆ ਠੀਕ ਹੈ ਜਾਂ ਨਹੀਂ! ਅਜੇ ਸਾਡੀ ਸੋਚ ਬਹੁਤ ਥੱਲੇ ਹੈ, ਅਜੇ ਔਰਤ ਨੂੰ ਉਸ ਦਾ ਬਣਦਾ ਹੱਕ ਨਹੀਂ ਦੇ ਸਕਦੇ, ਇਸ ਲਈ ਜੋ ਪਹਿਲਾਂ ਸਾਡੇ ਕੋਲ ਹਨ, ਉਨ੍ਹਾਂ ਨੂੰ ਸੰਭਾਲੀਏ, ਹੋਰ ਨਾ ਪੈਦਾ ਕਰੀਏ। ਜਦੋਂ ਸਾਡੀ ਸੋਚ ਗੁਲਾਮੀ ਤੋਂ ਉਪਰ ਉਠੇਗੀ; ਫਿਰ ਭਰੂਣ ਹੱਤਿਆ, ਦਾਜ ਸਭ ਸਮਾਜ ਬੁਰਾਈਆਂ ਬੰਦ ਹੋ ਜਾਣਗੀਆਂ।

## ਕੌੜਾ ਸੱਚ

ਰੈਸਟੋਰੈਂਟ ਸਟਾਫ ਦੀ ਲੋੜ ਹੈ

ਫਲੋਰਿਡਾ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 850-510-3046

33-34

# ਅਥਲੀਟ ਦਵਿੰਦਰ ਕੰਗ ਦਾ ਗਿਲਾ ਬਣਿਆ ਸਰਕਾਰ ਲਈ ਨਮੋਸ਼ੀ

**ਚੰਡੀਗੜ੍ਹ:** ਲੰਡਨ ਵਿਚ ਪਿਛਲੇ ਹਫਤੇ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ ਵਿਚ ਇਤਿਹਾਸ ਰਚਣ ਵਾਲੇ ਦਵਿੰਦਰ ਸਿੰਘ ਕੰਗ ਦੇ ਬਿਆਨ ਕਾਰਨ ਪੰਜਾਬ ਸਰਕਾਰ ਨੂੰ ਵੱਡੀ ਨਮੋਸ਼ੀ ਝੱਲਣੀ ਪੈ ਰਹੀ ਹੈ। ਕੰਗ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਉਸ ਨੂੰ ਬਣਦਾ ਹੱਕ ਨਾ ਦਿੱਤਾ ਤਾਂ ਉਹ ਆਉਣ ਵਾਲੇ ਸਮੇਂ 'ਚ ਹਰਿਆਣਾ ਵੱਲੋਂ ਖੇਡੇਗਾ ਕਿਉਂਕਿ ਹਰਿਆਣਾ ਸਰਕਾਰ ਵੱਲੋਂ ਬਣਾਈ ਖੇਡ ਨੀਤੀ ਬਹੁਤ ਚੰਗੀ ਹੈ ਤੇ ਉਥੋਂ ਦੇ ਖਿਡਾਰੀ ਤਾਂ ਹੀ ਤਗਮੇ ਜਿੱਤਣ ਵਿਚ ਸਫਲ ਰਹਿੰਦੇ ਹਨ। ਕੰਗ ਦਾ ਕਹਿਣਾ ਹੈ ਕਿ ਹਰਿਆਣਾ ਸਰਕਾਰ ਕੌਮੀ ਤੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਨੂੰ ਉਚ ਪੱਧਰੀ ਸਹੂਲਤਾਂ ਦੇਣ ਦੇ ਨਾਲ-ਨਾਲ ਨੌਕਰੀ ਤੇ ਨਗਦ ਰਕਮ ਵੀ ਦਿੰਦੀ ਹੈ।



ਕੰਗ ਨੇ ਖੁਲਾਸਾ ਕਰਦਿਆਂ ਕਿਹਾ ਕਿ ਹਰਿਆਣਾ ਸਰਕਾਰ ਕਾਮਨਵੈਲਥ ਖੇਡਾਂ 'ਚ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ 15 ਲੱਖ ਰੁਪਏ ਦਿੰਦੀ ਹੈ। ਇਨ੍ਹਾਂ ਖੇਡਾਂ ਵਿਚੋਂ ਸੋਨ ਤਗਮਾ ਜਿੱਤਣ ਦੇ ਦੋ ਕਰੋੜ ਰੁਪਏ ਦਿੰਦੀ ਹੈ। ਇਸ ਦੇ ਉਲਟ ਪੰਜਾਬ ਸਰਕਾਰ ਸੋਨ ਤਗਮਾ ਜਿੱਤਣ ਦੇ ਸਿਰਫ 15 ਲੱਖ ਰੁਪਏ ਦਿੰਦੀ ਹੈ। ਉਸ ਨੂੰ ਪਿਛਲੀ ਸਰਕਾਰ ਸਮੇਂ ਵੀ ਕੁਝ ਨਹੀਂ ਦਿੱਤਾ ਗਿਆ ਸੀ ਜਦਕਿ ਉਸ ਨੇ ਉਦੋਂ ਵੀ ਆਪਣੀ ਖੇਡ ਰਾਹੀਂ ਚੰਗਾ ਪ੍ਰਦਰਸ਼ਨ ਕੀਤਾ ਸੀ।

ਕੰਗ ਨੇ ਇਕ ਹੋਰ ਵੱਡਾ ਖੁਲਾਸਾ ਕਰਦਿਆਂ ਕਿਹਾ ਕਿ ਜਦੋਂ ਉਸ ਨੇ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ 'ਚ ਹਿੱਸਾ ਲੈਣ ਲਈ ਲੰਡਨ ਰਵਾਨਾ ਹੋਣਾ ਸੀ ਤਾਂ ਉਸ ਨੂੰ ਏ.ਐਫ.ਆਈ. ਵੱਲੋਂ ਫੋਨ ਕਰ ਕੇ ਇਸ ਚੈਂਪੀਅਨਸ਼ਿਪ 'ਚ ਹਿੱਸਾ ਨਾ ਲੈਣ ਲਈ ਕਿਹਾ ਗਿਆ ਸੀ। ਇਸ ਦਾ ਕਾਰਨ ਦੱਸਦਿਆਂ ਕੰਗ ਨੇ ਕਿਹਾ ਕਿ ਉਹ ਡੋਪ ਟੈਸਟ 'ਚ ਪਾਜ਼ਿਟਿਵ ਪਾਇਆ ਗਿਆ ਸੀ, ਪਰ ਨਾਡਾ ਵੱਲੋਂ ਇਸ ਨੂੰ ਨਕਾਰ ਦਿੱਤਾ ਸੀ ਤੇ ਉਸ ਨੂੰ ਖੇਡਣ ਦੀ ਇਜਾਜ਼ਤ ਦੇ ਦਿੱਤੀ ਸੀ।

ਕੰਗ ਨੇ ਕਿਹਾ ਕਿ ਉਸ ਨੇ ਫਿਰ ਵੀ ਕਿਸੇ ਦੀ ਪ੍ਰਵਾਹ ਕੀਤੇ ਬਗੈਰ ਚੈਂਪੀਅਨਸ਼ਿਪ 'ਚ ਹਿੱਸਾ ਲਿਆ ਤੇ ਚੰਗੀ ਖੇਡ ਦਿਖਾਈ। ਉਸ ਨੇ ਹਮੇਸ਼ਾ ਹੀ ਆਪਣੀ ਖੇਡ ਨੂੰ ਤਰਜੀਹ ਦਿੱਤੀ ਹੈ ਤੇ ਉਸ ਖਿਲਾਫ਼ ਹੁੰਦੀ ਸਿਆਸਤ ਤੋਂ ਹਮੇਸ਼ਾ ਦੂਰ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਉਸ ਦੇ ਚੰਗੇ ਪ੍ਰਦਰਸ਼ਨ ਕਾਰਨ ਇਟਲੀ ਵੱਲੋਂ ਖੇਡਣ ਦੀ ਪੇਸ਼ਕਸ਼ ਆਈ ਹੈ ਤੇ ਉਥੋਂ ਦੀ ਫੈਡਰੇਸ਼ਨ ਸਾਰਾ ਖਰਚਾ ਚੁੱਕਣ ਲਈ ਰਾਜ਼ੀ ਹੈ ਪਰ ਪਹਿਲਾਂ ਉਹ ਦੇਖਣਾ ਚਾਹੁੰਦਾ ਹੈ ਕਿ ਸੂਬਾ ਸਰਕਾਰ ਉਸ ਲਈ ਕੁਝ ਐਲਾਨ ਕਰਦੀ ਹੈ ਜਾਂ ਨਹੀਂ।

### ਵਿਰੋਧੀ ਧਿਰਾਂ ਨੇ ਸਰਕਾਰ ਨੂੰ ਪਾਇਆ ਘੇਰਾ



**ਚੰਡੀਗੜ੍ਹ:** ਦਵਿੰਦਰ ਸਿੰਘ ਕੰਗ ਦਾ ਦਰਦ ਸਿਆਸੀ ਆਗੂਆਂ ਦੀ ਜ਼ੁਬਾਨ 'ਤੇ ਵੀ ਆ ਗਿਆ ਹੈ। ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਦਵਿੰਦਰ ਦੇ ਹੱਕ ਵਿਚ ਆਵਾਜ਼ ਚੁੱਕੀ ਹੈ। ਦੂਜੇ ਪਾਸੇ ਸਾਬਕਾ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਨੇ ਵੀ ਦਵਿੰਦਰ ਨੂੰ ਸਰਕਾਰ ਵੱਲੋਂ ਅਣਗੌਲਿਆ ਕਰਨ 'ਤੇ ਅਫਸੋਸ ਜਤਾਇਆ ਹੈ। ਸੁਖਪਾਲ ਖਹਿਰਾ ਦਾ ਕਹਿਣਾ ਹੈ ਪੰਜਾਬ ਸਰਕਾਰ ਦਾ ਖਿਡਾਰੀਆਂ ਪ੍ਰਤੀ ਰਵਈਆ ਸਹੀ ਨਹੀਂ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਹੋਣਹਾਰ ਖਿਡਾਰੀ ਪੰਜਾਬ ਨੂੰ ਛੱਡ ਦੂਜੇ ਰਾਜਾਂ 'ਚ ਖੇਡਣ ਲਈ ਮਜਬੂਰ ਹੋ ਰਹੇ ਹਨ।

## ਦੋ ਦਿਨਾਂ ਪਿੱਛੋਂ ਹੀ ਬਦਲ ਦਿੱਤਾ ਤਖਤ ਕੇਸਗੜ੍ਹ ਸਾਹਿਬ ਦਾ ਜਥੇਦਾਰ

**ਰੂਪਨਗਰ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਫੂਲਾ ਸਿੰਘ ਨੂੰ ਨਿਯੁਕਤੀ ਦੇ ਦੋ ਦਿਨਾਂ ਪਿੱਛੋਂ ਹੀ ਬਦਲ ਕੇ ਉਨ੍ਹਾਂ ਦੀ ਥਾਂ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਇਹ ਜ਼ਿੰਮੇਵਾਰੀ ਸੌਂਪ ਦਿੱਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਦਾ ਕਹਿਣਾ ਹੈ ਕਿ ਗਿਆਨੀ ਰਘਬੀਰ ਸਿੰਘ ਹਰਿਮੰਦਰ ਸਾਹਿਬ ਦੇ ਗ੍ਰੰਥੀ ਦੇ ਨਾਲ-ਨਾਲ ਜਥੇਦਾਰ ਵਜੋਂ ਵੀ ਸੇਵਾ ਨਿਭਾਉਣਗੇ। ਗਿਆਨੀ ਫੂਲਾ ਸਿੰਘ ਪਹਿਲਾਂ ਵਾਂਗ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਸੇਵਾਵਾਂ ਨਿਭਾਉਂਦੇ ਰਹਿਣਗੇ। ਦੱਸਣਯੋਗ ਹੈ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਦੇ ਦੇਹਾਂਤ ਤੋਂ ਬਾਅਦ ਗਿਆਨੀ ਫੂਲਾ ਸਿੰਘ ਨੂੰ ਕਾਰਜਕਾਰੀ ਜਥੇਦਾਰ ਬਣਾਇਆ ਗਿਆ ਸੀ।

ਪ੍ਰੋ. ਬਡੂੰਗਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਤਖਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਬਣਾਉਣ ਦਾ ਫੈਸਲਾ ਕੀਤਾ ਹੈ। ਮੀਟਿੰਗ ਦੌਰਾਨ ਗਿਆਨੀ ਮੱਲ ਸਿੰਘ ਅਤੇ ਸਾਬਕਾ ਮੰਤਰੀ ਗਿਆਨ ਸਿੰਘ ਸੋਹਨਪਾਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

## ਅੰਮ੍ਰਿਤਸਰ-ਦਿੱਲੀ ਲਈ ਚੱਲੇਗੀ ਬੁਲੇਟ ਟਰੇਨ

**ਅੰਮ੍ਰਿਤਸਰ:** ਗੁਰੂ ਕੀ ਨਗਰੀ ਵਾਸੀਆਂ ਤੇ ਇਥੇ ਆਉਣ ਵਾਲੇ ਸੈਲਾਨੀਆਂ ਲਈ ਚੰਗੀ ਖਬਰ ਹੈ ਪਰ ਇਸ ਲਈ ਉਨ੍ਹਾਂ ਨੂੰ ਅੱਠ ਸਾਲ ਹੋਰ ਇੰਤਜ਼ਾਰ ਕਰਨਾ ਪਵੇਗਾ। ਕੇਂਦਰ ਸਰਕਾਰ ਵੱਲੋਂ ਮੁੰਬਈ-ਅਹਿਮਦਾਬਾਦ ਵਿਚਾਲੇ ਚੱਲਣ ਵਾਲੀ ਦੇਸ਼ ਦੀ ਪਹਿਲੀ ਬੁਲੇਟ ਟਰੇਨ ਤੋਂ ਬਾਅਦ ਦਿੱਲੀ-ਅੰਮ੍ਰਿਤਸਰ ਵਿਚਾਲੇ ਚੱਲਣ ਵਾਲੀ ਦੂਜੀ ਬੁਲੇਟ ਟਰੇਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ। ਹਾਲਾਂਕਿ ਦਿੱਲੀ-ਅੰਮ੍ਰਿਤਸਰ ਵਿਚਾਲੇ ਚੱਲਣ ਵਾਲੀ ਬੁਲੇਟ ਟਰੇਨ ਦਾ ਸੁਪਨਾ 2024 ਵਿਚ ਪੂਰਾ ਹੋਵੇਗਾ। ਇਹ ਖੁਲਾਸਾ ਅੰਮ੍ਰਿਤਸਰ ਤੋਂ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਕੀਤਾ ਹੈ।



ਸ਼ਵੇਤ ਮਲਿਕ ਨੇ ਦੱਸਿਆ ਕਿ ਦੇਸ਼ ਦੀ ਦੂਜੀ ਬੁਲੇਟ ਟਰੇਨ ਅੰਮ੍ਰਿਤਸਰ-ਦਿੱਲੀ ਦੇ ਵਿਚਾਲੇ ਬ੍ਰੌਡ ਗੇਜ਼ ਲਾਈਨਾਂ 'ਤੇ ਹੀ ਦੌੜੇਗੀ। ਇਸ ਟਰੇਨ ਨੂੰ ਚਲਾਉਣ ਲਈ ਇਕ ਲੱਖ ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਦਾ ਕੰਮ 2024 ਤੱਕ ਪੂਰਾ ਕਰ ਦਿੱਤਾ ਜਾਵੇਗਾ। ਦੇਸ਼ ਦੀ ਪਹਿਲੀ ਬੁਲੇਟ ਟਰੇਨ 2023 ਵਿਚ ਚੱਲੇਗੀ। ਉਸ ਤੋਂ ਬਾਅਦ ਦੂਜੀ ਟਰੇਨ ਇਹ ਹੀ ਹੋਵੇਗੀ। ਸ਼ਵੇਤ ਮਲਿਕ ਮੁਤਾਬਕ ਦਿੱਲੀ ਤੋਂ ਚੱਲਣ ਵਾਲੀ ਇਹ ਟਰੇਨ ਸਿਰਫ ਢਾਈ ਘੰਟਿਆਂ ਵਿਚ ਦਿੱਲੀ ਤੋਂ ਅੰਮ੍ਰਿਤਸਰ ਦਾ ਸਫਰ ਤੈਅ ਕਰੇਗੀ। ਇਹ ਟਰੇਨ ਦਿੱਲੀ ਤੋਂ ਚੱਲ ਕੇ ਅੰਬਾਲਾ, ਚੰਡੀਗੜ੍ਹ, ਲੁਧਿਆਣਾ ਤੇ ਜਲੰਧਰ ਰੁਕਦੇ ਹੋਏ ਅੰਮ੍ਰਿਤਸਰ ਪਹੁੰਚਿਆ ਕਰੇਗੀ।

## ਟਰੱਕ ਯੂਨੀਅਨਾਂ ਦਾ ਬਦਲ ਲੱਭਣ 'ਚ ਜੁਟੀ ਸਰਕਾਰ

**ਜਲੰਧਰ:** ਪੰਜਾਬ ਸਰਕਾਰ ਵੱਲੋਂ ਕਾਹਲੀ ਨਾਲ ਭੰਗ ਕੀਤੀਆਂ ਟਰੱਕ ਯੂਨੀਅਨਾਂ ਦਾ ਬਦਲ ਲੱਭਣ ਲਈ ਜ਼ੋਰਦਾਰ ਤਿਆਰੀਆਂ ਅਰੰਭ ਕਰ ਦਿੱਤੀਆਂ ਗਈਆਂ ਹਨ। ਯੂਨੀਅਨਾਂ ਭੰਗ ਕਰਨ ਵੇਲੇ 93 ਹਜ਼ਾਰ ਦੇ ਕਰੀਬ ਟਰੱਕਾਂ ਦੇ ਇਸ ਮਜ਼ਬੂਤ ਕਾਰੋਬਾਰ ਦੇ ਬਦਲ ਬਾਰੇ ਕੋਈ ਵਿਵਸਥਾ ਨਹੀਂ ਸੀ ਕੀਤੀ ਗਈ ਅਤੇ ਟਰੱਕ ਯੂਨੀਅਨਾਂ ਵੱਲੋਂ ਸਰਕਾਰੀ ਫੈਸਲੇ ਵਿਰੁੱਧ ਜ਼ੋਰਦਾਰ ਵਿਰੋਧ ਉਠਣ ਕਾਰਨ ਸਰਕਾਰ ਨੂੰ ਬਦਲਵਾਂ ਇੰਤਜ਼ਾਮ ਕਰਨ ਲਈ ਮਜਬੂਰ ਹੋਣਾ ਪਿਆ ਹੈ। ਪਤਾ ਲੱਗਾ ਹੈ ਬਦਲ ਦੀਆਂ ਤਿਆਰੀਆਂ ਦਾ ਮੁੱਖ ਮਕਸਦ ਯੂਨੀਅਨਾਂ ਦੀ ਅਜਾਰੇਦਾਰੀ ਕਾਇਮ ਨਾ ਹੋਣ ਅਤੇ ਮਨਮਰਜ਼ੀ ਦਾ ਭਾੜਾ ਤੈਅ ਕਰਨ ਦੀ ਵੀ ਵਿਵਸਥਾ ਨੂੰ ਤੋੜਨ ਦਾ ਹੈ, ਜਦਕਿ ਟਰੱਕ ਯੂਨੀਅਨਾਂ ਵਾਲਿਆਂ ਦਾ ਕਹਿਣਾ ਹੈ ਕਿ 134 ਟਰੱਕ ਯੂਨੀਅਨਾਂ 'ਚ ਚਲਦੇ 93 ਹਜ਼ਾਰ ਦੇ ਕਰੀਬ ਟਰੱਕਾਂ ਉਪਰ 6 ਲੱਖ ਦੇ ਕਰੀਬ ਲੋਕ ਨਿਰਭਰ ਕਰਦੇ ਹਨ।

ਪੰਜਾਬ ਦੇ ਟਰੱਕ ਕਾਰੋਬਾਰ ਦਾ ਪੰਜਾਬ ਦੀ ਅਰਾਜਕਤਾ ਵਿਚ ਵੀ ਅਹਿਮ ਸਥਾਨ ਹੈ। ਵੱਡੀ ਗਿਣਤੀ 'ਚ ਟਰੱਕ ਬਾਹਰਲੇ ਰਾਜਾਂ ਨੂੰ ਜਾਂਦੇ ਹਨ, ਪਰ ਰਜਿਸਟਰ ਪੰਜਾਬ ਵਿਚ ਹੁੰਦੇ ਹਨ ਤੇ ਟਰਾਂਸਪੋਰਟ ਦਾ ਰਾਜ ਦੇ ਕਰਾਂ ਵਿਚ ਅਹਿਮ ਹਿੱਸਾ ਹੈ। ਪੰਜਾਬ ਸਰਕਾਰ ਟਰੱਕ ਕਾਰੋਬਾਰ ਨੂੰ ਕਾਨੂੰਨੀ ਦਾਇਰੇ 'ਚ ਲਿਆਉਣਾ ਚਾਹੁੰਦੀ ਹੈ ਤੇ ਯੂਨੀਅਨਾਂ ਦੀ ਥਾਂ ਸਹਿਕਾਰੀ ਸੁਸਾਇਟੀਆਂ ਰਜਿਸਟਰ ਕਰਨ ਬਾਰੇ ਵਿਚਾਰ ਕਰ ਰਹੀ ਹੈ। ਹੜਤਾਲ ਵਾਪਸ ਲੈਣ ਦੇ ਫੈਸਲੇ ਬਾਅਦ ਟਰੱਕ ਯੂਨੀਅਨਾਂ ਵਾਲੇ ਵੀ ਸਰਕਾਰ ਦੇ ਕਾਨੂੰਨੀ ਦਾਇਰੇ 'ਚ ਸਹਿਕਾਰੀ ਸੁਸਾਇਟੀਆਂ ਬਣਾਉਣ ਦੇ ਸੁਝਾਅ ਨਾਲ ਸਹਿਮਤ ਹੋਣ ਲੱਗੇ ਹਨ।

## ਬੇਅਦਬੀ ਕਾਂਡ ਬਾਰੇ ਨਵੇਂ ਕਮਿਸ਼ਨ ਤੋਂ ਬੱਝੀ ਇਨਸਾਫ ਦੀ ਆਸ



**ਫਰੀਦਕੋਟ:** ਪੰਜਾਬ ਸਰਕਾਰ ਵੱਲੋਂ ਬੇਅਦਬੀ ਮਾਮਲਿਆਂ ਦੀ ਜਾਂਚ ਲਈ ਬਣਾਏ ਇਕ ਮੈਂਬਰੀ ਸੇਵਾ ਮੁਕਤ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਬਹਿਬਲ ਕਲਾਂ ਕਾਂਡ ਦੇ ਗਵਾਹਾਂ ਦੇ ਬਿਆਨ ਕਲਮਬੰਦ ਕੀਤੇ ਅਤੇ ਪੀੜਤਾਂ ਤੇ ਚਸ਼ਮਦੀਦਾਂ ਨੂੰ ਭਰੋਸਾ ਦਿੱਤਾ ਕਿ ਕਮਿਸ਼ਨ ਨਿਸ਼ਚਿਤ ਸਮੇਂ ਵਿਚ ਆਪਣੀ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪ ਦੇਵੇਗਾ।

ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਤਿੰਨ ਰੋਜ਼ਾ ਦੌਰੇ ਦੌਰਾਨ ਕੋਟਕਪੂਰਾ, ਬਹਿਬਲ ਕਲਾਂ ਤੇ ਇਸ ਕਾਂਡ ਨਾਲ ਸਬੰਧਤ ਹੋਰ ਥਾਵਾਂ ਦਾ ਦੌਰਾ ਕੀਤਾ। ਕਮਿਸ਼ਨ ਸਾਹਮਣੇ 150 ਦੇ ਕਰੀਬ ਗਵਾਹਾਂ ਨੇ ਆਪਣੇ ਬਿਆਨ ਦਰਜ ਕਰਵਾਏ। ਕਮਿਸ਼ਨ ਸਾਹਮਣੇ ਉਨ੍ਹਾਂ ਵਿਅਕਤੀਆਂ ਨੇ ਵੀ ਆਪਣੇ ਬਿਆਨ ਦਰਜ ਕਰਵਾਏ, ਜਿਨ੍ਹਾਂ ਦੇ ਬਹਿਬਲ ਕਾਂਡ ਦੌਰਾਨ ਟਰੈਕਟਰ, ਕਾਰਾਂ ਤੇ ਹੋਰ ਵਾਹਨ ਸੜੇ ਸਨ। ਕਮਿੱਕਰ ਸਿੰਘ ਨਾਮ ਦੇ ਚਸ਼ਮਦੀਦ ਨੇ ਕਿਹਾ ਕਿ ਉਨ੍ਹਾਂ ਕੋਲ ਬਹਿਬਲ ਕਲਾਂ ਕਾਂਡ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸਨ, ਜੋ ਇਕ ਆਈ.ਪੀ.ਐਸ. ਅਧਿਕਾਰੀ ਨੇ ਲੈ ਲਈਆਂ ਸਨ। ਇੰਦਰਜੀਤ ਸਿੰਘ ਵਾਸੀ ਮਾਨਸਾ ਨੇ ਆਪਣੇ ਬਿਆਨ ਵਿਚ ਚਾਰ ਆਈ.ਪੀ.ਐਸ. ਅਧਿਕਾਰੀਆਂ ਨੂੰ ਗੋਲੀ ਕਾਂਡ ਲਈ ਜ਼ਿੰਮੇਵਾਰ ਠਹਿਰਾਇਆ ਹੈ। ਕਮਿਸ਼ਨ ਸਾਹਮਣੇ ਹੁਣ ਤੱਕ ਦਿੱਤੇ ਬਿਆਨਾਂ ਵਿਚ ਚਸ਼ਮਦੀਦਾਂ ਨੇ ਦੋ ਆਈ.ਜੀ., ਦੋ ਸਾਬਕਾ ਐਸ.ਐਸ.ਪੀ. ਤੇ ਇੰਸਪੈਕਟਰ ਨੂੰ ਗੋਲੀ ਕਾਂਡ ਲਈ ਜ਼ਿੰਮੇਵਾਰ ਠਹਿਰਾਇਆ ਹੈ। ਕੁਝ ਚਸ਼ਮਦੀਦਾਂ ਨੇ ਜਾਂਚ ਲਟਕਣ 'ਤੇ ਨਿਰਾਸ਼ਾ ਪ੍ਰਗਟਾਉਂਦਿਆਂ ਕਿਹਾ ਕਿ ਇਸ ਕਾਂਡ ਵਿਚ ਉਚ ਪੁਲਿਸ ਅਧਿਕਾਰੀ ਜਾਂਚ ਦੇ ਘੇਰੇ ਵਿਚ ਹਨ, ਜਿਸ ਕਰ ਕੇ ਕਾਫੀ ਸਬੂਤ ਨਸ਼ਟ ਹੋ ਚੁੱਕੇ ਹਨ।

ਇਸ ਦੌਰਾਨ ਕਮਿਸ਼ਨ ਦੇ ਚੇਅਰਮੈਨ ਜਸਟਿਸ ਰਣਜੀਤ ਸਿੰਘ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਦਫਤਰ ਵਿਚ ਵਕੀਲਾਂ ਨੂੰ ਮਿਲੇ। ਜਸਟਿਸ ਰਣਜੀਤ ਸਿੰਘ ਨੇ ਆਪਣੇ ਦੌਰੇ ਦੇ ਆਖਰੀ ਦਿਨ ਲੋਕਾਂ ਨੂੰ ਅਪੀਲ ਕੀਤੀ ਕਿ ਬਹਿਬਲ ਕਾਂਡ ਨਾਲ ਸਬੰਧਤ ਕੋਈ ਵੀ ਸੂਚਨਾ ਮਿਲਣ 'ਤੇ ਸਿੱਧਾ ਕਮਿਸ਼ਨ ਨਾਲ ਸੰਪਰਕ ਕੀਤਾ ਜਾਵੇ।

## ਸ਼੍ਰੋਮਣੀ ਕਮੇਟੀ ਹੁਣ ਸਾਬਤ ਸੂਰਤ ਸਿੱਖ ਨੌਜਵਾਨਾਂ ਦੀ ਫੜੇਗੀ ਬਾਂਹ




**ਰੋਪੜ:** ਸ਼੍ਰੋਮਣੀ ਕਮੇਟੀ ਸਿੱਖ ਨੌਜਵਾਨਾਂ ਨੂੰ ਅਕਾਦਮਿਕ ਖੇਤਰ ਵਿਚ ਮੁਕਾਬਲੇ ਦੇ ਸਮਰੱਥ ਬਣਾਉਣ ਲਈ ਸਾਬਤ ਸੂਰਤ ਨੌਜਵਾਨਾਂ ਨੂੰ ਕੌਮੀ ਅਤੇ ਸੂਬਾਈ ਪੱਧਰ ਦੀਆਂ ਸਿਵਲ ਸੇਵਾਵਾਂ ਪ੍ਰੀਖਿਆਵਾਂ ਲਈ ਉਚ ਪੱਧਰ ਦੀ ਸਿਖਲਾਈ ਦੇਵੇਗੀ। ਇਸ ਕਾਰਜ ਲਈ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਟਿਊਟ ਆਫ ਅਡਵਾਂਸ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਵਿਚ ਕੋਚਿੰਗ ਸੈਂਟਰ ਸਥਾਪਤ ਕੀਤਾ ਜਾਵੇਗਾ।

ਇਸੇ ਤਰ੍ਹਾਂ ਕੌਮਾਂਤਰੀ ਕਾਮਨਵੈਲਥ ਪਾਵਰਲਿਫਟਿੰਗ ਚੈਂਪੀਅਨਸ਼ਿਪ ਵਿਚ ਹਿੱਸਾ ਲੈਣ ਲਈ ਅੰਮ੍ਰਿਤਧਾਰੀ ਖਿਡਾਰੀ ਸੁਖਪਾਲ ਸਿੰਘ ਵੱਲੋਂ ਡੇਢ ਲੱਖ ਰੁਪਏ ਦੀ ਮੰਗੀ ਆਰਥਿਕ ਸਹਾਇਤਾ ਦੀ ਬਜਾਏ ਉਸ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਵਿਦਿਅਕ ਅਦਾਰੇ ਵਿਚ ਪੜ੍ਹਾਈ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ।

ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਦੱਸਿਆ ਕਿ ਹੋਂਦ ਚਿੱਲੜ ਕਾਂਡ ਨੂੰ ਸਾਹਮਣੇ ਲਿਆਉਣ ਵਾਲੇ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਪੈਰਵਾਈ ਕਰਨ ਵਾਲੇ ਮਨਵਿੰਦਰ ਸਿੰਘ ਗਿਆਸਪੁਰਾ ਦੀ ਧਰਮ ਪਤਨੀ ਬੀਬੀ ਰਮਨਜੀਤ ਕੌਰ ਨੂੰ ਉਸ ਦੀ ਵਿਦਿਅਕ ਯੋਗਤਾ ਦੇ ਮੁਤਾਬਕ ਸ਼੍ਰੋਮਣੀ ਕਮੇਟੀ 'ਚ ਨੌਕਰੀ ਦੇਣ ਦਾ ਫੈਸਲਾ ਕੀਤਾ ਗਿਆ ਹੈ।

### ਆਰਤੀ ਮਾਮਲੇ ਤੋਂ ਜਥੇਦਾਰ ਹੋਏ ਖਫਾ

**ਅੰਮ੍ਰਿਤਸਰ:** ਨਾਮਧਾਰੀ ਸੰਪਰਦਾ ਬਾਰੇ ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਵੀਡੀਓ ਤੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਰਾਜ਼ ਹਨ। ਵਾਇਰਲ ਵੀਡੀਓ ਵਿਚ ਕੁਝ ਔਰਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਆਰਤੀ ਦਾ ਜਾਪ ਕਰਦਿਆਂ ਠਾਕੁਰ ਦਲੀਪ ਸਿੰਘ ਦੀ ਆਰਤੀ ਉਤਾਰ ਰਹੀਆਂ ਹਨ। ਗਿਆਨੀ ਗੁਰਬਚਨ ਸਿੰਘ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਇਹ ਘੋਰ ਮਨਮਤ ਹੈ। ਇਸ ਨੂੰ ਵੇਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਹਰ ਸਿੱਖ ਦਾ ਹਿਰਦਾ ਵਲੂੰਧਰਿਆ ਗਿਆ ਹੈ। ਗੁਰੂ ਸਾਹਿਬਾਨ ਵੱਲੋਂ ਅਜਿਹੀਆਂ ਮਨਮਤੀ ਕਾਰਵਾਈਆਂ ਦੀ ਗੁਰਬਾਣੀ ਵਿਚ ਨਿਖੇਧੀ ਕੀਤੀ ਗਈ ਹੈ। ਇਸ ਤਰ੍ਹਾਂ ਦੀਆਂ ਹਰਕਤਾਂ ਕਰਨਾ ਗੁਰਬਾਣੀ ਦਾ ਘੋਰ ਨਿਰਾਦਰ ਹੈ। ਸਿੱਖ ਕੌਮ ਤਾਂ ਪਹਿਲਾਂ ਹੀ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਦੀ ਆ ਰਹੀ ਹੈ ਪਰ ਕਿਸੇ ਸਿੱਖ ਵੱਲੋਂ ਹੀ ਇਸ ਤਰ੍ਹਾਂ ਦੀ ਘਿਨੌਣੀ ਕਾਰਵਾਈ ਕਰਨੀ, ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਨੇ ਤਾੜਨਾ ਕਰਦਿਆਂ ਕਿਹਾ ਕਿ ਅਜਿਹੀਆਂ ਘਿਣਾਉਣੀਆਂ ਹਰਕਤਾਂ ਨਾਲ ਕਿਸੇ ਵੇਲੇ ਵੀ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਭੜਕ ਸਕਦੀਆਂ ਹਨ। ਜਿਨ੍ਹਾਂ ਨੂੰ ਕਾਬੂ ਕਰਨਾ ਮੁਸ਼ਕਲ ਹੋ ਜਾਵੇਗਾ।



# ਮੂਰਥਲ ਕਾਂਡ ਬਾਰੇ ਢਿੱਲੀ ਜਾਂਚ ਉਤੇ ਹਾਈ ਕੋਰਟ ਸਖਤ



**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਜਾਟ ਰਾਖਵਾਂਕਰਨ ਅੰਦੋਲਨ ਦੌਰਾਨ ਹਰਿਆਣਾ ਦੇ ਕਸਬਾ ਮੂਰਥਲ ਦੇ ਖੇਤਾਂ ਵਿਚ ਔਰਤਾਂ ਨਾਲ ਵਾਪਰੀਆਂ ਬਲਾਤਕਾਰ ਦੀਆਂ ਘਟਨਾਵਾਂ ਬਾਰੇ ਜੇ ਵਿਸ਼ੇਸ਼ ਜਾਂਚ ਟੀਮ (ਸਿੱਟ) ਇਕ ਮਹੀਨੇ 'ਚ ਕੋਈ ਠੋਸ ਸੁਰਾਗ ਨਾ ਲਾ ਸਕੀ ਤਾਂ ਜਾਂਚ ਸੀ.ਬੀ.ਆਈ. ਹਵਾਲੇ ਕੀਤੀ ਜਾ ਸਕਦੀ ਹੈ। ਅਦਾਲਤ ਨੇ ਸਾਫ ਕੀਤਾ ਕਿ ਇਨ੍ਹਾਂ ਘਟਨਾਵਾਂ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ।

ਹਾਈ ਕੋਰਟ ਦੇ ਜਸਟਿਸ ਐਸ.ਐਸ. ਸਾਰੋਂ ਅਤੇ ਜਸਟਿਸ ਅਵਨੀਸ਼ ਝਿੰਗਣ ਨੇ ਸਾਫ ਕਿਹਾ ਕਿ ਅਦਾਲਤ ਬਲਾਤਕਾਰ ਦੀਆਂ ਘਟਨਾਵਾਂ ਵਾਪਰਨ ਸਬੰਧੀ ਆਪਣੀਆਂ ਅੱਖਾਂ ਨਹੀਂ ਮੀਟ ਸਕਦੀ। ਬੈਂਚ ਨੇ ਕਿਹਾ ਕਿ ਘਟਨਾ ਸਥਾਨ ਤੋਂ ਮਿਲੇ ਔਰਤਾਂ ਦੇ ਥੱਲੜੇ ਕੱਪੜਿਆਂ ਅਤੇ ਗਵਾਹ ਬੌਬੀ ਜੋਸ਼ੀ ਦੇ ਬਿਆਨ ਤੋਂ ਸਾਫ ਹੈ ਉਥੇ ਬਿਲਕੁਲ ਅਜਿਹਾ ਵਾਪਰਿਆ। ਸਿੱਟ ਨੂੰ ਜਾਂਚ ਮੁਕੰਮਲ ਕਰਨ ਲਈ ਸਮਾਂ ਦਿੰਦਿਆਂ ਬੈਂਚ ਨੇ ਕਿਹਾ ਕਿ ਜੇ ਕੁਝ ਵੀ ਠੋਸ ਸਾਹਮਣੇ ਨਹੀਂ ਆਉਂਦਾ ਤਾਂ ਕੇਸ ਸੀ.ਬੀ.ਆਈ. ਹਵਾਲੇ ਕਰਨ 'ਤੇ ਗੌਰ ਕੀਤੇ ਜਾਣ ਦੀ ਲੋੜ ਪੈ ਸਕਦੀ ਹੈ। ਅਦਾਲਤ ਨੇ ਕਿਹਾ ਕਿ ਅਧਿਕਾਰੀ ਮਮਤਾ ਸਿੰਘ ਦੀ ਅਗਵਾਈ ਵਾਲੀ ਸਿੱਟ ਇਕ 'ਢੁਕਵੇਂ ਪੱਧਰ' ਉਤੇ ਪੁੱਜੀ ਹੋਈ ਹੈ ਅਤੇ ਇਸ ਮੌਕੇ ਕੇਸ ਸੀ.ਬੀ.ਆਈ. ਨੂੰ ਸੌਂਪਣਾ ਠੀਕ ਨਹੀਂ ਹੋਵੇਗਾ।

ਹਰਿਆਣਾ ਦੇ ਐਡੀਸ਼ਨਲ ਐਡਵੋਕੇਟ ਜਨਰਲ ਪਵਨ ਗਿਰਧਰ ਨੇ ਮਮਤਾ ਸਿੰਘ ਤੋਂ ਹਦਾਇਤਾਂ ਲੈਣ ਪਿੱਛੋਂ ਕਿਹਾ ਕਿ ਜਾਂਚ ਇਕ ਮਹੀਨੇ ਦੌਰਾਨ ਮੁਕੰਮਲ ਕਰ ਲਈ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਰਾਜ ਸਰਕਾਰ ਨੇ ਕਦੇ ਵੀ ਦਾਅਵਾ ਨਹੀਂ ਕੀਤਾ ਕਿ ਬਲਾਤਕਾਰ ਨਹੀਂ ਹੋਏ। ਇਸ ਤੋਂ ਪਿਛਲੀ ਸੁਣਵਾਈ ਦੌਰਾਨ ਅਦਾਲਤ ਦੇ ਮਿੱਤਰ ਵਕੀਲ ਅਨੁਪਮ ਗੁਪਤਾ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਸਿੱਟ 'ਤੇ ਭਰੋਸਾ ਨਹੀਂ ਹੈ।

## ਜਬਰ ਜਨਾਹ ਪੀੜਤ ਦਸ ਸਾਲਾ ਬੱਚੀ ਵੱਲੋਂ ਬਾਲੜੀ ਨੂੰ ਜਨਮ

**ਚੰਡੀਗੜ੍ਹ:** ਮਾਮੇ ਵੱਲੋਂ ਮਹੀਨਿਆਂ ਬੱਧੀ ਜਬਰ ਜਨਾਹ ਦਾ ਸ਼ਿਕਾਰ ਹੋਈ ਦਸ ਸਾਲਾ ਕੁੜੀ ਨੇ ਹਸਪਤਾਲ ਵਿਚ ਵੱਡੇ ਅਪਰੇਸ਼ਨ (ਸੀਜ਼ੇਰੀਅਨ) ਨਾਲ ਬਾਲੜੀ ਨੂੰ ਜਨਮ ਦਿੱਤਾ। ਜਨਮ ਤੋਂ ਫੌਰੀ ਬਾਅਦ ਲੜਕੀ ਦੇ ਮਾਪਿਆਂ ਨੇ ਬੱਚੀ ਨੂੰ ਅੱਗੇ ਗੋਦ ਦੇਣ ਦਾ ਫੈਸਲਾ ਕਰ ਲਿਆ ਹੈ। ਮੁਲਕ ਦੀ ਸਿਖਰਲੀ ਅਦਾਲਤ ਨੇ 28 ਜੁਲਾਈ ਨੂੰ ਬਲਾਤਕਾਰ ਪੀੜਤਾ ਦੀ ਜਾਨ ਨੂੰ ਖਤਰਾ ਦੱਸਦਿਆਂ ਪਰਿਵਾਰ ਵੱਲੋਂ ਗਰਭਪਾਤ ਦੀ ਇਜਾਜ਼ਤ ਦਿੱਤੇ ਜਾਣ ਦੀ ਅਪੀਲ ਨੂੰ ਰੱਦ ਕਰ ਦਿੱਤਾ ਸੀ।

ਭਾਰਤੀ ਕਾਨੂੰਨ ਮੁਤਾਬਕ 20 ਹਫਤਿਆਂ ਮਗਰੋਂ ਗਰਭਪਾਤ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਬਸ਼ਰਤੇ ਗਰਭ ਠਹਿਰਣ ਕਰ ਕੇ ਮਾਂ ਤੇ ਬੱਚੇ ਦੀ ਜਾਨ ਨੂੰ ਕੋਈ ਖਤਰਾ ਨਾ ਹੋਵੇ। ਯਾਦ ਰਹੇ ਕਿ ਦਸ ਸਾਲਾ ਬੱਚੀ ਨਾਲ ਬਲਾਤਕਾਰ ਹੋਣ ਦੀ ਘਟਨਾ ਪਿਛਲੇ ਮਹੀਨੇ ਉਦੋਂ ਜੱਗ ਜ਼ਾਹਰ ਹੋਈ, ਜਦੋਂ ਉਸ ਨੇ ਪੇਟ ਵਿਚ ਦਰਦ ਦੀ ਸ਼ਿਕਾਇਤ ਕੀਤੀ। ਡਾਕਟਰੀ ਜਾਂਚ ਦੌਰਾਨ ਪਤਾ ਲੱਗਾ ਕਿ ਉਹ 30 ਹਫਤਿਆਂ ਦੀ ਗਰਭਵਤੀ ਹੈ।

## ਗੁਰਦੁਆਰਾ ਗਿਆਨ ਗੋਦੜੀ ਮਸਲੇ 'ਤੇ ਉਤਰਾਖੰਡ ਸਰਕਾਰ ਦੀ ਪਹਿਲ

**ਹਰਿਦੁਆਰ:** ਕਈ ਦਹਾਕੇ ਪਹਿਲਾਂ ਢਾਹੇ ਗਏ ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਦੇ ਮਾਮਲੇ ਨੂੰ ਹੱਲ ਕਰਨ ਲਈ ਉਤਰਾਖੰਡ ਦੇ ਮੁੱਖ ਮੰਤਰੀ ਤਰਵਿੰਦਰ ਸਿੰਘ ਨੇ ਆਪਣੇ ਇਕ ਮੰਤਰੀ ਦੀ ਅਗਵਾਈ ਹੇਠ 14 ਮੈਂਬਰੀ ਕਮੇਟੀ ਬਣਾਈ ਹੈ। ਉਤਰਾਖੰਡ ਸਰਕਾਰ ਵੱਲੋਂ ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਹਰਿ ਕੀ ਪਉੜੀ ਤੇ ਗਿਆਨ ਗੋਦੜੀ ਬਾਰੇ ਸਥਾਨਕ ਸਮਾਜ 'ਚ ਪੈਦਾ ਹੋਏ ਵਿਵਾਦ ਨੂੰ ਹੱਲ ਕਰਨ ਲਈ ਕਮੇਟੀ ਬਣਾਈ ਗਈ। ਕਮੇਟੀ ਦੇ ਮੁਖੀ ਉਤਰਾਖੰਡ ਦੇ ਮੰਤਰੀ ਮਦਨ ਕੌਸ਼ਿਕ ਹੋਣਗੇ।

ਮੁੱਖ ਸਕੱਤਰ ਐਮ. ਰਾਮਾ ਸਵਾਮੀ ਦੇ ਦਸਤਖਤਾਂ ਹੇਠ ਜਾਰੀ ਇਸ ਹੁਕਮ ਵਿਚ ਕਿਹਾ ਗਿਆ ਹੈ ਕਿ ਇਹ ਕਮੇਟੀ ਗਿਆਨ ਗੋਦੜੀ ਸਮਾਜ, ਹਰਿ ਕੀ ਪਉੜੀ, ਗੰਗਾ ਸਭਾ ਅਤੇ ਹੋਰ ਸਬੰਧਤ ਵਿਅਕਤੀਆਂ ਅਤੇ ਸੰਗਠਨਾਂ ਨਾਲ ਵਿਚਾਰ-ਵਟਾਂਦਰਾ ਕਰੇਗੀ ਤੇ ਇਸ ਸਮੱਸਿਆ ਦੇ ਸਥਾਈ ਹੱਲ ਲਈ ਜ਼ਰੂਰੀ ਕਾਰਵਾਈ ਕਰੇਗੀ।

## ਚੰਡੀਗੜ੍ਹ ਤੋਂ ਕੌਮਾਂਤਰੀ ਉਡਾਣਾਂ ਵਿਚ ਵਾਧਾ

**ਚੰਡੀਗੜ੍ਹ:** ਅਦਾਲਤ ਦੀ ਸਖਤੀ ਪਿੱਛੋਂ ਏਅਰਪੋਰਟ ਅਥਾਰਟੀ ਆਫ ਇੰਡੀਆ ਨੇ ਚੰਡੀਗੜ੍ਹ ਹਵਾਈ ਅੱਡੇ ਤੋਂ ਕੌਮਾਂਤਰੀ ਉਡਾਣਾਂ ਵਧਾਉਣ ਦੀ ਤਿਆਰੀ ਕਰ ਲਈ ਹੈ। ਇਸੇ ਮਕਸਦ ਦੀ ਪੂਰਤੀ ਲਈ ਇੰਡੀਗੋ ਏਅਰਲਾਈਨਜ਼ ਵੱਲੋਂ 6 ਅਕਤੂਬਰ ਤੋਂ ਸਿੰਘਾਪੁਰ ਅਤੇ ਬੈਂਕਾਕ ਲਈ ਨਵੀਆਂ ਉਡਾਣਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਨਵੀਆਂ ਉਡਾਣਾਂ ਦੀ ਸ਼ੁਰੂਆਤ ਦੇ ਮੱਦੇਨਜ਼ਰ ਸਭ ਤੋਂ ਪਹਿਲਾਂ ਰਨਵੇਅ ਦੀ ਮੁਰੰਮਤ ਕੀਤੀ ਜਾਣੀ ਹੈ, ਜਿਸ ਕਰ ਕੇ 3 ਅਕਤੂਬਰ ਤੋਂ 31 ਅਕਤੂਬਰ ਤੱਕ ਸਵੇਰੇ 5 ਤੋਂ ਸ਼ਾਮ 4 ਵਜੇ ਤੱਕ ਹੀ ਹਵਾਈ ਅੱਡਾ ਯਾਤਰੀਆਂ ਲਈ ਖੁੱਲ੍ਹਾ ਰਿਹਾ ਕਰੇਗਾ ਤੇ ਸ਼ਾਮ ਨੂੰ ਮੁਰੰਮਤ ਦਾ ਕੰਮ ਹੋਵੇਗਾ।

ਇਸ ਮੁਰੰਮਤ ਲਈ ਪਹਿਲਾਂ ਸਮਾਂ 12 ਵਜੇ ਤੱਕ ਹੀ ਰੱਖਿਆ ਗਿਆ। ਰਨਵੇਅ ਦੀ ਮੁਰੰਮਤ ਦੇ ਦਿਨਾਂ 'ਚ ਹਵਾਈ ਉਡਾਣਾਂ ਬੰਦ ਰੱਖਣ ਦੀ ਜਾਣਕਾਰੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਵੀ ਦਿੱਤੀ ਜਾ ਚੁੱਕੀ ਹੈ। ਏਅਰਪੋਰਟ ਅਥਾਰਟੀ ਦਾ ਕਹਿਣਾ ਹੈ ਕਿ ਰੌਸ਼ਨੀ ਕਾਫੀ ਨਾ ਹੋਣ ਕਰ ਕੇ ਰਨਵੇਅ 'ਤੇ ਦੂਰ ਤੱਕ ਦੇਖਣਾ ਸੰਭਵ ਨਹੀਂ ਹੋ ਸਕੇਗਾ, ਜਿਸ ਕਾਰਨ ਸੰਘਣੀ ਧੁੰਦ ਪਸਰ ਜਾਣ 'ਤੇ ਜਹਾਜ਼ ਨੂੰ ਉਤਾਰਨਾ ਤੇ ਚੜ੍ਹਾਉਣਾ ਮੁਸ਼ਕਲ ਹੋ ਜਾਵੇਗਾ।

## ਇਰੋਮ ਸ਼ਰਮੀਲਾ ਨੇ ਕਰਵਾਇਆ ਵਿਆਹ



**ਚੇਨਈ:** ਮਣੀਪੁਰ ਦੀ ਮਨੁੱਖੀ ਅਧਿਕਾਰ ਕਾਰਜਕਰਤਾ ਇਰੋਮ ਸ਼ਰਮੀਲਾ ਨੇ ਲੰਬੇ ਸਮੇਂ ਤੋਂ ਆਪਣੇ ਮਿੱਤਰ ਰਹੇ ਬਰਤਾਨਵੀ ਨਾਗਰਿਕ ਡੇਸਮੰਡ ਕੁਟਿਨਹੋ ਨਾਲ ਵਿਆਹ ਕਰ ਲਿਆ। ਕੁਟਿਨਹੋ ਨੇ ਸ਼ਰਮੀਲਾ ਨੂੰ ਮੁੰਦਰੀ ਪਹਿਨਾਈ। ਇਹ ਇਕ ਬਹੁਤ ਹੀ ਸਾਦਾ ਸਮਾਰੋਹ ਸੀ ਅਤੇ ਇਸ ਦੌਰਾਨ ਉਥੇ ਦੁਲਹਾ-ਦੁਲਹਨ ਦੇ ਪਰਿਵਾਰ ਦੇ ਮੈਂਬਰ ਮੌਜੂਦ ਨਹੀਂ ਸਨ। ਇਸ ਤੋਂ ਪਹਿਲਾਂ ਜੋੜੇ ਨੇ ਹਿੰਦੂ ਵਿਆਹ ਕਾਨੂੰਨ ਤਹਿਤ ਵਿਆਹ ਕੀਤਾ ਸੀ। ਅੰਤਰ ਧਾਰਮਿਕ ਵਿਆਹ ਹੋਣ ਕਾਰਨ ਸਬ-ਰਜਿਸਟਰਾਰ ਨੇ ਉਨ੍ਹਾਂ ਨੂੰ ਵਿਸ਼ੇਸ਼ ਵਿਆਹ ਕਾਨੂੰਨ ਤਹਿਤ ਵਿਆਹ ਰਜਿਸਟਰ ਕਰਾਉਣ ਲਈ ਕਿਹਾ ਸੀ। ਸ਼ਰਮੀਲਾ ਨੇ ਦੱਸਿਆ ਕਿ ਕੋਡਇਕਨਾਲ ਇਕ ਸ਼ਾਂਤੀਪੂਰਨ ਸਥਾਨ ਹੈ ਅਤੇ ਸ਼ਾਂਤੀ ਲਈ ਉਨ੍ਹਾਂ ਦੀ ਭਾਲ ਇਥੇ ਆ ਕੇ ਖਤਮ ਹੋ ਗਈ।

## ਬੱਬਰ ਖਾਲਸਾ ਦੇ ਦੋ ਕਾਰਕੁਨ ਉਤਰ ਪ੍ਰਦੇਸ਼ ਵਿਚੋਂ ਗ੍ਰਿਫਤਾਰ

**ਲਖਨਊ:** ਉਤਰ ਪ੍ਰਦੇਸ਼ ਦੇ ਅਤਿਵਾਦ ਵਿਰੋਧੀ ਦਸਤੇ (ਏ.ਟੀ.ਐਸ.) ਨੇ ਬੱਬਰ ਖਾਲਸਾ ਦੇ ਦੋ ਕਾਰਕੁਨਾਂ ਨੂੰ ਗ੍ਰਿਫਤਾਰ ਕੀਤਾ ਹੈ। ਜਸਵੰਤ ਸਿੰਘ ਉਰਫ ਕਾਲਾ ਨੂੰ ਉਨਾਓ ਇਲਾਕੇ 'ਚੋਂ ਗ੍ਰਿਫਤਾਰ ਕੀਤਾ ਗਿਆ।

ਐਸ਼ਬਾਗ ਇਲਾਕੇ 'ਚੋਂ ਫੜੇ ਗਏ ਬੱਬਰ ਖਾਲਸਾ ਦੇ ਕਾਰਕੁਨ ਬਲਵੰਤ ਸਿੰਘ ਵੱਲੋਂ ਮੁਹੱਈਆ ਕਰਵਾਈ ਗਈ ਸੂਚਨਾ ਦੇ ਆਧਾਰ 'ਤੇ ਜਸਵੰਤ ਸਿੰਘ ਨੂੰ ਕਾਬੂ ਕੀਤਾ ਗਿਆ ਹੈ। ਜਸਵੰਤ ਸਿੰਘ ਪੰਜਾਬ ਦੇ ਮੁਕਤਸਰ ਜ਼ਿਲ੍ਹੇ ਨਾਲ ਸਬੰਧਤ ਹੈ। ਜਸਵੰਤ ਸਿੰਘ ਹੱਤਿਆ ਸਮੇਤ ਕਈ ਕੇਸਾਂ 'ਚ ਰਾਜਸਥਾਨ ਅਤੇ ਪੰਜਾਬ ਪੁਲਿਸ ਨੂੰ ਲੋੜੀਂਦਾ ਹੈ। ਨਵਾਂ ਸ਼ਹਿਰ ਦੇ ਵਸਨੀਕ ਬਲਵੰਤ ਸਿੰਘ ਨੂੰ ਪੰਜਾਬ ਪੁਲਿਸ ਵੱਲੋਂ ਮਿਲੀ ਸੂਚਨਾ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ।







PUNJAB SPORTS & CULTURAL ASSOCIATION MICHIGAN
PSCA Punjabi Khed Mela

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖ਼ੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 10ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 9 ਸਤੰਬਰ 2017

(ਸਨਿਚਰਵਾਰ, ਸਵੇਰੇ 8:30 ਤੋਂ ਸ਼ਾਮ 8:00 ਵਜੇ ਤੱਕ)

**Canton Sports Center - Victory Park:**
46555 W. Michigan Ave. Rd., Canton, MI 48188 (Near Beck Rd.)




ਮੇਲਾ-ਗੇਲਾ, ਖੇਡਾਂ, ਨੱਚਣ-ਟੱਪਣ, ਗਾਉਣ-ਪਾਣੀ ਅਤੇ ਖੁੱਲ੍ਹਾ ਖਾਣ ਪੀਣ ਆਓ ਤੇ ਮੌਜ ਮਨਾਓ

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ

ਸਭਨਾਂ ਨੂੰ ਖੁੱਲ੍ਹਾ ਸੱਦਾ

## ਇਨਾਮ

### ਕਬੱਡੀ ਓਪਨ
ਪਹਿਲਾ ਇਨਾਮ $11,000
ਦੂਜਾ ਇਨਾਮ $9,000
ਤੀਜਾ ਇਨਾਮ $7,000
ਚੌਥਾ ਇਨਾਮ $5,000

### ਕਬੱਡੀ ਅੰਡਰ-21
ਪਹਿਲਾ ਇਨਾਮ $21,00
ਦੂਜਾ ਇਨਾਮ $1500
ਤੀਜਾ ਇਨਾਮ $1000

### ਸੌਕਰ ਤੇ ਵਾਲੀਬਾਲ
ਪਹਿਲਾ ਇਨਾਮ $3,100
ਦੂਜਾ ਇਨਾਮ $2,100








ਕਬੱਡੀ ਰੈਫਰੀ:
ਨਰਿੰਦਰ ਮੁੰਦਰ
ਕੁਲਵਿੰਦਰ ਕਿੰਦਾ
ਕੁਲਦੀਪ ਦੀਪਾ ਟਾਂਡੇਵਾਲਾ

ਲੰਗਰ ਦਾ ਖਰਚਾ ਤੇ ਸੇਵਾ ਆਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ ਹੋਣਗੇ

Radio Chann Pardesi ਰੇਡੀਓ ਚੰਨ ਪ੍ਰਦੇਸੀ

**Free Entry**
**Free Food**
**&**
**Free Entertainment**

GN TRUCK SALES
TRUCK & TRAILER SALES
WE SELL ALL MAKES & MODELS
www.gntrucksale.com
905-291-0210

**Autobahn**
ਸਾਰੇ ਟਰੱਕ Under Warranty
800,000 kilometers



WORLD WIDE CARRIERS US INC.
SERVING NORTH AMERICA
Troy, MI
Ph: 416-213-1334

## PSCA Committee Members and Gold Sponsors


ਕਰਮਬੀਰ ਸਿੰਘ

ਅਰਜੁਨ ਗਿੱਲ

ਰਾਜ ਨਿੱਜਰ

ਜਸਵਿੰਦਰ ਧਾਲੀਵਾਲ

ਅਮਰਜੀਤ ਗਿੱਲ

ਰਵਿੰਦਰ ਬਿੰਦ

ਅਮਰੀਕ ਰਾਏ

ਮਨਪ੍ਰੀਤ ਗਿੱਲ

ਰਾਜ ਜਾਮਾਰਾਏ

ਸੁਖਵੰਤ ਸਿੰਘ ਗਿੱਲ

ਸੁਖਦੇਵ ਸੇਖੋਂ

ਕੇਵਲ ਗਿੱਲ

ਕੁਲਬੀਰ ਗਿੱਲ

ਸੁੱਖਾ ਸੇਖੋਂ

ਬਲਕਾਰ ਗਿੱਲ

ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

Mela, Media, Stalls: Karn Gill (734-612-9984) / Sukhdev Sekhon (248-431-9678)
Volleyball, Soccer: Karmbir Singh (734-558-3151)/ Amarjit Gill: 734-394-8768
Kabaddi: Arjan Gill (734-231-3576) / Kulbir Gill (248-310-0114)
Cultural Programs, Stalls: Raj Jamarai (734-644-1010) / Raj Nijjar (734-637-7540)

ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।

# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਪੁਸਤਕ 'ਕਲਮੀ ਰਮਜ਼ਾਂ-2' ਰਿਲੀਜ਼

**ਸਿਆਟਲ (ਬਿਊਰੋ):** ਸਥਾਨਕ ਪੰਜਾਬੀ ਲਿਖਾਰੀ ਸਭਾ ਵਲੋਂ ਮੈਂਬਰ ਲੇਖਕਾਂ ਦੀ ਛਪੀ ਸਾਂਝੀ ਪੁਸਤਕ 'ਕਲਮੀ ਰਮਜ਼ਾਂ-2' ਰਿਲੀਜ਼ ਕੀਤੀ ਗਈ। ਅਵਤਾਰ ਸਿੰਘ ਆਦਮਪੁਰੀ ਵਲੋਂ ਸੰਪਾਦਿਤ ਇਹ ਕਿਤਾਬ ਲੋਕ ਅਰਪਣ ਕਰਨ ਦੀ ਰਸਮ ਸ਼ਹਿਰ ਕੈਂਟ ਵਿਚ ਮਹਾਰਾਜਾ ਰੈਸਟੋਰੈਂਟ



ਵਿਚ ਮੈਂਬਰਾਂ ਤੇ ਸਰੋਤਿਆਂ ਦੀ ਵੱਡੀ ਹਾਜ਼ਰੀ ਕੀਤੀ ਗਈ। ਕਿਤਾਬ ਦੇ 264 ਪੰਨੇ ਹਨ ਅਤੇ ਇਨ੍ਹਾਂ 'ਤੇ ਵਾਸ਼ਿੰਗਟਨ ਸਟੇਟ ਦੇ 29 ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਹਨ।

ਕਿਤਾਬ ਰਿਲੀਜ਼ ਕਰਨ ਸਮੇਂ ਵਿਸ਼ੇਸ਼ ਤੌਰ 'ਤੇ ਐਗਜੈਕਟਿਵ ਡਾਇਰੈਕਟਰ ਫਾਰ ਕਲਚਰ ਜਿਮ ਕੈਲੀ, ਰੌਨ ਪਾਲ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ ਕੈਲੀਫੋਰਨੀਆ ਦੇ ਸਾਬਕਾ ਪ੍ਰਧਾਨ ਦਲਬੀਰ ਦਿਲ ਨਿੱਝਰ, ਸਕੱਤਰ ਅਜਮੇਰ ਗੋਗੀ ਸੰਧੂ, ਸਰੀ (ਕੈਨੇਡਾ) ਤੋਂ ਸੁਖਵਿੰਦਰ ਕੌਰ, ਬੈਲਿੰਗਮ ਤੋਂ ਸੁਖਵੀਰ ਸਿੰਘ ਵੀਹਲਾ, ਜਸਕਰਨ ਕੌਰ ਬਾਰੜ, ਬਲਬੀਰ ਲਹਿਰਾ, ਹਰਭਜਨ ਸਿੰਘ ਬੈਂਸ, ਵਾਸਦੇਵ ਸਿੰਘ ਪਰਹਾਰ, ਅਵਤਾਰ ਸਿੰਘ ਆਦਮਪੁਰੀ, ਹਰਪਾਲ ਸਿੱਧੂ, ਸਵਰਾਜ ਕੌਰ, ਹਰਦਿਆਲ ਸਿੰਘ ਚੀਮਾ, ਦਲਜੀਤ ਕੌਰ ਚੀਮਾ, ਸ਼ੰਗਾਰ ਸਿੰਘ ਸਿੱਧੂ, ਮਨਜੀਤ ਕੌਰ ਗਿੱਲ, ਡਾ. ਜੰਗ ਬਹਾਦਰ ਸਿੰਘ, ਜੰਗਪਾਲ ਸਿੰਘ, ਕਰਨੈਲ ਕੈਲ, ਡਾ. ਜਸਬੀਰ ਕੌਰ, ਅਮਰਜੀਤ ਸਿੰਘ ਤਰਸਿੱਕਾ, ਪ੍ਰੇਮ ਕੁਮਾਰ, ਬਲਿਹਾਰ ਲਹਿਲ, ਦੀਪਕ ਘੁੰਮਣ, ਸਾਧੂ ਸਿੰਘ ਝੱਜ, ਈਸ਼ਰ ਸਿੰਘ ਗਰਚਾ ਅਤੇ ਰਵੀ ਸੰਘੇੜਾ ਹਾਜ਼ਰ ਸਨ।

ਇਸ ਮੌਕੇ ਕਵੀਆਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ ਅਤੇ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਬਾਹਰੋਂ ਆਏ ਲੇਖਕਾਂ ਦਾ ਸਨਮਾਨ ਵੀ ਕੀਤਾ ਗਿਆ। ਰੈਸਟੋਰੈਂਟ ਮਾਲਕ ਸੈਮ ਵਿਰਕ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਹਾਲ, ਚਾਹ-ਪਾਣੀ ਤੇ ਖਾਣੇ ਦੀ ਫਰੀ ਸੇਵਾ ਕੀਤੀ।

ਸਭਾ ਦੇ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ ਨੇ ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ ਨੂੰ ਕਮਾਂਡ ਸੰਭਾਲੀ। ਨਵੀਂ ਕਮੇਟੀ ਵਿਚ ਮਨਜੀਤ ਕੌਰ ਗਿੱਲ ਪ੍ਰਧਾਨ, ਡਾ. ਜੰਗ ਬਹਾਦਰ ਸਿੰਘ ਮੀਤ ਪ੍ਰਧਾਨ, ਅਮਰਜੀਤ ਸਿੰਘ ਤਰਸਿੱਕਾ ਜਨਰਲ ਸਕੱਤਰ, ਬਲਿਹਾਰ ਲਹਿਲ ਮੀਤ ਸਕੱਤਰ ਅਤੇ ਪ੍ਰਿਤਪਾਲ ਸਿੰਘ ਢੀਂਡਸਾ ਖਜਾਨਚੀ ਹਨ।

## ਚੋਣਾਂ 'ਚ ਹਿੱਸਾ ਲੈਣਗੇ ਮਧੇਸ਼ੀ

**ਕਾਠਮੰਡੂ:** ਛੇ ਮਧੇਸ਼ੀ ਪਾਰਟੀਆਂ ਦਾ ਗੱਠਜੋੜ ਰਾਸ਼ਟਰੀ ਜਨਤਾ ਪਾਰਟੀ-ਨੇਪਾਲ ਅਗਲੇ ਮਹੀਨੇ ਸਥਾਨਕ ਸਰਕਾਰਾਂ ਦੀਆਂ ਚੋਣਾਂ ਦੇ ਆਖਰੀ ਗੇੜ ਵਿਚ ਹਿੱਸਾ ਲਵੇਗਾ।

ਇਨ੍ਹਾਂ ਪਾਰਟੀਆਂ ਨੇ ਚੋਣਾਂ ਦੇ ਪਹਿਲੇ ਦੋ ਗੇੜਾਂ ਦਾ ਬਾਈਕਾਟ ਕੀਤਾ ਸੀ।

# 'ਸੁਨਹਿਰੀ ਸ਼ਾਮ' ਨੇ ਸਿਰਜਿਆ ਨਿਵੇਕਲਾ ਮਾਹੌਲ

**ਨਿਊਵਾਰਕ (ਬਿਊਰੋ):** ਸਥਾਨਕ ਓਇਸਿਸ ਪੈਲੇਸ ਵਿਚ ਸ਼ੈਲੀ ਐਂਟਰਟੇਨਮੈਂਟ ਇੰਕ. ਅਤੇ ਆਰ. ਕੁਮਾਰ ਨੀਟਾ ਵਲੋਂ ਆਯੋਜਨ 'ਸੁਨਿਹਰੀ ਸ਼ਾਮ' ਦੌਰਾਨ ਸੰਗੀਤਕ ਪੇਸ਼ਕਾਰੀ ਨੇ ਵੱਡੀ ਗਿਣਤੀ ਵਿਚ ਆਏ ਪਰਿਵਾਰਾਂ ਦਾ ਕਰੀਬ











ਚਾਰ ਘੰਟੇ ਭਰਪੂਰ ਮਨੋਰੰਜਨ ਕੀਤਾ। ਲਖਵਿੰਦਰ ਲੱਕੀ, ਰਮਨਦੀਪ ਅਤੇ ਗਾਇਕ ਜੋੜੀ ਕੁਲਵਿੰਦਰ ਕੈਲੀ ਤੇ ਗੁਰਲੇਜ਼ ਅਖਤਰ ਇਸ ਸੰਗੀਤਕ ਸ਼ਾਮ ਦੇ ਮੁੱਖ ਸੂਤਰਧਾਰ ਸਨ। ਨੌਜਵਾਨ ਗਾਇਕ ਲਖਵਿੰਦਰ ਲੱਕੀ ਦਾ ਛੱਲਾ ਅਤੇ ਮਾਹੀਆ ਜਿੱਥੇ ਦਰਸ਼ਕਾਂ ਦੀ ਪਸੰਦ 'ਤੇ ਖਰੇ ਉਤਰੇ ਉਥੇ ਰਮਨਦੀਪ ਦਾ ਗਾਇਆ ਬਾਵਾ, ਮਾਹੀਆ, ਟੱਪੇ ਅਤੇ ਕੁਝ ਲੋਕ ਗੀਤਾਂ ਦੀ ਪੇਸ਼ਕਾਰੀ ਨੇ ਇਸ ਸ਼ਾਮ ਨੂੰ ਦੂਸਰੀ ਸੰਗੀਤਕ ਸਿਖਰ ਦਿੱਤੀ।

ਕੁਲਵਿੰਦਰ ਕੈਲੀ ਅਤੇ ਗੁਰਲੇਜ਼ ਅਖਤਰ ਨੇ ਕਰੀਬ ਢਾਈ ਘੰਟੇ ਸੋਹਣੀਏ ਜੇ ਤੇਰੇ ਨਾਲ ਦਗਾ ਮੈਂ ਕਮਾਵਾਂ, ਸਾਥ, ਬੋਲ ਮਿੱਟੀ ਦਿਆ ਬਾਵਿਆ ਅਤੇ ਜੱਟ ਚੜ੍ਹਦੇ ਮਿਰਜ਼ੇ ਖਾਨ ਨੂੰ ਜਿਹੇ ਰਵਾਇਤੀ ਗੀਤਾਂ ਤੇ ਪ੍ਰਚਲਿਤ ਲੋਕ ਗਾਥਾਵਾਂ ਦੀ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਭਰਵਾਂ ਮਨੋਰੰਜਨ ਕੀਤਾ। ਇਸ ਗੱਲ ਨੂੰ ਸਵੀਕਾਰ ਕਰਨਾ ਪਵੇਗਾ ਕਿ ਗੁਰਲੇਜ਼ ਅਖਤਰ ਦੀ ਵਿਅਕਤੀਗਤ ਪੇਸ਼ਕਾਰੀ ਅਤੇ ਸੁਰੀਲੀ ਆਵਾਜ਼ ਦਾ ਸੰਗਮ ਇਸ ਸੁਨਹਿਰੀ ਸ਼ਾਮ ਦੀ ਯਾਦਗਾਰੀ ਘੜੀ ਬਣਿਆ। ਹਲਕੀਆਂ ਫੁਲਕੀਆਂ ਪੰਜਾਬੀ ਸੁਭਾਅ ਦੀਆਂ ਗੱਲਾਂ, ਮਿੱਠੀ ਮਿੱਠੀ ਨੋਕ-ਝੋਕ ਤੇ ਗੀਤਾਂ ਦੀ ਪੇਸ਼ਕਾਰੀ ਨਾਲ ਸੰਵਾਦ ਰਚਾ ਕੇ ਕੈਲੀ ਤੇ ਗੁਰਲੇਜ਼ ਨੇ ਵੱਖਰਾ ਮਾਹੌਲ ਸਿਰਜਿਆ।

ਇਸ ਮੌਕੇ ਮੁੱਖ ਮਹਿਮਾਨ ਧਰਮਪਾਲ ਝੰਮਟ ਨੇ ਕਿਹਾ ਕਿ ਉਹ ਆਮ ਪ੍ਰੋਗਰਾਮਾਂ ਤੋਂ ਹਟ ਕੇ ਪਰਿਵਾਰਾਂ ਲਈ ਅਤੇ ਬੱਚਿਆਂ ਨੂੰ ਆਪਣੇ ਵਿਰਸੇ ਤੇ ਪੁਰਾਤਨ ਗੀਤਾਂ ਨਾਲ ਜੋੜਨ ਲਈ ਅਜਿਹੇ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਰਹਿਣਗੇ। ਦੂਜੇ ਮੁੱਖ ਮਹਿਮਾਨ ਸੁੱਚਾ ਭਾਰਟਾ ਨੇ ਸੰਗੀਤਕ ਸ਼ਾਮ ਦੀ ਵਡਿਆਈ ਕਰਦਿਆਂ ਪ੍ਰਬੰਧਕਾਂ ਦੀ ਪ੍ਰਸ਼ੰਸਾ ਕੀਤੀ। ਕਲਾਕਾਰਾਂ ਦੇ ਨਾਲ ਨਾਲ ਧਰਮਪਾਲ ਝੰਮਟ, ਉਨ੍ਹਾਂ ਦੇ ਮਾਤਾ ਚਰਨ ਕੌਰ,



ਸੁਪਤਨੀ ਗੁਰਬਖਸ਼ ਕੌਰ ਤੇ ਪੁੱਤਰ ਲਵੀ ਝੰਮਟ ਅਤੇ ਸੁੱਚਾ ਰਾਮ ਭਾਰਟਾ ਦਾ ਸ਼ੈਲੀ ਐਂਟਰਟੇਨਮੈਂਟ ਵਲੋਂ ਸਨਮਾਨ ਕੀਤਾ ਗਿਆ। ਮੱਖਣ ਲੁਹਾਰ ਦਾ ਵੀ ਸਨਮਾਨ ਕੀਤਾ ਗਿਆ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਬਲਬੀਰ ਸ਼ੀਂਹਮਾਰ ਨੇ ਖਾਸ ਭੂਮਿਕਾ ਨਿਭਾਈ। ਸੰਚਾਲਨ ਐਸ ਅਸ਼ੋਕ ਭੌਰਾ ਨੇ ਸ਼ਾਇਰਾਨਾ ਅੰਦਾਜ਼ ਵਿਚ ਕੀਤਾ। ਪ੍ਰੋਗਰਾਮ ਨੂੰ ਸਹਿਯੋਗ ਦੇਣ ਵਾਲੀਆਂ ਸ਼ਖਸੀਅਤਾਂ ਵਿਚ ਹੋਰਨਾਂ ਤੋਂ ਇਲਾਵਾ ਪ੍ਰੀਤਮ ਸਿੰਘ, ਚੰਦਰ ਮੋਹਨ, ਗੈਰੀ, ਚਾਟ ਭਵਨ, ਅਮਰੀਕ ਚੰਦ ਲਾਖਾ ਸੀ ਪੀ ਏ, ਮੋਹਣ ਲਾਲ ਮਾਈਕ ਪੀਜ਼ਾ, ਕਰਨੈਲ ਮਦਾੜ, ਬਲਜੀਤ ਪਾਲ ਏ ਸੀ ਟਰਾਂਜ਼ਿਟ, ਬਿੱਟੂ ਦੁੱਗਲ ਕੈਸਟਰੋਵੈਲੀ, ਸੋਨੂੰ ਚੁੰਬਰ ਨਿਊ ਯਾਰਕ ਅਤੇ ਚਮਨ ਲਾਲ (ਵੀਡੀਓ ਤੇ ਫੋਟੋਗ੍ਰਾਫੀ) ਸ਼ਾਮਲ ਸਨ।

ਇਸ ਮੌਕੇ ਗਾਇਕ ਮੰਗਜੀਤ ਮੰਗਾ, ਤਰਸੇਮ ਅਟਵਾਲ, ਜਤਿੰਦਰ ਜਰਗੀਆ, ਟੋਟਲ ਐਂਟਰਟੇਨਮੈਂਟ ਦੇ ਅਵਤਾਰ ਲਾਖਾ, ਪੀ ਸੀ ਏ ਮਿੱਕੀ ਸਰਾਂ, ਜਗਮੀਤ ਜੋਸਨ ਅਤੇ ਜਸ ਔਲਖ ਵੀ ਹਾਜ਼ਰ ਸਨ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc.

Minneapolis , MN 55426



TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ




ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:


ਫੋਨ: 832-512-7172

580-447-9366

# ਨੈਣੀਂ ਵੱਸਦੀ ਕਲਾ



## ਫੋਟੋਗ੍ਰਾਫਰ ਐਸ. ਪਾਲ ਦੀਆਂ ਕਲਾ ਕਿਰਤਾਂ



## ਕਲਾ ਪਰਿਕਰਮਾ


ਫੋਟੋਗ੍ਰਾਫ਼ਰ ਐਸ. ਪਾਲ ਦੇ ਦੇਹਾਂਤ ਨਾਲ ਫੋਟੋਗ੍ਰਾਫਰੀ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ। ਉਸ ਦੇ ਛੋਟੇ ਭਰਾ ਅਤੇ ਮਸ਼ਹੂਰ ਫੋਟੋਗ੍ਰਾਫਰ ਰਘੂ ਰਾਏ ਨੇ ਉਸ ਨੂੰ ਯਾਦ ਕਰਦਿਆਂ ਦੱਸਿਆ ਹੈ, "ਇੰਜਨੀਅਰਿੰਗ ਮੁਕੰਮਲ ਕਰਨ ਅਤੇ ਦੋ ਸਾਲ ਦੇ ਕੰਮ-ਕਾਰ ਤੋਂ ਬਾਅਦ ਮੈਂ ਇਕ ਦਿਨ ਛੁੱਟੀਆਂ ਕੱਟਣ ਦਿੱਲੀ ਐਸ. ਪਾਲ ਦੇ ਘਰੇ ਜਾ ਪੁੱਜਾ। ਉਥੇ ਮੈਂ ਬੜੀ ਅਜਬ ਅਤੇ ਗਜ਼ਬ ਤਰ੍ਹਾਂ ਦੀਆਂ ਦੁਨੀਆਂ ਦੇਖੀ। ਐਸ. ਪਾਲ ਅਤੇ ਉਹਨੂੰ ਮਿਲਣ-ਗਿਲਣ ਆ ਰਿਹਾ ਹਰ ਬੰਦਾ ਕੈਮਰਿਆਂ

**ਗੁਰਜੰਟ ਸਿੰਘ**

ਅਤੇ ਲੈਂਜ਼ਾਂ ਬਾਰੇ ਹੀ ਗੱਲਾਂ ਮਾਰ ਰਿਹਾ ਸੀ। ਫੋਟੋਆਂ ਤੋਂ ਇਲਾਵਾ ਹੋਰ ਕੋਈ ਗੱਲ ਹੀ ਨਹੀਂ ਸੀ ਹੋ ਰਹੀ; ਭਾਵ ਫੋਟੋਗ੍ਰਾਫ਼ੀ ਦੀ ਇਸ ਕੁਨਬੇ ਦੀ ਦੁਨੀਆਂ ਸੀ।" ਇਥੇ ਹੀ ਐਸ. ਪਾਲ ਦੀ ਸਲਾਹ 'ਤੇ ਰਘੂ ਰਾਏ ਨੇ 'ਦਿ ਟਾਈਮਜ਼' (ਲੰਡਨ) ਲਈ ਆਪਣੀ ਇਕ ਫੋਟੋ ਭੇਜੀ ਅਤੇ ਪਹਿਲਾ ਮੁਕਾਬਲਾ ਜਿੱਤ ਲਿਆ। ਇਉਂ ਭਾਰਤੀ ਫੋਟੋਗ੍ਰਾਫ਼ੀ ਦੇ ਖੇਤਰ ਵਿਚ ਰਘੂ ਰਾਏ ਦੇ ਰੂਪ ਵਿਚ ਇਕ ਹੋਰ ਚਿਹਰਾ ਜੁੜ ਗਿਆ।

ਐਸ. ਪਾਲ 16 ਅਗਸਤ 2017 ਨੂੰ 88 ਵਰ੍ਹਿਆਂ ਦੀ ਉਮਰ ਵਿਚ ਸਾਹਿਬਾਬਾਦ ਵਿਖੇ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਿਆ। ਉਸ ਦਾ ਜਨਮ 19 ਅਗਸਤ 1929 ਨੂੰ ਅਣਵੰਡੇ ਪੰਜਾਬ ਵਿਚ ਝੰਗ ਵਿਖੇ ਹੋਇਆ ਸੀ। ਵੰਡ ਤੋਂ ਬਾਅਦ ਉਸ ਦਾ ਟੱਬਰ ਭਾਰਤ ਜਾ ਵੱਸਿਆ। ਉਹ 20 ਕੁ ਵਰ੍ਹਿਆਂ ਦਾ ਸੀ ਜਦੋਂ ਉਹਨੇ ਕੈਮਰੇ ਨਾਲ ਅੱਖ ਮਿਲਾਉਣੀ ਸ਼ੁਰੂ ਕਰ ਦਿੱਤੀ। ਉਸ ਦਾ ਸਭ ਤੋਂ ਪਹਿਲਾਂ ਸਾਥੀ ਰੋਲੀਫਲੈਕਸ ਦਾ ਕੈਮਰਾ ਬਣਿਆ। ਉਂਜ ਉਹ ਕਦੀ ਕਿਸੇ ਇਕ ਕੈਮਰੇ 'ਤੇ ਨਿਰਭਰ ਨਹੀਂ ਸੀ ਹੋਇਆ। ਉਸ ਦੇ ਖ਼ਜ਼ਾਨੇ ਵਿਚ 100 ਤੋਂ ਉਪਰ ਕੈਮਰੇ ਸਨ। ਹਾਂ, ਨਿਕੌਨ ਡੀ-800 ਉਸ ਦਾ ਪਸੰਦੀਦਾ ਕੈਮਰਾ ਸੀ; ਇਹ 36 ਮੈਗਾਪਿਕਸਲ ਦਾ ਜੁ ਹੁੰਦਾ ਸੀ।... ਫੋਟੋਗ੍ਰਾਫੀ ਵਾਲੇ ਪਾਸੇ ਆਉਣ ਤੋਂ ਪਹਿਲਾਂ ਐਸ. ਪਾਲ ਸ਼ਿਮਲਾ ਵਿਚ ਡਰਾਫ਼ਟਮੈਨ ਹੁੰਦਾ ਸੀ, ਪਰ ਉਦੋਂ ਵੀ ਉਹ ਫੋਟੋਗ੍ਰਾਫ਼ੀ ਲਈ ਕੁਝ ਨਾ ਕੁਝ ਸਮਾਂ ਕੱਢ ਲੈਂਦਾ। ਫਿਰ ਜਦੋਂ ਉਹ ਮੁਕੰਮਲ ਰੂਪ ਵਿਚ ਫੋਟੋਗ੍ਰਾਫੀ ਦੀ ਦੁਨੀਆਂ ਵਿਚ ਆਇਆ ਤਾਂ ਇਕ ਦਮ ਮਸ਼ਹੂਰ ਹੋ ਗਿਆ। ਉਹਦੀਆਂ ਤਸਵੀਰਾਂ ਐਮੇਚਿਓਰ ਫੋਟੋਗ੍ਰਾਫਰ, ਮਿਨੀਏਚਰ ਕੈਮਰਾ ਅਤੇ ਮਿਨੀਏਚਰ ਕੈਮਰਾ ਵਰਲਡ ਵਰਗੇ ਮੈਗਜ਼ੀਨਾਂ ਵਿਚ ਛਪੀਆਂ। ਉਸ ਦੀ ਮਸ਼ਹੂਰੀ ਹੋਈ ਤਾਂ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਉਸ ਨੂੰ ਆਪਣੇ ਨਾਲ ਜੋੜ ਲਿਆ ਅਤੇ ਸੂਬੇ ਵਿਚ ਬਕਾਇਦਾ ਫੋਟੋਗ੍ਰਾਫੀ ਵਿਭਾਗ ਖੋਲ੍ਹਿਆ ਗਿਆ। ਐਸ. ਪਾਲ ਨੇ ਕੁਝ ਸਮਾਂ ਇੰਡੀਅਨ ਰੇਲਵੇਜ਼ ਵਿਚ ਚੀਫ਼ ਫੋਟੋਗ੍ਰਾਫਰ ਵਜੋਂ ਵੀ ਕੰਮ ਕੀਤਾ। ਇਸ ਤੋਂ ਬਾਅਦ ਉਹ ਅੰਗਰੇਜ਼ੀ ਅਖ਼ਬਾਰ 'ਦਿ ਇੰਡੀਅਨ ਐਕਸਪ੍ਰੈਸ' ਵਿਚ ਆ ਗਿਆ ਅਤੇ ਉਥੇ ਫਿਰ 26 ਸਾਲ ਕੰਮ ਕਰ ਕੇ 1989 ਵਿਚ ਰਿਟਾਇਰ ਹੋਇਆ। ਉਸ ਦੀ ਮਸ਼ਹੂਰੀ ਇੰਨੀ ਜ਼ਿਆਦਾ ਹੋਈ ਕਿ ਉਸ ਨੂੰ ਭਾਰਤ ਦਾ ਹੈਨਰੀ ਕਾਰਟਰ ਬ੍ਰੈਜ਼ਨ ਆਖਿਆ ਗਿਆ।

ਰਘੂ ਰਾਏ ਮੁਤਾਬਕ, ਉਹ ਦੋਵੇਂ ਭਾਈ ਆਪਣਾ ਕੋਈ ਉਪ-ਨਾਮ ਨਹੀਂ ਸਨ ਜੋੜਦੇ ਹੁੰਦੇ, ਸਿੱਟੇ ਵਜੋਂ ਛੋਟੇ ਭਰਾ ਨੇ ਆਪਣਾ ਨਾਮ ਸ਼ੁਮਪਾਲ ਨੂੰ ਬਦਲ ਕੇ ਐਸ. ਪਾਲ ਕਰ ਲਿਆ। ਉਸ ਨੂੰ ਲਗਦਾ ਸੀ ਕਿ ਸ਼ੁਮਪਾਲ ਦੀ ਥਾਂ ਐਸ. ਪਾਲ ਵਧੇਰੇ ਫੱਬਵਾਂ ਹੈ। ਨਾਲੇ ਇਹ ਧਿਆਨ ਵੀ ਖਿੱਚਦਾ ਹੈ। ਸੋ, ਐਸ. ਪਾਲ ਸਟਾਈਲਿਸ਼ ਵੀ ਸੀ। ਇਹ ਗੱਲ ਉਹਦੀਆਂ ਕਿਰਤਾਂ ਵੀ ਕਹਿੰਦੀਆਂ ਹਨ।







*ਤਿੰਨ ਤਸਵੀਰਾਂ: (ਖੱਬੇ) ਸਾਧਵੀਆਂ, (ਸੱਜੇ) 1986 ਦੀ ਹੋਲੀ ਅਤੇ (ਉਪਰ) ਇਕ ਪਰਿਵਾਰ ਜੋ ਸਵੇਰੇ ਸਵੇਰੇ ਕੰਮਕਾਰ ਲਈ ਜਾ ਰਿਹਾ ਹੈ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਸਤੰਬਰ 2017 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-288



*ਰੁੱਤ ਮੁਹੱਬਤਾਂ ਵਾਲੀ ਸਦਾ ਹੀ ਰਹਿੰਦੀ, ਬੜਾ ਕੁਝ ਕਹਿੰਦੀ, ਨਜ਼ਾਰੇ ਲੈਂਦੀ।*
*ਝੇੜਿਆਂ ਦੇ ਕਰ ਟੋਟੇ ਸੁੱਟਦੀ ਰਹਿੰਦੀ, ਨਫਰਤਾਂ ਸਹਿੰਦੀ, ਤੇ ਕਿਣਮਿਣ ਪੈਂਦੀ।*
*ਸੁੱਖ-ਸੁਨੇਹਾ ਨਿੱਤ ਦਿਨ ਦਿੰਦੀ ਰਹਿੰਦੀ, ਜਿਉਂ ਮਹਿਕੇ ਮਹਿੰਦੀ, ਹੁਲਾਰੇ ਲੈਂਦੀ।*

## ਕੈਪਸ਼ਨ ਮੁਕਾਬਲਾ-286



ਵਿਚ ਨੈਟ ਦੇ ਫਸ ਗਈ ਦੁਨੀਆਂ
ਵਿੱਸਰ ਗਏ ਸਭ ਕੰਮ ਤੇ ਕਾਰ।
ਆਪਣੇ ਆਪ ਵਿਚ ਐਸੇ ਰੁੱਝੇ
ਰਹੀ ਨਾ ਇੱਕ ਦੂਜੇ ਦੀ ਸਾਰ।
ਭੁੱਖ ਤੇਹ ਵੀ ਯਾਦ ਨਹੀਂ ਹੈ
ਚੱਲਿਆ ਐਸਾ ਕਾਰੋਬਾਰ।
***-ਜਗਮੀਤ ਸਿੰਘ ਪੰਧੇਰ***
---
ਭੈੜੀ ਆਦਤ ਪੈ ਗਈ ਫੋਨ ਦੀ
ਫਸੇ ਬੱਚੇ, ਬੁੱਢੇ, ਜਵਾਨ।
ਭੁੱਲ ਗਏ ਪਰਿਵਾਰ 'ਚ ਰਲ ਬੈਠਣਾ
ਲੱਗੇ ਸੁੰਨਮ-ਸੁੰਨ ਜਹਾਨ।
ਬਾਤਾਂ ਰਾਜੇ-ਰਾਣੀ ਵਾਲੀਆਂ
ਭੁੱਲੇ ਹੱਸ ਹੱਸ ਦੂਹਰੇ ਹੋਣਾ।
ਬੱਸ ਯੂ-ਟਿਊਬ ਤੇ ਫੇਸਬੁੱਕ 'ਤੇ
ਹੁਣ ਰਹਿ ਗਿਆ ਹੱਸਣਾ ਰੋਣਾ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***
---
ਨਵੀਂ ਤਕਨੀਕ ਦੀ ਕਾਢ ਇਹ ਡੱਬੀ,
ਜਣਾ-ਖਣਾਂ ਫਿਰੇ ਇਹ ਦੱਬੀ।
ਗੂਗਲ, ਫੇਸਬੁੱਕ, ਵੱਟਸ ਐਪ ਹੀ ਸੁੱਝਣ,
ਸੈਲਫੀਆਂ, ਗੇਮਾਂ, ਚੈਟ ਨੂੰ ਹੀ ਲੁੱਝਣ।
ਸਰੀਰ, ਦਿਮਾਗ ਦੀ ਕਸਰਤ ਭੁੱਲ ਚੱਲੇ,
'ਕੱਲੇ ਹੱਸਣ, 'ਕੱਲੇ ਬੋਲਣ, ਲੱਗਣ ਝੱਲੇ।
ਸੋਚ ਕੇ ਵਰਤੋ ਨਫਾ-ਨੁਕਸਾਨ,
ਨਹੀਂ ਤਾਂ ਬਣ ਜਾਊ ਰੋਬੋਟ ਇਨਸਾਨ।
***-ਦਵਿੰਦਰ ਕੌਰ***
------
ਫੇਸਬੁੱਕ 'ਤੇ ਵਧਿਆ ਤਕਰਾਰ।
ਹਰ ਕੋਈ ਥੋਪੇ ਆਪਣੇ ਵਿਚਾਰ।
ਫੇਸਬੁੱਕ ਨੇ ਹਰ ਕੋਈ ਕੀਤਾ ਬਿਮਾਰ।
ਲਾਈਕਸ ਦੀ ਹੈ ਭੁੱਖੀ ਜਨਤਾ
ਕਰਦੀ ਪਈ ਮਾਰੋ-ਮਾਰ।
***-ਮਨਦੀਪ ਗਿੱਲ ਧੜਾਕ***
---
ਫੇਸਬੁੱਕ 'ਤੇ ਗਲਤਾਨ ਹੋਇਆ ਇਨਸਾਨ
ਕਰ ਬੈਠਿਆ ਰਿਸ਼ਤਿਆਂ ਦਾ ਘਾਣ।
ਆਪਣੇ ਆਪ ਵਿਚ ਹੀ ਮਸਤ ਪਰਿਵਾਰ
ਗੁਆ ਬੈਠਾ ਸੁਖੀ ਪਰਿਵਾਰ ਦੀ ਸ਼ਾਨ।
ਸੂਚਨਾ ਤਕਨਾਲੋਜੀ ਦਾ ਕਰੋ ਸਦ ਉਪਯੋਗ
ਰਿਸ਼ਤਿਆਂ ਦਾ ਵੀ ਬਣਾਈ ਰੱਖੋ ਮਾਨ।
***-ਕੈਲਾਸ਼ ਠਾਕੁਰ, ਨੰਗਲ ਟਾਊਨਸ਼ਿਪ***
---
ਆਪਣੇ ਆਪਣੇ ਮੋਬਾਇਲ 'ਤੇ ਰੁਝਿਆ
ਪਰਿਵਾਰ ਦਾ ਹਰ ਇਕ ਜੀਅ।
ਰੇਸ਼ਮ ਦੇ ਕੀੜੇ ਵਾਂਗੂੰ ਬੁਣੇ ਜਾਲ 'ਚ
ਫਸੇ ਬੰਦਿਆ ਤੈਨੂੰ ਮਿਲਣਾ ਕੀ?
***-ਅਮਰਜੀਤ ਸਿੰਘ ਤੂਰ***
---
ਫੇਸਬੁੱਕ ਦੇ ਚੱਕਰ 'ਚ ਧੀਏ
ਭੁੱਲ ਗਏ ਪਿਆਰੇ ਮਾਪੇ।
ਸਭ ਜੀਆਂ ਨੇ ਇਹ ਕੰਮ ਫੜ੍ਹਿਆ
ਲੱਗੇ ਰਹਿਣ ਦਿਨ-ਰਾਤੇ।
ਅਖੀਰ ਵਿਚ ਕੁਝ ਨਹੀਂ ਮਿਲਣਾ
ਕੀਮਤੀ ਸਮਾਂ ਗਵਾਇਆ ਵਿਚ ਇਕਲਾਪੇ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***
---
ਫੇਸਬੁੱਕ ਇਕ ਧੁੰਦਲੀ ਬੁਝਾਰਤ
ਕਰ ਵਾਇਰਲ ਇਕ ਦੂਜੇ ਦੀਆਂ ਤਸਵੀਰਾਂ
ਮਾਨਸਿਕ ਤੰਗੀ ਦੇ ਇਖਲਾਕੀ ਮੌਤੇ ਮਰਨਾ
ਰਹਿਣਾ ਮਸ਼ਰੂਫ ਇਸੇ ਵਿਚ ਜੇ
ਫਿਰ ਸਕੂਲ ਦਾ ਕੰਮ ਕਰ ਕਰਨਾ।
ਮਾਂ ਵੀ ਫਸੀ ਇਨ੍ਹਾਂ ਚੱਕਰਾਂ 'ਚ।
ਫੇਸਬੁੱਕ 'ਤੇ ਆਏ ਦਿਨ ਹੁੰਦੀਆਂ ਸਕੈਮਾਂ
ਲੈਣੇ ਦੇ ਦੇਣੇ ਪੈਂਦੇ ਕਈ ਵਾਰ।
***-ਦਰਸ਼ਨਪਾਲ ਦੋਸਾਂਝ***
---
ਫੇਸਬੁੱਕ 'ਤੇ ਦੁਨੀਆਂ ਵਿਚ ਧਮਾਲ ਪਾਈ
ਘਰ ਘਰ ਚੰਗੀ-ਮਾੜੀ ਖਬਰ ਪਹੁੰਚਾਈ।
ਹੁਣ ਨਾ ਬੀਬੀਆਂ ਮਾਰਨ ਗੱਪਾਂ
ਵਿਚ ਗਲੀ ਮੁਹੱਲੇ ਬਹਿ ਕੇ।
ਲੱਗਦਾ ਹੁਣ ਸਭ ਵੱਟਸਐਪ, ਗੇਮਾਂ
ਤੇ ਫੇਸਬੁੱਕ ਹੋਗੇ ਹੀ ਰਹਿ'ਗੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***


ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ (ਮਿਡਵੈਸਟ)
ਸ਼ਿਕਾਗੋ ਕਬੱਡੀ ਕੱਪ-2017
ਅਤੇ ਵਾਲੀਬਾਲ ਮੁਕਾਬਲੇ
3 ਸਤੰਬਰ 2017 (ਦਿਨ ਐਤਵਾਰ)
Busse Wood Forest Preserve South, Elk Grove Village, IL
ਗਾਇਕ ਬਲਜੀਤ ਮਾਲਵਾ
ਪਰਿਵਾਰ ਸਮੇਤ ਆਓ ਅਤੇ ਖੇਡਾਂ,
ਖਾਣੇ ਤੇ ਮਨੋਰੰਜਨ ਦਾ ਅਨੰਦ ਮਾਣੋ;
ਦਾਖਲਾ ਤੇ ਪਾਰਕਿੰਗ ਫਰੀ
ਕਬੱਡੀ ਕੁਮੈਂਟੇਟਰ
ਮੱਖਣ ਅਲੀ
ਸੁਰਜੀਤ ਕਕਰਾਲੀ
ਮੁੱਖ ਮਹਿਮਾਨ
ਵਿਸ਼ੇਸ਼ ਮਹਿਮਾਨ
ਗੁਰਚਰਨ ਸਿੰਘ ਝੱਜ
ਜਥੇਦਾਰ ਤਾਰਾ ਸਿੰਘ ਸੱਲ੍ਹਾਂ
------- ਗੈਸਟ ਆਫ ਆਨਰ -------
ਹਰਕਿਸ਼ਨ ਸਿੰਘ ਭੱਟੀ
ਬਲਵਿੰਦਰ ਸਿੰਘ ਨਿੱਕ
ਹਰਕੇਵਲ ਲਾਲੀ
ਜੇ ਪੀ ਐਸ ਖਹਿਰਾ
ਮਨਜਿੰਦਰ ਬੈਨੀਪਾਲ
ਰਾਣਾ ਸੇਖੋਂ ਫੋਰਟਵੇਨ
ਪਰਮਜੀਤ ਸਿੰਘ ਅਰੋੜਾ
ਲਵ ਮਿਨਹਾਸ
ਜਸਜੀਤ ਸਿੰਘ ਸਿੱਧੂ
ਚੇਅਰਮੈਨ
ਪ੍ਰਧਾਨ
ਮੀਤ ਪ੍ਰਧਾਨ
ਦੀਦਾਰ ਸਿੰਘ ਧਨੋਆ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਪਹਿਲੇ ਇਨਾਮ ਦੇ ਸਪਾਂਸਰ
ਦੂਜੇ ਇਨਾਮ ਦੇ ਸਪਾਂਸਰ
ਅੰਮ੍ਰਿਤਪਾਲ ਸਿੰਘ ਗਿੱਲ
ਐਮ ਆਰ ਦੂਬੇ ਐਡਵੋਕੇਟ ਪਟਿਆਲਾ
ਜਸਵਿੰਦਰ ਸਿੰਘ ਗਿੱਲ
ਨਾਜਰ ਸਿੰਘ ਗਿੱਲ
ਵਾਲੀਬਾਲ ਦਾ ਇਨਾਮ ਅਮਰਜੀਤ ਸਿੰਘ ਢੀਂਡਸਾ ਵਲੋਂ ਆਪਣੇ ਪਿਤਾ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ
ਕਬੱਡੀ ਟੀਮਾਂ ਦੇ ਸਪਾਂਸਰ
ਮਨਮੋਹਨ ਗਰੇਵਾਲ
ਬਰੈਟੀ ਗਿੱਲ
ਕਾਬਲ ਸਿੰਘ
ਹੈਪੀ ਨਿੱਜਰ
ਪ੍ਰੀਤਮ ਸਿੰਘ ਸਾਬਕਾ ਕਬੱਡੀ ਖਿਡਾਰੀ
ਪੰਜਾਬ ਸਪੋਰਟਸ ਕਬੱਡੀ ਕਲੱਬ ਸਿਆਟਲ, ਬਾਬਾ ਸੇਵਾ ਦਾਸ ਕਬੱਡੀ ਕਲੱਬ ਨਾਰਥ ਕੈਰੋਲਾਈਨਾ ਅਤੇ ਯੂਬਾ ਬ੍ਰਦਰਜ਼ ਸਪੋਰਟਸ ਕਲੱਬ ਕੈਲੀਫੋਰਨੀਆ ਦੀਆਂ ਕਬੱਡੀ ਟੀਮਾਂ ਭਾਗ ਲੈਣਗੀਆਂ
ਸਾਬਕਾ ਚੇਅਰਮੈਨ
ਮੁਖਤਿਆਰ ਸਿੰਘ ਨੰਦੜਾ
ਪਰਮਿੰਦਰ ਸਿੰਘ ਗਰੇਵਾਲ
ਰਣਬੀਰ ਸਿੰਘ ਧਾਲੀਵਾਲ
ਰਵਿੰਦਰਪਾਲ ਸਿੰਘ ਨੰਦੜਾ
ਹਰਇੰਦਰਜੀਤ ਧਾਲੀਵਾਲ
ਬਲਦੇਵ ਸਿੰਘ ਸੱਲ੍ਹਾਂ
ਗੁਰਮੀਤ ਸਿੰਘ ਸੱਲ੍ਹਾਂ
ਸਰਬਜੀਤ ਸਿੰਘ ਸੱਲ੍ਹਾਂ
ਸਾਬਕਾ ਪ੍ਰਧਾਨ
ਪਰਮਿੰਦਰ ਵਾਲੀਆ
ਜਿੰਦੀ ਖੰਗੂੜਾ
ਅਮਰਦੇਵ ਸਿੰਘ ਬੰਦੇਸ਼ਾ
ਰਛਪਾਲ ਸਿੰਘ ਖੰਗੂੜਾ
ਅੰਮ੍ਰਿਤਪਾਲ ਗਿੱਲ
ਹਰਦੀਪ ਸਿੰਘ ਬੰਦੇਸ਼ਾ
ਜਸਵਿੰਦਰ ਗਿੱਲ
ਗੁਰਦੇਵ ਸਿੰਘ ਗਿੱਲ
ਪ੍ਰਬੰਧਕੀ ਕਮੇਟੀ
ਜਿੰਦਰ ਬੈਨੀਪਾਲ ਖਜਾਨਚੀ
ਜਸਵਿੰਦਰ ਸਿੰਘ ਗਿੱਲ
ਨਾਜਰ ਸਿੰਘ ਗਿੱਲ
ਲਖਵਿੰਦਰ ਬਿਹਾਰੀਪੁਰ
ਜੋਧ ਸਿੰਘ ਸਿੱਧੂ
ਬੱਬੀ ਬਾਠ
ਬਲਜੀਤ ਮੰਗੀ
ਕਾਬਲ ਸਿੰਘ ਭੁੱਲਰ
ਸੁਰਿੰਦਰ ਭੱਟੀ
ਧਰਮਿੰਦਰ ਜਸਵਾਲ
ਹਰਬੰਤ ਗਰੇਵਾਲ
ਜੱਸੀ ਸਹੋਤਾ
ਡੀ. ਛੀਨਾ
ਮੋਹਨਜੀਤ ਸਿੰਘ
ਵਿੱਕੀ ਸ੍ਰੀਮੀਪੁਰੀਆ
ਗੁਰਮੀਤ ਧਾਲੀਵਾਲ
ਲਖਵਿੰਦਰ ਸਿੰਘ
ਸੁਖਰਾਜ ਸਿੰਘ ਤੱਖਰ
ਜਸਰੂਪ ਸਿੰਘ
STATE BANK of CHILTON
A trusted partner since 1891
Damin J. Hoerth
Vice President
Laura J. Hoerth
Executive Vice President
Ph: 920-849-9371
ਚਾਹ-ਪਕੌੜਿਆਂ ਤੇ ਜਲੇਬੀਆਂ ਦੀ ਸੇਵਾ ਗੁਰਦੁਆਰਾ ਪੈਲਾਟਾਈਨ ਦੇ 'ਕਾਰ ਸੇਵਾ ਗਰੁਪ' ਵਲੋਂ
For Further Info.:
Balwinder Chatha 630-523-3412
Amritpal Gill 920-460-1001
Jassi Gill 773-759-0433
Darshan Pamma 847-561-7101
Jaswinder Gill 847-404-8882
Jindhi Khangura 847-529-1464
Amardev Singh 708-612-7963
Jinder Benipal 773-895-2041
Parminder Walia 847-477-1613
Baljit Mangi 773-469-9384
Rashpal Khangura 847-361-4908
ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ

# ਕਿਸਾਨ ਖੁਦਕੁਸ਼ੀਆਂ: ਪ੍ਰਸ਼ਾਸਨਿਕ ਅੜਿਕਿਆਂ ਨੇ ਰੋਕੀ ਰਾਹਤ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀ ਕਰ ਗਏ ਕਿਸਾਨਾਂ ਅਤੇ ਮਜ਼ਦੂਰਾਂ ਦੇ ਪੀੜਤ ਪਰਿਵਾਰਾਂ ਨੂੰ ਤੁਰਤ ਰਾਹਤ ਦੇਣ ਲਈ ਬਣਾਈ ਨੀਤੀ ਨੂੰ ਲਾਗੂ ਕਰਨ ਦੇ ਮਾਮਲੇ ਵਿਚ ਲਾਏ ਜਾ ਰਹੇ ਪ੍ਰਸ਼ਾਸਨਿਕ ਅੜਿੱਕਿਆਂ ਕਾਰਨ ਸਿਰਫ 31 ਫੀਸਦੀ ਪਰਿਵਾਰ ਹੀ ਰਾਹਤ ਹਾਸਲ ਕਰ ਸਕੇ ਹਨ। ਸੂਬੇ ਵਿਚ ਲਗਭਗ 59 ਫੀਸਦੀ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ।

ਜਾਣਕਾਰੀ ਅਨੁਸਾਰ ਸਰਕਾਰ ਨੇ ਅਪਰੈਲ 2014 ਵਿਚ ਖੁਦਕੁਸ਼ੀ ਪੀੜਤ ਪਰਿਵਾਰ ਰਾਹਤ ਨੀਤੀ ਤਹਿਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਹੇਠ ਪੰਜ-ਪੰਜ ਮੈਂਬਰੀ ਕਮੇਟੀਆਂ ਬਣਾਈਆਂ ਸਨ। ਲਗਭਗ ਤਿੰਨ ਸਾਲਾਂ ਦੌਰਾਨ ਜ਼ਿਲ੍ਹਾ ਪੱਧਰੀ ਕਮੇਟੀਆਂ ਕੋਲ 1783 ਅਰਜ਼ੀਆਂ ਰਾਹਤ ਲਈ ਆਈਆਂ। ਇਨ੍ਹਾਂ ਵਿਚੋਂ 561 ਪਰਿਵਾਰਾਂ ਨੂੰ ਹੀ ਦੋ ਜਾਂ ਤਿੰਨ ਲੱਖ ਰੁਪਏ ਦੀ ਸਹਾਇਤਾ ਮਿਲੀ ਅਤੇ 1047 ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਜਦਕਿ ਬਾਕੀ ਅਰਜ਼ੀਆਂ ਬਕਾਇਆ ਪਈਆਂ ਹਨ, ਜਿਨ੍ਹਾਂ ਬਾਰੇ ਅਜੇ ਤੱਕ ਕੋਈ ਫੈਸਲਾ ਨਹੀਂ ਹੋਇਆ ਹੈ।

ਸਭ ਤੋਂ ਵੱਧ 417 ਅਰਜ਼ੀਆਂ ਸੰਗਰੂਰ, ਦੂਸਰੇ ਨੰਬਰ ਉਤੇ 406 ਮਾਨਸਾ, 357 ਬਠਿੰਡਾ, 197 ਬਰਨਾਲਾ ਅਤੇ 162 ਅਰਜ਼ੀਆਂ ਮੋਗਾ ਜ਼ਿਲ੍ਹਿਆਂ ਦੇ ਖੁਦਕੁਸ਼ੀ ਪੀੜਤ ਪਰਿਵਾਰਾਂ ਦੀਆਂ ਹਨ। ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਪਠਾਨਕੋਟ ਅਤੇ ਰੋਪੜ ਜ਼ਿਲ੍ਹਿਆਂ ਵਿਚ ਰਾਹਤ ਲਈ ਕੋਈ ਅਰਜ਼ੀ ਨਹੀਂ ਦਿੱਤੀ ਗਈ ਹੈ। ਲੁਧਿਆਣਾ ਵਿਚ 46, ਗੁਰਦਾਸਪੁਰ 43, ਤਰਨ ਤਾਰਨ 39, ਪਟਿਆਲਾ 35, ਮੁਕਤਸਰ 33, ਫਿਰੋਜ਼ਪੁਰ 13, ਫਾਜ਼ਿਲਕਾ 11, ਫਤਿਹਗੜ੍ਹ ਸਾਹਿਬ 10, ਸ਼ਹੀਦ ਭਗਤ ਸਿੰਘ ਨਗਰ 7, ਹੁਸ਼ਿਆਰਪੁਰ 5, ਫਰੀਦਕੋਟ ਅਤੇ ਮੁਹਾਲੀ ਤੋਂ ਇਕ-ਇਕ ਅਰਜ਼ੀ ਮਿਲੀ ਹੈ।

ਮਾਲ ਵਿਭਾਗ ਦੇ ਵਧੀਕ ਮੁੱਖ ਸਕੱਤਰ ਦੀ ਅਗਵਾਈ ਵਿਚ ਬਣੀ ਸੂਬਾਈ ਕਮੇਟੀ ਨੇ ਸਮੇਂ-ਸਮੇਂ ਉਤੇ ਇਸ ਨੀਤੀ ਨੂੰ ਲਾਗੂ ਕਰਨ ਲਈ ਅਜਿਹੀਆਂ ਸ਼ਰਤਾਂ ਜੋੜ ਦਿੱਤੀਆਂ ਜਿਸ ਨਾਲ ਵੱਡੇ ਪੱਧਰ ਉਤੇ ਅਰਜ਼ੀਆਂ ਰੱਦ ਹੋਣ ਲੱਗੀਆਂ। ਮਿਸਾਲ ਵਜੋਂ ਐਫ.ਆਈ.ਆਰ. ਅਤੇ ਪੋਸਟਮਾਰਟਮ ਪਹਿਲਾਂ ਜ਼ਰੂਰੀ ਕਰਾਰ ਦਿੱਤੇ ਗਏ ਹਨ। ਮੁੜ ਪਰਿਵਾਰਾਂ ਨੂੰ ਕਰਜ਼ਈ ਸਾਬਤ ਕਰਨ ਲਈ ਬੈਂਕ ਦੀ ਕਾਪੀ ਜਾਂ ਪ੍ਰੋਨੋਟ ਦਿਖਾਉਣ ਲਈ ਕਿਹਾ ਜਾਂਦਾ ਹੈ। ਸਿਰਸੀਵਾਲਾ ਪਿੰਡ ਦੇ ਕੈਂਸਰ ਦੇ ਮਰੀਜ਼ ਨਿਰਮਲ ਸਿੰਘ ਦੇ ਬੇਟੇ ਯਾਦਵਿੰਦਰ ਨੇ ਫਰਵਰੀ 2016 ਵਿਚ ਖੁਦਕੁਸ਼ੀ ਕੀਤੀ ਸੀ। ਕਰਜ਼ਾ ਪਿਤਾ ਦੇ ਨਾਮ ਹੋਣ ਦੀ ਦਲੀਲ ਤਹਿਤ ਕਈ ਵਾਰ ਅਰਜ਼ੀਆਂ ਰੱਦ ਹੁੰਦੀਆਂ ਰਹੀਆਂ। ਨਿਰਮਲ ਸਿੰਘ ਨੇ ਕਿਹਾ ਕਿ ਹੁਣ ਫਾਈਲ ਲਗਾਉਣ ਤੋਂ ਬਾਅਦ ਜੁਲਾਈ ਵਿਚ ਉਮੀਦ ਬੱਝੀ ਸੀ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ।

ਰਾਹਤ ਨੀਤੀ ਮੁਤਾਬਕ ਪੀੜਤ ਪਰਿਵਾਰ ਤਿੰਨ ਮਹੀਨਿਆਂ ਦੇ ਅੰਦਰ ਅਰਜ਼ੀ ਦੇ ਸਕਦਾ ਹੈ। ਡੀ.ਸੀ. ਦੀ ਅਗਵਾਈ ਵਾਲੀ ਕਮੇਟੀ ਨੇ ਇਕ ਮਹੀਨੇ ਅੰਦਰ ਫੈਸਲਾ ਲੈਣਾ ਹੁੰਦਾ ਹੈ। ਰੰਘੜਿਆਲ ਪਿੰਡ ਦੇ ਮਜ਼ਦੂਰ ਹੰਸਾ ਸਿੰਘ ਦੀ ਖੁਦਕੁਸ਼ੀ ਤੋਂ ਬਾਅਦ ਪਰਿਵਾਰ ਨੇ ਫਰਵਰੀ ਵਿਚ ਅਰਜ਼ੀ ਦਿੱਤੀ ਸੀ ਪਰ ਪਰਿਵਾਰ ਨੂੰ ਛੇ ਮਹੀਨਿਆਂ ਤੋਂ ਪਤਾ ਹੀ ਨਹੀਂ ਕਿ ਅਰਜ਼ੀ ਕੂੜੇਦਾਨ ਵਿਚ ਸੁੱਟ ਦਿੱਤੀ ਗਈ, ਪੈਂਡਿੰਗ ਹੈ ਜਾਂ ਮਨਜ਼ੂਰ ਹੋ ਗਈ ਹੈ। ਹੰਸਾ ਸਿੰਘ ਦੀ ਬੇਟੀ ਮਨਜੀਤ ਕੌਰ 10+2 'ਚੋਂ 95 ਫੀਸਦੀ ਨੰਬਰ ਲੈ ਕੇ ਘਰ ਬੈਠ ਗਈ ਸੀ। ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਪਰਮਜੀਤ ਕੌਰ ਲਾਂਡਰਾਂ ਵੱਲੋਂ ਫੀਸ ਦੀ ਜ਼ਿੰਮੇਵਾਰੀ ਲੈਣ ਤੋਂ ਬਾਅਦ ਇਸ ਵਾਰ ਉਸ ਦਾ ਦਾਖਲਾ ਹੋ ਸਕਿਆ ਹੈ।

ਰਾਹਤ ਨੀਤੀ ਇਹ ਵੀ ਕਹਿੰਦੀ ਹੈ ਕਿ ਮਾਲ ਅਤੇ ਖੇਤੀ ਵਿਭਾਗ ਦੇ ਕਰਮਚਾਰੀ ਸਬੰਧਤ ਪਰਿਵਾਰ ਦੇ ਪੈਰਾਂ ਉਤੇ ਮੁੜ ਖੜ੍ਹੇ ਹੋਣ ਅਤੇ ਘੱਟੋ ਘੱਟ ਇਕ ਸਾਲ ਤੱਕ ਖੇਤੀ ਕਰਵਾਉਣ ਵਿਚ ਮਦਦਗਾਰ ਹੋਣਗੇ। ਸਰਕਾਰ ਦੀ ਹਰ ਨੀਤੀ ਦਾ ਪਹਿਲ ਦੇ ਆਧਾਰ ਉਤੇ ਉਨ੍ਹਾਂ ਨੂੰ ਲਾਭ ਦਿਵਾਇਆ ਜਾਵੇਗਾ ਪਰ ਹਾਲਤ ਇਹ ਹੈ ਕਿ ਪਰਿਵਾਰਾਂ ਨੇ ਕਿਸੇ ਕਰਮਚਾਰੀ ਦੀ ਸ਼ਕਲ ਤੱਕ ਨਹੀਂ ਦੇਖੀ। ਵਿਧਾਨ ਸਭਾ ਦੀ ਪੰਜ ਮੈਂਬਰੀ ਕਮੇਟੀ ਨੇ ਚਨਾਰਥਲ ਪਿੰਡ ਦੇ ਇਕੋ ਪਰਿਵਾਰ ਤੇ ਤਿੰਨ ਮਰਦਾਂ ਵੱਲੋਂ ਖੁਦਕੁਸ਼ੀ ਕਰ ਲਏ ਜਾਣ ਮਗਰੋਂ ਉਨ੍ਹਾਂ ਦੇ ਘਰ ਪੈਰ ਪਾਇਆ ਸੀ। ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਦਾ ਉਨ੍ਹਾਂ ਦਾ ਦੂਸਰਾ ਦੌਰਾ ਹੈ। ਝੁਨੀਰ ਦੀ ਕਿਰਨਜੀਤ ਕੌਰ ਦੇ ਪਿਤਾ ਗੁਰਨਾਮ ਸਿੰਘ ਖੁਦਕੁਸ਼ੀ ਕਰ ਗਏ ਸਨ। ਕਿਰਨਜੀਤ ਨੇ ਦੱਸਿਆ ਕਿ ਕਮੇਟੀ ਦੇ ਆਉਣ ਬਾਰੇ ਖੇਤੀ ਵਿਭਾਗ ਦੇ ਅਧਿਕਾਰੀਆਂ ਨੇ ਸੂਚਨਾ ਭੇਜੀ ਹੈ।

ਕੈਪਟਨ ਸਰਕਾਰ ਨੇ ਖੁਦਕੁਸ਼ੀ ਪੀੜਤ ਪਰਿਵਾਰਾਂ ਲਈ ਰਾਹਤ ਰਾਸ਼ੀ ਵਧਾ ਕੇ 5 ਲੱਖ ਰੁਪਏ ਕਰਨ ਦਾ ਐਲਾਨ ਕੀਤਾ ਹੋਇਆ ਹੈ ਪਰ ਅਜੇ ਤੱਕ ਇਸ ਸਬੰਧੀ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ।

### ਪੀੜਤਾਂ ਪਰਿਵਾਰਾਂ ਦੀਆਂ 59 ਫੀਸਦੀ ਅਰਜ਼ੀਆਂ ਰੱਦ



### ਖੁਦਕੁਸ਼ੀਆਂ ਲਈ ਉਕਸਾ ਰਹੇ ਨੇ ਅਕਾਲੀ: ਕੈਪਟਨ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲਗਾਤਾਰ ਵਧ ਰਹੀਆਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਲਈ ਵਿਰੋਧੀਆਂ ਤੇ ਖਾਸ ਕਰ ਕੇ ਅਕਾਲੀ ਦਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਕਿਸਾਨਾਂ ਨਾਲ ਕੀਤੇ ਗਏ ਕਰਜ਼ ਮੁਆਫੀ ਦੇ ਵਾਅਦੇ ਮੁਤਾਬਕ ਉਨ੍ਹਾਂ ਦੀ ਸਰਕਾਰ ਨੇ ਕਰਜ਼ ਮੁਆਫ ਕਰ ਦਿੱਤਾ ਹੈ। ਇਸ ਦੇ ਬਾਵਜੂਦ ਵਿਰੋਧੀ ਲਗਾਤਾਰ ਗਲਤ ਬਿਆਨਬਾਜ਼ੀ ਕਰ ਕੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ। ਇਸ ਕਰ ਕੇ ਹੀ ਖੁਦਕੁਸ਼ੀਆਂ ਹੋ ਰਹੀਆਂ ਹਨ।

### ਮਜ਼ਦੂਰ ਪਰਿਵਾਰਾਂ ਲਈ ਔਖੀ ਘੜੀ

**ਚੰਡੀਗੜ੍ਹ:** ਮਜ਼ਦੂਰ ਪਰਿਵਾਰਾਂ ਨੂੰ ਇਸ ਮਾਮਲੇ ਵਿਚ ਮੁਸ਼ਕਲ ਆ ਰਹੀ ਹੈ ਕਿਉਂਕਿ ਜ਼ਮੀਨੀ ਹਕੀਕਤ ਅਜਿਹੀ ਹੈ ਕਿ ਮਜ਼ਦੂਰਾਂ ਨੇ ਕਰਜ਼ਾ ਬਹੁਤ ਵਾਰ ਬਿਨਾਂ ਕਿਸੇ ਲਿਖਤ-ਪੜ੍ਹਤ ਤੋਂ ਹੀ ਲਿਆ ਹੁੰਦਾ ਹੈ। ਇਕ ਹੋਰ ਸੰਵੇਦਨਹੀਣ ਸ਼ਰਤ ਲਗਾ ਦਿੱਤੀ ਗਈ ਹੈ ਕਿ ਜੇਕਰ ਜ਼ਮੀਨ ਅਤੇ ਕਰਜ਼ਾ ਪਿਤਾ ਦੇ ਨਾਮ ਹੈ ਤੇ ਉਸ ਦੇ ਨੌਜਵਾਨ ਬੱਚੇ ਨੇ ਕਰਜ਼ੇ ਦੇ ਤਣਾਅ ਹੇਠ ਖੁਦਕੁਸ਼ੀ ਕਰ ਲਈ ਹੈ ਤਾਂ ਕੇਸ ਇਸ ਕਰ ਕੇ ਰੱਦ ਕਰ ਦਿੱਤੇ ਗਏ ਕਿ ਮਰਨ ਵਾਲੇ ਦੇ ਜ਼ਿੰਮੇ ਸਿੱਧਾ ਕਰਜ਼ ਨਹੀਂ ਸੀ। ਉਂਜ ਖੁਦਕੁਸ਼ੀ ਪੀੜਤ ਰਾਹਤ ਨੀਤੀ ਪੂਰੇ ਪਰਿਵਾਰ ਲਈ ਹੈ, ਇਕ ਵਿਅਕਤੀ ਲਈ ਨਹੀਂ ਹੈ।

### ਮਨੋਵਿਗਿਆਨਕ ਕਾਰਨਾਂ ਦੀ ਹੋਵੇਗੀ ਘੋਖ

**ਲੁਧਿਆਣਾ:** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (ਪੀ.ਏ.ਯੂ.) ਦੇ ਪੱਤਰਕਾਰੀ ਵਿਭਾਗ ਵੱਲੋਂ ਆਉਂਦੇ ਸਮੇਂ ਵਿਚ ਕਿਸਾਨਾਂ ਸਮੇਤ ਹੋਰਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਦੇ ਮਨੋਵਿਗਿਆਨਕ ਪੱਖਾਂ ਸਬੰਧੀ ਘੋਖ ਕੀਤੀ ਜਾਵੇਗੀ। ਇਸ ਕਾਰਜ ਲਈ 'ਵਰਸਿਟੀ ਦੇ ਉਕਤ ਵਿਭਾਗ ਨੂੰ ਪਹਿਲੀ ਵਾਰ ਨੈਸ਼ਨਲ ਐਗਰੀਕਲਚਰਲ ਸਾਇੰਸ ਫੰਡ ਤਹਿਤ 1.35 ਕਰੋੜ ਰੁਪਏ ਦੀ ਰਕਮ ਮਿਲੀ ਹੈ। ਪੀ.ਏ.ਯੂ. ਦੇ ਪੱਤਰਕਾਰੀ ਵਿਭਾਗ ਦੇ ਪ੍ਰੋਫੈਸਰ ਅਤੇ ਪ੍ਰਿੰਸੀਪਲ ਇਨਵੈਸਟੀਗੇਟਰ ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਖੁਦਕੁਸ਼ੀਆਂ ਦਾ ਮਾਮਲਾ ਇੰਨਾ ਗੰਭੀਰ ਹੈ ਕਿ ਇਸ ਪਾਸੇ ਸੋਚਣਾ ਸਮੇਂ ਦੀ ਅਹਿਮ ਲੋੜ ਬਣ ਗਈ ਹੈ।

## ਅਕਾਲੀ ਆਗੂ ਤੇ ਕਾਂਗਰਸੀਆਂ ਵਿਚਾਲੇ ਹੋਈ ਖੂਨੀ ਝੜਪ, ਦੋ ਹਲਾਕ

**ਅਬੋਹਰ:** ਅਬੋਹਰ-ਹਨੂੰਮਾਨਗੜ੍ਹ ਰੋਡ ਉਤੇ ਬਣੇ ਇਕ ਮਾਲ ਵਿਚ ਯੂਥ ਅਕਾਲੀ ਦਲ ਦੇ ਆਗੂ ਅਤੇ ਕਾਂਗਰਸ ਦੇ ਸਰਪੰਚ ਵਿਚਕਾਰ ਖੂਨੀ ਝੜਪ ਹੋਈ, ਜਿਸ ਦੌਰਾਨ ਦੋ ਜਣਿਆਂ ਦੀ ਮੌਤ ਹੋ ਗਈ ਜਦੋਂ ਕਿ 3 ਜ਼ਖਮੀ ਹੋ ਗਏ।

ਯੂਥ ਅਕਾਲੀ ਆਗੂ ਵੱਲੋਂ ਮਾਮਲੇ 'ਚ ਆਤਮ ਰੱਖਿਆ ਤਹਿਤ ਗੋਲੀ ਚਲਾਉਣ ਦਾ ਦਾਅਵਾ ਕੀਤਾ ਗਿਆ ਹੈ ਜਦੋਂ ਕਿ ਦੂਜੀ ਧਿਰ ਵੱਲੋਂ ਉਨ੍ਹਾਂ 'ਤੇ ਹਮਲਾ ਕਰਨ ਬਾਰੇ ਕਿਹਾ ਗਿਆ ਹੈ। ਯੂਥ ਅਕਾਲੀ ਆਗੂ ਵਿਸ਼ੂ ਕੰਬੋਜ ਨੇ ਦੱਸਿਆ ਕਿ ਉਸ ਦਾ ਪੈਰਾਡਾਈਜ਼ ਮਾਲ ਵਿਚ ਇਲੈਕਟ੍ਰੋਨਿਕ ਦਾ ਸ਼ੋਅਰੂਮ ਹੈ। ਉਹ ਉਥੇ ਸੀ ਕਿ ਸਰਪੰਚ ਜਗਮਨਦੀਪ ਸਿੰਘ ਮਿੰਕੂ ਕੁੰਡਲ ਤੇ 4-5 ਜਣੇ ਉਥੇ ਆਏ ਤੇ ਉਸ ਨਾਲ ਕੁੱਟਮਾਰ ਕਰਨ ਲੱਗ ਗਏ। ਇਸ ਦੌਰਾਨ ਉਸ ਨੇ ਆਪਣੇ ਰਿਵਾਲਵਰ 'ਚੋਂ ਆਤਮ ਰੱਖਿਆ ਲਈ ਗੋਲੀਆਂ ਚਲਾਈਆਂ।

## ਭਾਜਪਾ ਆਗੂ ਦੀ ਗਊਸ਼ਾਲਾ ਵਿਚ ਭੁੱਖ ਨਾਲ ਮਰੀਆਂ 200 ਗਾਈਆਂ

**ਰਾਏਪੁਰ:** ਛੱਤੀਸਗੜ੍ਹ ਦੇ ਦੁਰਗ ਜ਼ਿਲ੍ਹੇ ਦੀ ਗਊਸ਼ਾਲਾ ਵਿਚ 200 ਤੋਂ ਵੱਧ ਗਾਵਾਂ ਦੀ ਮੌਤ ਹੋ ਗਈ। ਇਹ ਗਊਸ਼ਾਲਾ ਭਾਜਪਾ ਆਗੂ ਦੀ ਹੈ। ਪਿੰਡ ਦੇ ਸਰਪੰਚ ਸੇਵਾਰਾਮ ਸਾਹੂ ਦਾ ਦਾਅਵਾ ਹੈ ਕਿ ਗਊਆਂ ਭੁੱਖਮਰੀ ਕਾਰਨ ਮਰੀਆਂ ਹਨ। ਭਾਜਪਾ ਨੇਤਾ ਹਰੀਸ਼ ਵਰਮਾ ਇਸ ਗਊਸ਼ਾਲਾ ਨੂੰ ਚਲਾਉਂਦਾ ਹੈ। ਦੱਸਿਆ ਜਾ ਰਿਹਾ ਹੈ ਕਿ ਗਊਸ਼ਾਲਾ ਵਿਚ ਭੁੱਖ ਅਤੇ ਪਿਆਸ ਕਾਰਨ ਹਫਤੇ ਭਰ 'ਚ 200 ਤੋਂ ਵੱਧ ਗਊਆਂ ਦੀ ਮੌਤ ਹੋ ਗਈ।

ਗਊਸ਼ਾਲਾ ਦੇ ਸੰਚਾਲਕਾਂ ਨੇ ਨਾ ਤਾਂ ਪ੍ਰਸ਼ਾਸਨ ਨੂੰ ਇਸ ਦੀ ਖਬਰ ਦਿੱਤੀ ਤੇ ਨਾ ਹੀ ਪਸ਼ੂ ਪਾਲਨ ਵਿਭਾਗ ਨੂੰ। ਪਿੰਡ ਵਾਲਿਆਂ ਨੇ ਦੋਸ਼ ਲਾਇਆ ਕਿ ਗਊਸ਼ਾਲਾ ਵਿਚ ਨਾ ਤਾਂ ਕੱਖ ਹਨ ਅਤੇ ਨਾ ਹੀ ਦਾਣਾ-ਪਾਣੀ। ਇਸੇ ਕਾਰਨ ਗਊਆਂ ਦੀ ਮੌਤ ਹੋਈ। ਸ਼ਿਕਾਇਤ ਮਿਲਣ ਮਗਰੋਂ ਅਫਸਰਾਂ ਨੇ ਗਊਸ਼ਾਲਾ ਦਾ ਦੌਰਾ ਕੀਤਾ। ਡਾਕਟਰਾਂ ਦੀ ਟੀਮ ਨੇ ਵੀ ਨਿਰੀਖਣ ਕੀਤਾ।

## ਖੇਡ ਜਗਤ

# 27ਵਾਂ ਕੈਨੇਡਾ ਕਬੱਡੀ ਕੱਪ ਓਨਟਾਰੀਓ ਨੇ ਜਿੱਤਿਆ

ਟੋਰਾਂਟੋ ਦੇ ਇਨਡੋਰ ਸਟੇਡੀਅਮ ਪਾਵਰੇਡ ਸੈਂਟਰ 'ਚ 20 ਅਗਸਤ ਨੂੰ ਹੋਏ 27ਵਾਂ ਕੈਨੇਡਾ ਕੱਪ ਓਨਟਾਰੀਓ ਦੀ ਟੀਮ ਨੇ ਫਾਈਨਲ ਮੈਚ ਵਿਚ ਬੀ. ਸੀ. ਦੀ ਟੀਮ ਨੂੰ 53-48 ਅੰਕਾਂ ਨਾਲ ਹਰਾ ਕੇ ਜਿੱਤ ਲਿਆ। ਸੰਦੀਪ ਲੁਧੜ ਬੈਸਟ ਰੇਡਰ ਤੇ ਕਮਲ ਟਿੱਬੇਵਾਲਾ ਵਧੀਆ ਜਾਫੀ ਐਲਾਨੇ ਗਏ। ਟੂਰਨਾਮੈਂਟ ਵੇਖਣ ਦੀ ਟਿਕਟ 50 ਤੇ 70 ਡਾਲਰ ਸੀ।

ਪੰਜ ਹਜ਼ਾਰ ਸੀਟਾਂ ਵਾਲੇ ਸਟੇਡੀਅਮ ਦੀ ਕੋਈ ਸੀਟ ਖਾਲੀ ਨਹੀਂ ਸੀ ਰਹੀ। ਇਕ ਹਜ਼ਾਰ

**ਪ੍ਰਿੰ. ਸਰਵਣ ਸਿੰਘ**

ਤੋਂ ਵੱਧ ਦਰਸ਼ਕ ਤਾਂ ਕਬੱਡੀ ਖਿਡਾਰੀ, ਸਾਬਕਾ ਖਿਡਾਰੀ ਤੇ ਕਬੱਡੀ ਕਲੱਬਾਂ ਨਾਲ ਸਿੱਧਾ-ਅਸਿੱਧਾ ਜੁੜੇ ਮੈਂਬਰ ਹੀ ਸਨ। ਦਰਸ਼ਕਾਂ ਵਿਚ ਅੱਧੋਂ ਵੱਧ ਬਜ਼ੁਰਗ ਸਨ ਜਿਨ੍ਹਾਂ 'ਚੋਂ ਬਹੁਤਿਆਂ ਦੀਆਂ ਦਾੜ੍ਹੀਆਂ ਲਹਿਰਾ ਰਹੀਆਂ ਸਨ ਤੇ ਰੰਗ-ਬਰੰਗੀਆਂ ਪੱਗਾਂ ਨੇ ਸਟੇਡੀਅਮ ਵਿਚ ਬਹਾਰ ਲਿਆਂਦੀ ਹੋਈ ਸੀ। ਨੌਜੁਆਨ ਦਰਸ਼ਕ ਨਾਮਾਤਰ ਸਨ ਜਦਕਿ ਬੀਬੀ ਇਕ ਵੀ ਨਹੀਂ ਸੀ।

ਕਬੱਡੀ ਦੇ ਕਿਸੇ ਅੰਕ 'ਤੇ ਕੋਈ ਖਾਸ ਰੌਲਾ-ਰੱਪਾ ਨਹੀਂ ਪਿਆ ਤੇ ਖੇਡ ਬਿਨਾ ਰੁਕੇ ਚਲਦੀ ਰਹੀ। ਕੱਪ 'ਚ ਖੇਡਣ ਵਾਲੇ ਕਿਸੇ ਖਿਡਾਰੀ ਦਾ ਵੀ ਡੋਪ ਟੈਸਟ ਨਹੀਂ ਕੀਤਾ ਗਿਆ ਜਿਸ ਕਰਕੇ ਸੰਭਵ ਹੈ ਡੋਪੀ ਖਿਡਾਰੀ ਵੀ ਰੇਡਾਂ ਪਾਉਣ ਤੇ ਜੱਫੇ ਲਾਉਣ ਦੇ ਦਾਅ ਹੋਣ!

ਇਸ ਵਾਰ ਦਾ ਕੱਪ ਕਰਾਉਣ ਦੀ ਵਾਰੀ ਡਿਕਸੀ ਟੋਰਾਂਟੋ ਸਪੋਰਟਸ ਕਲੱਬ ਦੀ ਸੀ ਜਿਸ ਨੇ ਵਧੀਆ ਢੰਗ ਨਾਲ ਕੱਪ ਨੇਪਰੇ ਚਾੜ੍ਹਿਆ। ਟੀਮਾਂ ਦੇ ਸਾਰੇ ਹੀ ਮੈਚ ਬੜੇ ਕਾਂਟੇਦਾਰ ਰਹੇ ਤੇ ਖਿਡਾਰੀ ਵੀ ਸੱਟਾਂ ਫੇਟਾਂ ਤੋਂ ਬਚੇ ਰਹੇ। ਕੁਲ ਛੇ ਟੀਮਾਂ ਸਨ ਜਿਨ੍ਹਾਂ ਦੇ ਨਾਂ ਰੱਖੇ ਗਏ-ਇੰਡੀਆ, ਇੰਗਲੈਂਡ, ਅਮਰੀਕਾ, ਓਨਟਾਰੀਓ, ਬੀ. ਸੀ. ਤੇ ਬੀ. ਸੀ. ਫੈਡਰੇਸ਼ਨ। ਨਾਂ ਤਾਂ ਸਿਰਫ ਨਾਂ ਹੀ ਸਨ ਵੈਸੇ ਇੰਡੀਆ ਦੇ ਖਿਡਾਰੀ ਹੀ ਖਰੀਦ ਕੇ ਵੱਖ-ਵੱਖ ਟੀਮਾਂ ਵਿਚ ਪਾਏ ਗਏ ਸਨ ਤਾਂ ਕਿ ਟੀਮਾਂ ਸਾਵੀਆਂ ਬਣਨ। ਪਿੱਛੋਂ ਪਤਾ ਲੱਗਾ ਕਿ ਬੀ. ਸੀ. ਨੇ ਸਭ ਤੋਂ ਮਹਿੰਗੇ ਖਿਡਾਰੀ ਖਰੀਦੇ ਸਨ ਪਰ ਉਨ੍ਹਾਂ ਦੀ ਟੀਮ ਫਾਈਨਲ ਵਿਚ ਹਾਰ ਗਈ।

ਟੋਰਾਂਟੋ ਦਾ ਕੈਨੇਡਾ ਕਬੱਡੀ ਕੱਪ ਪੰਜਾਬ ਦੇ ਕਬੱਡੀ ਵਿਸ਼ਵ ਕੱਪ ਵਰਗਾ ਹੀ ਕਬੱਡੀ ਦਾ ਸਿਖਰਲਾ ਟੂਰਨਾਮੈਂਟ ਗਿਣਿਆ ਜਾਂਦੈ। ਇਹ 1991 ਤੋਂ ਹਰ ਸਾਲ ਹੋ ਰਿਹੈ। ਕਦੇ ਇਸ ਦਾ ਨਾਂ ਵਰਲਡ ਕੱਪ ਤੇ ਕਦੇ ਆਲਮੀ ਕਬੱਡੀ ਚੈਂਪੀਅਨਸ਼ਿਪ ਰੱਖਣ ਪਿੱਛੋਂ 2008 ਤੋਂ ਇਸ ਦਾ ਨਾਂ ਕੈਨੇਡਾ ਕਬੱਡੀ ਕੱਪ ਰੱਖਿਆ ਗਿਆ। ਇਸ ਦਾ ਇਨਾਮ ਲੱਕ ਜਿੱਡੇ ਕੱਪ ਦੇ ਨਾਲ ਗਿਆਰਾਂ ਹਜ਼ਾਰ ਡਾਲਰ ਹੈ ਤੇ ਦੂਜਾ ਇਨਾਮ ਨੌਂ ਹਜ਼ਾਰ ਡਾਲਰ। ਤਕੜੇ ਖਿਡਾਰੀਆਂ ਦਾ ਦੋ-ਤਿੰਨ ਮੈਚ ਖੇਡਣ ਦਾ ਭਾਅ ਪੰਜ ਛੇ ਹਜ਼ਾਰ ਡਾਲਰ ਤਕ ਚਲਾ ਜਾਂਦੈ। ਇਕ ਵਾਰ ਇਕ ਖਿਡਾਰੀ ਨੂੰ ਇਹ ਕੱਪ ਖੇਡਣ ਬਦਲੇ ਦਸ ਹਜ਼ਾਰ ਡਾਲਰ ਤੋਂ ਵੀ ਵੱਧ ਨਾਵਾਂ ਮਿਲਿਆ ਸੀ। ਕਿਹਾ ਜਾਂਦੈ ਕਿ ਇਕ ਖਿਡਾਰੀ ਨੂੰ ਚੌਦਾਂ ਹਜ਼ਾਰ ਡਾਲਰ ਦੀ ਪੇਸ਼ਕਸ਼ ਹੋਈ ਸੀ। ਕਿਸੇ-ਕਿਸੇ ਖਿਡਾਰੀ ਨੂੰ ਦੋ-ਚਾਰ ਹਜ਼ਾਰ ਡਾਲਰ ਦਾ ਇਨਾਮ ਵੀ ਮਿਲ ਜਾਂਦੈ।

ਟੋਰਾਂਟੋ ਦਾ ਪਹਿਲਾ ਕੈਨੇਡਾ ਕੱਪ 10 ਅਗਸਤ 1991 ਨੂੰ 'ਵਰਸਿਟੀ ਸਟੇਡੀਅਮ ਵਿਚ ਕਰਵਾਇਆ ਗਿਆ ਜਿਸ ਦੀ ਟਿਕਟ ਪੰਜ ਡਾਲਰ ਰੱਖੀ ਗਈ। ਇੰਗਲੈਂਡ, ਸਕਾਟਲੈਂਡ, ਇੰਡੀਆ, ਕੈਨੇਡਾ ਪੂਰਬੀ, ਕੈਨੇਡਾ ਪੱਛਮੀ ਤੇ ਅਮਰੀਕਾ ਦੇ ਨਾਂ 'ਤੇ ਛੇ ਟੀਮਾਂ ਖੇਡੀਆਂ। ਫਾਈਨਲ ਮੈਚ ਭਾਰਤ ਤੇ ਅਮਰੀਕਾ ਦੀਆਂ ਟੀਮਾਂ ਵਿਚਕਾਰ ਹੋਇਆ। ਭਾਰਤ ਦੇ ਬਲਵਿੰਦਰ ਫਿੱਡੂ ਤੇ ਜਸਬੀਰ ਮੰਗੀ ਵਰਗੇ ਤਕੜੇ ਖਿਡਾਰੀ ਅਮਰੀਕਾ ਵੱਲੋਂ ਖੇਡ ਰਹੇ ਸਨ ਜਿਸ ਕਰਕੇ ਅਮਰੀਕਾ ਦੀ ਟੀਮ ਕੱਪ ਜਿੱਤ ਗਈ।

1995 ਦਾ ਕੈਨੇਡਾ ਕੱਪ ਕਬੱਡੀ ਦੇ ਇਤਿਹਾਸ ਵਿਚ ਮੀਲ ਪੱਥਰ ਸਿੱਧ ਹੋਇਆ। ਇਸ ਨੂੰ ਆਲਮੀ ਕਬੱਡੀ ਚੈਂਪੀਅਨਸ਼ਿਪ ਦਾ ਨਾਂ ਦਿੱਤਾ ਗਿਆ ਸੀ। ਇਸ ਦਾ ਪ੍ਰਬੰਧ ਤਿੰਨ ਕਲੱਬਾਂ-ਓਨਟਾਰੀਓ ਕਬੱਡੀ ਕਲੱਬ, ਦੇਸ਼ਭਗਤ ਸਪੋਰਟਸ ਕਲੱਬ ਅਤੇ ਸ਼ੇਰੇ ਪੰਜਾਬ ਸਪੋਰਟਸ ਕਲੱਬ ਨੇ ਮਿਲ ਕੇ ਕੀਤਾ। ਇਸ ਵਿਚ ਪਾਕਿਸਤਾਨ ਦੀ ਟੀਮ ਵੀ ਸ਼ਾਮਲ ਹੋਈ। ਹੈਮਿਲਟਨ ਦੇ ਇਨਡੋਰ ਕੌਪਿਸ ਕੋਲੀਜ਼ੀਅਮ ਵਿਚ ਮੈਟ ਵਿਛਾਈ ਗਈ ਜਿਸ ਉਤੇ ਕਬੱਡੀ ਮੈਚ ਖੇਡੇ ਗਏ। ਕੁਮੈਂਟੇਟਰ ਵਜੋਂ ਮੈਂ ਵੀ ਟੋਰਾਂਟੋ ਪਹੁੰਚਾ। ਦਾਰਾ ਸਿੰਘ ਗਰੇਵਾਲ ਪਹਿਲਾਂ ਹੀ ਉਥੇ ਕੁਮੈਂਟਰੀ ਕਰਦਾ ਸੀ। ਕੌਡੀ ਰੜੇ ਮੈਦਾਨ ਤੋਂ ਘਾਹ ਵਾਲੇ ਪਾਰਕ ਵਿਚ ਹੁੰਦੀ ਹੋਈ ਮੈਟ ਉਤੇ ਪੁੱਜ ਗਈ।

ਕੌਪਿਸ ਕੋਲੀਜ਼ੀਅਮ ਵਿਚ ਚੌਦਾਂ ਹਜ਼ਾਰ ਦਰਸ਼ਕਾਂ ਨੇ ਟਿਕਟਾਂ ਲੈ ਕੇ ਕਬੱਡੀ ਮੈਚ ਵੇਖੇ। ਫਾਈਨਲ ਮੈਚ ਭਾਰਤ ਨੇ ਪਾਕਿਸਤਾਨ ਨੂੰ ਹਰਾ ਕੇ ਜਿੱਤਿਆ। ਹਰਜੀਤ ਬਰਾੜ ਸਰਬੋਤਮ ਧਾਵੀ ਤੇ ਜਗਤਾਰ ਧਨੌਲਾ ਸਰਬੋਤਮ ਜਾਫੀ ਐਲਾਨੇ ਗਏ। ਕੁਝ ਦਿਨਾਂ ਬਾਅਦ ਵੈਨਕੂਵਰ ਦੇ ਇਨਡੋਰ ਸਟੇਡੀਅਮ ਬੀ. ਸੀ. ਪਲੇਸ ਵਿਚ ਕਬੱਡੀ ਦਾ ਵਰਲਡ ਕੱਪ ਕਰਵਾਇਆ ਗਿਆ ਜੋ ਫਿਰ ਭਾਰਤ ਦੀ ਟੀਮ ਨੇ ਜਿੱਤਿਆ। ਭਾਰਤ ਤੇ ਪਾਕਿਸਤਾਨ ਦੇ ਮੈਚ ਵਿਚ ਇਕ ਜੱਫੇ ਉਤੇ ਲੱਖ ਰੁਪਏ ਦਾ ਇਨਾਮ ਲੱਗ ਗਿਆ ਪਰ ਜੱਫਾ ਨਾ ਲੱਗਾ। ਉਥੇ ਨੁਸਰਤ ਫਤਿਹ ਅਲੀ ਖਾਂ ਨੇ ਵੀ ਗਾਇਕੀ ਦਾ ਪ੍ਰੋਗਰਾਮ ਪੇਸ਼ ਕੀਤਾ। ਕੱਲਰਾਂ ਦੀ ਖੇਡ ਕਬੱਡੀ ਦਾ ਇਕ ਕੈਨੇਡਾ ਕੱਪ ਇਕ ਕਰੋੜ ਰੁਪਏ ਦੇ ਕਿਰਾਏ ਵਾਲੇ ਸਟੇਡੀਅਮ ਸਕਾਈਡੋਮ ਵਿਚ ਵੀ ਹੋਇਆ। ਪਰਵਾਸੀ ਪੰਜਾਬੀਆਂ ਵੱਲੋਂ ਕਬੱਡੀ ਨੂੰ ਪ੍ਰਫੁਲਿਤ ਕਰਨ ਲਈ ਪਾਏ ਯੋਗਦਾਨ ਦੇ ਸਿੱਟੇ ਵਜੋਂ ਹੀ ਪੰਜਾਬ ਦਾ ਕਬੱਡੀ ਵਰਲਡ ਕੱਪ ਵਜੂਦ ਵਿਚ ਆਇਆ।

ਇੰਗਲੈਂਡ, ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ ਦੇ ਕਬੱਡੀ ਪ੍ਰੋਮੋਟਰਾਂ ਦਾ ਕਬੱਡੀ ਦੀ ਖੇਡ ਨੂੰ ਪ੍ਰਫੁਲਿਤ ਕਰਨ ਵਿਚ ਬੜਾ ਵੱਡਾ ਯੋਗਦਾਨ ਹੈ। ਪਿਛਲੇ ਕੁਝ ਸਾਲਾਂ ਤੋਂ ਆਸਟ੍ਰੇਲੀਆ, ਨਿਊਜ਼ੀਲੈਂਡ, ਮਲਾਇਆ, ਸਿੰਗਾਪੁਰ, ਡੁਬਈ, ਇਰਾਨ, ਕੀਨੀਆ, ਇਟਲੀ, ਸਪੇਨ, ਨਾਰਵੇ, ਹਾਲੈਂਡ, ਬੈਲਜੀਅਮ ਤੇ ਕੁਝ ਹੋਰ ਯੂਰਪੀ ਮੁਲਕਾਂ ਦੇ ਕਬੱਡੀ ਪ੍ਰੇਮੀ ਵੀ ਨਾਲ ਰਲ ਗਏ ਹਨ। ਇੰਜ ਜਿਨ੍ਹਾਂ ਮੁਲਕਾਂ ਵਿਚ ਪੰਜਾਬੀਆਂ ਦੀ ਵਾਹਵਾ ਵਸੋਂ ਹੈ, ਉਥੇ ਕਬੱਡੀ ਦੇ ਟੂਰਨਾਮੈਂਟ ਹੋਣ ਲੱਗ ਪਏ ਹਨ। ਕਥਿਤ ਕਬੱਡੀ ਵਰਲਡ ਕੱਪ ਇੰਗਲੈਂਡ, ਕੈਨੇਡਾ ਤੇ ਅਮਰੀਕਾ ਅਤੇ ਹੋਰ ਮੁਲਕਾਂ ਵਿਚ ਕਈ ਸਾਲਾਂ ਤੋਂ ਹੁੰਦੇ ਆ ਰਹੇ ਹਨ। ਇੰਟਰਨੈਸ਼ਨਲ ਨਾਂ ਦੇ ਕਬੱਡੀ ਟੂਰਨਾਮੈਂਟਾਂ ਦਾ ਤਾਂ ਕੋਈ ਲੇਖਾ ਹੀ ਨਹੀਂ। ਦਰਜਨਾਂ ਕਬੱਡੀ ਟੂਰਨਾਮੈਂਟਾਂ ਦਾ ਨਾਂ ਅੰਤਰਰਾਸ਼ਟਰੀ ਕੱਪ ਰੱਖਿਆ ਜਾ ਚੁੱਕੈ।


ਅਮਰੀਕਾ ਵਿਚ ਨਿਊ ਯਾਰਕ, ਸ਼ਿਕਾਗੋ, ਸਿਆਟਲ ਤੇ ਕੈਲੀਫੋਰਨੀਆ ਦੇ ਕਈ ਸ਼ਹਿਰਾਂ ਵਿਚ ਇੰਟਰਨੈਸ਼ਨਲ ਕਬੱਡੀ ਕੱਪ ਹੁੰਦੇ ਆ ਰਹੇ ਹਨ। 1990 ਵਿਚ ਮੈਨੂੰ ਖੁਦ ਯੂਬਾ ਸਿਟੀ ਦੇ ਕਬੱਡੀ ਟੂਰਨਮੈਂਟ ਵਿਚ ਵਿਸਲ ਫੜ੍ਹ ਕੇ ਮੈਚ ਖਿਡਾਉਣ ਦਾ ਮੌਕਾ ਮਿਲਿਆ। ਮੈਚ ਇੰਗਲੈਂਡ ਤੇ ਅਮਰੀਕਾ ਦੀਆਂ ਟੀਮਾਂ ਵਿਚਾਲੇ ਸੀ। ਹੇਵਰਡ ਯੂਨੀਵਰਸਿਟੀ, ਸੈਕਰਾਮੈਂਟੋ, ਫਰਿਜ਼ਨੋ, ਸੈਲਮਾ, ਸੈਨ ਹੋਜ਼ੇ, ਮਾਡੈਸਟੋ, ਯੂਨੀਅਨ ਸਿਟੀ, ਬੇਕਰਜ਼ਫੀਲਡ ਤੇ ਕੁਝ ਹੋਰ ਥਾਂਵਾਂ ਦੇ ਕਬੱਡੀ ਕੱਪ ਵੇਖੇ ਹਨ। ਕੈਲੀਫੋਰਨੀਆ ਵਿਚ ਕਬੱਡੀ ਨੂੰ ਪ੍ਰਫੁਲਿਤ ਕਰਨ ਵਾਲੇ ਸੱਜਣਾਂ ਵਿਚ ਕਦੇ ਜੌਹਨ ਗਿੱਲ ਤੇ ਲੱਛਰ ਭਰਾਵਾਂ ਦਾ ਬੋਲ ਬਾਲਾ ਰਿਹੈ। ਪਾਲ ਸਹੋਤਾ, ਚਰਨਜੀਤ ਬਾਠ, ਟੁੱਟ ਭਰਾ, ਨਿੱਝਰ ਭਰਾ, ਸੁੱਖੀ ਘੁੰਮਣ, ਗਿੱਲ ਭਰਾ, ਨਾਜ਼ਰ ਸਹੋਤਾ, ਬਿੱਲਾ ਸੰਘੇੜਾ, ਸ਼ਿੰਦਾ ਅਟਵਾਲ, ਕਾਲਾ ਟਰੇਸੀ, ਅਮੋਲਕ ਸਿੰਘ ਗਾਖਲ, ਸਰਬਜੀਤ ਥਿਆੜਾ, ਗੁਰਪਾਲ ਹੰਸਰਾ, ਬਲਜੀਤ ਸੰਧੂ, ਦਲਬੀਰ ਚੌਧਰੀ, ਦਵਿੰਦਰ ਰਣੀਆ, ਨੇਕੀ ਸੰਘੇੜਾ, ਪਾਲ ਮਾਹਲ ਤੇ ਹੋਰ ਬਹੁਤ ਸਾਰੇ ਕਬੱਡੀ ਪ੍ਰੋਮੋਟਰ ਹਨ ਜਿਨ੍ਹਾਂ ਨੇ ਕਬੱਡੀ ਦੇ ਯੱਗ ਲਾਏ ਹਨ।

ਨਿਊ ਯਾਰਕ ਵਿਚ ਮਹਿੰਦਰ ਸਿੰਘ ਸਿੱਧੂ, ਅਨੂਪ ਸਿੰਘ ਸੰਧੂ ਤੇ ਜਗੀਰ ਸਿੰਘ ਬੈਂਸ ਆਪਣੇ ਸਾਥੀਆਂ ਨਾਲ ਕਬੱਡੀ ਦੇ ਇੰਟਰਨੈਸ਼ਨਲ ਕੱਪ ਕਰਵਾਉਂਦੇ ਆ ਰਹੇ ਹਨ। ਸ਼ਿਕਾਗੋ ਵਿਚ ਦੋ ਇੰਟਰਨੈਸ਼ਨਲ ਕੱਪ ਹੁੰਦੇ ਹਨ ਤੇ ਦੋ ਇੰਟਰਨੈਸ਼ਨਲ ਕੱਪ ਸਿਆਟਲ ਵਾਲੇ ਕਰਵਾ ਰਹੇ ਹਨ। ਸਿਨਸਿਨੈਟੀ, ਕਲੀਵਲੈਂਡ, ਫਿਲਾਡੈਲਫੀਆ, ਹਿਊਸਟਨ, ਇੰਡੀਆਨਐਪੋਲਿਸ ਤੇ ਡਿਟਰਾਇਟ ਵਿਚ ਵੀ ਕਬੱਡੀ ਦੇ ਟੂਰਨਾਮੈਂਟ ਹੋਣ ਲੱਗ ਪਏ ਹਨ।

# 'ਜੋਰਾ 10 ਨੰਬਰੀਆ' ਨਾਲ 'ਬਠਿੰਡੇ ਵਾਲਾ ਬਾਈ' ਚਰਚਾ 'ਚ

ਸੁਰਜੀਤ ਜੱਸਲ
ਫੋਨ: 91-981460-7737

ਭਾਵੇਂ ਗੀਤ-ਸੰਗੀਤ ਹੋਵੇ ਜਾਂ ਫਿਲਮਾਂ, ਅਮਰਦੀਪ ਸਿੰਘ ਗਿੱਲ ਹਮੇਸ਼ਾ ਸਮਰਪਿਤ ਹੋ ਕੇ ਤੁਰਿਆ ਹੈ। ਜਿੱਥੇ ਉਸ ਨੇ ਗੀਤ ਲਿਖੇ ਉਥੇ ਕਈ ਪੰਜਾਬੀ ਫਿਲਮਾਂ ਦੀਆਂ ਕਹਾਣੀਆਂ ਤੇ ਡਾਇਲਾਗ ਵੀ ਲਿਖੇ, ਸਾਹਿਤਕ ਕਿਰਤਾਂ ਦਾ ਫਿਲਮੀ ਚਿਤਰਣ ਕੀਤਾ। ਇਨ੍ਹੀਂ ਦਿਨੀਂ ਅਮਰਦੀਪ ਸਿੰਘ ਗਿੱਲ ਬਤੌਰ ਨਿਰਦੇਸ਼ਕ ਇੱਕ ਵੱਡੀ ਫਿਲਮ 'ਜੋਰਾ 10 ਨੰਬਰੀਆ' ਨਾਲ ਚਰਚਾ ਵਿਚ ਹੈ।



ਅਮਰਦੀਪ ਸਿੰਘ ਗਿੱਲ

ਪਹਿਲੀ ਸਤੰਬਰ ਨੂੰ ਰਿਲੀਜ਼ ਹੋ ਰਹੀ 'ਬਠਿੰਡੇ ਵਾਲੇ ਬਾਈ' ਬੈਨਰ ਹੇਠ ਬਣੀ ਇਹ ਫਿਲਮ ਪੰਜਾਬ ਦੇ ਗੁੰਡਾਗਰਦੀ ਤੇ ਗੈਂਗਵਾਰ ਆਧਾਰਤ ਪਹਿਲੀ ਪੰਜਾਬੀ ਫਿਲਮ ਹੈ ਜਿਸ ਦੇ ਟਰੇਲਰ ਨੇ ਪੰਜਾਬ ਭਰ ਵਿਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਬਹੁਤੇ ਲੋਕ ਇਸ ਫਿਲਮ ਨੂੰ ਬੀਤੇ ਦਿਨਾਂ ਦੌਰਾਨ ਪੰਜਾਬ ਦੀਆਂ ਘਟਨਾਵਾਂ ਨਾਲ ਜੋੜ ਕੇ ਵੇਖ ਰਹੇ ਹਨ। ਫਿਲਮ ਸਬੰਧੀ ਅਮਰਦੀਪ ਸਿੰਘ ਗਿੱਲ ਨਾਲ ਹੋਈ ਗੱਲਬਾਤ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।

**ਸਵਾਲ:** 'ਸੁੱਤਾ ਨਾਗ' ਅਤੇ 'ਖੂਨ' ਫਿਲਮਾਂ ਨਾਲ ਸਾਰਥਕ ਸਿਨੇਮਾ ਦਾ ਆਗਾਜ਼ ਕਰਨ ਵਾਲੇ ਅਮਰਦੀਪ ਗਿੱਲ ਦੇ ਜ਼ਿਹਨ ਵਿਚ ਇੱਕ ਮਾਰਧਾੜ ਵਾਲੀ ਐਕਸ਼ਨ ਭਰਪੂਰ ਫਿਲਮ ਦਾ ਖਿਆਲ ਕਿਵੇਂ ਆਇਆ?

**ਜਵਾਬ:** ਦਰਅਸਲ ਮੈਨੂੰ ਇਸੇ ਤਰ੍ਹਾਂ ਦਾ ਸਿਨੇਮਾ ਪਸੰਦ ਹੈ ਜੋ ਸੱਚਾਈ ਦੇ ਨੇੜੇ ਹੋਵੇ, ਸਮਾਜ ਦਾ ਹਿੱਸਾ ਹੋਵੇ। ਮੇਰੀ ਫਿਲਮ ਜਾਂ ਤਾਂ ਬਹੁਤ ਜਜ਼ਬਾਤੀ ਹੋਵੇਗੀ ਜਾਂ ਬਹੁਤ ਐਕਸ਼ਨ ਵਾਲੀ ਹੋਵੇਗੀ ਜਾਂ ਫਿਰ ਡਰਾਮਾ ਹੋਵੇਗੀ। ਫਿਲਮ 'ਜੋਰਾ 10 ਨੰਬਰੀਆ' 1995 ਦੇ ਦੌਰ ਦੀ ਕਹਾਣੀ ਹੈ। ਇਸ ਵਿਸ਼ੇ 'ਤੇ ਮੈਂ ਪਿਛਲੇ ਅੱਠ-ਦਸ ਸਾਲਾਂ ਤੋਂ ਕੰਮ ਕਰ ਰਿਹਾ ਸਾਂ। ਮੇਰੀ ਸੋਚ ਸੀ ਕਿ ਜਦ ਵੀ ਫੀਚਰ ਫਿਲਮ ਬਣਾਈ ਤਾਂ ਇਸੇ ਕਹਾਣੀ 'ਤੇ ਬਣਾਵਾਂਗਾ। ਕਾਮੇਡੀ ਜਾਂ ਹਲਕੇ ਪੱਧਰ ਦੀਆਂ ਫਿਲਮਾਂ ਬਣਾਉਣਾ ਮੇਰੇ ਵੱਸ ਦੀ ਗੱਲ ਨਹੀਂ।

**ਸੁਵਾਲ:** ਕੀ ਇਸ ਫਿਲਮ ਰਾਹੀਂ ਪੰਜਾਬ ਦੇ ਗੈਂਗਸਟਰਾਂ ਦੀ ਗੱਲ ਕੀਤੀ ਹੈ?

**ਜੁਆਬ:** ਉਹ ਗੱਲ ਨਹੀਂ ਹੈ ਜੋ ਹਰ ਕੋਈ ਸੋਚ ਰਿਹਾ ਹੈ। ਇਸ ਫਿਲਮ ਰਾਹੀਂ ਰਾਜਨੀਤੀ ਦੀ ਸ਼ਰਨ 'ਚ ਪਲ ਰਹੇ ਗੁੰਡਾ ਰਾਜ ਬਾਰੇ ਗੱਲ ਕੀਤੀ ਹੈ ਪਰ ਇਸ ਫਿਲਮ ਦਾ ਬੀਤੇ ਦਿਨਾਂ ਦੌਰਾਨ ਵਾਪਰੀਆਂ ਘਟਨਾਵਾਂ ਨਾਲ ਕੋਈ ਲੈਣ-ਦੇਣ ਨਹੀਂ। ਇਹ ਇੱਕ ਵੱਖਰੀ ਕਹਾਣੀ ਹੈ। ਫਿਲਮ ਦੇ ਸਾਰੇ ਹੀ ਪਾਤਰ ਸਾਡੇ ਸਮਾਜ, ਆਲੇ-ਦੁਆਲੇ ਵਿਚੋਂ ਹੀ ਹਨ, ਜਿਨ੍ਹਾਂ ਨੂੰ ਮੈਂ ਆਪਣੀ ਕਲਪਨਾ ਸਹਾਰੇ ਫਿਲਮੀ ਪਰਦੇ 'ਤੇ ਉਤਾਰਿਆ ਹੈ। ਇਹ 1995 ਦੇ ਸਮੇਂ ਦੀ ਕਹਾਣੀ ਹੈ ਜੋ ਇੱਕ ਬਹੁਤ ਹੀ ਲੰਬੀ ਗੱਲਬਾਤ ਅਤੇ ਘਟਨਾਵਾਂ ਦੇ ਆਧਾਰਤ ਹੈ। ਇੱਕ ਹੋਰ ਖਾਸ ਗੱਲ ਕਿ 'ਜ਼ੋਰਾ 10 ਨੰਬਰੀਆ' ਦੋ ਭਾਗਾਂ ਵਿਚ ਬਣਨ ਵਾਲੀ ਫਿਲਮ ਹੈ। ਇਸ ਫਿਲਮ ਦੀ ਕਹਾਣੀ ਦਾ ਅਗਲਾ ਹਿੱਸਾ ਵੀ ਲਿਖਿਆ ਪਿਆ ਹੈ, ਜੋ ਜਲਦੀ ਫਿਲਮਾਇਆ ਜਾਵੇਗਾ। ਕਿਉਂਕਿ ਇਹ ਫਿਲਮ ਪੰਜ ਘੰਟਿਆਂ ਦੀ ਕਹਾਣੀ ਸੀ, ਜੋ ਇੱਕ ਭਾਗ ਵਿਚ ਵਿਖਾਈ ਜਾਣੀ ਮੁਸ਼ਕਿਲ ਸੀ।

**ਸਵਾਲ:** ਤੁਸੀਂ ਇਸ ਫਿਲਮ ਵਿਚ ਬਹੁਤ ਸਾਰੇ ਨਵੇਂ ਪੁਰਾਣੇ ਕਲਾਕਾਰਾਂ ਨੂੰ ਲਿਆ ਹੈ, ਅਦਾਕਾਰ ਦੀਪ ਸਿੱਧੂ ਦੇ ਨਾਲ ਪੰਜਾਬੀ ਬਾਲੀਵੁੱਡ ਫਿਲਮਾਂ ਦੇ 'ਹੀਮੈਨ' ਅਤੇ ਪੰਜਾਬੀਆਂ ਦੇ ਚਹੇਤੇ ਧਰਮਿੰਦਰ ਨੂੰ ਸ਼ਾਮਿਲ ਕੀਤਾ ਹੈ, ਉਨ੍ਹਾਂ ਦੇ ਕਿਹੋ ਜਿਹੇ ਕਿਰਦਾਰ ਹਨ?

**ਜਵਾਬ:** ਜਦੋਂ ਮੈਂ ਇਹ ਫਿਲਮ ਲਿਖ ਰਿਹਾ ਸਾਂ ਤਾਂ ਮੇਰੀ ਸੋਚ ਸੀ ਕਿ ਇੱਕ ਕਿਰਦਾਰ ਬਾਲੀਵੁੱਡ ਦਾ ਸ਼ਾਮਿਲ ਕਰਾਂਗਾ, ਜੋ ਕਿ ਫਿਲਮ ਵਿਚ ਅਹਿਮ ਹੋਵੇਗਾ। ਮੈਂ ਕਈ ਪੁਰਾਣੇ ਨਾਮੀਂ ਕਲਾਕਾਰਾਂ ਨਾਲ ਗੱਲਬਾਤ ਕੀਤੀ। ਪਰ ਮੈਨੂੰ ਧਰਮਿੰਦਰ ਦੀ ਆਵਾਜ਼ ਅਤੇ ਅੰਦਾਜ਼ ਆਪਣੇ ਪਾਤਰ ਅਨੁਸਾਰ ਠੀਕ ਲੱਗਿਆ। ਮੈਂ ਸੋਚਿਆ ਕਿ ਇਹ ਕਿਰਦਾਰ ਉਹ ਹੀ ਵਧੀਆ ਨਿਭਾ ਸਕਦੇ ਹਨ। ਉਨ੍ਹਾਂ ਨੇ ਇਸ ਫਿਲਮ ਵਿਚ 'ਜੱਗਾ ਬਾਈ' ਦਾ ਕਿਰਦਾਰ ਨਿਭਾਇਆ ਹੈ, ਜੋ ਫਿਲਮ ਦਾ ਇੱਕ ਸੂਤਰਧਾਰ ਹੈ। ਉਸ ਦਾ ਇਕ ਡਾਇਲਾਗ 'ਰਾਜਨੀਤੀ ਗੁੰਡਿਆਂ ਦੀ ਆਖਰੀ ਪਨਾਹ ਹੁੰਦੀ ਹੈ' ਬਹੁਤ ਹੀ ਪ੍ਰਭਾਵਸ਼ਾਲੀ ਸਾਬਿਤ ਹੁੰਦਾ ਹੈ।

**ਸਵਾਲ:** ਇੱਕ ਵੱਡੀ ਸਟਾਰ ਕਾਸ਼ਟ ਵਾਲੀ ਫਿਲਮ ਨੂੰ ਨੇਪਰੇ ਚਾੜ੍ਹਨ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ?

**ਜਵਾਬ:** ਮੇਰਾ ਇਸ ਫਿਲਮ 'ਤੇ ਹੋਮ ਵਰਕ ਹੀ ਬਹੁਤ ਸੀ। ਇਕੱਲੇ-ਇਕੱਲੇ ਕਿਰਦਾਰ ਬਾਰੇ ਮੇਰਾ ਤਜਰਬਾ ਹੋ ਚੁਕਾ ਸੀ। ਜੇ ਮੈਂ 'ਹੌਬੀ ਧਾਲੀਵਾਲ' ਦੇ ਕਿਰਦਾਰ ਨੂੰ ਫਿਲਮਾ ਰਿਹਾ ਹੁੰਦਾ ਤਾਂ ਮੈਨੂੰ ਉਸ ਦੇ ਪਹਿਰਾਵੇ, ਅੰਦਾਜ਼ ਅਤੇ ਲੋਕੇਸ਼ਨ ਦਾ ਪੂਰਾ ਪੂਰਾ ਖਿਆਲ ਹੁੰਦਾ ਸੀ। ਮੈਂ ਕਦੇ ਸ਼ੂਟਿੰਗ ਵੇਲੇ ਸਕਰਿਪਟ ਆਪਣੇ ਹੱਥਾਂ ਵਿਚ ਨਹੀਂ ਰੱਖੀ। ਹਰੇਕ ਕਲਕਾਰ ਦੇ ਗੈਟਅੱਪ, ਪਹਿਰਾਵੇ, ਡਾਇਲਾਗ ਡਲੀਵਰੀ ਸਬੰਧੀ ਇਕੱਲੀ-ਇਕੱਲੀ ਜਾਣਕਾਰੀ ਮੇਰੇ ਜ਼ਿਹਨ ਵਿਚ ਹੁੰਦੀ ਸੀ। ਵੱਡੀ ਗੱਲ ਕਿ ਸਾਰੇ ਹੀ ਕਲਾਕਾਰ ਮੇਰੇ ਕੰਮ ਤੋਂ ਸੰਤੁਸ਼ਟ ਸਨ। ਸਰਦਾਰ ਸੋਹੀ, ਅਸ਼ੀਸ਼ ਦੁੱਗਲ, ਹੌਬੀ ਧਾਲੀਵਾਲ ਆਦਿ ਕਲਾਕਾਰਾਂ ਨੇ ਜੋ ਕਿਰਦਾਰ ਇਸ ਫਿਲਮ ਵਿਚ ਨਿਭਾਏ ਹਨ, ਉਹ ਲੰਬੀ ਉਮਰ ਤੱਕ ਦੇ ਕਿਰਦਾਰ ਹੋਣਗੇ। ਦਰਸ਼ਕਾਂ ਨੇ ਉਨ੍ਹਾਂ ਨੂੰ ਅਜਿਹੇ ਕਿਰਦਾਰਾਂ ਵਿਚ ਪਹਿਲਾਂ ਨਹੀਂ ਵੇਖਿਆ ਹੋਵੇਗਾ।

**ਸਵਾਲ:** ਫਿਲਮ ਦਾ ਨਾਇਕ 'ਦੀਪ ਸਿੱਧੂ' ਜੋ ਪਹਿਲਾਂ ਫਿਲਮ 'ਰਮਤਾ ਜੋਗੀ' ਵਿਚ ਚਾਕਲਿਟੀ ਹੀਰੋ ਵਜੋਂ ਕੰਮ ਕਰ ਚੁਕਾ ਹੈ। ਤੁਸੀਂ ਇਸ ਫਿਲਮ ਵਿਚ ਖਲਨਾਇਕ ਵਜੋਂ ਪੇਸ਼ ਕਰ ਰਹੇ ਹੋ, ਕੀ ਤੁਹਾਨੂੰ ਲੱਗਦਾ ਹੈ ਕਿ ਉਹ ਇਸ ਕਿਰਦਾਰ ਨਾਲ ਇਨਸਾਫ ਕਰ ਪਾਏਗਾ?

**ਜਵਾਬ:** ਜਦੋਂ ਮੈਂ ਫਿਲਮ 'ਰਮਤਾ ਜੋਗੀ' ਦਾ ਟਰੇਲਰ ਵੇਖਿਆ ਸੀ ਤਾਂ ਉਸ ਦੀ ਆਵਾਜ਼ ਸੁਣ ਕੇ ਮੈਨੂੰ ਲੱਗਿਆ ਕਿ ਇਹ ਜ਼ੋਰੇ ਦਾ ਕਿਰਦਾਰ ਨਿਭਾਉਣ ਵਾਲਾ ਹੈ। ਜਦੋਂ ਮੈਂ ਉਸ ਨੂੰ ਫਿਲਮ ਦੀ ਕਹਾਣੀ ਸੁਣਾਈ ਤਾਂ ਉਹ ਝੱਟ ਮੰਨ ਗਿਆ ਅਤੇ ਜ਼ੋਰੇ ਦੇ ਕਿਰਦਾਰ ਨੂੰ ਨਿਭਾਉਣ ਲਈ ਮਿਹਨਤ ਕਰਨ ਲੱਗ ਪਿਆ। ਉਸ ਨੇ ਆਪਣਾ ਸਰੀਰਕ ਅਤੇ ਮਾਨਸਿਕ ਬਦਲਾਓ ਜ਼ੋਰੇ ਵਾਲਾ ਕੀਤਾ ਅਤੇ ਮਹਿਸੂਸ ਕੀਤਾ ਕਿ ਇਹ ਕਿਰਦਾਰ ਮੇਰੇ ਲਈ ਸੌਖਾ ਹੈ ਤੇ ਰਮਤਾ ਜੋਗੀ ਬਣਨਾ ਔਖਾ ਰਿਹਾ।

**ਸਵਾਲ:** ਪਤਾ ਲੱਗਾ ਹੈ ਕਿ ਤੁਸੀਂ ਇਸ ਫਿਲਮ ਵਿਚ ਬਹੁਤ ਸਾਰੇ ਨਵੇਂ ਅਤੇ ਪੁਰਾਣੇ ਕਲਾਕਾਰ ਲਏ ਹਨ?

**ਜਵਾਬ:** ਹਾਂ ਇਹ ਸਹੀ ਹੈ। ਧਰਮਿੰਦਰ, ਦੀਪ ਸਿੱਧੂ, ਸਰਦਾਰ ਸੋਹੀ, ਹੌਬੀ ਧਾਲੀਵਾਲ, ਮੁਕਲ ਦੇਵ, ਅਸ਼ੀਸ਼ ਦੁੱਗਲ, ਮੁਕੇਸ਼ ਤਿਵਾੜੀ, ਕੁਲ ਸਿੱਧੂ, ਯਾਦ ਗਰੇਵਾਲ, ਮਹਾਂਵੀਰ ਭੁੱਲਰ ਅਤੇ ਨੀਟੂ ਪੰਧੇਰ ਫਿਲਮ ਦੇ ਅਹਿਮ ਕਿਰਦਾਰਾਂ ਵਿਚ ਹਨ, ਜਦਕਿ ਥੀਏਟਰ ਨਾਲ ਜੁੜੇ ਕੋਈ ਪੰਜਾਹ ਕੁ ਕਲਾਕਾਰ ਅਜਿਹੇ ਹਨ ਜੋ ਪਹਿਲੀ ਵਾਰ ਫਿਲਮੀ ਕੈਮਰੇ ਦੇ ਸਾਹਮਣੇ ਆਏ।

**ਸਵਾਲ:** ਫਿਲਮ ਵਿਚਲਾ ਗੀਤ-ਸੰਗੀਤ ਕਿਸ ਤਰ੍ਹਾਂ ਦਾ ਹੈ?

**ਜਵਾਬ:** ਵੇਖਿਆ ਜਾਵੇ ਤਾਂ ਕਹਾਣੀ ਮੁਤਾਬਿਕ ਫਿਲਮ ਵਿਚ ਗੀਤ-ਸੰਗੀਤ ਦੀ ਕੋਈ ਅਹਿਮੀਅਤ ਨਹੀਂ ਬਣਦੀ, ਪਰ ਕੁਝ ਗੀਤ ਫਿਲਮ ਦੇ ਮਾਹੌਲ ਮੁਤਾਬਿਕ ਲਏ ਗਏ ਹਨ। ਮੇਰਾ ਲਿਖਿਆ ਤੇ ਗਿੱਪੀ ਗਿੱਲ ਦਾ ਗਾਇਆ ਇੱਕ ਗੀਤ ਹੈ। ਇਸ ਤੋਂ ਇਲਾਵਾ ਇਸ ਫਿਲਮ ਰਾਹੀਂ ਗਾਇਕ ਲਾਭ ਹੀਰਾ ਦਾ ਅਖਾੜਾ ਫਿਲਮਾਉਣ ਦੀ ਮੇਰੀ ਪੁਰਾਣੀ ਰੀਝ ਸੀ, ਕਿਉਂਕਿ 'ਜ਼ੋਰਾ 10 ਨੰਬਰੀਆ' ਫਿਲਮ ਦੇ ਕਿਰਦਾਰਾਂ ਦੀ ਪਸੰਦ ਵੇਖੀਏ ਤਾਂ ਲਾਭ ਹੀਰੇ ਜਿਹੇ ਗਾਇਕਾਂ ਦੀ ਗੱਲ ਹੁੰਦੀ ਸੀ। ਇਸ ਤੋਂ ਇਲਾਵਾ ਇਕ ਹੋਰ ਗੀਤ ਹੈ, ਜੋ ਪਹਿਲਾਂ ਕਿਸੇ ਵੀ ਫਿਲਮ ਵਿਚ ਨਹੀਂ ਹੋਵੇਗਾ। ਜਦੋਂ ਮੁੰਡਾ ਹੋਣ 'ਤੇ ਮਹੰਤ (ਖੁਸਰੇ) ਨੱਚਦੇ-ਗਾਉਂਦੇ ਹਨ, ਉਨ੍ਹਾਂ ਦੇ ਮਾਹੌਲ ਦਾ ਹੈ। ਸੁਰਜੀਤ ਪਾਤਰ ਦੀ ਇੱਕ ਗਜ਼ਲ ਜਿਸ ਨੂੰ ਪਾਕਿਸਤਾਨੀ ਗਾਇਕਾ ਸ਼ਾਜੀਆ ਮਨਜ਼ੂਰ ਨੇ ਗਾਇਆ ਹੈ, ਵੀ ਫਿਲਮ ਦਾ ਹਿੱਸਾ ਬਣੀ ਹੈ। ਇਸ ਤੋਂ ਇਲਾਵਾ ਇੱਕ ਪ੍ਰੋਮੋਸ਼ਨ ਟਰੈਕ ਗੀਤ 'ਬਠਿੰਡਾ ਵਾਲੇ ਬਾਈ' ਨਿੰਜਾ ਨੇ ਵੀ ਗਾਇਆ ਹੈ। ਫਿਲਮ ਦਾ ਸੰਗੀਤ ਸਚਿਨ ਆਹੂਜਾ ਨੇ ਦਿੱਤਾ ਹੈ। ਸਨੀ ਬਾਬਰਾ ਅਤੇ ਇੰਦਰ ਬਾਬਰਾ ਨੇ ਫਿਲਮ ਵਿਚ ਪਰਦੇ ਪਿੱਛੇ ਸੰਗੀਤ ਤਿਆਰ ਕੀਤਾ ਹੈ।




ਫਿਲਮ 'ਜੋਰਾ 10 ਨੰਬਰੀਆ' ਦਾ ਪੋਸਟਰ

# ਉਜਾੜੇ ਦੀ ਯਾਦ ਵਿਚ ਬਣੇ ਅਜਾਇਬਘਰ ਦੀ 'ਸਿਆਸੀ ਵੰਡ'

**ਅੰਮ੍ਰਿਤਸਰ:** ਭਾਰਤ-ਪਾਕਿਸਤਾਨ ਵੰਡ ਦੀ ਯਾਦ ਵਿਚ ਬਣਾਏ ਦੇਸ਼ ਦੇ ਪਹਿਲੇ ਅਜਾਇਬਘਰ (ਪਾਰਟੀਸ਼ਨ ਮਿਊਜ਼ੀਅਮ) ਦੇ ਮੁੱਦੇ 'ਤੇ ਅਕਾਲੀ ਤੇ ਕਾਂਗਰਸੀ ਆਪਣੀ-ਆਪਣੀ ਮੋਹਰ ਲਾਉਣ ਵਿਚ ਜੁਟ ਗਏ ਹਨ। ਟਾਊਨ ਹਾਲ ਦੀ ਸਦੀ ਪੁਰਾਣੀ ਇਮਾਰਤ ਵਿਚ ਸਥਾਪਤ ਇਸ ਅਜਾਇਬਘਰ ਦਾ ਉਦਘਾਟਨ ਪਹਿਲਾਂ ਪਿਛਲੇ ਵਰ੍ਹੇ 24 ਅਕਤੂਬਰ ਨੂੰ ਉਸ ਵੇਲੇ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਕੀਤਾ ਸੀ ਅਤੇ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਦਾ ਦੂਜੀ ਵਾਰ ਉਦਘਾਟਨ ਕੀਤਾ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਵਿਧਾਇਕ ਬਿਕਰਮ ਮਜੀਠੀਆ ਨੇ ਆਖਿਆ ਕਿ ਇਸ ਤੱਥ ਨੂੰ ਕੋਈ ਝੁਠਲਾ ਨਹੀਂ ਸਕਦਾ ਕਿ ਇਹ ਅਜਾਇਬਘਰ ਸੁਖਬੀਰ ਬਾਦਲ ਵੱਲੋਂ ਤਿਆਰ ਕਰਾਇਆ ਗਿਆ ਸੀ ਤੇ ਇਸ ਦਾ ਪਿਛਲੇ ਸਾਲ 24 ਅਕਤੂਬਰ ਨੂੰ ਉਦਘਾਟਨ ਕੀਤਾ ਗਿਆ ਸੀ। ਅਕਾਲੀ ਦਲ ਨੂੰ ਇਸ ਦੇ ਦੁਬਾਰਾ ਉਦਘਾਟਨ 'ਤੇ ਨਾਰਾਜ਼ਗੀ ਨਹੀਂ ਹੈ ਪਰ ਕਾਂਗਰਸ ਸਰਕਾਰ ਇਸ ਪ੍ਰੋਜੈਕਟ ਉਤੇ ਆਪਣੀ ਮਾਲਕੀ ਜਤਾ ਰਹੀ ਹੈ, ਜੋ ਜਾਇਜ਼ ਨਹੀਂ ਹੈ। ਇਹ ਅਜਾਇਬਘਰ ਪੰਜਾਬ ਸਰਕਾਰ ਦੇ ਸਹਿਯੋਗ ਨਾਲ 'ਦਿ ਆਰਟਸ ਐਂਡ ਕਲਚਰਲ ਹੈਰੀਟੇਜ ਟਰੱਸਟ' ਵੱਲੋਂ ਸਥਾਪਤ ਕੀਤਾ ਗਿਆ ਹੈ। ਉਦਘਾਟਨ ਮੌਕੇ ਕੈਪਟਨ ਨੇ ਆਪਣੀਆਂ ਯਾਦਾਂ ਤਾਜ਼ੀਆਂ ਕਰਦਿਆਂ ਆਖਿਆ ਕਿ ਉਸ ਵੇਲੇ ਉਹ ਅੱਲ੍ਹੜ ਉਮਰ ਵਿਚ ਸਨ। ਸ਼ਿਮਲਾ ਸਥਿਤ ਆਪਣੇ ਬੋਰਡਿੰਗ ਸਕੂਲ ਤੋਂ ਰੇਲ ਗੱਡੀ ਰਾਹੀਂ ਘਰ ਪਰਤ ਰਹੇ ਸਨ ਤੇ ਰਸਤੇ ਵਿਚ ਇਕ ਸਟੇਸ਼ਨ ਉਤੇ ਉਨ੍ਹਾਂ ਨੇ ਲਾਸ਼ਾਂ ਪਈਆਂ ਦੇਖੀਆਂ ਸਨ। ਉਹ ਗੱਲ ਉਨ੍ਹਾਂ ਨੂੰ ਅੱਜ ਤੱਕ ਨਹੀਂ ਭੁੱਲੀ। ਉਨ੍ਹਾਂ ਨੇ ਆਪਣੀ ਮਾਂ ਮਹਿੰਦਰ ਕੌਰ ਵੱਲੋਂ ਦੇਸ਼ ਵੰਡ ਵੇਲੇ ਕੀਤੇ ਕੰਮ ਨੂੰ ਵੀ ਚੇਤੇ ਕੀਤਾ। ਰਾਜ ਮਾਤਾ ਨੇ ਉਸ ਵੇਲੇ ਸ਼ਰਨਾਰਥੀ ਕੁੜੀਆਂ ਨੂੰ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਉਣ ਵਿਚ ਮਦਦ ਕੀਤੀ ਸੀ।

ਉਥੇ ਲੇਖਕ ਗੁਲਜ਼ਾਰ ਨੇ ਵੰਡ ਵੇਲੇ ਦੀ ਹੱਡ ਬੀਤੀ ਆਪਣੀ ਰਚਨਾ ਰਾਹੀਂ ਸਾਂਝੀ ਕੀਤੀ। ਗੁਲਜ਼ਾਰ ਨੇ ਕਿਹਾ ਕਿ ਉਹ ਅਜਿਹਾ ਵੇਲਾ ਸੀ ਜਦੋਂ ਹਰ ਕੋਈ ਆਪਣਾ ਆਪ ਬਚਾਉਣ ਲਈ ਭੱਜ ਰਿਹਾ ਸੀ। ਉਨ੍ਹਾਂ ਦੀ ਮਾਂ ਨੇ ਵੀ ਆਪਣੇ ਸਾਰੇ ਗਹਿਣੇ ਚੁੱਕੇ ਤੇ ਛੋਟੀ ਭੈਣ ਨੂੰ ਘਰੋਂ ਤੁਰਨ ਤੋਂ ਪਹਿਲਾਂ ਦੁੱਧ ਪਿਆਇਆ। ਉਨ੍ਹਾਂ ਨੇ ਖੁਦ ਇਕ ਭਮੀਰੀ ਤੇ ਲਾਟੂ ਜੇਬ ਵਿਚ ਰੱਖ ਲਿਆ। ਰਸਤੇ ਵਿਚ ਲੋਕਾਂ ਦੀਆਂ ਚੀਕਾਂ ਸੁਣ ਰਹੀਆਂ ਸਨ ਤੇ ਪਤਾ ਹੀ ਨਹੀਂ ਲੱਗਿਆ ਕਿ ਉਹ ਕਦੋਂ ਪਰਿਵਾਰ ਤੋਂ ਵਿਛੜ ਗਏ। ਉਨ੍ਹਾਂ ਦਾ ਬਚਪਨ ਗੁਆਚ ਗਿਆ ਪਰ ਨਾਲ ਲਿਆਂਦਾ ਲਾਟੂ ਤੇ ਭਮੀਰੀ ਅੱਜ ਵੀ ਉਨ੍ਹਾਂ ਨੂੰ ਬਚਪਨ ਦੀ ਯਾਦ ਦਿਵਾਉਂਦੇ ਹਨ। ਉਹ 70 ਸਾਲ ਮਗਰੋਂ ਆਪਣਾ ਘਰ ਦੇਖਣ ਪਾਕਿਸਤਾਨ ਗਏ ਸਨ ਪਰ ਉਦੋਂ ਤੱਕ ਬਹੁਤ ਕੁਝ ਬਦਲ ਚੁੱਕਾ ਸੀ।

ਇਸ ਤੋਂ ਪਹਿਲਾਂ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਅਜਾਇਬਘਰ ਦੇ ਬਾਨੀ ਮੇਘਨਾਦ ਦੇਸਾਈ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਵੰਡ ਨਾਲ ਪ੍ਰਭਾਵਿਤ ਕਈ ਲੋਕ ਦੁਨੀਆਂ ਛੱਡ ਚੁੱਕੇ ਹਨ ਅਤੇ ਕਈ ਜ਼ਿੰਦਗੀ ਦੇ ਆਖਰੀ ਪੜਾਅ ਉਤੇ ਪੁੱਜ ਗਏ ਹਨ। ਇਨ੍ਹਾਂ ਲੋਕਾਂ ਨਾਲ ਹੀ ਇਹ ਯਾਦਾਂ ਤੇ ਪੀੜ ਵੀ ਖਤਮ ਹੋ ਜਾਵੇਗੀ ਪਰ ਇਸ ਅਜਾਇਬਘਰ ਨੇ ਇਨ੍ਹਾਂ ਯਾਦਾਂ ਨੂੰ ਸਾਂਭ ਲਿਆ ਹੈ। ਇਸ ਵੰਡ ਤੋਂ ਸਬਕ ਲੈਣ ਦੀ ਲੋੜ ਹੈ ਤਾਂ ਜੋ ਭਵਿੱਖ ਵਿਚ ਅਜਿਹੇ ਹਾਲਾਤ ਪੈਦਾ ਨਾ ਹੋਣ।



## ਜੰਗ-ਏ-ਆਜ਼ਾਦੀ ਯਾਦਗਾਰ ਦਾ ਦੂਜਾ ਪੜਾਅ ਪਹਿਲੀ ਨਵੰਬਰ ਨੂੰ ਹੋਵੇਗਾ ਦੇਸ਼ ਨੂੰ ਸਮਰਪਿਤ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ (ਜਲੰਧਰ) ਵਿਚ ਸਥਿਤ ਜੰਗ-ਏ-ਆਜ਼ਾਦੀ ਦੇ ਦੂਜੇ ਪੜਾਅ ਨੂੰ ਮੁਕੰਮਲ ਕਰਨ ਲਈ 15 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਯਾਦਗਾਰ ਦੀ ਉਸਾਰੀ ਕਰ ਰਹੀ ਪੰਜਾਬ ਫਰੀਡਮ ਮੂਵਮੈਂਟ ਮੈਮੋਰੀਅਲ ਫਾਊਂਡੇਸ਼ਨ ਦੀ ਮੀਟਿੰਗ ਉਪਰੰਤ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਪਹਿਲੀ ਨਵੰਬਰ ਨੂੰ ਪੰਜਾਬ ਦਿਵਸ ਮੌਕੇ ਇਹ ਯਾਦਗਾਰ ਦੇਸ਼ ਨੂੰ ਸਮਰਪਤ ਕਰਨ ਦੀ ਸਹਿਮਤੀ ਦਿੱਤੀ ਹੈ। ਕੈਪਟਨ ਅਮਰਿੰਦਰ ਸਿੰਘ ਜੋ ਫਾਊਂਡੇਸ਼ਨ ਦੇ ਚੇਅਰਮੈਨ ਵੀ ਹਨ, ਨੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਨੂੰ ਇਸ ਯਾਦਗਾਰ ਦੀ ਉਸਾਰੀ ਅਤੇ ਰੱਖ-ਰਖਾਅ ਲਈ 8.12 ਕਰੋੜ ਰੁਪਏ ਦੇ ਅਣਵਰਤੇ ਫੰਡ ਫਾਊਂਡੇਸ਼ਨ ਨੂੰ ਵਰਤਣ ਦੀ ਇਜਾਜ਼ਤ ਦੇਣ ਦੀ ਹਦਾਇਤ ਕੀਤੀ। ਇਹ ਯਾਦਗਾਰ ਭਾਰਤੀ ਆਜ਼ਾਦੀ ਸੰਘਰਸ਼ 'ਚ ਪੰਜਾਬ ਦੇ ਯੋਗਦਾਨ ਨੂੰ ਮੂਰਤੀਮਾਨ ਕਰਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਯਾਦਗਾਰ ਸਾਡੀ ਅਜੋਕੀ ਪੀੜ੍ਹੀ ਨੂੰ ਆਪਣੇ ਪਿਛੋਕੜ ਨਾਲ ਜੋੜੇਗੀ। ਇਸ ਪ੍ਰੋਜੈਕਟ ਦੇ ਪਹਿਲੇ ਪੜਾਅ ਦਾ ਕੰਮ ਜੂਨ, 2017 'ਚ ਪੂਰਾ ਕੀਤਾ ਜਾ ਚੁੱਕਾ ਹੈ ਅਤੇ ਦੂਜੇ ਪੜਾਅ ਦਾ ਕੰਮ ਵੀ ਅਗਲੇ ਦੋ ਮਹੀਨਿਆਂ ਵਿਚ ਮੁਕੰਮਲ ਕਰਨ ਦਾ ਭਰੋਸਾ ਦਿੱਤਾ। ਕਰਤਾਰਪੁਰ ਵਿਚ 25 ਏਕੜ ਰਕਬੇ ਵਿਚ ਬਣੇ 315 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰੋਜੈਕਟ ਨੂੰ ਜੂਨ 2012 ਵਿਚ ਪ੍ਰਵਾਨਗੀ ਦਿੱਤੀ ਗਈ ਸੀ।

## ਸ਼ਰਾਬੀ ਪਤੀ ਵੱਲੋਂ ਪਤਨੀ ਅੱਗ ਹਵਾਲੇ

**ਤਰਨ ਤਾਰਨ:** ਪਿੰਡ ਦਿਆਲ ਰਾਜਪੂਤਾਂ ਦੇ ਇਕ ਵਿਅਕਤੀ ਨੇ ਸ਼ਰਾਬ ਲਈ ਪੈਸੇ ਨਾ ਦੇਣ ਕਾਰਨ ਪਤਨੀ ਨੂੰ ਅੱਗ ਹਵਾਲੇ ਕਰ ਦਿੱਤਾ। 40 ਸਾਲਾ ਸ਼ਮਸ਼ੇਰ ਨੇ ਆਪਣੇ ਮੋਟਰਸਾਈਕਲ ਵਿਚੋਂ ਪੈਟਰੋਲ ਕੱਢ ਕੇ ਪਤਨੀ ਅਮਰਜੀਤ ਕੌਰ 'ਤੇ ਪਾ ਕੇ ਅੱਗ ਲਾ ਦਿੱਤੀ।

# ਰਾਜੀਵ-ਲੌਂਗੋਵਾਲ ਸਮਝੌਤਾ: ਕੀ ਖੱਟਿਆ, ਕੀ ਗੁਆਇਆ

ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਹੁਕਮਰਾਨ ਕਾਂਗਰਸ ਅਤੇ ਅਕਾਲੀ ਦਲ ਵੱਲੋਂ ਵੱਖੋ ਵੱਖਰੇ ਤੌਰ 'ਤੇ ਮਨਾਈ ਗਈ ਹੈ। 24 ਜੁਲਾਈ 1985 ਨੂੰ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਪੰਜਾਬ ਬਾਰੇ ਸਮਝੌਤਾ ਕੀਤਾ ਸੀ, 20 ਅਗਸਤ ਨੂੰ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ।

ਸਵਾਲ ਉਠਦਾ ਹੈ ਕਿ ਇਸ ਸਮਝੌਤੇ ਦੀਆਂ ਅਜਿਹੀਆਂ ਕੀ ਪ੍ਰਾਪਤੀਆਂ ਹਨ, ਜਿਸ ਕਾਰਨ ਸੰਤ ਲੌਂਗੋਵਾਲ ਦੀ ਬਰਸੀ ਸਰਕਾਰੀ ਪੱਧਰ 'ਤੇ ਮਨਾਈ ਜਾ ਰਹੀ ਹੈ। ਇਸ ਦਾ ਲੇਖਾ-ਜੋਖਾ ਕਰਨ ਦੀ ਗੰਭੀਰ ਲੋੜ ਹੈ। ਇਸ ਸਮਝੌਤੇ ਦੀਆਂ ਹੁਣ ਤਕ 32 ਸਾਲਾਂ ਦੌਰਾਨ ਕੇਵਲ ਦੋ ਕਲਾਜ਼ਾਂ ਹੀ

**ਡਾ. ਧਰਮਵੀਰ ਗਾਂਧੀ**
ਫੋਨ: +91-90138-69336

ਕੇਂਦਰ ਸਰਕਾਰ ਵੱਲੋਂ ਕਾਨੂੰਨ ਬਣਾ ਕੇ ਲਾਗੂ ਕੀਤੀਆਂ ਗਈਆਂ ਹਨ। ਇਹ ਦੋ ਕਲਾਜ਼ਾਂ 9.1 ਅਤੇ 9.2 ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਬੰਧਤ ਹਨ। ਇਥੇ ਕੇਵਲ ਇਨ੍ਹਾਂ ਦੋ ਧਾਰਾਵਾਂ ਦੀ ਚਰਚਾ ਇਹ ਸਮਝਣ ਲਈ ਹੀ ਕਾਫ਼ੀ ਹੈ ਕਿ ਪੰਜਾਬ ਨੇ ਇਸ ਸਮਝੌਤੇ ਵਿਚੋਂ ਕੀ ਖੱਟਿਆ ਤੇ ਕੀ ਗਵਾਇਆ।

ਸਮਝੌਤੇ ਦੀ ਮੱਦ 9.1 ਵਿਚ ਲਿਖਿਆ ਗਿਆ ਹੈ- "ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਕਿਸਾਨ ਰਾਵੀ-ਬਿਆਸ ਸਿਸਟਮ ਤੋਂ ਉਨਾ ਪਾਣੀ ਲੈਂਦੇ ਰਹਿਣਗੇ ਜੋ ਉਸ ਤੋਂ ਘੱਟ ਨਹੀਂ ਹੋਵੇਗਾ, ਜਿੰਨਾ ਪਾਣੀ ਉਹ 1.7.85 ਨੂੰ ਲੈ ਰਹੇ ਹਨ। ਖਪਤਕਾਰੀ ਵਰਤੋਂ ਲਈ ਲਿਆ ਜਾ ਰਿਹਾ ਪਾਣੀ ਵੀ ਅਪ੍ਰਭਾਵਿਤ ਰਹੇਗਾ। ਪਾਣੀ ਦੀ ਵਰਤੋਂ ਦੀ ਮਾਤਰਾ ਬਾਰੇ ਦਾਅਵਿਆਂ ਨੂੰ ਹੇਠਾਂ ਪੈਰਾ 9.2 ਵਿਚ ਜ਼ਿਕਰ ਕੀਤੇ ਟ੍ਰਿਬਿਊਨਲ ਦੁਆਰਾ ਦੀ ਤਸਦੀਕ ਕੀਤਾ ਜਾਵੇਗਾ।" ਸਮਝੌਤੇ ਦੀ ਮੱਦ 9.2 ਵਿਚ ਲਿਖਿਆ ਹੈ- "ਪੰਜਾਬ ਅਤੇ ਹਰਿਆਣਾ ਦੇ ਬਾਕੀ ਬਚਦੇ ਪਾਣੀ ਵਿਚ ਹਿੱਸੇ ਸਬੰਧੀ ਦਾਅਵੇ ਨਿਪਟਾਰੇ ਲਈ ਸੁਪਰੀਮ ਕੋਰਟ ਦੇ ਜੱਜ ਦੀ ਪ੍ਰਧਾਨਗੀ ਵਾਲੇ ਟ੍ਰਿਬਿਊਨਲ ਨੂੰ ਸੌਂਪੇ ਜਾਣਗੇ। ਟ੍ਰਿਬਿਊਨਲ ਵੱਲੋਂ ਫ਼ੈਸਲਾ ਛੇ ਮਹੀਨਿਆਂ ਦੇ ਅੰਦਰ ਅੰਦਰ ਦਿੱਤਾ ਜਾਵੇਗਾ ਅਤੇ ਦੋਵੇਂ ਧਿਰਾਂ ਇਸ ਲਈ ਪਾਬੰਦ ਹੋਣਗੀਆਂ। ਇਸ ਸਬੰਧੀ ਲੋੜੀਂਦੇ ਸਾਰੇ ਕਾਨੂੰਨੀ ਅਤੇ ਸੰਵਿਧਾਨਿਕ ਕਦਮ ਜਲਦ ਚੁੱਕੇ ਜਾਣ।"

ਸਵਾਲ ਉਠਦਾ ਹੈ ਕਿ ਅਕਾਲੀ ਦਲ ਅਤੇ ਕਾਂਗਰਸ ਅੱਜ ਕਿਸ ਮੂੰਹ ਨਾਲ ਪੰਜਾਬ ਦੇ ਪਾਣੀ ਦੀ ਇਕ ਵੀ ਬੂੰਦ ਕਿਸੇ ਹੋਰ ਨੂੰ ਨਾ ਦੇਣ ਦੇ ਬਿਆਨ ਦਾਗ ਰਹੀਆਂ ਹਨ? ਇਹ ਸਮਝੌਤਾ ਤਾਂ ਇਸ ਗੱਲ ਨੂੰ ਮੰਨ ਕੇ ਚੱਲਦਾ ਹੈ ਕਿ ਪਹਿਲੀ ਜੁਲਾਈ 1985 ਨੂੰ ਪੰਜਾਬ, ਹਰਿਆਣਾ ਤੇ ਰਾਜਸਥਾਨ ਜਿੰਨਾ ਪਾਣੀ ਵਰਤ ਰਹੇ ਸਨ, ਉਹ ਉਸੇ ਤਰ੍ਹਾਂ ਜਾਰੀ ਰਹੇਗਾ। ਇਹ ਸਮਝੌਤਾ ਤਾਂ ਪਾਣੀ ਵਿਚ ਹਰਿਆਣਾ ਦਾ ਕਾਨੂੰਨੀ ਹਿੱਸਾ ਮੰਨ ਕੇ ਰਾਵੀ-ਬਿਆਸ ਦੇ ਬਾਕੀ ਬਚਦੇ ਪਾਣੀ ਨੂੰ ਹਰਿਆਣਾ ਵਿਚ ਵੰਡਣ ਦੀ ਗੱਲ ਕਰਦਾ ਹੈ।

ਕੀ ਇਹ ਪਾਰਟੀਆਂ ਪੰਜਾਬ ਦੀ ਕੇਂਦਰ ਅਤੇ ਗੁਆਂਢੀ ਸੂਬਿਆਂ ਦੁਆਰਾ ਗ਼ੈਰ-ਸੰਵਿਧਾਨਕ ਲੁੱਟ ਉਤੇ ਫੁੱਲ ਚੜ੍ਹਾ ਰਹੀਆਂ ਹਨ। ਸਪਸ਼ਟ ਹੈ ਕਿ ਸਮਝੌਤਾ, ਅਸਲ ਵਿਚ ਰਾਜ ਸੱਤਾ ਲਈ ਪੰਜਾਬ ਦੇ ਹਿੱਤਾਂ ਦਾ ਸੌਦਾ ਸੀ। ਗੱਲ ਇਥੇ ਹੀ ਨਹੀਂ ਮੁੱਕਦੀ। ਇਸ ਸਮਝੌਤੇ ਦੀ ਆੜ ਵਿਚ ਕੇਂਦਰ ਸਰਕਾਰ ਨੇ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਜਾ ਕੇ ਅਤੇ ਸੰਘੀ ਅਸੂਲਾਂ ਨੂੰ ਛਿੱਕੇ ਟੰਗ ਕੇ ਅਜਿਹੀਆਂ ਕਾਨੂੰਨੀ ਸ਼ਕਤੀਆਂ ਹਾਸਲ ਕਰ ਲਈਆਂ ਜੋ ਪੰਜਾਬ ਲਈ ਨਾਸੂਰ ਬਣ ਗਈਆਂ। ਇਸ ਨਾਲ ਕੇਂਦਰ ਨੂੰ ਪਹਿਲਾਂ ਧੱਕੇ ਨਾਲ ਠੋਸੇ ਸਾਰੇ ਗ਼ੈਰ-ਸੰਵਿਧਾਨਕ ਸਮਝੌਤਿਆਂ ਨੂੰ ਲਾਗੂ ਕਰਨ ਲਈ ਉਹ ਕਾਨੂੰਨੀ ਢਾਂਚਾ ਮਿਲ ਗਿਆ ਜੋ ਪਹਿਲਾਂ ਪੰਜਾਬ ਪੁਨਰਗਠਨ ਕਾਨੂੰਨ 1966 ਵਿਚ ਪੰਜਾਬ-ਵਿਰੋਧੀ ਗ਼ੈਰ-ਸੰਵਿਧਾਨਕ ਧਾਰਾ 78, 79 ਅਤੇ 80 ਹੋਣ ਦੇ ਬਾਵਜੂਦ ਪਾਣੀ ਦੀ ਵੰਡ ਕਰਨ ਲਈ ਸੰਵਿਧਾਨਕ ਤੌਰ 'ਤੇ ਮੌਜੂਦ ਨਹੀਂ ਸੀ।

ਇਹ ਢਾਂਚਾ ਜਾਂ ਕਾਨੂੰਨੀ ਸ਼ਕਤੀਆਂ ਕੀ ਹਨ ਅਤੇ ਕਿਵੇਂ ਹਾਸਲ ਕੀਤੀਆਂ? ਇਸ ਸਮਝੌਤੇ ਦੀ ਆੜ ਹੇਠ ਕੇਂਦਰ ਸਰਕਾਰ ਨੇ 1986 ਵਿਚ ਤੁਰੰਤ ਅੰਤਰ-ਰਾਜੀ ਦਰਿਆਈ ਪਾਣੀਆਂ ਬਾਰੇ ਝਗੜਾ ਕਾਨੂੰਨ 1956 ਵਿਚ ਸੋਧ ਕਰ ਕੇ ਨਵੀਂ ਧਾਰਾ 14 ਸ਼ਾਮਿਲ ਕੀਤੀ ਅਤੇ ਇਹ ਸਮੁੱਚਾ ਕਾਨੂੰਨ ਰਾਵੀ-ਬਿਆਸ ਦੇ ਪਾਣੀਆਂ 'ਤੇ ਲਾਗੂ ਹੋਣ ਯੋਗ ਬਣਾ ਦਿੱਤਾ, ਜਦਕਿ ਇਹ ਕਾਨੂੰਨ ਸੰਵਿਧਾਨ ਦੀ ਧਾਰਾ 262 ਅਨੁਸਾਰ ਕੇਵਲ ਅੰਤਰ-ਰਾਜੀ ਦਰਿਆਵਾਂ ਸਬੰਧੀ ਝਗੜਿਆਂ 'ਤੇ ਲਾਗੂ ਹੁੰਦਾ ਸੀ। ਪੰਜਾਬ ਦੇ ਇਹ ਦਰਿਆ ਅੰਤਰ-ਰਾਜੀ ਨਾ ਹੋਣ ਕਾਰਨ ਇਹ ਕਾਨੂੰਨ ਪੰਜਾਬ ਦੇ ਕਿਸੇ ਦਰਿਆ 'ਤੇ ਲਾਗੂ ਨਹੀਂ ਹੋ ਸਕਦਾ ਸੀ, ਪਰ ਇਸ ਸੋਧ ਰਾਹੀਂ ਇਹ ਸਮੁੱਚਾ ਕਾਨੂੰਨ ਪੰਜਾਬ ਦੇ ਦਰਿਆਵਾਂ 'ਤੇ ਲਾਗੂ ਕਰ ਦਿੱਤਾ ਗਿਆ ਹੈ। ਇਹ ਗ਼ੈਰ-ਸੰਵਿਧਾਨਕ ਸੋਧ ਹੈ ਜੋ ਸੰਵਿਧਾਨ ਦੀ ਧਾਰਾ 246 ਅਤੇ 262 ਦੇ ਉਲਟ ਹੈ ਅਤੇ ਸੰਵਿਧਾਨ ਵਿਚ ਸੰਘੀ ਢਾਂਚੇ ਦੇ ਅਨੁਰੂਪ ਕੇਂਦਰ ਅਤੇ ਰਾਜਾਂ ਵਿਚ ਵੱਖ ਵੱਖ ਮੁੱਦਿਆਂ 'ਤੇ ਕਾਨੂੰਨ ਬਣਾਉਣ ਅਤੇ ਫ਼ੈਸਲੇ ਲੈਣ ਦੀਆਂ ਸ਼ਕਤੀਆਂ ਦੀ ਕੀਤੀ ਵੰਡ ਦੇ ਵਿਰੁਧ ਹੈ।

ਇਸੇ ਸਮਝੌਤੇ ਦੀ ਆੜ ਵਿਚ ਅੰਤਰ-ਰਾਜੀ ਦਰਿਆਈ ਪਾਣੀਆਂ ਬਾਰੇ ਝਗੜਾ ਕਾਨੂੰਨ 1956 ਵਿਚ ਅਜਿਹੀ ਕੀ ਸੋਧ ਕੀਤੀ ਗਈ ਹੈ ਜੋ ਪੰਜਾਬ ਦੇ ਹੱਥ ਵੱਢਦੀ ਹੈ। ਇਸ ਸੋਧ ਰਾਹੀਂ ਸ਼ਾਮਿਲ ਕੀਤੀ ਗਈ ਧਾਰਾ 14 ਅਨੁਸਾਰ:

1) ਇਸ ਕਾਨੂੰਨ ਦੀਆਂ ਪਹਿਲਾਂ ਦਿੱਤੀਆਂ ਧਾਰਾਵਾਂ ਵਿਚ ਕੁਝ ਵੀ ਇਸ ਦੇ ਉਲਟ ਹੋਣ ਦੇ ਬਾਵਜੂਦ, ਕੇਂਦਰ ਸਰਕਾਰ ਸਰਕਾਰੀ ਗੱਜ਼ਟ ਵਿਚ ਨੋਟੀਫਿਕੇਸ਼ਨ ਜਾਰੀ ਕਰ ਕੇ, ਇਸ ਕਾਨੂੰਨ ਅਧੀਨ ਪੰਜਾਬ ਸੈਟਲਮੈਂਟ ਦੇ ਕ੍ਰਮਵਾਰ ਪੈਰਾ ਨੰਬਰ 9.1 ਅਤੇ 9.2 ਵਿਚ ਜ਼ਿਕਰ ਕੀਤੇ ਮੁੱਦਿਆਂ ਬਾਰੇ ਜਾਂਚ-ਪੜਤਾਲ ਕਰਨ ਅਤੇ ਫ਼ੈਸਲਾ ਕਰਨ ਵਾਸਤੇ ਟ੍ਰਿਬਿਊਨਲ ਬਣਾ ਸਕਦੀ ਹੈ ਜੋ ਰਾਵੀ-ਬਿਆਸ ਵਾਟਰ ਟ੍ਰਿਬਿਊਨਲ ਵਜੋਂ ਜਾਣਿਆ ਜਾਵੇਗਾ।



2) ਜਦ ਸਬ-ਸੈਕਸ਼ਨ (1) ਅਧੀਨ ਟ੍ਰਿਬਿਊਨਲ ਬਣ ਜਾਂਦਾ ਹੈ ਤਾਂ ਇਸ ਕਾਨੂੰਨ ਦੀ ਧਾਰਾ 4 ਦੇ ਸਬ-ਸੈਕਸ਼ਨ (3), ਧਾਰਾ 5 ਦੇ ਸਬ-ਸੈਕਸ਼ਨ (2), (3) ਅਤੇ (4) ਅਤੇ ਸੈਕਸ਼ਨ 5 ਏ ਤੋਂ 13 (ਦੋਵਾਂ ਸਮੇਤ) ਸੰਰਚਨਾ, ਅਧਿਕਾਰ ਖੇਤਰ, ਸ਼ਕਤੀਆਂ, ਅਥਾਰਟੀ ਅਤੇ ਅਧਿਕਾਰ ਖੇਤਰ ਦੀਆਂ ਰੋਕਾਂ ਨਾਲ ਸਬੰਧਤ ਸਾਰੀਆਂ ਸ਼ਰਤਾਂ, ਜਿਵੇਂ ਵੀ ਹੋਣ, ਪਰ ਅੱਗੇ ਦਿੱਤੇ ਸਬ-ਸੈਕਸ਼ਨ (3) ਦੇ ਅਨੁਸਾਰ, ਸਬ-ਸੈਕਸ਼ਨ (1) ਅਨੁਸਾਰ ਬਣਾਏ ਟ੍ਰਿਬਿਊਨਲ ਦੇ ਪ੍ਰਸੰਗ ਵਿਚ ਸੰਰਚਨਾ, ਅਧਿਕਾਰ-ਖੇਤਰ, ਸ਼ਕਤੀਆਂ, ਅਥਾਰਟੀ ਅਤੇ ਅਧਿਕਾਰ-ਖੇਤਰ ਦੀਆਂ ਰੋਕਾਂ 'ਤੇ ਲਾਗੂ ਹੋਣਗੀਆਂ।

3) ਜਦ ਸਬ-ਸੈਕਸ਼ਨ (1) ਅਧੀਨ ਟ੍ਰਿਬਿਊਨਲ ਬਣ ਜਾਂਦਾ ਹੈ ਤਾਂ ਇਕੱਲੀ ਕੇਂਦਰ ਸਰਕਾਰ ਆਪਣੀ ਮਰਜ਼ੀ ਨਾਲ ਜਾਂ ਸਬੰਧਿਤ ਰਾਜ ਸਰਕਾਰ ਦੀ ਬੇਨਤੀ 'ਤੇ ਪੰਜਾਬ ਸੈਟਲਮੈਂਟ ਦੇ ਪੈਰਾ 9.1 ਅਤੇ 9.2 ਵਿਚ ਦਰਸਾਏ ਮੁੱਦੇ ਅਜਿਹੇ ਟ੍ਰਿਬਿਊਨਲ ਨੂੰ ਸੌਂਪ ਸਕਦੀ ਹੈ।

ਇਥੇ ਜ਼ਿਕਰ ਕੀਤੇ ਗਏ ਪੰਜਾਬ ਸੈਟਲਮੈਂਟ, ਤੋਂ ਭਾਵ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਉਪਰ ਜ਼ਿਕਰ ਕੀਤੀਆਂ ਧਾਰਾਵਾਂ ਹਨ। ਇੰਜ ਉਪਰੋਕਤ ਸਮਝੌਤੇ ਦੀ ਆੜ ਵਿਚ ਇਹ ਕਾਨੂੰਨ ਪੰਜਾਬ ਦੇ ਪਾਣੀਆਂ 'ਤੇ ਪੂਰੀ ਤਰ੍ਹਾਂ ਲਾਗੂ ਹੋਣ ਯੋਗ ਬਣਾ ਲਿਆ ਗਿਆ। ਜੇ ਇਹ ਪੰਜਾਬ ਦੇ ਪਾਣੀਆਂ 'ਤੇ ਪਹਿਲਾਂ ਲਾਗੂ ਹੋਣ ਯੋਗ ਹੁੰਦਾ ਤਾਂ ਇਹ ਸੋਧ ਦੀ ਲੋੜ ਹੀ ਨਹੀਂ ਪੈਣੀ ਸੀ। ਇਸ ਰਾਹੀਂ ਫਿਰ ਅੱਗੇ ਪੰਜਾਬ ਨੂੰ ਕਾਨੂੰਨੀ ਲੜਾਈ ਵਿਚ ਫਸਾ ਲਿਆ ਗਿਆ। ਇਰਾਡੀ ਟ੍ਰਿਬਿਊਨਲ ਬਣਾ ਕੇ ਅੰਤ੍ਰਿਮ ਰਿਪੋਰਟ ਦੇ ਆਸਰੇ ਹੀ ਪੰਜਾਬ ਵਿਰੋਧੀ ਫ਼ੈਸਲਾ ਧੱਕੇ ਨਾਲ ਪੰਜਾਬ 'ਤੇ ਮੜ੍ਹ ਦਿੱਤਾ ਗਿਆ। ਜੇ ਇਹ ਸੋਧ ਨਾ ਹੁੰਦੀ ਤਾਂ ਇਰਾਡੀ ਟ੍ਰਿਬਿਊਨਲ ਨਾ ਤਾਂ ਬਣ ਸਕਦਾ ਸੀ, ਨਾ ਹੀ ਕੇਂਦਰ ਸਰਕਾਰ ਦਖ਼ਲ ਦੇ ਸਕਦੀ ਸੀ ਅਤੇ ਨਾ ਹੀ ਸੁਪਰੀਮ ਕੋਰਟ ਪੰਜਾਬ ਨੂੰ ਇਰਾਡੀ ਟ੍ਰਿਬਿਊਨਲ ਦਾ ਫ਼ੈਸਲਾ ਮੰਨਣ ਲਈ ਪਾਬੰਦ ਕਰ ਸਕਦੀ ਸੀ।

ਸਵਾਲ ਉਠਦਾ ਹੈ ਕਿ ਕੇਂਦਰ ਸਰਕਾਰ, ਕਾਨੂੰਨ ਵਿਚ ਇਹ ਸੋਧ ਕਰ ਸਕਦੀ ਸੀ? ਬਿਲਕੁਲ ਨਹੀਂ। ਦਰਅਸਲ ਇਹ ਸੋਧ ਸੰਵਿਧਾਨ ਦੀ ਧਾਰਾ 246 ਅਤੇ 262 ਵਿਰੁਧ ਗ਼ੈਰ-ਸੰਵਿਧਾਨਕ ਕਾਰਵਾਈ ਹੈ। ਸੰਵਿਧਾਨ ਦੇ ਗਿਆਰਵੇਂ ਭਾਗ ਵਿਚ "ਸੰਘ ਅਤੇ ਰਾਜਾਂ ਦਰਮਿਆਨ ਸਬੰਧਾਂ" ਦੇ ਸਿਰਲੇਖ ਅਧੀਨ ਧਾਰਾ 246 ਵਿਚ ਪਾਰਲੀਮੈਂਟ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੁਆਰਾ ਕਾਨੂੰਨ ਬਣਾਉਣ ਲਈ ਵੱਖ-ਵੱਖ ਵਿਸ਼ਿਆਂ ਦੀ ਵੰਡ ਦਾ ਵੇਰਵਾ ਦਿੱਤਾ ਹੈ। ਸੰਵਿਧਾਨ ਦੀ ਸੱਤਵੀਂ ਅਨੁਸੂਚੀ ਵਿਚ ਸੰਘੀ ਅਸੂਲਾਂ ਅਨੁਸਾਰ ਕਾਨੂੰਨ ਬਣਾਉਣ ਦੀਆਂ ਸ਼ਕਤੀਆਂ ਦੀ ਤਿੰਨ ਲਿਸਟਾਂ ਵਿਚ ਵੰਡ ਕੀਤੀ ਗਈ ਹੈ।

ਪਹਿਲੀ ਸੂਚੀ ਵਿਚ ਦਰਜ ਵਿਸ਼ਿਆਂ ਬਾਰੇ ਕੇਵਲ ਪਾਰਲੀਮੈਂਟ ਕਾਨੂੰਨ ਬਣਾ ਸਕਦੀ ਹੈ, ਦੂਜੀ ਸੂਚੀ ਵਿਚ ਦਰਜ ਵਿਸ਼ਿਆਂ ਬਾਰੇ ਕੇਵਲ ਰਾਜ ਦੀਆਂ ਵਿਧਾਨ ਪਾਲਿਕਾਵਾਂ ਕਾਨੂੰਨ ਬਣਾ ਸਕਦੀਆਂ ਹਨ ਅਤੇ ਤੀਜੀ ਸੂਚੀ ਵਿਚ ਦਰਜ ਵਿਸ਼ਿਆਂ ਬਾਰੇ ਪਾਰਲੀਮੈਂਟ ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੋਵੇਂ ਹੀ ਕਾਨੂੰਨ ਬਣਾ ਸਕਦੀਆਂ ਹਨ, ਪਰ ਜੇ ਦੋਵਾਂ ਕਾਨੂੰਨਾਂ ਵਿਚ ਕੋਈ ਟਕਰਾਅ ਹੋਵੇ ਤਾਂ ਪਾਰਲੀਮੈਂਟ ਦਾ ਕਾਨੂੰਨ ਵੱਧ ਸ਼ਕਤੀਸ਼ਾਲੀ ਤੇ ਰਾਜ ਦੇ ਕਾਨੂੰਨ 'ਤੇ ਭਾਰੂ ਹੋਵੇਗਾ ਅਤੇ ਲਾਗੂ ਹੋਣ ਯੋਗ ਹੋਵੇਗਾ।

ਰਾਜਾਂ ਨਾਲ ਸਬੰਧਤ ਦੂਜੀ ਸੂਚੀ ਵਿਚ ਦਰਜ 17ਵੀਂ ਮੱਦ ਪਾਣੀਆਂ ਬਾਰੇ ਹੈ ਜਿਸ ਅਨੁਸਾਰ ਪਹਿਲੀ ਸੂਚੀ ਦੀ ਮੱਦ ਨੰਬਰ 56 ਦੀਆਂ ਬੰਦਸ਼ਾਂ ਅਧੀਨ, ਪਾਣੀ, ਕਹਿਣ ਦਾ ਮਤਲਬ, ਜਲ ਸਪਲਾਈ, ਸਿੰਜਾਈ, ਅਤੇ ਨਹਿਰਾਂ, ਡਰੇਨਾਂ ਅਤੇ ਧੁੱਸੀ ਬੰਨ੍ਹ, ਪਾਣੀ ਦੀ ਸਟੋਰੇਜ ਅਤੇ ਪਣ-ਬਿਜਲੀ ਬਾਰੇ ਕਾਨੂੰਨ ਬਣਾਉਣ ਕੇਵਲ ਮਾਤਰ ਅਧਿਕਾਰ ਅਤੇ ਸ਼ਕਤੀ ਰਾਜ ਦੀ ਵਿਧਾਨ ਪਾਲਿਕਾ ਕੋਲ ਹੈ, ਪਰ ਪਹਿਲੀ ਸੂਚੀ ਦੀ 56ਵੀਂ ਮੱਦ ਬਾਰੇ ਕਾਨੂੰਨ ਬਣਾਉਣ ਦਾ ਕੇਵਲ ਮਾਤਰ ਅਧਿਕਾਰ ਸੰਵਿਧਾਨ ਦੀ ਧਾਰਾ 262 ਅਨੁਸਾਰ ਪਾਰਲੀਮੈਂਟ ਕੋਲ ਹੈ। ਸੰਵਿਧਾਨ ਦੀ ਧਾਰਾ 262 ਅੰਤਰ-ਰਾਜੀ ਦਰਿਆਵਾਂ ਜਾਂ ਦਰਿਆ ਘਾਟੀਆਂ ਦੇ ਪਾਣੀਆਂ ਸਬੰਧੀ ਝਗੜਿਆਂ ਦੇ ਨਿਪਟਾਰੇ ਸਬੰਧੀ ਹੈ। ਇਸ ਧਾਰਾ ਅਨੁਸਾਰ, "1) ਪਾਰਲੀਮੈਂਟ ਕਿਸੇ ਅੰਤਰ-ਰਾਜੀ ਦਰਿਆ ਜਾਂ ਦਰਿਆ ਘਾਟੀ ਦੇ ਪਾਣੀਆਂ ਦੀ ਵਰਤੋਂ, ਵੰਡ ਜਾਂ ਕੰਟਰੋਲ ਸਬੰਧੀ ਕਿਸੇ ਝਗੜੇ ਜਾਂ ਸ਼ਿਕਾਇਤ ਦੇ ਨਿਪਟਾਰੇ ਲਈ ਕਾਨੂੰਨ ਬਣਾ ਕੇ ਬੰਦੋਬਸਤ ਕਰ ਸਕਦੀ ਹੈ; 2) ਇਸ ਸੰਵਿਧਾਨ ਵਿਚ ਹੋਰ ਕੁਝ ਉਲਟ ਹੋਣ ਦੇ ਬਾਵਜੂਦ, ਪਾਰਲੀਮੈਂਟ ਕਾਨੂੰਨ ਬਣਾ ਕੇ ਇਹ ਬੰਦੋਬਸਤ ਕਰ ਸਕਦੀ ਹੈ ਕਿ ਨਾ ਤਾਂ ਸੁਪਰੀਮ ਕੋਰਟ ਅਤੇ ਨਾ ਹੀ ਕੋਈ ਹੋਰ ਅਦਾਲਤ ਉਪਰ ਕਲਾਜ਼ (1) ਵਿਚ ਜ਼ਿਕਰ ਕੀਤੇ ਕਿਸੇ ਅਜਿਹੇ ਕਿਸੇ ਝਗੜੇ ਜਾਂ ਸ਼ਿਕਾਇਤ ਦੇ ਸਬੰਧ ਵਿਚ ਅਧਿਕਾਰ ਖੇਤਰ ਨਹੀਂ ਰੱਖੇਗੀ।"

ਰਾਜੀਵ-ਲੌਂਗੋਵਾਲ ਸਮਝੌਤਾ ਆਪਣੇ ਆਪ ਵਿਚ ਗ਼ੈਰ-ਸੰਵਿਧਾਨਕ ਸਮਝੌਤਾ ਹੈ। ਕੀ ਦੇਸ਼ ਦਾ ਪ੍ਰਧਾਨ ਮੰਤਰੀ, ਦੇਸ਼ ਦੇ ਕਿਸੇ ਵੀ ਨਾਗਰਿਕ ਨਾਲ ਅਜਿਹਾ ਕੋਈ ਸਮਝੌਤਾ ਕਰ ਸਕਦਾ ਹੈ ਜਿਸ ਬਾਰੇ ਕਾਨੂੰਨ ਪਾਸ ਕਰ ਕੇ ਫ਼ੈਸਲਾ ਲੈਣ ਦਾ ਅਧਿਕਾਰ ਕੇਵਲ ਪਾਰਲੀਮੈਂਟ ਕੋਲ ਹੋਵੇ? ਕੀ ਇਸ ਸਮਝੌਤੇ ਰਾਹੀਂ ਪਾਰਲੀਮੈਂਟ ਦੀ ਮਰਿਆਦਾ ਦੀ ਉਲੰਘਣਾ ਨਹੀਂ ਕੀਤੀ ਗਈ? ਇਸ ਸਮਝੌਤੇ ਵਿਚ ਸੰਤ ਲੌਂਗੋਵਾਲ ਦਾ ਸੰਵਿਧਾਨਕ ਰੁਤਬਾ ਕੀ ਸੀ? ਇਸ ਸਮਝੌਤੇ ਵਿਚ ਹਰਿਆਣਾ ਤੇ ਰਾਜਸਥਾਨ ਦੀ ਪ੍ਰਤੀਨਿਧਤਾ ਕੌਣ ਕਰ ਰਿਹਾ ਸੀ, ਜਦਕਿ ਸਮਝੌਤੇ ਵਿਚ ਉਨ੍ਹਾਂ ਦੇ ਹਿੱਤ ਵੀ ਸ਼ਾਮਲ ਸਨ? ਇਸ ਸਮਝੌਤੇ ਦੀ ਕੇਵਲ ਇੱਕ ਮੱਦ ਨੂੰ ਲਾਗੂ ਕਰ ਕੇ ਬਾਕੀ 10 ਮੱਦਾਂ ਨੂੰ ਲਾਗੂ ਨਾ ਕਰ ਕੇ ਕੇਂਦਰ ਸਰਕਾਰ ਨੇ ਖ਼ੁਦ ਹੀ ਇਹ ਸਮਝੌਤਾ ਤੋੜ ਦਿੱਤਾ ਹੈ। ਇਸ ਲਈ ਦੂਜੀ ਧਿਰ, ਯਾਨੀ ਪੰਜਾਬ ਕੋਲ ਇਸ ਸਮਝੌਤੇ ਨੂੰ ਰੱਦ ਕਰਨ ਦਾ ਕਾਨੂੰਨੀ ਹੱਕ ਹੈ।

# ਜਮਹੂਰੀਅਤ ਅਤੇ ਪਾਕਿਸਤਾਨ

ਲੋਕਤੰਤਰੀ ਪ੍ਰਕਿਰਿਆ ਜਾਰੀ ਰਹਿਣੀ ਚਾਹੀਦੀ ਹੈ। ਲੋਕਤੰਤਰ ਲੀਹੋਂ ਨਹੀਂ ਲੱਥਣਾ ਚਾਹੀਦਾ। ਇਹ ਆਮ ਬਿਆਨ ਹੈ ਜਿਹੜਾ ਹਰ ਸਿਆਸੀ ਪਾਰਟੀ ਹਜ਼ਾਰਾਂ ਵਾਰ ਦੁਹਰਾ ਚੁੱਕੀ ਹੈ, ਪਰ ਪਰਖ ਸਮੇਂ ਕੋਈ ਵੀ ਪਾਰਟੀ ਇਸ ਬਿਆਨ ਉਪਰ ਟਿਕ ਨਹੀਂ ਸਕੀ। ਜਿਵੇਂ ਹੀ ਨਿੱਜੀ ਹਿੱਤ ਭਾਰੂ ਹੋਏ, ਪੈਂਤੜਾ ਬਦਲ ਜਾਂਦਾ ਹੈ। ਪਨਾਮਾ ਦਸਤਾਵੇਜ਼ ਧਾਂਦਲੀ ਕੇਸ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਆਉਣ ਬਾਅਦ ਵੀ ਇਹੀ ਵੇਖਣ ਨੂੰ ਮਿਲਿਆ ਹੈ। ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਲੈ ਕੇ ਜੱਜਾਂ ਨੂੰ ਵਿਵਾਦ ਵਿਚ ਘਸੀਟਣ ਦੇ ਜਾਣ-ਬੁਝ ਕੇ ਯਤਨ ਕੀਤੇ ਗਏ, ਹਾਲਾਂਕਿ ਹਰ ਕੋਈ ਜਾਣਦਾ ਹੈ ਕਿ ਲੋਕਤੰਤਰੀ ਲੀਹਾਂ ਉਪਰ ਚਲਾਏ

**ਸੱਯਦ ਹਮਾਦ ਅਹਿਮਦ**

ਜਾ ਰਹੇ ਦੇਸ਼ ਅੰਦਰ ਨਿਰਪੱਖ ਨਿਆਂਪਾਲਿਕਾ ਲੋਕਤੰਤਰ ਦਾ ਹੀ ਹਿੱਸਾ ਹੁੰਦੀ ਹੈ।

ਪਿਛਲੇ ਮਹੀਨੇ ਨਿਰਪੱਖ ਤੇ ਪਾਰਦਰਸ਼ੀ ਨਿਆਂ ਪ੍ਰਕਿਰਿਆ ਨੇ ਨਵਾਜ਼ ਸ਼ਰੀਫ਼ ਦਾ ਸਿਆਸੀ ਸਫ਼ਰ ਸਮੇਟ ਦਿੱਤਾ। ਇਸ ਫ਼ੈਸਲੇ ਦੀ ਵਿਆਪਕ, ਖ਼ਾਸ ਕਰ ਕੇ ਸੱਤਾਧਾਰੀ ਪਾਰਟੀ ਨੇ, ਨਿੰਦਾ ਕੀਤੀ ਗਈ। ਗੱਦੀ 'ਤੇ ਬਿਰਾਜਮਾਨ ਪ੍ਰਧਾਨ ਮੰਤਰੀ ਖ਼ਿਲਾਫ਼ ਸਰਬਸੰਮਤੀ ਅਤੇ ਅਸਾਧਾਰਨ ਫ਼ੈਸਲੇ ਨੇ ਪਾਕਿਸਤਾਨ ਦਾ ਸਿਆਸੀ ਦ੍ਰਿਸ਼ ਹੀ ਬਦਲ ਕੇ ਰੱਖ ਦਿੱਤਾ। ਦੇਸ਼ ਦੇ ਲੋਕਤੰਤਰਿਕ ਮੁਲੰਕਣ ਲਈ ਇਹ ਅਹਿਮ ਮੋੜ ਵਾਲੇ ਪਲ ਸਨ ਅਤੇ ਇਸ ਨੂੰ ਕਾਨੂੰਨ ਸਥਾਪਤੀ ਵੱਲ ਇਕ ਹੋਰ ਯਤਨ ਸਮਝਿਆ ਜਾ ਰਿਹਾ ਹੈ। ਨਿਰਪੱਖ ਨਿਆਂਪਾਲਿਕਾ ਦੇ ਵਿਕਾਸ ਵਿਚ ਇਹ ਫ਼ੈਸਲਾ ਮੀਲ ਪੱਥਰ ਹੈ, ਜਿਹੜਾ ਕਾਰਜਕਾਰਨੀ ਦੀ ਚਾਪਲੂਸੀ ਨਹੀਂ ਹੈ। ਬਹੁਤ ਸਾਰੇ ਨਿਰਪੱਖ ਤੇ ਭਰੋਸੇਯੋਗ ਕਾਨੂੰਨਦਾਨਾਂ ਨੇ ਇਸ ਫ਼ੈਸਲੇ ਨੂੰ ਸਲਾਹਿਆ ਅਤੇ ਕਿਹਾ ਹੈ ਕਿ ਇਹ ਚੰਗੀ ਮਿਸਾਲ ਕਾਇਮ ਹੋਈ ਹੈ।

ਸੁਪਰੀਮ ਕੋਰਟ ਨੇ ਕੁਝ ਹਫ਼ਤੇ ਪਹਿਲਾਂ ਪਨਾਮਾ ਦਸਤਾਵੇਜ਼ ਮਾਮਲੇ ਵਿਚ ਵਿਦੇਸ਼ਾਂ ਵਿਚ ਅਣਐਲਾਨੀਆਂ ਜਾਇਦਾਦਾਂ ਸਮੇਤ ਲੰਡਨ ਵਿਚ ਚਾਰ ਮਹਿੰਗੇ ਫਲੈਟ ਬਣਾਉਣ ਅਤੇ ਭ੍ਰਿਸ਼ਟਾਚਾਰ ਦੇ ਹੋਰ ਮਾਮਲਿਆਂ ਵਿਚ ਨਵਾਜ਼ ਸ਼ਰੀਫ਼, ਉਨ੍ਹਾਂ ਦੇ ਦੋ ਪੁੱਤਰਾਂ ਹਸਨ ਤੇ ਹੁਸੈਨ, ਬੇਟੀ ਮਰੀਅਮ ਤੇ ਜਵਾਈ ਕੈਪਟਨ (ਰਿਟਾਇਰਡ) ਸਫ਼ਦਰ ਖ਼ਿਲਾਫ਼ ਸਾਂਝੀ ਜਾਂਚ ਟੀਮ ਦੀ ਪੜਤਾਲੀਆ ਰਿਪੋਰਟ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰਦਿਆਂ ਨਵਾਜ਼ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਅਯੋਗ ਕਰਾਰ ਦੇ ਦਿੱਤਾ ਜਿਸ ਕਾਰਨ ਉਨ੍ਹਾਂ ਨੂੰ ਇਹ ਅਹੁਦਾ ਛੱਡਣਾ ਪਿਆ। ਇਹ ਕੇਸ ਹੁਣ ਅਗਲੇਰੀ ਸੁਣਵਾਈ ਲਈ ਕੌਮੀ ਜਵਾਬਦੇਹੀ ਬਿਊਰੋ ਨੂੰ ਸੌਂਪਿਆ ਗਿਆ ਹੈ ਜਿਸ ਵੱਲੋਂ ਪੇਸ਼ੀ ਲਈ ਦੋ ਵਾਰ ਜਾਰੀ ਹੋਏ ਸੰਮਨਾਂ ਦੇ ਬਾਵਜੂਦ ਇਨ੍ਹਾਂ ਵਿਚੋਂ ਕੋਈ ਵੀ ਅਜੇ ਤਕ ਪੇਸ਼ ਨਹੀਂ ਹੋਇਆ।

ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਲਈ ਇਹ ਫ਼ੈਸਲਾ ਬਹੁਤ ਵੱਡੀ ਜਿੱਤ ਸੀ ਅਤੇ ਇਸ ਸਿਆਸੀ ਸੱਚਾਈ ਨੂੰ ਮੰਨ ਲਿਆ ਜਾਣਾ ਚਾਹੀਦਾ ਹੈ। ਜੇ ਇਮਰਾਨ ਖਾਨ ਤੇ ਉਸ ਦੀ ਪਾਰਟੀ ਨੇ ਨਿਧੜਕ ਹੋ ਕੇ ਨਵਾਜ਼ ਸ਼ਰੀਫ਼ ਖ਼ਿਲਾਫ਼ ਲੰਬੀ ਜੱਦੋ-ਜਹਿਦ ਨਾ ਕੀਤੀ ਹੁੰਦੀ ਤਾਂ ਚੁਣੇ ਹੋਏ ਲੋਕ ਨੁਮਾਇੰਦਿਆਂ ਤੇ ਰਾਜਨੇਤਾਵਾਂ ਦੀ ਜਵਾਬਦੇਹੀ ਸੰਭਵ ਨਹੀਂ ਹੋਣੀ ਸੀ। ਨਵਾਜ਼ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਨੇ ਅਯੋਗ ਠਹਿਰਾਏ ਜਾਣ ਬਾਅਦ ਇਮਰਾਨ ਖਾਨ ਨੇ ਸਿਆਣਪ ਵਿਖਾਉਂਦਿਆਂ ਆਪਣੇ ਆਪ ਨੂੰ ਉਨ੍ਹਾਂ ਖ਼ਿਲਾਫ਼ ਨਿੱਜੀ ਦੁਸ਼ਮਣੀ ਹੋਣ ਦੇ ਪ੍ਰਭਾਵ ਤੋਂ ਦੂਰ ਕਰ ਲਿਆ, ਪਰ ਗੱਦੀਉਂ ਲੱਥੇ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਪਾਰਟੀ ਨੇ ਫ਼ੈਸਲਾ ਮੰਨਣ ਦੀ ਬਜਾਏ, ਕੇਸ ਦੀ ਸੁਣਵਾਈ ਦੌਰਾਨ ਟਕਰਾਅ ਵਾਲਾ ਰਵੱਈਆ ਅਪਣਾਈ ਰੱਖਿਆ। ਉਨ੍ਹਾਂ ਆਪਣਾ ਪੈਂਤੜਾ ਬਦਲਦਿਆਂ ਇਸ ਫ਼ੈਸਲੇ ਪਿੱਛੇ ਸਾਜ਼ਿਸ਼ ਰਚੇ ਜਾਣ ਦੇ ਦੋਸ਼ ਲਾਏ ਅਤੇ ਪਾਰਟੀ ਦੇ ਰੋਹ ਦਾ ਰੁਖ਼ ਫ਼ਾਜ਼ਿਲ ਜੱਜਾਂ ਵੱਲ ਮੋੜ ਦਿੱਤਾ। ਨਵਾਜ਼ ਸ਼ਰੀਫ਼ ਆਪਣਾ ਸਿਆਸੀ ਕੱਦ ਘਟਣਾ ਪ੍ਰਵਾਨ ਕਰਨ ਲਈ ਹਰਗਿਜ਼ ਤਿਆਰ ਨਹੀਂ। ਇਹ ਬਿਆਨਬਾਜ਼ੀਆਂ ਉਸ ਸਮੇਂ ਹੋਰ ਵਿਰੋਧਾਭਾਸੀ ਲੱਗੀਆਂ ਜਦੋਂ ਉਨ੍ਹਾਂ ਨੇ ਉਸੇ ਨਿਆਂਪਾਲਿਕਾ ਅੱਗੇ ਰਿਵੀਊ ਪਟੀਸ਼ਨ ਦਾਖ਼ਲ ਕਰਨ ਦੀ ਇੱਛਾ ਪ੍ਰਗਟਾਈ ਜਿਸ ਦਾ ਉਹ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਸੁਪਰੀਮ ਕੋਰਟ ਨੇ ਸ਼ਰੀਫ਼ ਪਰਿਵਾਰ ਨੂੰ, ਉਸ ਉਪਰ ਲੱਗੇ ਦੋਸ਼ਾਂ ਨੂੰ ਝੂਠੇ ਸਾਬਤ ਕਰਨ ਲਈ ਲੋੜ ਤੋਂ ਵੀ ਵੱਧ ਸਮਾਂ ਦਿੱਤਾ, ਪਰ ਬਦਕਿਸਮਤੀ ਨੂੰ ਉਹ ਅਦਾਲਤ ਅਤੇ ਸਾਂਝੀ ਜਾਂਚ ਟੀਮ ਅੱਗੇ ਕੋਈ ਭਰੋਸੇਯੋਗ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ। ਇਸ ਦੇ ਉਲਟ ਉਨ੍ਹਾਂ ਨੇ ਜਾਅਲੀ ਦਸਤਾਵੇਜ਼ ਪੇਸ਼ ਕਰ ਕੇ ਆਪਣੇ ਲਈ ਮੁਸ਼ਕਿਲਾਂ ਵਧਾ ਲਈਆਂ।

ਨਵਾਜ਼ ਸ਼ਰੀਫ਼ ਨੂੰ ਇਹ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ ਕਿ 20 ਕਰੋੜ ਦੇਸ਼ਵਾਸੀਆਂ ਦੇ ਪ੍ਰਤੀਨਿਧ ਨੂੰ ਸਿਰਫ਼ ਪੰਜ ਵਿਅਕਤੀਆਂ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ। ਸੱਚਾਈ ਇਹ ਹੈ ਕਿ ਜਿਸ ਸੰਵਿਧਾਨ ਨੇ ਉਨ੍ਹਾਂ ਨੂੰ 20 ਕਰੋੜ ਦੇਸ਼ ਵਾਸੀਆਂ ਦਾ ਪ੍ਰਤੀਨਿਧ ਬਣਾਇਆ, ਉਸ ਨੇ ਹੀ ਜੱਜਾਂ ਨੂੰ ਇਹ ਸ਼ਕਤੀਆਂ ਦਿੱਤੀਆਂ ਹਨ ਕਿ ਉਹ ਕਿਸੇ ਵੀ ਉਚ ਸ਼ਖ਼ਸੀਅਤ ਨੂੰ ਅਯੋਗ ਕਰਾਰ ਦੇ ਦੇਣ, ਜਿਹੜੀ ਇਮਾਨਦਾਰ ਨਹੀਂ ਹੈ। ਉਸ ਸਮੇਂ ਜਦੋਂ ਸਿਆਸੀ ਪਾਰਟੀਆਂ ਨੇ ਇਕ ਦੂਜੇ ਖ਼ਿਲਾਫ਼ ਚਿੱਕੜ ਉਛਾਲੀ ਦੀ ਮੁਹਿੰਮ ਖੁੱਲ੍ਹ ਕੇ ਚਲਾਈ ਹੋਈ ਹੈ, ਪਨਾਮਾ ਦਸਤਾਵੇਜ਼ ਸਕੈਂਡਲ 'ਤੇ ਫ਼ੈਸਲੇ ਦੇ ਬਾਅਦ ਵਾਲੀ ਸਥਿਤੀ ਖ਼ਰਾਬ ਹੋ ਰਹੀ ਹੈ।

ਆਪਣੇ ਪੱਖ ਨੂੰ ਦਰੁਸਤ ਕਰਾਰ ਦੇਣ ਲਈ ਨਵਾਜ਼ ਸ਼ਰੀਫ਼ ਵੱਲੋਂ ਦਿੱਤੇ ਜਾ ਰਹੇ ਬਿਆਨ ਤੇ ਉਠਾਏ ਜਾ ਰਹੇ ਕਦਮ, ਲੱਗਦਾ ਹੈ ਕਿ ਆਪਸ ਵਿਚ ਹੀ ਮੇਲ ਨਹੀਂ ਖਾਂਦੇ। ਉਦਾਹਰਣ ਵਜੋਂ ਇਸਲਾਮਾਬਾਦ ਤੋਂ ਲਾਹੌਰ ਤਕ ਜੀ.ਟੀ. ਰੋਡ ਮਾਰਚ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਇਹ ਪ੍ਰਵਾਨ ਕਰ ਲੈਣਾ ਚਾਹੀਦਾ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਯੂਸੁਫ਼ ਰਜ਼ਾ ਗਿਲਾਨੀ ਨੂੰ ਵੀ ਇਸ ਉਚ ਅਹੁਦੇ ਦੇ ਅਯੋਗ ਕਰਾਰ ਨਹੀਂ ਦਿੱਤਾ ਜਾਣਾ ਚਾਹੀਦਾ ਸੀ, ਪਰ ਸੱਚਾਈ ਇਸ ਦੇ ਉਲਟ ਹੈ। ਉਨ੍ਹਾਂ ਨੇ ਹੀ ਗਿਲਾਨੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਾਉਣ ਲਈ ਦਬਾਅ ਵਧਾਇਆ ਸੀ। ਸ਼ਰੀਫ਼ ਉਸ ਸਮੇਂ ਕਹਿੰਦੇ ਹੁੰਦੇ ਸਨ, "ਗਿਲਾਨੀ ਪਹਿਲਾਂ ਪ੍ਰਧਾਨ ਮੰਤਰੀ ਦਾ ਅਹੁਦਾ ਤਿਆਗਣ, ਫਿਰ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਜਿੰਨੀ ਚਾਹੁਣ, ਆਲੋਚਨਾ ਕਰ ਲੈਣ।" ਨਵਾਜ਼ ਸ਼ਰੀਫ਼ ਤੇ ਉਨ੍ਹਾਂ ਦੀ ਪਾਰਟੀ ਹੀ ਉਸ ਸਮੇਂ ਬੜੇ ਮਾਣ ਨਾਲ ਕਿਹਾ ਕਰਦੇ ਸਨ ਕਿ ਉਨ੍ਹਾਂ ਨੇ ਹੀ ਨਿਆਂਪਾਲਿਕਾ ਨੂੰ ਨਿਰਪੱਖ ਬਣਾਇਆ ਸੀ। ਹੁਣ ਜਦੋਂ ਆਪਣੀ ਵਾਰੀ ਆਈ ਹੈ ਤਾਂ ਉਨ੍ਹਾਂ ਨੇ ਲਾਹੌਰ ਲਈ ਮਾਰਚ ਦੌਰਾਨ ਬਹੁਤ ਤਿੱਖੇ ਭਾਸ਼ਣ ਦਿੰਦਿਆਂ ਆਪਣੇ ਖ਼ਿਲਾਫ਼ ਹੋਏ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਆਲੋਚਨਾ ਕੀਤੀ ਤੇ ਇਸ ਨੂੰ ਗਹਿਰੀ ਸਾਜ਼ਿਸ਼ ਕਰਾਰ ਦਿੱਤਾ। ਸੁਪਰੀਮ ਕੋਰਟ ਦਾ ਫ਼ੈਸਲਾ ਲੋਕਤੰਤਰ ਲਈ ਧੱਕਾ ਨਹੀਂ, ਪਰ ਇਹ ਉਨ੍ਹਾਂ ਵਿਰਾਸਤੀ ਸਿਆਸਤਦਾਨਾਂ ਵਾਸਤੇ ਹੈ ਜਿਹੜੇ ਦੇਸ਼ ਵਿਚ ਲੋਕਤੰਤਰੀ ਸੰਸਥਾਵਾਂ ਤੇ ਕਦਰਾਂ-ਕੀਮਤਾਂ ਦੇ ਵਧਣ-ਫੁੱਲਣ ਵਿਚ ਸਭ ਤੋਂ ਵੱਡਾ ਰੋੜਾ ਬਣ ਰਹੇ ਹਨ। ਹੋਰ ਮਹੱਤਵਪੂਰਨ ਗੱਲ ਲੋਕਤੰਤਰ ਲੋਕਾਂ ਰਾਹੀਂ, ਲੋਕਾਂ ਦਾ ਰਾਜ ਹੀ ਲੋਕਤੰਤਰ ਹੈ। ਇਹ ਕੇਵਲ ਵਿਰਾਸਤੀ ਸ਼ਾਸਨ ਤਕ ਸੀਮਤ ਨਹੀਂ ਰਹਿ ਜਾਣਾ ਚਾਹੀਦਾ। ਲੋਕਾਂ ਦਾ ਫ਼ਤਵਾ ਕਿਸੇ ਨੂੰ ਵੀ ਕਾਨੂੰਨ ਤੋਂ ਉਪਰ ਨਹੀਂ ਬਣਾਉਂਦਾ। ਲੋਕਤੰਤਰ ਉਸ ਸਮੇਂ ਹੋਰ ਵਧੇ-ਫੁੱਲੇਗਾ ਜਦੋਂ ਸਾਡੇ ਚੁਣੇ ਹੋਏ ਨੇਤਾ ਲੋਕਾਂ ਦਾ ਹੋਰ ਭਰੋਸਾ ਹਾਸਲ ਕਰ ਲੈਣਗੇ।

# ਠਹਿਰ ਨੀ ਮੌਤੇ ਕਾਹਲੀਏ...!

## ਜਗਤ ਤਮਾਸ਼ਾ

***ਦਲਬੀਰ ਸਿੰਘ ਪੰਜਾਬੀ ਦੇ ਉਨ੍ਹਾਂ ਕੁਝ ਕੁ ਪੱਤਰਕਾਰਾਂ ਵਿਚੋਂ ਸੀ ਜਿਸ ਪਾਸ ਪੱਤਰਕਾਰੀ ਦੇ ਅਸੂਲ ਮੁਤਾਬਕ ਘੱਟ ਤੋਂ ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਗੱਲ ਕਹਿਣ ਦਾ ਹੁਨਰ ਸੀ। ਸੰਪਾਦਕੀ ਪੰਨੇ ਉਤੇ ਗੰਭੀਰ ਲੇਖਾਂ ਵਿਚਾਲੇ ਇਕ ਛੋਟਾ ਜਿਹਾ ਹਲਕਾ-ਫੁਲਕਾ ਲੇਖ ਛਾਪਿਆ ਜਾਂਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ 'ਮਿਡਲ' ਕਿਹਾ ਜਾਂਦਾ ਹੈ। ਪੰਜਾਬੀ ਪੱਤਰਕਾਰੀ ਵਿਚ ਸ਼ਾਇਦ ਦਲਬੀਰ ਇਕੋ ਇਕ ਪੱਤਰਕਾਰ ਹੈ ਜਿਸ ਨੂੰ 'ਮਿਡਲ' ਸਹੀ ਅਰਥਾਂ ਵਿਚ ਲਿਖਣ ਦੀ ਜਾਚ ਸੀ। ਪੰਜਾਬੀ ਟ੍ਰਿਬਿਊਨ ਵਿਚ ਪਹਿਲਾਂ ਉਹ ਕਈ ਸਾਲ 'ਇਉਂ ਵੀ ਹੁੰਦੈ' ਨਾਂ ਹੇਠ ਕਾਲਮ ਲਿਖਦਾ ਰਿਹਾ ਅਤੇ ਫਿਰ ਉਸ ਨੇ ਇਸ ਦਾ ਨਵਾਂ 'ਜਗਤ ਤਮਾਸ਼ਾ' ਰੱਖ ਲਿਆ ਤੇ ਇਹ 'ਜਗਤ ਤਮਾਸ਼ਾ' ਉਸ ਦੇ ਨਾਂ ਨਾਲ ਹੀ ਜੁੜ ਗਿਆ। ਇਹ ਲੇਖ ਦਲਬੀਰ ਸਿੰਘ ਨੇ ਆਪਣੀ ਮੌਤ ਤੋਂ ਕੋਈ ਛੇ ਹਫਤੇ ਪਹਿਲਾਂ ਲਿਖਿਆ ਸੀ। -ਸੰਪਾਦਕ***

ਮੌਤ ਬਾਰੇ ਗੱਲ ਕਰਨ ਦਾ ਕੋਈ ਇਰਾਦਾ ਨਹੀਂ ਸੀ। ਪਰ ਰਾਤੀਂ ਇਕ ਸੁਪਨਾ ਆ ਗਿਆ ਜਿਸ ਵਿਚ ਮੌਤ 'ਵਾਜ਼ਾਂ ਮਾਰਦੀ ਦਿਖਾਈ ਦਿੱਤੀ। ਜੇ ਮੈਂ ਅੰਧ ਵਿਸ਼ਵਾਸੀ ਹੁੰਦਾ ਤਾਂ ਘਰ ਵਾਲਿਆਂ ਨੂੰ ਕਹਿ ਦਿੰਦਾ ਕਿ ਹੁਣ ਮੌਤ ਨੇ 'ਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਧਰਮ ਰਾਜ ਵਲੋਂ ਸੱਦਾ ਆਉਣ ਹੀ ਵਾਲਾ ਹੈ। ਇਹ ਵੀ ਹੋ ਸਕਦਾ ਹੈ ਕਿ ਮੈਂ ਪਾਧਿਆਂ-ਪੰਡਤਾਂ ਨੂੰ ਬੁਲਾ ਕੇ ਮੌਤ ਤੋਂ ਕੁਝ ਦਿਨ ਹੋਰ ਬਚਣ ਦੀਆਂ ਸਬੀਲਾਂ ਪੁੱਛਦਾ ਅਤੇ ਉਨ੍ਹਾਂ ਦੀਆਂ ਝੋਲੀਆਂ ਭਰ ਦਿੰਦਾ। ਪਰ ਮੈਂ ਅਜਿਹਾ ਕੁਝ ਨਹੀਂ ਕੀਤਾ। ਫਰਾਇਡ ਕਹਿੰਦਾ ਹੈ ਕਿ ਸੁਪਨੇ ਅਮਲ ਵਿਚ ਮਨੁੱਖ ਦੇ ਸੁੱਤੇ ਹੋਏ

**ਦਲਬੀਰ ਸਿੰਘ**

ਮਨ ਦੀਆਂ ਧੁਰ ਅੰਦਰਲੀਆਂ ਤੈਹਾਂ ਵਿਚ ਪਏ ਉਨ੍ਹਾਂ ਵਿਚਾਰਾਂ ਦੀ ਹੀ ਤਰਜਮਾਨੀ ਕਰਦੇ ਹਨ ਜਿਹੜੇ ਬੰਦਾ ਸਮਾਜੀ ਜਾਂ ਹੋਰ ਕਾਰਨਾਂ ਕਰਕੇ ਜ਼ਾਹਰ ਕਰਨ ਤੋਂ ਝਿਜਕਦਾ ਹੈ ਅਤੇ ਜਿਨ੍ਹਾਂ ਨੂੰ ਦਬਾ ਕੇ ਰੱਖਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਬੰਦੇ ਦੇ ਦਬਾਏ ਹੋਏ ਬਹੁਤੇ ਵਿਚਾਰ ਸੈਕਸ ਨਾਲ ਸਬੰਧਤ ਹੁੰਦੇ ਹਨ ਅਤੇ ਜਦੋਂ ਕੋਈ ਵਿਅਕਤੀ ਮਾਨਸਕ ਤੌਰ ਉਤੇ ਬਿਮਾਰ ਹੁੰਦਾ ਹੈ ਤਾਂ ਅਸਲ ਕਾਰਨ ਇਹ ਦਬਾਏ ਹੋਏ ਸੈਕਸ ਸਬੰਧੀ ਵਿਚਾਰ ਹੀ ਹੁੰਦੇ ਹਨ।

ਸਿਗਮੰਡ ਫਰਾਇਡ ਨੂੰ ਪੂਰੇ ਵਿਸਥਾਰ ਨਾਲ ਪੜ੍ਹਨ ਲਈ ਨਾ ਸਿਰਫ ਮਨੋਵਿਗਿਆਨ ਦੀ ਹੀ ਕਾਫੀ ਸਮਝ ਚਾਹੀਦੀ ਹੈ ਸਗੋਂ ਫਲਸਫੇ ਬਾਰੇ ਚਾਹਤ ਵੀ ਚਾਹੀਦੀ ਹੈ। ਸਾਡਾ ਸਮਾਜ ਸੈਕਸ ਬਾਰੇ ਕੋਈ ਵੀ ਗੱਲ ਕਰਨ ਨੂੰ ਅੱਜ ਵੀ ਚੰਗਾ ਨਹੀਂ ਸਮਝਦਾ। ਭਾਰਤ ਵਿਚ ਤਾਂ ਇਸ ਬਾਰੇ ਬਹੁਤ ਹੀ ਤੰਗਨਜ਼ਰੀ ਤੋਂ ਕੰਮ ਲਿਆ ਜਾਂਦਾ ਹੈ। ਪਰ ਬਹੁਤ ਲੋਕਾਂ ਨੂੰ ਹੈਰਾਨੀ ਹੋਵੇਗੀ ਕਿ ਜਦੋਂ ਫਰਾਇਡ ਨੇ ਆਪਣਾ ਸਿਧਾਂਤ ਪੇਸ਼ ਕੀਤਾ ਉਦੋਂ ਯੂਰਪ ਵਿਚ ਵੀ ਉਸ ਨਾਲ ਸਹਿਮਤ ਹੋਣ ਵਾਲਿਆਂ ਦੀ ਗਿਣਤੀ ਬਹੁਤੀ ਨਹੀਂ ਸੀ। ਇਥੋਂ ਤੱਕ ਕਿ ਜਿਸ ਜੋਸਫ ਬਰੀਵਰ ਨਾਲ ਮਿਲ ਕੇ ਸਭ ਤੋਂ ਪਹਿਲਾਂ ਉਸ ਨੇ ਇਸ ਸਿਧਾਂਤ ਉਤੇ ਤਜਰਬੇ ਕਰਨੇ ਸ਼ੁਰੂ ਕੀਤੇ, ਉਹ ਕੁਝ ਸਾਲਾਂ ਵਿਚ ਹੀ ਉਸ ਦਾ ਸਾਥ ਛੱਡ ਗਿਆ ਸੀ। ਮਗਰੋਂ ਯੂਜੀਨ ਫਰਾਇਡ ਨੇ ਏਨੀ ਸਫਲਤਾ ਹਾਸਲ ਕੀਤੀ ਕਿ ਅੱਜ ਤੱਕ ਵੀ ਮਨੋ ਚਿਕਿਤਸਕ ਮੂਲ ਰੂਪ 'ਚ ਉਸ ਦੇ ਹੀ ਸਿਧਾਂਤ 'ਤੇ ਅਮਲ ਰਾਹੀਂ ਮਾਨਸਕ ਬਿਮਾਰੀਆਂ ਦਾ ਇਲਾਜ ਕਰਦੇ ਹਨ।

ਜਦੋਂ ਸਾਨੂੰ ਪਤਾ ਹੈ ਕਿ ਸੁਪਨੇ ਦੱਬੇ ਹੋਏ ਵਿਚਾਰਾਂ ਦੀ ਤਰਜਮਾਨੀ ਕਰਦੇ ਹਨ, ਉਦੋਂ ਸੁਪਨਿਆਂ ਤੋਂ ਡਰ ਜਾਣਾ ਬਹੁਤ ਹੀ ਅਜੀਬ ਲੱਗਦਾ ਹੈ। ਸੁਪਨਿਆਂ ਤੋਂ ਉਹ ਡਰਦੇ ਹਨ ਜਿਹੜੇ ਇਨ੍ਹਾਂ ਨੂੰ ਆਪਣੇ ਅੰਦਰ ਦੀ ਗੱਲ ਨਹੀਂ ਸਗੋਂ ਕਿਸੇ ਬਾਹਰਲੀ ਤਾਕਤ ਦਾ ਸੰਦੇਸ਼ ਸਮਝਦੇ ਹਨ। ਸਾਡੀ ਮਾਂ ਨੂੰ ਜਦੋਂ ਕਦੀ ਆਪਣੇ ਕਿਸੇ ਮਰ ਚੁੱਕੇ ਵਡੇਰੇ ਦਾ ਸੁਪਨਾ ਆ ਜਾਂਦਾ ਸੀ ਤਾਂ ਉਹ ਅਗਲੇ ਦਿਨ ਹੀ ਪਿੰਡ ਦੀ ਗਰੀਬ ਬਾਹਮਣੀ ਨੂੰ ਸੱਦ ਕੇ ਦਾਨ ਦੇ ਦਿੰਦੀ ਸੀ। ਨਾਲ ਹੀ ਪੁੱਛਣਾ ਕਿ ਭਲਾ ਮੇਰੀ ਸੱਸ ਮੈਥੋਂ ਸੁੱਥਣ ਕਿਉਂ ਮੰਗਦੀ ਸੀ? ਅਨਪੜ੍ਹ ਬਾਹਮਣੀ ਨੂੰ ਕਿਹੜਾ ਸੁਪਨਿਆਂ ਦੀ ਸਮਝ ਸੀ? ਉਸ ਨੇ ਆਪਣੇ ਕਸਬ ਮੁਤਾਬਕ ਕੁਝ ਗੱਲਾਂ ਕਰਨੀਆਂ ਸਿੱਖ ਲਈਆਂ ਸਨ। ਅਖੇ ਤੇਰੀ ਸੱਸ ਨੂੰ ਸੁਰਗਾਂ ਵਿਚ ਠੰਡ ਬਹੁਤ ਲੱਗਦੀ ਹੈ। ਇਸ ਲਈ ਉਸ ਨੂੰ ਗਰਮ ਕੱਪੜੇ ਚਾਹੀਦੇ ਹਨ। ਜਦੋਂ ਕਦੀ ਸੁਪਨਾ ਭੁੱਖ ਨਾਲ ਸਬੰਧਤ ਹੋਵੇ ਤਾਂ ਉਸ ਨੇ ਦਾਨ ਵਿਚ ਆਟਾ, ਚੌਲ ਅਤੇ ਘਿਉ ਵਗੈਰਾ ਮੰਗ ਲੈਣਾ। ਕਹਿਣਾ ਕਿ ਤੇਰਾ ਸਹੁਰਾ ਦਵਾਰ ਉਤੇ ਖੜ੍ਹਾ ਹੈ ਅਤੇ ਉਸ ਨੂੰ ਅੰਦਰ ਨਹੀਂ ਜਾਣ ਦਿੱਤਾ ਜਾ ਰਿਹਾ। ਇਸੇ ਲਈ ਉਸ ਨੂੰ ਭੁੱਖ ਲੱਗੀ ਹੈ। ਅਜਿਹੀਆਂ ਗੱਲਾਂ ਕਰਕੇ ਉਸ ਨੇ ਆਪਣੇ ਆਟੇ-ਦਾਲ ਦਾ ਇੰਤਜ਼ਾਮ ਕਰੀ ਰੱਖਣਾ।

ਬੰਦਾ ਆਪਣੇ ਪਿਤਾ ਦੀ ਹਾਲਤ ਬਾਰੇ ਅਤੇ ਭਵਿੱਖ ਬਾਰੇ ਜਾਣਨ ਲਈ ਬਹੁਤ ਉਤਸੁਕ ਰਹਿੰਦਾ ਹੈ। ਇਸੇ ਲਈ ਤਾਂ ਭਾਰਤ ਵਿਚ ਹੀ ਨਹੀਂ, ਸਾਰੇ ਸੰਸਾਰ ਵਿਚ ਹੀ ਭਵਿੱਖ ਜਾਣਨ ਵਾਲਿਆਂ ਦੀ ਗਿਣਤੀ ਜੇ ਕਰੋੜਾਂ ਵਿਚ ਨਹੀਂ ਤਾਂ ਲੱਖਾਂ ਵਿਚ ਤਾਂ ਜ਼ਰੂਰ ਹੀ ਹੈ। ਮੇਰੀ ਈਮੇਲ ਉਤੇ ਸਾਰਾ ਫਰੇਜ਼ਰ ਨਾਂ ਦੀ ਕੋਈ ਬੀਬੀ ਮੇਰਾ ਉਜਲ ਭਵਿੱਖ ਬਣਾਉਣ ਲਈ ਮੇਲ ਕਰਦੀ ਰਹਿੰਦੀ ਹੈ। ਕਈ ਵਾਰ ਤਾਂ ਉਹ ਇਹ ਵੀ ਸੁਨੇਹਾ ਦਿੰਦੀ ਹੈ ਕਿ ਮੇਰੀ ਲਾਟਰੀ ਲੱਗਣ ਦੀ ਸੰਭਾਵਨਾ ਹੈ ਅਤੇ ਜੇ ਮੈਂ ਉਸ ਨੂੰ ਕੁਝ ਡਾਲਰ ਫੀਸ ਵਜੋਂ ਭੇਜ ਦੇਵਾਂ ਤਾਂ ਉਹ ਮੈਨੂੰ ਇਨਾਮੀ ਨੰਬਰ ਵੀ ਲਿਖਾ ਸਕਦੀ ਹੈ। ਕਈ ਵਾਰ ਮੈਂ ਉਸ ਦਾ ਐਡਰੈਸ ਰੋਕ ਚੁਕਾ ਹਾਂ। ਪਰ ਉਹ ਪਤਾ ਨਹੀਂ ਕਿਵੇਂ ਮੇਰੇ ਮੇਲ ਬਾਕਸ ਨੂੰ ਮੁੜ ਲੱਭ ਹੀ ਲੈਂਦੀ ਹੈ। ਮੈਥੋਂ ਤਾਂ ਉਹ ਕੋਈ ਪੈਸਾ ਠੱਗ ਨਾ ਸਕੀ ਪਰ ਪਤਾ ਨਹੀਂ ਹੋਰ ਕਿੰਨੇ ਲੋਕ ਉਸ ਦੇ ਝਾਂਸੇ ਵਿਚ ਆ ਜਾਂਦੇ ਹੋਣਗੇ।

ਕੁਝ ਸਾਲ ਪਹਿਲਾਂ ਮੈਂ ਜੋਤਿਸ਼ ਦੀਆਂ ਕੁਝ ਕਿਤਾਬਾਂ ਪੜ੍ਹੀਆਂ ਸਨ। ਇਨ੍ਹਾਂ ਤੋਂ ਬਿਨਾਂ ਕੈਰੀਓ ਦੀ ਅੰਕਾਂ ਬਾਰੇ ਕਿਤਾਬ ਵੀ ਪੜ੍ਹੀ ਸੀ। ਹੁਣ ਤਾਂ ਭੁੱਲ ਭੁਲਾ ਗਿਆ ਕਿ ਇਨ੍ਹਾਂ ਵਿਚ ਕੀ ਕੁਝ ਸੀ। ਪਰ ਪੰਦਰਾਂ ਕੁ ਸਾਲ ਪਹਿਲਾਂ ਇਸ ਦੇ 'ਗਿਆਨ' ਕਾਰਨ ਮੈਂ ਆਪਣੇ ਪੁਰਾਣੇ ਮਕਾਨ ਮਾਲਕ ਦਾ ਕੁਝ ਕਿਰਾਇਆ ਮਾਰਨ ਵਿਚ ਸਫਲ ਹੋ ਗਿਆ ਸਾਂ। ਹੋਇਆ ਇਹ ਕਿ ਮਕਾਨ ਖਾਲੀ ਕਰਨ ਸਮੇਂ ਦੋ ਮਹੀਨੇ ਦਾ ਕਿਰਾਇਆ ਦੇਣਾ ਰਹਿੰਦਾ ਸੀ ਅਤੇ ਅਸੀਂ ਨਵਾਂ ਮਕਾਨ ਪੁਰਾਣੇ ਦੇ ਸਾਹਮਣੇ ਹੀ ਲਿਆ ਸੀ। ਮਕਾਨ ਮਾਲਕ ਦੀ ਬਜ਼ੁਰਗ ਘਰ ਵਾਲੀ ਦੂਜੇ ਤੀਜੇ ਦਿਨ ਹੀ ਕੋਈ ਨਾ ਕੋਈ ਬਹਾਨਾ ਬਣਾ ਕੇ ਪੈਸੇ ਮੰਗਣ ਆ ਜਾਇਆ ਕਰੇ। ਇਕ ਦਿਨ 'ਲਿਆ ਬੀਬੀ ਤੇਰਾ ਹੱਥ ਦੇਖਾਂ' ਕਹਿ ਕੇ ਮੈਂ ਏਧਰ-ਓਧਰ ਦੀਆਂ ਮਾਰਨ ਲੱਗਾ। ਦੋ ਸਾਲ ਇਕੱਠੇ ਰਹਿਣ ਕਾਰਨ ਉਸ ਦੀਆਂ ਬਹੁਤ ਸਾਰੀਆਂ ਗੱਲਾਂ ਦਾ ਪਤਾ ਸੀ। ਇਸੇ ਜਾਣਕਾਰੀ ਦਾ ਲਾਭ ਲੈ ਕੇ ਕਈ ਕੁਝ ਕਹਿ ਦਿੱਤਾ। ਆਖਰ ਵਿਚ ਚਲਾਇਆ ਤੁੱਕਾ ਵੀ ਤੀਰ ਹੋ ਨਿਬੜਿਆ ਜਦੋਂ 'ਭਾਪਾ ਜੀ ਨਾਲ ਸ਼ਾਦੀ ਹੋਣ ਤੋਂ ਪਹਿਲਾਂ ਕਿਸੇ ਹੋਰ ਥਾਂ ਗੱਲ ਚੱਲੀ' ਹੋਣ ਦੀ ਗੱਲ ਬੀਬੀ ਨੇ ਪਰਵਾਨ ਕਰ ਲਈ। ਇਸੇ ਤੀਰ ਕਾਰਨ ਹੀ ਉਹ ਮੇਰੀ ਸ਼ਰਧਾਲੂ ਬਣ ਗਈ। ਇਹ ਵੱਖਰੀ ਕਹਾਣੀ ਹੈ ਕਿ ਜਦੋਂ ਉਹ ਅਗਲੇ ਹੀ ਦਿਨ ਬਲਿਊ ਸਟਾਰ ਆਪਰੇਸ਼ਨ ਦੌਰਾਨ ਫੌਜੀ ਹੁਕਮਾਂ ਦੀ ਅਦੂਲੀ ਕਰਨ ਦੇ ਦੋਸ਼ ਹੇਠ ਜੇਲ੍ਹ ਵਿਚ ਬੰਦ ਆਪਣੇ ਮੇਜਰ ਭਰਾ ਦੀ ਘਰ ਵਾਲੀ ਨੂੰ ਆਪਣੇ ਨਾਲ ਲੈ ਆਈ ਤਾਂ ਮੈਂ ਕਿਵੇਂ ਜਾਨ ਬਚਾਈ।

ਵੈਸੇ ਗੱਲ ਤਾਂ ਕੋਈ ਨਵੀਂ ਨਹੀਂ ਜਿਹੜੀ ਮੈਂ ਹੁਣ ਦੱਸਣ ਲੱਗਾ ਹਾਂ ਪਰ ਹੈ ਇਹ ਬਹੁਤ ਹੀ ਅਹਿਮ। ਹੱਥ ਦੇਖਣ ਦੀ ਕਲਾ ਨੂੰ ਜਵਾਨੀ ਵਿਚ ਮੁੰਡੇ-ਕੁੜੀਆਂ ਨੂੰ ਭਰਮਾਉਣ ਲਈ ਸਾਡੇ ਸਮੇਂ ਵੀ ਵਰਤਦੇ ਸਨ ਅਤੇ ਅੱਜ ਕੱਲ੍ਹ ਵੀ ਵਰਤਦੇ ਹਨ। ਹੱਥ ਫੜ ਕੇ ਇਸ ਦੀਆਂ ਰੇਖਾਵਾਂ ਭਾਵੇਂ ਪੜ੍ਹੀਆਂ ਜਾਣ ਜਾਂ ਨਾ, ਅੱਗੇ ਵਧਣ ਦਾ ਹੌਸਲਾ ਜ਼ਰੂਰ ਮਿਲ ਜਾਂਦਾ ਹੈ। ਭਾਰਤ ਵਿਚ ਜਵਾਨਾਂ ਨੂੰ ਆਪਣਾ ਹਾਣ ਲੱਭਣ ਦੀ ਖੁੱਲ੍ਹ ਨਹੀਂ। ਇਥੇ ਕੁੜੀਆਂ ਲਈ ਮੁੰਡੇ ਲੱਭਣ ਦਾ ਕੰਮ ਤਾਂ ਮਾਪਿਆਂ ਨੇ ਲਾਜ਼ਮੀ ਹੀ ਆਪਣੇ ਸਿਰ ਲਿਆ ਹੋਇਆ ਹੈ, ਮੁੰਡਿਆਂ ਲਈ ਕੁੜੀਆਂ ਵੀ ਉਹੀ ਲੱਭਦੇ ਹਨ। ਹੁਣ ਹਾਲਾਤ ਥੋੜ੍ਹਾ ਥੋੜ੍ਹਾ ਬਦਲ ਰਹੇ ਹਨ। ਯੂਰਪੀ ਮੁਲਕਾਂ ਵਿਚ ਕੋਈ ਮਾਪਾ ਜਵਾਨ ਬੱਚਿਆਂ ਦੀ ਚੋਣ ਵਿਚ ਦਖਲ ਨਹੀਂ ਦਿੰਦਾ। ਸਿਰਫ ਖੁਸ਼ੀਆਂ ਵਿਚ ਹੀ ਸ਼ਾਮਲ ਹੁੰਦਾ ਹੈ। ਭਾਰਤ ਵਿਚ ਜੇ ਕੋਈ ਜਾਵਨ ਬੱਚਾ ਆਪਣੀ ਮਰਜ਼ੀ ਨਾਲ ਸਾਥ ਲੱਭ ਲੈਂਦਾ ਹੈ ਤਾਂ ਮਾਪਿਆਂ ਨੂੰ ਲੱਗਦਾ ਹੈ ਜਿਵੇਂ ਉਨ੍ਹਾਂ ਦੀ ਸਮਾਜ ਵਿਚ ਨੱਕ ਹੀ ਵੱਢੀ ਗਈ ਹੋਵੇ। ਇਸੇ ਤਰ੍ਹਾਂ ਹੀ ਜਦੋਂ ਕੋਈ ਮੁੰਡਾ ਅਲੱਗ ਹੁੰਦਾ ਹੈ, ਉਦੋਂ ਵੀ ਉਨ੍ਹਾਂ ਦੀ ਨੱਕ ਵੱਢੀ ਜਾਂਦੀ ਹੈ। ਪੱਛਮ ਵਿਚ ਸੋਲਾਂ ਸਾਲ ਦੇ ਮੁੰਡੇ ਜਾਂ ਕੁੜੀ ਨੂੰ ਮਾਪੇ ਖੁਦ ਹੀ ਅਲੱਗ ਕਰ ਦਿੰਦੇ ਹਨ। ਆਪੇ ਕਮਾਓ ਅਤੇ ਆਪੇ ਹੀ ਖਾਓ।

ਭਾਰਤ ਵਿਚ ਬੰਦਾ ਕਈ ਕਈ ਪੀੜ੍ਹੀਆਂ ਤੱਕ ਦੀ ਮਾਲੀ ਸੁਰਖਿਆ ਲਈ ਸੋਚਦਾ ਰਹਿੰਦਾ ਹੈ। ਅਜਿਹਾ ਕਰਦੇ ਹੋਏ ਆਪਣੀ ਪੀੜ੍ਹੀ ਨੂੰ ਬਰਬਾਦ ਕਰ ਦਿੰਦਾ ਹੈ। ਨਾ ਆਪ ਸੁੱਖ ਲੈਂਦਾ ਹੈ, ਨਾ ਨਾਲ ਦਿਆਂ ਨੂੰ ਲੈਣ ਦਿੰਦਾ ਹੈ। ਅਗਲੀਆਂ ਪੀੜ੍ਹੀਆਂ ਅਤੇ ਅਗਲਾ ਜਨਮ! ਇਹ ਦੋ ਹੀ ਗੱਲਾਂ ਹਨ ਜਿਨ੍ਹਾਂ ਉਤੇ ਸਭ ਤੋਂ ਵੱਧ ਧਿਆਨ ਹੁੰਦਾ ਹੈ। ਅਜਿਹਾ ਕਰਦੇ ਹੋਏ ਉਸ ਦਾ ਅੱਜ ਵੀ ਆਪਣਾ ਨਹੀਂ ਰਹਿੰਦਾ। ਜਦੋਂ ਬੰਦੇ ਦਾ ਸਾਰਾ ਧਿਆਨ ਕੱਲ੍ਹ ਵੱਲ ਨੂੰ ਹੈ, ਉਦੋਂ ਉਸ ਨੂੰ ਅੱਜ ਦੀਆਂ ਬਹੁਤ ਸਾਰੀਆਂ ਖਾਹਸ਼ਾਂ ਨੂੰ ਦਬਾਉਣਾ ਪੈਂਦਾ ਹੈ। ਖਾਣ, ਪੀਣ ਅਤੇ ਪਹਿਨਣ ਤੋਂ ਬਾਅਦ ਭੋਗਣ ਦੀ ਖਾਹਸ਼ ਸਭ ਤੋਂ ਪਰਬਲ ਹੁੰਦੀ ਹੈ। ਇਹੀ ਉਹ ਖਾਹਸ਼ ਹੈ ਜਿਸ ਨੂੰ ਮਨੁੱਖ ਵਲੋਂ ਸਭ ਤੋਂ ਵੱਧ ਦਬਾਇਆ ਜਾਂਦਾ ਹੈ। ਇਹੀ ਉਹ ਭੂਤ ਹੈ ਜਿਹੜਾ ਮਾਨਸਕ ਰੋਗੀਆਂ ਦੇ ਸਿਰ ਨੂੰ ਚੜ੍ਹਦਾ ਹੈ। ਇਹੀ ਉਹ ਭੂਤਨੀ ਹੈ ਜਿਹੜੀ ਸਿਰ ਮਾਰਨ ਵਾਲੀਆਂ ਔਰਤਾਂ ਨੂੰ ਤੰਗ ਕਰਦੀ ਹੈ। ਸਾਡੇ ਸਮਾਜ ਵਿਚ ਮਰਦਾਂ ਨਾਲੋਂ ਔਰਤਾਂ ਉਤੇ ਸੈਕਸ ਦੇ ਪ੍ਰਗਟਾਵੇ ਬਾਰੇ ਵਧੇਰੇ ਬੰਦਸ਼ਾਂ ਹਨ। ਜਿਹੜੀ ਔਰਤ ਇਸ ਮਾਮਲੇ ਵਿਚ ਆਪਣੀ ਗੱਲ ਕਹਿਣ ਦੀ ਹਿੰਮਤ ਕਰ ਬੈਠੇ ਉਸ ਨੂੰ ਬਦਕਾਰ ਕਹਿ ਦਿੱਤਾ ਜਾਂਦਾ ਹੈ। ਇਸ ਕਾਰਨ ਉਹ ਆਪਣੀਆਂ ਭਾਵਨਾਵਾਂ ਨੂੰ ਲੁਕੋ ਕੇ ਹੀ ਰੱਖਦੀਆਂ ਹਨ।

ਵਡਭਾਗ ਸਿੰਘ ਦੇ ਡੇਰੇ ਜਾਂ ਭੂਤ ਲਾਹੁਣ ਵਾਲੀਆਂ ਹੋਰ ਥਾਂਵਾਂ ਉਤੇ ਜਾ ਕੇ ਜਦੋਂ ਔਰਤਾਂ ਖੇਡਦੀਆਂ ਹਨ ਤਾਂ ਅਸਲ ਵਿਚ ਆਪਣੀਆਂ ਦਬਾਈਆਂ ਹੋਈਆਂ ਭਾਵਨਾਵਾਂ ਦੀ ਭਾਫ ਹੀ ਕੱਢ ਰਹੀਆਂ ਹੁੰਦੀਆਂ ਹਨ। ਜੇ ਇਹ ਭਾਫ ਨਾ ਨਿਕਲੇ ਤਾਂ ਉਨ੍ਹਾਂ ਨੂੰ ਪਤਾ ਨਹੀਂ ਹੋਰ ਕਿਹੜੀਆਂ ਕਿਹੜੀਆਂ ਬਿਮਾਰੀਆਂ ਲੱਗ ਜਾਣ। ਜਿਹੜੀ ਗੱਲ ਵਡਭਾਗ ਸਿੰਘ ਦੇ ਡੇਰੇ ਵਿਚ ਬਿਨਾ ਕਿਸੇ ਦਲੀਲ ਦੇ ਜਾਂ ਸਿਰਫ ਅੰਧ ਵਿਸ਼ਵਾਸ ਦੇ ਆਧਾਰ ਉਤੇ ਹੀ ਕੀਤੀ ਜਾਂਦੀ ਹੈ, ਉਹੀ ਫਰਾਇਡ ਵਲੋਂ ਸਿਧਾਂਤ ਰੂਪ ਵਿਚ ਸਾਬਤ ਕਰਕੇ ਕਹੀ ਗਈ ਹੈ। ਉਹ ਇਨ੍ਹਾਂ ਕੁੰਠਤ ਭਾਵਨਾਵਾਂ ਨੂੰ ਬਾਹਰ ਕੱਢਣ ਲਈ ਸੰਮੋਹਨ ਤੋਂ ਕੰਮ ਲੈਂਦਾ ਸੀ। ਸੰਮੋਹਨ ਜਾਂ ਹਿਪਨੋਟਾਈਜ਼ ਕਰ ਕੇ ਮਰੀਜ਼ ਤੋਂ ਉਸ ਦੇ ਅੰਦਰਲੀਆਂ ਗੱਲਾਂ ਕਹਾਈਆਂ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਮੁਸੀਬਤ ਦੀ ਅਸਲੀ ਜੜ੍ਹ ਲੱਭੀ ਜਾਂਦੀ ਹੈ। ਸੰਨ 1900 ਵਿਚ ਲਿਖੀ ਆਪਣੀ ਕਿਤਾਬ 'ਸੁਪਨਿਆਂ ਦੀ ਵਿਆਖਿਆ' ਵਿਚ ਉਹ ਸਭ ਤਰ੍ਹਾਂ ਦੇ ਸੁਪਨਿਆਂ ਬਾਰੇ ਲਿਖਦਾ ਹੈ। ਮੈਂ ਇਹ ਕਿਤਾਬ ਨਹੀਂ ਪੜ੍ਹੀ। ਸਿਰਫ ਇਸ ਕਿਤਾਬ ਉਤੇ ਆਧਾਰਤ ਕੁਝ ਲੇਖ ਪੜ੍ਹੇ ਹਨ। ਇਨ੍ਹਾਂ ਮੁਤਾਬਕ ਮਨੁੱਖ ਦੇ ਸੁਪਨੇ ਵੀ ਉਸ ਦੀਆਂ ਲਿੰਗਕ ਭਾਵਨਾਵਾਂ ਦਾ ਹੀ ਪ੍ਰਗਟਾਵਾ ਹੁੰਦੇ ਹਨ।

ਜਦੋਂ ਮੌਤ ਰਾਤ ਨੂੰ ਸੁਪਨਿਆਂ ਵਿਚ 'ਵਾਜ਼ਾਂ ਮਾਰੇ ਉਦੋਂ ਇਸ ਦੀ ਵਿਆਖਿਆ ਮੇਰੇ ਤਾਂ ਵੱਸ ਦੀ ਨਹੀਂ। ਵੈਸੇ ਮੇਰਾ ਅਜੇ ਮਰਨ ਦਾ ਕੋਈ ਇਰਾਦਾ ਨਹੀਂ। ਅਜੇ ਬਹੁਤ ਸਾਰੇ ਕੰਮ ਕਰਨੇ ਹਨ। ਇਸ ਬਾਰੇ ਤਾਂ ਮੈਂ ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ 'ਠਹਿਰ ਨੀ ਮੌਤੇ ਕਾਹਲੀਏ ਮੈਂ ਅਜੇ ਨਾ ਵਿਹਲੀ' ਦਾ ਧਾਰਨੀ ਹਾਂ। ਫਿਰ ਵੀ ਜੇ ਕੋਈ ਮਨੋ ਵਿਗਿਆਨੀ ਸੁਪਨੇ ਦੀ ਵਿਆਖਿਆ ਕਰਦੇ ਹੋਏ ਇਸ ਉਮਰ ਵਿਚ ਸੈਕਸ ਪੱਖੋਂ ਕੁੰਠਤ ਹੋਣ ਦੀ ਗੱਲ ਕਰੇ ਤਾਂ ਮੁਰਾਰੀ ਕੀ ਕਰੇ? ਉਹ ਇਸ ਨੂੰ ਕੋਰੀ ਕਲਪਨਾ ਜਾਂ ਝੂਠ ਹੀ ਕਹਿ ਸਕਦਾ ਹੈ। ਬਾਲ ਬੱਚੇਦਾਰ ਹੈ ਬੇਚਾਰਾ!

# ਜੇਹਾ ਚੀਰੀ ਲਿਖਿਐ...

## ਜੱਗ ਬੀਤੀ

"ਨੀ ਚਾਚੀ, ਕਹਿੰਦੇ ਢੋਲੇ ਕੀ ਬਹੂ ਮਰ'ਗੀ। ਤੈਨੂੰ ਪਤਾ ਐ?" ਗੁਆਂਢਣ ਨੇ ਜਦੋਂ ਕੰਧ ਤੋਂ ਦੀ ਸਿਰ ਕੱਢ ਕੇ ਕਿਹਾ, ਮੈਂ ਤਾਂ ਜਿਵੇਂ ਥਾਂਏਂ ਖੜ੍ਹੀ ਸੁੰਨ ਹੋ ਗਈ। ਜਦੋਂ ਆਪਣੇ ਆਪ ਵਿਚ ਆਈ ਤਾਂ ਪੁਛਿਆ, "ਕੁੜੇ ਉਹਨੂੰ ਕੀ ਹੋਇਆ?"

"ਹੋਣਾ ਕੀ ਸੀ, ਬਸ ਜਿਵੇਂ ਲਿਖੀ ਹੋਵੇ। ਹਾਲੇ ਪਿਛਲੇ ਸੋਮਵਾਰ ਤਾਂ ਅਸੀਂ ਉਸ ਦਾ ਗੁਹਾਰਾ ਧਰਿਆ। ਕਹਿੰਦੀ, 9 ਗੇੜਾਂ ਤੋਂ ਘੱਟ ਨਹੀਂ ਧਰਨਾ। ਪਾਥੀਆਂ ਮੁੱਕ ਗਈਆਂ। ਗੁਆਂਢੀਆਂ ਦਿਓਂ ਲਿਆ ਕੇ ਮਸੀਂ ਗੁਹਾਰਾ ਪੂਰਾ ਕੀਤਾ। ਆਪ ਘਰੇ ਚਾਹ ਬਣਾਉਣ ਚਲੀ ਗਈ।"

"ਓ ਹੋ! ਇਹ ਤਾਂ ਬੜਾ ਮਾੜਾ ਹੋਇਆ।" ਮੈਂ ਜਦੋਂ ਆਪਣੇ ਆਪ ਵਿਚ ਆਈ, ਝਿਊਰਾਂ ਦੀ



**ਸੁਕੰਨਿਆ ਭਾਰਦਵਾਜ ਨਾਭਾ**
**ਫੋਨ: 815-307-3112**

ਬਹੂ ਜਾ ਚੁਕੀ ਸੀ। ਅਸੀਂ ਸਾਰਾ ਕੁਝ ਉਵੇਂ ਹੀ ਛੱਡ ਕੇ ਉਨ੍ਹਾਂ ਦੇ ਘਰ ਪਹੁੰਚੇ ਪਰ ਸੱਚ ਹਾਲੇ ਵੀ ਨਹੀਂ ਆ ਰਿਹਾ ਸੀ ਕਿ ਇਹ ਭਾਣਾ ਵਰਤ ਚੁਕਾ ਹੈ। ਘਰੇ ਜਾਂਦਿਆਂ ਨੂੰ ਧੂੰਆਂ ਸੱਥਰ ਪਿਆ ਹੋਇਆ ਸੀ। ਲਾਸ਼ ਹਾਲੇ ਪਟਿਆਲੇ ਦੇ ਕਿਸੇ ਹਸਪਤਾਲੋਂ ਲਿਆਉਣੀ ਸੀ।

ਮੈਂ ਪੁਛਿਆ, ਹੋਇਆ ਕੀ? ਬਿਮਾਰ ਵੀ ਨਹੀਂ ਸੀ ਸੁਣੀ, ਤਾਂ ਸੱਥਰ 'ਤੇ ਬੈਠੇ ਪਰਿਵਾਰ ਦੇ ਜੀਆਂ ਤੇ ਹੋਰਾਂ ਨੇ ਆਪੋ ਆਪਣੇ ਢੰਗ ਨਾਲ ਦੱਸਣਾ ਸ਼ੁਰੂ ਕਰ ਦਿੱਤਾ ਕਿ ਇਹ ਤਾਂ ਡਾਕਟਰ ਨੇ ਹੀ ਭੇਤ ਨਾ ਦਿੱਤਾ। ਅਸੀਂ ਕਹਿੰਦੇ ਰਹੇ ਕਿ ਨਹੀਂ ਸਮਝ ਵਿਚ ਆਉਂਦਾ ਤਾਂ ਕਿਤੇ ਹੋਰ ਲੈ ਜਾਂਦੇ ਹਾਂ। ਜਦੋਂ ਐਨ ਪੁੱਗ ਗਈ ਤਾਂ ਪਟਿਆਲੇ ਭੇਜ ਦਿੱਤਾ। ਕੋਈ ਪਰਚਾ, ਕੋਈ ਰਾਹਦਾਰੀ ਨਹੀਂ।

ਅੱਗੋਂ ਪਟਿਆਲੇ ਵਾਲਾ ਡਾਕਟਰ ਹੱਥ ਨਾ ਪਾਵੇ ਕਿ ਐਮ.ਆਰ.ਆਈ. ਦਸ ਰਹੀ ਹੈ ਕਿ ਪਿਛਲੇ ਕਈ ਦਿਨਾਂ ਤੋਂ ਹਾਰਟ ਦਾ ਵਾਲਵ ਲੀਕ ਕਰ ਰਿਹਾ ਹੈ ਤੇ ਸਾਰਾ ਖੂਨ ਪੇਟ ਵਿਚ ਇਕੱਠਾ ਹੋ ਰਿਹਾ ਹੈ। ਇਹ ਤਾਂ ਹੁਣ ਕੁਝ ਹੀ ਸਮੇਂ ਦੀ ਪ੍ਰਾਹੁਣੀ ਹੈ। ਪਹਿਲਾਂ ਇਲਾਜ ਕਰ ਰਹੇ ਡਾਕਟਰ ਨੂੰ ਇਹਦੇ ਬਾਰੇ ਪਤਾ ਹੋਣਾ ਚਾਹੀਦਾ ਸੀ।

ਭਾਵੇਂ ਮਲਵੀਂ ਜੀਭ ਨਾਲ ਉਸ ਨੇ ਸੂਈ ਇਲਾਜ ਕਰ ਰਹੇ ਡਾਕਟਰ 'ਤੇ ਧਰ ਦਿੱਤੀ ਸੀ। ਇੰਨਾ ਸੁਣਦੇ ਹੀ 'ਇਹ ਤਾਂ ਭਾਣਾ ਹੈ', 'ਉਹਨੇ ਆਪਣਾ ਨਾਂ ਨਹੀਂ ਲੈਣਾ', 'ਆ ਲੱਗੀ ਨੂੰ ਕੋਈ ਨਹੀਂ ਮੋੜ ਸਕਦਾ', 'ਇੰਨਾ ਹੀ ਸਬੰਧ ਸੀ'- ਬਹੁਤ ਸਾਰੀਆਂ ਆਵਾਜ਼ਾਂ ਆਉਣ ਲੱਗੀਆਂ। ਬੈਠਿਆਂ ਬੈਠਿਆਂ ਹੀ ਬਿਨਾ ਕਿਸੇ ਦੀ ਜਿੰਮੇਵਾਰੀ ਮਿਥਿਆਂ ਇਸ ਲਾਲਚੀ ਗਲਤੀ ਨੂੰ ਲੋਕਾਂ ਕੁਝ ਹੱਦ ਤੱਕ ਮੁਆਫ ਕਰ ਦਿੱਤਾ ਸੀ।

ਉਂਜ ਦੇਖਿਆ ਜਾਵੇ ਤਾਂ ਅਜਿਹੇ ਮੌਕੇ ਇਸ ਕਿਸਮ ਦੀ ਖੁਸ਼ਫਹਿਮੀ ਬੰਦੇ ਨੂੰ ਢਾਰਸ ਵੱਧ ਦਿੰਦੀ ਹੈ ਤੇ ਕੁਰੇਦਦੀ ਘੱਟ ਹੈ। ਮਹਿਸੂਸ ਸਿਰਫ ਉਹੋ ਹੀ ਕਰ ਸਕਦਾ ਹੈ ਜਿਸ ਨੇ ਆਪਣਾ ਪਿਆਰਾ ਅਜਿਹੇ ਗਲਤ ਵਰਤਾਰੇ ਦੀ ਭੇਟਾ ਕੀਤਾ ਹੋਵੇ।

ਦੱਸਣ ਵਾਲੇ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਸੋਮਵਾਰ ਦੀ ਰਾਤ ਹੀ ਜਦੋਂ ਉਹਨੂੰ ਖੂਨ ਦੀ ਉਲਟੀ ਆਈ ਤਾਂ ਡਾਕਟਰ ਕੋਲ ਲੈ ਗਏ। ਉਹਨੇ ਦਵਾਈਆਂ ਦੇ ਕੇ ਘਰ ਨੂੰ ਮੋੜ ਦਿੱਤਾ ਕਿ ਕੋਈ ਖਾਸ ਗੱਲ ਨਹੀਂ, ਕਈ ਵਾਰੀ ਹੋ ਜਾਂਦਾ ਹੈ। ਡਾਕਟਰ ਨੂੰ ਪਤਾ ਸੀ ਕਿ ਉਸ ਦੇ ਦਿਲ ਵਿਚ ਬਚਪਨ ਤੋਂ ਸੁਰਾਖ ਸੀ ਜਿਸ ਦਾ ਭਾਵੇਂ ਚੰਡੀਗੜ੍ਹ ਪੀ.ਜੀ.ਆਈ. ਤੋਂ ਆਪ੍ਰੇਸ਼ਨ ਹੋਏ ਨੂੰ 10 ਸਾਲ ਹੋ ਗਏ ਸਨ ਤੇ ਹੁਣ ਠੀਕ ਵੀ ਸੀ। ਮਾੜੀ ਮੋਟੀ ਤਕਲੀਫ ਹੁੰਦੀ ਤਾਂ ਦਵਾਈ ਇਸੇ ਡਾਕਟਰ ਤੋਂ ਲੈ ਲੈਂਦੇ। 'ਕੱਲਾ ਕਹਿਰਾ ਹੋਣ ਤੇ ਵੱਡੇ ਮੁੰਡੇ ਨੂੰ ਨਸ਼ੇ ਦੀ ਲਤ ਲੱਗ ਜਾਣ ਕਾਰਨ ਉਸ ਨੇ ਵੀ ਇਸ ਘਰ ਨੇੜਲੇ ਡਾਕਟਰ ਨੂੰ ਹੀ ਪੀ.ਜੀ.ਆਈ. ਬਣਾ ਲਿਆ ਕਿਉਂਕਿ ਡਾਕਟਰ ਨੇ ਉਹੋ ਇਲਾਜ ਦੇਣ ਦਾ ਭਰੋਸਾ ਦਿੱਤਾ ਸੀ।

ਦੂਜੇ ਦਿਨ ਫਿਰ ਜਦੋਂ ਖੂਨ ਦੀ ਉਲਟੀ ਆ ਗਈ ਤਾਂ ਡਾਕਟਰ ਨੇ ਦਾਖਲ ਕਰ ਕੇ ਗੁਲੂਕੋਜ਼ ਲਾ ਦਿੱਤਾ। ਉਲਟੀ ਦੇ ਉਸੇ ਤਰ੍ਹਾਂ ਚਲਦੇ ਤੇ ਐਮ.ਆਰ. ਆਈ. ਵਿਚ ਦਿਲ ਵਿਚੋਂ ਖੂਨ ਦੀ ਲੀਕੇਜ ਰਿਪੋਰਟ ਆਉਣ ਦੇ ਬਾਵਜੂਦ ਉਸ ਨੇ 4 ਦਿਨ ਤਕ ਆਪਣੇ ਕੋਲ ਹੀ ਦਾਖਲ ਰੱਖਿਆ। ਵਾਰਸਾਂ ਨੂੰ 'ਸਭ ਅੱਛਾ ਹੈ' ਦਾ ਪ੍ਰਭਾਵ ਦਿੰਦਾ ਰਿਹਾ।

ਫਿਰ ਉਸੇ ਤਰ੍ਹਾਂ ਦੀਆਂ ਆਵਾਜ਼ਾਂ ਆਈਆਂ, 'ਓਏ ਹੋਣੀ ਨੂੰ ਇਹੋ ਮਨਜ਼ੂਰ ਸੀ, ਹੁਣ ਕਿੰਨਾ ਮਰਜੀ ਕਲਪੀ ਜਾਓ।' 'ਜੇ' ਹੱਥ ਨਹੀਂ ਆਉਂਦੀ। ਪਰ ਢੋਲਾ ਪੱਥਰ ਦੀ ਮੂਰਤ ਬਣਿਆ ਇੱਕ ਟੱਕ ਬਾਹਰ ਵੱਲ ਦੇਖੀ ਜਾ ਰਿਹਾ ਸੀ। ਉਸ ਦੀਆਂ ਨਜ਼ਰਾਂ ਘਰ ਦੇ ਮੁਖ ਗੇਟ 'ਤੇ ਸ਼ਾਇਦ ਕਿਸੇ ਦੀ ਉਡੀਕ ਵਿਚ ਸਨ। ਬੈਠਾ ਬੈਠਾ ਹੀ ਉਹ ਸੋਚ ਉਡਾਰੀ ਵਿਚ ਕਾਫੀ ਪਿੱਛੇ ਚਲਿਆ ਗਿਆ। ਘਰ ਵਿਚ ਏਡੀ ਜਹਿਮਤ ਹੋਣ ਦੇ ਬਾਵਜੂਦ ਦੋਹਾਂ ਜੀਆਂ ਨੇ ਮਿਹਨਤ ਨਾਲ ਕਬੀਲਦਾਰੀ ਨੂੰ ਰੋੜ੍ਹੇ ਪਾਇਆ ਹੋਇਆ ਸੀ। ਬੱਚੇ ਭਾਵੇਂ ਬਹੁਤਾ ਨਹੀਂ ਪੜ੍ਹੇ ਸਨ ਫਿਰ ਵੀ ਜੁਗਾੜ ਲਾ ਕੇ ਬੇਟੀ ਨੂੰ ਕੈਨੇਡਾ ਤੇ ਬੇਟੇ ਨੂੰ ਆਸਟ੍ਰੇਲੀਆ ਭੇਜ ਦਿੱਤਾ ਸੀ। ਸਾਥਣ ਦੇ ਨਾਲ ਜ਼ਿੰਦਗੀ ਕਿੰਨੀ ਸੌਖੀ ਸੀ। ਬਿਨਾ ਕਿਸੇ ਨੂੰ ਦੱਸਿਆਂ ਬੇਟੇ ਦੀ ਆਈਲੈਟਸ ਵਾਲੀ ਕੁੜੀ ਨਾਲ ਕੋਰਟ ਮੈਰਿਜ ਕਰ ਕੇ ਕੱਢ ਦਿੱਤਾ ਸੀ ਤੇ ਬੇਟੀ ਦੀ ਵੀ ਰਿਸ਼ਤੇਦਾਰੀ ਵਿਚੋਂ ਪੈਂਦੇ ਐਮ.ਬੀ.ਏ. ਲੜਕੇ ਨਾਲ ਹਾਂ ਕਰ ਕੇ ਕਬੀਲਦਾਰੀ ਨੂੰ ਥੋੜਾ ਸੁਖਾਲਾ ਕਰ ਲਿਆ ਸੀ। ਬੱਚੇ ਉਥੇ ਕਾਫੀ ਮਿਹਨਤ ਕਰ ਰਹੇ ਸਨ, ਉਸ ਨੂੰ ਤਸੱਲੀ ਸੀ ਕਿ ਇੱਕ ਦਿਨ ਆਪਣੇ ਜੋਗਾ ਜਰੂਰ ਕਮਾ ਲੈਣਗੇ।

ਪਿਛੇ ਇੱਕ ਹੋਰ ਬੇਟਾ ਸੀ ਕਾਲਾ, ਵੱਡੇ ਤੋਂ ਛੋਟਾ। ਉਹ ਪੜ੍ਹਿਆ ਵੀ ਘੱਟ ਸੀ ਜਿਸ ਨੂੰ ਉਹ ਅਰਬ ਦੇਸ਼ਾਂ ਵੱਲ ਕੱਢਣ ਦੀ ਫਿਰਾਕ ਵਿਚ ਸੀ। ਪਿੰਡ ਦੀ ਸੋਹਬਤ ਬਹੁਤੀ ਚੰਗੀ ਨਹੀਂ ਸੀ। ਚੰਗੇ ਚੰਗੇ ਘਰਾਂ ਦੇ ਬੱਚੇ ਸਮੈਕ ਦੇ ਆਦੀ ਹੋ ਗਏ ਸਨ। ਉਸ ਦੇ ਦੋਵੇਂ ਭਰਾ ਤੇ ਕਈ ਰਿਸ਼ਤੇਦਾਰ ਬਾਹਰਲੇ ਦੇਸ਼ਾਂ ਵਿਚ ਵਸ ਗਏ ਸਨ। ਪਰ ਉਸ ਦੀ ਕਿਸੇ ਨੇ ਸਾਰ ਨਹੀਂ ਸੀ ਲਈ। ਉਸ ਦੀ ਵੀ ਤਾਂਘ ਸੀ ਕਿ ਉਸ ਦੇ ਵੀ ਬੱਚੇ ਬਾਹਰਲੇ ਦੇਸ਼ਾਂ ਵਿਚ ਜਾਣ। ਉਹਦੀ ਮਾਲਕ ਨੇ ਨੇੜਿਓਂ ਹੋ ਕੇ ਸੁਣ ਲਈ। ਆਪ ਅਨਪੜ੍ਹ ਹੋਣ ਦੇ ਬਾਵਜੂਦ ਉਸ ਨੇ ਸੰਜਮ ਨਾਲ ਪਰਿਵਾਰ ਨੂੰ ਚੰਗਾ ਤੋਰਿਆ।

ਇਹ ਸੋਚਾਂ ਸੋਚਦਾ ਉਹ ਕਿਤੇ ਦੀ ਕਿਤੇ ਪਹੁੰਚ ਗਿਆ। ਚੇਤੇ ਆਇਆ, ਕਿਵੇਂ ਮੀਤੋ ਨਵੀਂ ਨਵੇਲੀ ਵਿਆਹ ਕੇ ਉਸ ਦੇ ਘਰ ਆਈ ਸੀ। ਲੰਬੀ ਲੰਝੀ, ਕਣਕ ਵੰਨਾ ਰੰਗ, ਛਮ ਛਮ ਕਰਦੀ ਸੀ ਵਿਹੜੇ ਵਿਚ। ਇੱਕ ਨਸ਼ਾ ਜਿਹਾ ਉਹਦੇ ਉਤੇ ਛਾਇਆ ਰਹਿੰਦਾ ਤੇ ਇੰਨਾ ਕੰਮ ਕਰਦਾ ਕਿ ਢੀਮਾਂ ਦੀਆਂ ਢੀਮਾਂ ਵਾਹ ਛੱਡਦਾ, ਕਦੇ ਨਾ ਥੱਕਦਾ। ਸ਼ਾਮੀਂ ਜਦੋਂ ਟਰੈਕਟਰ ਲੈ ਕੇ ਘਰ ਮੁੜਦਾ ਤਾਂ ਗੁਸਲਖਾਨੇ 'ਚ ਗਰਮ ਪਾਣੀ, ਕੱਪੜੇ, ਸਾਬਣ-ਤੇਲ ਤੇ ਤੌਲੀਆ ਰੱਖਿਆ ਮਿਲਦਾ। ਰੋਟੀ ਖਾਂਦਿਆਂ ਥੋੜਾ ਟੀ.ਵੀ. ਦੇਖਣ ਪਿਛੋਂ ਕਮਰੇ 'ਚ ਸੌਣ ਚਲੇ ਜਾਂਦਾ। ਸਿਆਲ ਦੀਆਂ ਲੰਮੀਆਂ ਰਾਤਾਂ ਵੀ ਛੋਟੀਆਂ ਪੈ ਜਾਂਦੀਆਂ ਗੱਲਾਂ ਕਰਦਿਆਂ, ਭਵਿਖ ਦੇ ਸੁਪਨੇ ਸੰਜੋਦਿਆਂ। ਬੱਚੇ ਹੋ ਗਏ ਤਾਂ ਉਨ੍ਹਾਂ ਦੇ ਆਹਰੇ ਲੱਗ ਗਏ। ਪਤਾ ਹੀ ਨਾ ਲੱਗਾ, ਜ਼ਿੰਦਗੀ ਦੇ 30 ਸਾਲ ਕਿਵੇਂ ਲੰਘ ਗਏ। ਪਰ ਆਹ 'ਰੱਬ ਦੇ ਰੂਪ' ਨੇ ਚੰਦ ਛਿਲੜਾਂ ਲਈ ਉਹਦੀ ਵਸਦੀ ਦੁਨੀਆਂ ਉਜਾੜ ਦਿੱਤੀ। ਹੁਣ ਕਬੀਲਦਾਰੀ ਦੀ ਪੰਜਾਲੀ ਨੂੰ ਕਿਵੇਂ ਬੰਨੇ ਲਾਊ, ਉਹਦੇ ਬਿਨਾ? ਖੇਤੀ ਦੇ ਨਾਲ ਹੁਣ ਚੁੱਲ੍ਹਾ ਤਪਾਉਣ ਦਾ ਕੰਮ ਵੀ ਉਹਦੇ ਗਲ ਪੈ ਗਿਆ। ਓ ਡਾਢਿਆ ਕਿਥੇ ਲਿਆ ਸੁੱਟਿਆ ਮੈਨੂੰ?

"ਆ ਲੈ ਕੁੜੀ ਨਾਲ ਗੱਲ ਕਰ।" ਜਦੋਂ ਘਰਾਂ ਵਿਚੋਂ ਲਗਦੀ ਤਾਈ ਨੇ ਮੋਢੇ ਤੋਂ ਝੰਜੋੜ ਕੇ ਉਸ ਦੇ ਖਿਆਲਾਂ ਦੀ ਲੜੀ ਤੋੜੀ। ਕੈਨੇਡਾ ਪੜ੍ਹਦੀ ਇਕਲੌਤੀ ਧੀ ਮਾਣੋ ਦਾ ਕਈ ਵਾਰੀ ਫੋਨ ਆ ਚੁਕਾ ਸੀ, ਕੋਈ ਵੀ ਉਸ ਨੂੰ ਮਾਂ ਦੀ ਇਸ ਹੋਣੀ ਬਾਰੇ ਨਹੀਂ ਦੱਸ ਰਿਹਾ ਸੀ। ਤਾਈ ਨੇ ਹੀ ਹੌਂਸਲਾ ਕਰ ਕੇ ਧੀ ਨਾਲ ਗੱਲ ਕਰਨ ਲਈ ਉਹਦਾ ਮੋਢਾ ਆ ਹਲੂਣਿਆ ਸੀ। ਜਿਉਂ ਹੀ ਮਾਣੋ ਨੇ "ਡੈਡੀ ਮੇਰੀ ਮੰਮੀ" ਕਿਹਾ ਉਸ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਸਾਰਾ ਦਰਦ ਨਦੀ ਬਣ ਕੇ ਅੱਖਾਂ ਰਾਹੀਂ ਵਹਿ ਤੁਰਿਆ। ਉਸ ਦੀ ਘਿੱਗੀ ਬੱਝ ਗਈ। "ਪੁੱਤ ਮੈਂ ਤੁਹਾਡਾ ਦੇਣਦਾਰ ਹਾਂ, ਦੂਜੇ ਰੱਬ (ਡਾਕਟਰ) ਦੇ ਭਰੋਸਿਆਂ ਨੇ ਮੇਰੀ ਵਾਹ ਨਹੀਂ ਜਾਣ ਦਿੱਤੀ। ਜੇ ਚੰਡੀਗੜ੍ਹ ਲੈ ਜਾਂਦਾ, ਖਬਰੇ ਬਚਾ ਹੋ ਜਾਂਦਾ। ਕਾਸ਼ ਇਹ 'ਜੇ' ਕਦੇ ਹੱਥ ਆ ਜਾਂਦੀ।"

ਪਹਿਲਾਂ ਧੀ ਨੂੰ ਤੇ ਦੂਜਾ ਆਪਣੇ ਆਪ ਨੂੰ ਕਹਿ ਕੇ ਉਹ ਡੌਰ ਭੌਰ ਜਿਹਾ ਜੀਵਨ ਸਾਥਣ ਦੀਆਂ ਅੰਤਿਮ ਰਸਮਾਂ ਨਿਪਟਾਉਣ ਵਿਚ ਲੱਗ ਗਿਆ। ਦੂਰੋਂ ਗੁਰੂ ਘਰ ਵਿਚੋਂ ਮਹਾਂਵਾਕ 'ਜੇਹਾ ਚੀਰੀ ਲਿਖਿਐ, ਤੇਹਾ ਹੁਕਮ ਕਮਾਏ' ਦੀ ਆਉਂਦੀ ਵੈਰਾਗਮਈ ਆਵਾਜ਼ ਹੌਲੀ ਹੌਲੀ ਮੱਧਮ ਹੁੰਦੀ ਜਾ ਰਹੀ ਸੀ।

# ਆਜ਼ਾਦੀ, ਇਸਤਰੀ ਦੀ ਆਜ਼ਾਦੀ ਅਤੇ ਭਾਰਤ

ਅਗਸਤ ਦਾ ਮਹੀਨਾ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੇ ਜਸ਼ਨਾਂ ਦਾ ਮਹੀਨਾ ਹੈ। 11 ਅਗਸਤ 1947 ਨੂੰ ਬਲੋਚਿਸਤਾਨ ਨੂੰ ਬਰਤਾਨਵੀ ਬਸਤੀਵਾਦ ਤੋਂ ਮੁਕਤੀ ਮਿਲੀ (ਇਹ ਵੱਖਰੀ ਗੱਲ ਹੈ ਕਿ ਕਸ਼ਮੀਰ ਦੀ ਤਰ੍ਹਾਂ ਹੀ ਪਾਕਿਸਤਾਨੀ ਫੌਜ ਨੇ ਮਹਿਜ ਅੱਠ-ਨੌਂ ਮਹੀਨੇ ਬਾਅਦ ਹੀ ਧਾਵਾ ਬੋਲ ਕੇ ਬਲੋਚਿਸਤਾਨ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਬਲੋਚਿਸਤਾਨ ਬਰਤਾਨਵੀ ਬਸਤੀਵਾਦੀਆਂ ਦੀ ਗੁਲਾਮੀ ਵਿਚੋਂ ਨਿਕਲ ਕੇ ਆਪਣੇ ਹਮ-ਮਜ਼ਹਬ ਗੁਆਂਢੀ ਦਾ ਗੁਲਾਮ ਹੋ ਗਿਆ)। 14 ਅਗਸਤ ਨੂੰ ਭਾਰਤ ਦੇ ਦੋ ਟੋਟੇ ਕਰਕੇ ਨਵਾਂ ਮੁਲਕ ਪਾਕਿਸਤਾਨ ਬਣਾ ਦਿੱਤਾ ਗਿਆ



ਡਾ. ਗੁਰਨਾਮ ਕੌਰ ਪਟਿਆਲਾ

ਅਤੇ 14 ਅਗਸਤ ਪਾਕਿਸਤਾਨ ਦੇ ਆਜ਼ਾਦੀ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ।

ਅਸਲ ਵਿਚ ਦੋ ਟੋਟੇ ਪੰਜਾਬ ਅਤੇ ਬੰਗਾਲ ਦੇ ਹੋਏ ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਸਭ ਤੋਂ ਵੱਧ ਹਿੱਸਾ ਪਾਇਆ। ਪੰਜਾਬੀਆਂ ਦਾ ਯੋਗਦਾਨ ਬੰਗਾਲੀਆਂ ਤੋਂ ਵੀ ਵੱਧ ਸੀ ਅਤੇ ਇਸ ਆਜ਼ਾਦੀ ਬਦਲੇ ਨੁਕਸਾਨ ਵੀ ਸਭ ਤੋਂ ਵੱਧ ਉਨ੍ਹਾਂ ਦਾ ਹੀ ਹੋਇਆ। ਪੰਜਾਬ ਦੇ ਇੱਕ ਕਰੋੜ ਤੋਂ ਵੱਧ ਲੋਕ ਦਰ-ਬਦਰ ਹੋਏ ਜਿਨ੍ਹਾਂ ਨੂੰ ਆਪਣੇ ਵੱਸਦੇ-ਰਸਦੇ ਘਰ, ਜ਼ਮੀਨ-ਜਾਇਦਾਦ ਛੱਡ ਕੇ ਉਜੜਨਾ ਪਿਆ। ਲੱਖਾਂ ਲੋਕ ਮਾਰੇ ਗਏ, ਔਰਤਾਂ ਦੀ ਬੇਹੁਰਮਤੀ ਹੋਈ-ਔਰਤ ਭਾਵੇਂ ਮੁਸਲਮਾਨ ਸੀ, ਹਿੰਦੂ ਸੀ ਜਾਂ ਸਿੱਖ। ਕੀ ਇਹ ਆਜ਼ਾਦੀ ਆਜ਼ਾਦੀ ਹੈ, ਖਾਸ ਕਰਕੇ ਔਰਤ ਵਾਸਤੇ? ਕੀ ਉਹ ਵੀ ਮਰਦ ਦੀ ਤਰ੍ਹਾਂ ਹੀ ਘਰੋਂ ਬਾਹਰ ਵਿਚਰ ਸਕਣ ਲਈ ਆਜ਼ਾਦ ਅਤੇ ਸੁਰੱਖਿਅਤ ਹੈ?

ਆਜ਼ਾਦੀ ਦਾ ਮਕਸਦ ਮਹਿਜ਼ ਕਿਸੇ ਦੂਸਰੇ ਮੁਲਕ ਜਾਂ ਰਾਜ ਤੋਂ ਆਜ਼ਾਦ ਹੋ ਜਾਣਾ ਹੀ ਨਹੀਂ ਹੁੰਦਾ, ਆਜ਼ਾਦੀ ਦਾ ਅਰਥ ਹੈ-ਮਨੁੱਖ ਦੀ ਪੂਰਨ ਸੁਰੱਖਿਆ ਤੇ ਆਜ਼ਾਦੀ ਅਤੇ ਹਰ ਤਰ੍ਹਾਂ ਦੀ ਗੁਲਾਮੀ ਤੋਂ ਛੁਟਕਾਰਾ, ਮਨੁੱਖ ਦਾ ਇੱਜਤ ਅਤੇ ਸਵੈਮਾਣ ਵਾਲੀ ਜ਼ਿੰਦਗੀ ਜਿਉਂ ਸਕਣਾ।

ਵਿਦਵਾਨਾਂ, ਖਾਸ ਕਰ ਦਾਰਸ਼ਨਿਕਾਂ ਨੇ ਮਨੁੱਖੀ ਆਜ਼ਾਦੀ ਦੀ ਵਿਆਖਿਆ ਸਮੁੱਚ ਵਿਚ ਕਰਦਿਆਂ ਇਸ ਨੂੰ ਸਮਾਜਿਕ ਸੰਕਲਪ ਕਿਹਾ ਹੈ ਜੋ ਵਿਅਕਤੀਆਂ ਦੇ ਗੌਰਵ, ਉਨ੍ਹਾਂ ਦੇ ਸਵੈਮਾਣ ਨੂੰ ਪਛਾਣਦਾ ਹੈ ਤੇ ਜਬਰਨ ਅਧੀਨਤਾ ਜਾਂ ਲਾਚਾਰੀ ਬਿਲਕੁਲ ਗੈਰਹਾਜ਼ਰ ਹੁੰਦੀ ਹੈ। ਗੁਰੂ ਨਾਨਕ ਸਾਹਿਬ ਨੇ ਫਰਮਾਇਆ ਹੈ, 'ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥'

ਆਜ਼ਾਦੀ ਮਨੁੱਖ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਮਨੁੱਖੀ ਆਜ਼ਾਦੀ ਦਾ ਸੁਭਾਅ ਸਾਰੇ ਸਮਾਜਿਕ ਰੂਪਾਂ ਦੀ ਆਜ਼ਾਦੀ ਵੱਲ ਸੰਕੇਤਕ ਹੈ ਅਤੇ ਇਹ ਆਮ ਜੀਵਨ ਢੰਗ ਦੇ ਸਮਰੂਪ ਹੁੰਦੀ ਹੈ ਜੋ ਸਰਵ-ਵਿਆਪਕ ਤੌਰ 'ਤੇ ਪ੍ਰਵਾਨਤ ਹੁੰਦਾ ਹੈ। ਇਹ ਅਜਿਹੇ ਜੀਵਨ ਸਭਿਆਚਾਰ ਦੀ ਸੰਕੇਤਕ ਹੈ ਜੋ ਹਰ ਇੱਕ ਦੇ ਸਵੈਮਾਨ, ਗੌਰਵ ਨੂੰ ਬਹਾਲ ਕਰਦਾ ਹੈ। ਹਰ ਬੰਦੇ ਨੂੰ ਜਿਉਣ ਦਾ ਹੱਕ ਹੈ, ਇਸ ਤੋਂ ਕਿਸੇ ਨੂੰ ਵਾਂਝਾ ਨਹੀਂ ਕੀਤਾ ਜਾਣਾ ਚਾਹੀਦਾ। ਹੋਰਨਾਂ ਦੇ ਹੱਕਾਂ 'ਤੇ ਡਾਕਾ ਮਾਰਨ ਵਾਲਿਆਂ ਨੂੰ ਗੁਰੂ ਨਾਨਕ ਸਾਹਿਬ ਨੇ ਆਗਾਹ ਕੀਤਾ ਹੈ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥" ਇਹ ਹੱਕ ਜ਼ਿੰਮੇਵਾਰੀਆਂ ਵੀ ਨਾਲ ਹੀ ਲਿਆਉਂਦੇ ਹਨ। ਸੋ, ਹਰ ਇਕ ਨੂੰ ਆਪਣੇ ਹੱਕ ਬਹੁਤ ਹੀ ਧਿਆਨ ਨਾਲ ਵਰਤਣੇ ਚਾਹੀਦੇ ਹਨ ਤਾਂ ਕਿ ਉਹ ਕਿਸੇ ਹੋਰ ਦੇ ਹੱਕਾਂ ਦੀ ਉਲੰਘਣਾ ਨਾ ਕਰੇ। ਗੁਰੂ ਨਾਨਕ ਸਾਹਿਬ ਨੇ ਕਿਹਾ ਹੈ, "ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥" ਕਿਸੇ ਹੋਰ ਦੇ ਹੱਕ ਨੂੰ ਇਹ ਸਮਝ ਕੇ ਖੋਹ ਲੈਣਾ ਕਿ ਇਹ ਮੇਰਾ ਅਧਿਕਾਰ ਹੈ, ਅਨੈਤਿਕ ਹੈ, ਦੂਸਰੇ ਦੀ ਆਜ਼ਾਦੀ ਦੀ ਉਲੰਘਣਾ ਹੈ।

ਇਸ ਲਈ ਮਨੁੱਖੀ ਆਜ਼ਾਦੀ ਨੂੰ ਮੁਕੰਮਲ ਤੌਰ 'ਤੇ ਜੀਵਨ ਸਭਿਆਚਾਰ ਦੇ ਫਲਸਫੇ ਦੀ ਪ੍ਰਮਾਣਿਕ ਹੋਣਾ ਚਾਹੀਦਾ ਹੈ। ਅਜਿਹਾ ਸਭਿਆਚਾਰ, ਅਜਿਹੀ ਤਹਿਜ਼ੀਬ ਜੋ ਮਨੁੱਖੀ ਗੌਰਵ, ਮਨੁੱਖੀ ਸਵੈਮਾਣ ਵਿਚ ਵਾਧਾ ਕਰੇ, ਅਜਿਹਾ ਸਭਿਆਚਾਰ ਜੋ ਕਿਸੇ ਕਿਸਮ ਦੀ ਸਿਆਸੀ, ਸਮਾਜਿਕ ਜਾਂ ਆਰਥਿਕ ਦਖਲਅੰਦਾਜ਼ੀ ਤੋਂ ਮੁਕਤ ਹੈ, ਜੋ ਜਨਮ ਤੋਂ ਲੈ ਕੇ ਕੁਦਰਤੀ ਮੌਤ ਤੱਕ ਹਰ ਬੰਦੇ ਦੇ ਸਵੈਮਾਣ, ਉਸ ਦੇ ਗੌਰਵ ਨੂੰ ਪਾਲਦਾ ਅਤੇ ਉਸ ਦੀ ਰੱਖਿਆ ਕਰਦਾ ਹੈ। ਇਸ ਲਈ ਸਮਾਜ ਨੂੰ ਉਨ੍ਹਾਂ ਰੂੜੀਵਾਦੀ ਤੌਰ-ਤਰੀਕਿਆਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ ਜੋ ਮਾਨਵ ਜੀਵਨ ਦੀ ਇੱਜਤ ਨਹੀਂ ਕਰਦੇ। ਮਾਨਵ-ਜੀਵਨ ਦੀ ਕੀਮਤ ਦੀ ਰੱਖਿਆ ਕਰਨੀ ਚਾਹੀਦੀ ਹੈ ਕਿਉਂਕਿ ਇਸੇ ਤੋਂ ਮਨੁੱਖੀ ਆਜ਼ਾਦੀ ਦੇ ਸੁਭਾਅ ਦੀ ਵਿਆਖਿਆ ਹੁੰਦੀ ਹੈ। ਅਜਿਹਾ ਕਾਨੂੰਨ ਬਣਾ ਕੇ ਅਤੇ ਲਾਗੂ ਕਰਕੇ ਕੀਤਾ ਜਾ ਸਕਦਾ ਹੈ, ਮਨੁੱਖ ਦੇ ਜੀਵਨ ਅਧਿਕਾਰ ਨੂੰ ਕਾਇਮ ਰੱਖਣ ਅਤੇ ਉਸ ਦੀ ਹਿਫਾਜ਼ਤ ਕਰਨ ਲਈ ਲੋੜੀਂਦੇ ਅਹਿਮ ਵਿਧੀ-ਵਿਧਾਨ ਬਣਨੇ ਚਾਹੀਦੇ ਹਨ।

ਹਰ ਮਨੁੱਖ ਦਾ ਫਰਜ਼ ਹੈ ਕਿ ਉਹ ਅਜਿਹਾ ਸਭਿਆਚਾਰ ਸਿਰਜੇ ਜੋ ਅਜਿਹੇ ਸਮਾਜ ਦਾ ਵਿਕਾਸ ਕਰੇ ਜਿਹੜਾ ਆਪਣੇ ਮੈਂਬਰਾਂ ਦੇ ਸਵੈਮਾਣ ਪ੍ਰਤੀ ਸੁਚੇਤ ਹੋਵੇ। ਇਕੱਲੇ ਕਾਨੂੰਨ ਆਪਣੇ ਆਪ ਕਿਸੇ ਸਮਾਜ ਦੀ ਰੱਖਿਆ ਨਹੀਂ ਕਰ ਸਕਦੇ। ਕਾਨੂੰਨ ਦੇ ਅਸਰਦਾਰ ਹੋਣ ਲਈ, ਜਨਤਾ ਵਿਚ ਇਸ ਦਾ ਨੈਤਿਕ ਆਧਾਰ ਹੋਣਾ ਬਹੁਤ ਜ਼ਰੂਰੀ ਹੈ ਤੇ ਕਿਸੇ ਵੀ ਸਮਾਜ ਨੂੰ ਅਜਿਹੇ ਕਾਨੂੰਨ ਬਣਾਉਣ ਅਤੇ ਲਾਗੂ ਕਰਨ ਤੋਂ ਪਹਿਲਾਂ ਇੱਕ ਖਾਸ ਨੈਤਿਕ ਆਧਾਰ ਅਤੇ ਸਤਰ ਪ੍ਰਾਪਤ ਕਰਨਾ ਪਵੇਗਾ।

ਮਨੁੱਖੀ ਆਜ਼ਾਦੀ ਦਾ ਅਰਥ ਹੈ, ਹਰ ਇਕ ਨੂੰ ਹਰ ਪੱਖ ਤੋਂ ਅਨੁਕੂਲਤਾ ਪ੍ਰਦਾਨ ਕਰਨਾ। ਹਰ ਮਨੁੱਖ ਸਤਿਕਾਰ ਦਾ ਹੱਕਦਾਰ ਹੈ ਭਾਵੇਂ ਉਹ ਕਿਸੇ ਵੀ ਸਭਿਆਚਾਰਕ ਪਿਛੋਕੜ, ਸਮਾਜਿਕ ਰੁਤਬੇ, ਉਮਰ, ਨਸਲ, ਰਾਜਨੀਤਕ ਸਮੂਹ ਜਾਂ ਧਰਮ ਨਾਲ ਤੁਅਲਕ ਰੱਖਦਾ ਹੋਵੇ, ਇਸਤਰੀ ਹੋਵੇ ਜਾਂ ਪੁਰਸ਼ ਹੋਵੇ। ਹਰ ਇੱਕ ਦਾ ਇਹ ਸਤਿਕਾਰ ਹੀ ਹੈ ਜੋ ਉਹ ਥੰਮ ਬਣਾਉਂਦਾ ਹੈ ਜਿਸ 'ਤੇ ਸਵੈਮਾਣ ਉਸਰਦਾ ਹੈ ਜੋ ਕਿ ਹਰ ਇੱਕ ਤਰ੍ਹਾਂ ਦੇ ਮਨੁੱਖੀ ਅਧਿਕਾਰਾਂ ਦੀ ਨੀਂਹ ਹੈ। ਪੁਰਸ਼ ਅਤੇ ਇਸਤਰੀ-ਦੋਵਾਂ ਨਾਲ ਹੀ ਕਿਸੇ ਕਿਸਮ ਦੇ ਪੱਖ-ਪਾਤ ਤੋਂ ਰਹਿਤ ਅਤੇ ਕਿਸੇ ਵੀ ਧਿਰ ਪ੍ਰਤੀ ਭੇਦ-ਭਾਵ, ਵਿਤਕਰੇ ਤੋਂ ਰਹਿਤ ਵਰਤਾਉ ਹੋਣਾ ਚਾਹੀਦਾ ਹੈ। ਆਦਮੀ ਤੇ ਇਸਤਰੀ ਨੂੰ ਬਰਾਬਰੀ ਦਾ ਹੱਕ ਹੋਵੇ ਅਤੇ ਉਸ ਨੂੰ ਖਾਸ ਸੰਭਵ ਉਚੇ ਸਤਰ ਤੱਕ ਅਮਲ ਵਿਚ ਲਿਆਉਣਾ ਚਾਹੀਦਾ ਹੈ।

ਮਨੁੱਖੀ ਆਜ਼ਾਦੀ ਦਾ ਸਾਰ-ਤੱਤ ਇਹ ਹੋਣਾ ਚਾਹੀਦਾ ਹੈ ਕੋਈ ਵੀ ਆਪਣੇ ਮੌਲਿਕ ਅਧਿਕਾਰਾਂ ਤੋਂ ਵਿਰਵਾ ਨਾ ਰਹੇ, ਖਾਸ ਕਰਕੇ ਸਵੈਮਾਣ ਨਾਲ ਜਿਉਣ ਦੇ ਅਧਿਕਾਰ ਤੋਂ। ਇਸ ਗੱਲ ਦਾ ਧਿਆਨ ਹੋਣਾ ਚਾਹੀਦਾ ਹੈ ਕਿ ਸਮਾਜ ਅਜਿਹੇ ਅਮਲਾਂ ਦਾ ਤਿਆਗ ਕਰੇ ਜੋ ਕਿਸੇ ਵਿਅਕਤੀ ਦੇ ਗੌਰਵ ਨੂੰ ਨੀਵਾਂ ਦਿਖਾਉਂਦੇ ਹੋਣ ਅਤੇ ਸਪੱਸ਼ਟ ਰੂਪ ਵਿਚ ਅਜਿਹੇ ਕਦਮ ਚੁੱਕਣੇ ਚਾਹੀਦੇ ਹਨ ਜੋ ਵਿਅਕਤੀ ਦੇ ਗੌਰਵ ਦੀ ਰੱਖਿਆ ਕਰਨ।

ਆਜ਼ਾਦੀ ਦੇ ਸੱਤਰ ਸਾਲ ਲੰਘ ਜਾਣ 'ਤੇ ਵੀ ਭਾਰਤੀ ਸਮਾਜ ਦੀ ਇਸ ਕਿਸਮ ਦੀ ਉਸਾਰੀ ਨਹੀਂ ਹੋ ਸਕੀ ਕਿ ਮਨੁੱਖੀ ਜੀਵਨ ਅਤੇ ਵਿਅਕਤੀਗਤ ਗੌਰਵ ਨੂੰ ਕੋਈ ਅਹਿਮੀਅਤ ਦਿੱਤੀ ਗਈ ਹੋਵੇ ਅਤੇ ਇਸਤਰੀਆਂ ਦੇ ਮਾਮਲੇ ਵਿਚ ਇਹ ਤੱਥ ਹੋਰ ਵੀ ਉਘੜਵਾਂ ਅਤੇ ਨਿਰਾਸ਼ਾਜਨਕ ਹੈ। ਆਏ ਦਿਨ ਇਸ ਮਨੁੱਖੀ ਆਜ਼ਾਦੀ ਦੀ ਉਲੰਘਣਾ ਦੀਆਂ ਘਟਨਾਵਾਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਹਰ ਰੋਜ਼ ਆਨੇ-ਬਹਾਨੇ ਮਨੁੱਖੀ ਸਵੈਮਾਣ ਨੂੰ ਪੈਰਾਂ ਹੇਠ ਲਤਾੜਿਆ ਜਾਂਦਾ ਹੈ। ਕੇਂਦਰ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਆਉਣ ਪਿੱਛੋਂ ਇਨ੍ਹਾਂ ਘਟਨਾਵਾਂ ਵਿਚ ਬਹੁਤ ਵਾਧਾ ਹੋਇਆ ਹੈ, ਜਦੋਂ ਆਨੇ-ਬਹਾਨੇ ਮਨੁੱਖੀ ਸਵੈਮਾਣ ਨੂੰ ਠੇਸ ਪਹੁੰਚਾਈ ਗਈ ਹੈ; ਇਹੀ ਨਹੀਂ ਮਨੁੱਖੀ ਜਾਨਾਂ ਲਈ ਵੀ ਖਤਰਾ ਪੈਦਾ ਕੀਤਾ ਗਿਆ ਹੈ।

ਆਜ਼ਾਦ ਭਾਰਤ ਵਿਚ, ਖਾਸ ਕਰ ਭਾਜਪਾ ਦੇ ਤਾਕਤ ਵਿਚ ਆਉਣ ਨਾਲ ਮਨੁੱਖ ਦੀ ਜਾਨ ਨਾਲੋਂ ਗਊ ਵਰਗੇ ਪਸ਼ੂ ਦੀ ਜਾਨ ਨੂੰ ਜ਼ਿਆਦਾ ਅਹਿਮੀਅਤ ਦਿੱਤੀ ਜਾ ਰਹੀ ਹੈ। ਇਸਤਰੀ ਦੀ ਹਾਲਤ ਦਿਨੋ ਦਿਨ ਨਾਜ਼ੁਕ ਹੋ ਰਹੀ ਹੈ। ਭਾਵੇਂ ਇਸਤਰੀ ਅੱਜ ਕਿਸੇ ਵੀ ਖੇਤਰ ਵਿਚ ਮਰਦ ਦੇ ਬਰਾਬਰ ਪ੍ਰਾਪਤੀਆਂ ਕਰਨ ਦੇ ਸਮਰੱਥ ਹੋ ਗਈ ਹੈ ਪਰ ਉਸ ਦੀ ਆਜ਼ਾਦੀ ਤੇ ਸਵੈਮਾਣ ਅੱਜ ਵੀ ਖਤਰੇ ਵਿਚ ਹੈ। ਇਸਤਰੀ ਨਾਲ ਹੋਣ ਵਾਲੇ ਧੱਕਿਆਂ ਅਤੇ ਉਸ ਖਿਲਾਫ ਹੋ ਰਹੀ ਹਿੰਸਾ ਦੇ ਬਹੁਤ ਸਾਰੇ ਰੂਪ ਹਨ, ਜਿਸ ਲਈ ਬਹੁਤ ਹੱਦ ਤੱਕ ਸਮਾਜ ਦਾ ਔਰਤ ਪ੍ਰਤੀ ਬੇਰੁਖੀ ਵਾਲਾ ਰਵੱਈਆ ਜ਼ਿੰਮੇਵਾਰ ਹੈ। ਸੰਵਿਧਾਨਕ ਤੌਰ 'ਤੇ ਭਾਵੇਂ ਔਰਤ ਨੂੰ ਮਰਦ ਦੇ ਬਰਾਬਰ ਦਰਜਾ ਦਿੱਤਾ ਗਿਆ ਹੈ ਪਰ ਕਾਨੂੰਨ ਉਦੋਂ ਤੱਕ ਲਾਗੂ ਨਹੀਂ ਹੋਇਆ ਕਰਦੇ ਜਦੋਂ ਤੱਕ ਉਨ੍ਹਾਂ ਨੂੰ ਲਾਗੂ ਕਰਵਾਉਣ ਲਈ ਸਮਾਜ ਵਿਚ ਲੋੜੀਂਦੀ ਚੇਤੰਨਤਾ ਪੈਦਾ ਨਾ ਹੋਵੇ। ਮਹਿਜ ਕਾਨੂੰਨ ਬਣਾ ਦੇਣ ਨਾਲ ਜਾਂ ਲੋਕ-ਲਭਾਊ ਨਾਹਰੇ ਦੇ ਦੇਣ ਨਾਲ ਕੁਝ ਨਹੀਂ ਹੁੰਦਾ ਜਦੋਂ ਤੱਕ ਸਰਕਾਰ ਅਮਲੀ ਤੌਰ 'ਤੇ ਇਨ੍ਹਾਂ ਕਾਨੂੰਨਾਂ ਅਤੇ ਨਾਹਰਿਆਂ ਨੂੰ ਲਾਗੂ ਕਰਨ ਲਈ ਸੁਹਿਰਦ ਨਾ ਹੋਵੇ।

ਇਸ ਮੰਦੀ ਘਟਨਾ ਦੀ ਖਬਰ ਭਾਵੇਂ ਪੁਰਾਣੀ ਹੋ ਗਈ ਹੈ ਪਰ ਆਜ਼ਾਦੀ ਦੇ 70 ਸਾਲਾ ਜਸ਼ਨਾਂ ਦਾ ਦਿਨ ਧਿਆਨ ਜ਼ਰੂਰ ਮੰਗ ਕਰਦਾ ਹੈ ਕਿ



ਇਸਤਰੀ ਲਈ ਇਹ ਕਿਸ ਕਿਸਮ ਦਾ ਸੁਨੇਹਾ ਹੈ। ਪਹਿਲਾਂ ਵੀ ਇਸ ਗੱਲ ਦਾ ਜ਼ਿਕਰ ਕਾਫੀ ਸਮਾਂ ਪਹਿਲਾਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਵੇਲੇ ਅੰਮ੍ਰਿਤਸਰ ਵਿਚ ਵਾਪਰੀ ਘਟਨਾ ਦੇ ਸਬੰਧ ਵਿਚ ਹੋ ਚੁਕਾ ਹੈ ਕਿ ਜੇ ਇੱਕ ਪੁਲਿਸ ਅਫਸਰ ਨੂੰ ਹੁਕਮਰਾਨ ਪਾਰਟੀ ਦੇ ਗੁੰਡਿਆਂ ਕੋਲੋਂ ਆਪਣੀ ਧੀ ਦੀ ਇੱਜਤ ਬਚਾਉਣ ਲਈ ਜਾਨ ਤੋਂ ਹੱਥ ਧੋਣੇ ਪਏ ਤਾਂ ਆਮ ਬੰਦੇ ਦਾ ਕੀ ਹਾਲ ਹੋ ਸਕਦਾ ਹੈ?

ਇਹੀ ਪ੍ਰਸ਼ਨ ਮੁੜ ਉਤਰ ਮੰਗਦਾ ਹੈ, ਵਰਣਿਕਾ ਕੁੰਡੂ ਦੇ ਮਾਮਲੇ ਵਿਚ। ਸਾਰੇ ਇਹ ਖਬਰ ਪੜ੍ਹ ਚੁਕੇ ਹਨ ਕਿ ਵਰਣਿਕਾ ਕੁੰਡੂ ਹਰਿਆਣਾ ਕੇਡਰ ਦੇ ਇੱਕ ਸੀਨੀਅਰ ਆਈ. ਏ. ਐਸ. ਅਫਸਰ ਵੀਰੇਂਦਰ ਕੁੰਡੂ ਦੀ ਧੀ ਹੈ ਜਿਸ ਨਾਲ ਛੇੜ-ਛਾੜ ਅਤੇ ਅਗਵਾ ਕਰਨ ਦੀ ਕੋਸ਼ਿਸ਼ ਕਰਨ ਵਾਲਾ ਕੋਈ ਆਮ ਲੜਕਾ ਨਹੀਂ ਬਲਕਿ ਹਰਿਆਣਾ ਦੀ ਭਾਜਪਾ ਇਕਾਈ ਦੇ ਪ੍ਰਧਾਨ ਸੁਭਾਸ਼ ਬਰਾਲਾ ਦਾ ਪੁੱਤਰ ਵਿਕਾਸ ਬਰਾਲਾ ਅਤੇ ਉਸ ਦਾ ਦੋਸਤ ਅਸ਼ੀਸ਼ ਕੁਮਾਰ ਹੈ। ਕਿੰਨਾ ਅਜੀਬ ਚੱਕਰ ਹੈ ਕਿ ਪਹਿਲਾਂ ਚੰਡੀਗੜ੍ਹ ਦੀ ਪੁਲਿਸ ਲੜਕੀ ਵੱਲੋਂ ਅਗਵਾ ਦੀ ਕੋਸ਼ਿਸ਼ ਅਤੇ ਇੱਜਤ ਨੂੰ ਖਤਰਾ ਦੱਸਣ 'ਤੇ ਉਨ੍ਹਾਂ ਦੋ ਮੁਲਜ਼ਮਾਂ ਖਿਲਾਫ ਕੇਸ ਦਰਜ ਵੀ ਕਰ ਲੈਂਦੀ ਹੈ ਅਤੇ ਤਿੰਨ ਹੋਰ ਧਾਰਾਵਾਂ ਵੀ ਜੋੜ ਲੈਂਦੀ ਹੈ ਪਰ 15 ਮਿੰਟ ਬਾਅਦ ਹੀ ਜਦੋਂ ਉਪਰੋਂ ਜ਼ੋਰ ਪੈਂਦਾ ਹੈ ਤਾਂ ਦੋਵੇਂ ਧਾਰਾਵਾਂ ਰੱਦ ਕਰਕੇ ਮੁਲਜ਼ਮਾਂ ਨੂੰ ਜ਼ਮਾਨਤ ਵੀ ਦੇ ਦਿੰਦੀ ਹੈ। ਪਹਿਲਾਂ ਪੁਲਿਸ ਕੈਮਰੇ ਬੰਦ ਹੋਣ ਦਾ ਤਰਕ ਦਿੰਦੀ ਹੈ, ਫਿਰ ਲੋਕ-ਰੋਹ ਉਠਣ 'ਤੇ ਮੰਨ ਜਾਂਦੀ ਹੈ ਕਿ ਹਾਂ ਪੰਜ ਕੈਮਰਿਆਂ ਦੀ ਫੁਟੇਜ ਮਿਲ ਗਈ ਹੈ। ਇਹ ਤਾਂ ਹੈ, ਪੁਲਿਸ ਦਾ ਰਵੱਈਆ।

ਭਾਜਪਾ ਆਗੂਆਂ ਦਾ ਤਰਕ ਦੇਖੋ ਕਿ ਕੁੜੀ ਦੇਰ ਰਾਤ ਘਰੋਂ ਬਾਹਰ ਹੀ ਕਿਉਂ ਨਿਕਲੀ? ਕਿਸੇ ਸ਼ਾਇਨਾ ਨੇ ਜਿਸ ਨੂੰ ਭਾਜਪਾ ਦੀ ਤਰਜਮਾਨ ਕਿਹਾ ਜਾਂਦਾ ਹੈ, ਸੋਸ਼ਲ ਮੀਡੀਆ 'ਤੇ ਪੀੜਤ ਕੁੜੀ ਦੇ ਚਰਿਤਰ 'ਤੇ ਹੀ ਪ੍ਰਸ਼ਨ ਉਠਾ ਦਿੱਤੇ ਹਨ। ਉਹ ਭੁੱਲ ਗਈ ਕਿ ਚਰਿੱਤਰਹੀਣ ਮੁੰਡਾ ਹੈ, ਕੁੜੀ ਨਹੀਂ। ਉਪਦੇਸ਼ ਦੀ ਮੁੰਡੇ ਨੂੰ ਲੋੜ ਹੈ ਜੋ ਪਿਉ ਦੀ ਤਾਕਤ ਦੇ ਨਸ਼ੇ ਵਿਚ ਕਿਸੇ ਦੀ ਧੀ-ਭੈਣ ਦਾ ਪਿੱਛਾ ਕਰਦਾ ਹੈ, ਉਸ ਨਾਲ ਛੇੜ-ਛਾੜ ਕਰਦਾ ਅਤੇ ਅਗਵਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਹ ਹੈ ਆਜ਼ਾਦ ਭਾਰਤ ਦੇ ਹੁਕਮਰਾਨਾਂ ਅਤੇ ਪੁਲਿਸ ਦਾ ਔਰਤ ਦੀ ਆਜ਼ਾਦੀ ਪ੍ਰਤੀ ਰਵੱਈਆ। ਆਜ਼ਾਦ ਭਾਰਤ ਵਿਚ ਪੁਲਿਸ ਦਾ ਸਿਆਸੀਕਰਨ ਹੋ ਗਿਆ ਹੈ। ਉਸ ਨੂੰ ਹੁਕਮਰਾਨ ਪਾਰਟੀ ਅਨੁਸਾਰ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਜਦ ਕਿ ਪੁਲਿਸ ਦਾ ਫਰਜ਼ ਹੈ ਕਿ ਉਹ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰੇ, ਬਿਨਾ ਪੱਖ-ਪਾਤ ਤੋਂ।

ਜੇ ਯੂਰਪੀਨ ਮੁਲਕਾਂ, ਨਾਰਥ ਅਮਰੀਕਾ ਭਾਵ ਅਮਰੀਕਾ-ਕੈਨੇਡਾ ਦੀ ਤਰ੍ਹਾਂ ਹੀ ਪੁਲਿਸ ਆਪਣਾ ਕੰਮ ਕਰਨ ਲਈ ਸੁਤੰਤਰ ਹੋਵੇ, ਪੁਲਿਸ 'ਤੇ ਕਿਸੇ ਕਿਸਮ ਦਾ ਰਾਜਸੀ ਦਬਾਅ ਨਾ ਹੋਵੇ ਤਾਂ ਪੁਲਿਸ ਬਿਨਾ ਕਿਸੇ ਸਿਫਾਰਿਸ਼ ਜਾਂ ਪੱਖ-ਪਾਤ ਤੋਂ ਆਪਣਾ ਕੰਮ-ਕਾਜ ਬਿਹਤਰ ਕਰ ਸਕਦੀ ਹੈ। ਇਥੇ ਮੈਨੂੰ ਪੰਜਾਬ ਵਿਚ ਅਕਾਲੀ ਸਰਕਾਰ ਵੇਲੇ ਵੋਟਾਂ ਤੋਂ ਪਹਿਲਾਂ ਅਕਾਲੀ ਲੀਡਰਾਂ-ਮਨਿਸਟਰਾਂ ਦੇ ਕੈਨੇਡਾ ਦੌਰੇ ਦੀ ਯਾਦ ਆ ਜਾਂਦੀ ਹੈ, ਜਦੋਂ ਪੰਜਾਬੀ ਭਾਈਚਾਰੇ ਨੇ ਉਨ੍ਹਾਂ ਨੂੰ ਬੋਲਣ ਨਹੀਂ ਸੀ ਦਿੱਤਾ ਤੇ ਇਸ ਦਾ ਵੱਡਾ ਕਾਰਨ ਵੀ ਪੰਜਾਬ ਵਿਚਲੀ ਬਦ-ਇੰਤਜ਼ਾਮੀ ਪ੍ਰਤੀ ਪੰਜਾਬੀ ਭਾਈਚਾਰੇ ਦੇ ਮਨਾਂ ਵਿਚਲਾ ਰੋਸ ਹੀ ਸੀ। ਇਸ ਦਾ ਗੁੱਸਾ ਅਕਾਲੀ ਲੀਡਰਾਂ ਨੇ ਇਹ ਬਿਆਨ ਦੇ ਕੇ ਕੱਢਿਆ ਸੀ ਕਿ ਕੈਨੇਡਾ ਦੀ ਪੁਲਿਸ ਨਿਕੰਮੀ ਹੈ; ਹੁੰਦੀ ਪੰਜਾਬ ਦੀ ਪੁਲਿਸ, ਫਿਰ ਅਸੀਂ ਦੱਸਦੇ ਇਨ੍ਹਾਂ ਨੂੰ ਪਤਾ! ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਕੈਨੇਡਾ ਦੀ ਪੁਲਿਸ ਲੋਕਾਂ ਪ੍ਰਤੀ ਅਤੇ ਆਪਣੇ ਫਰਜ਼ਾਂ ਪ੍ਰਤੀ ਵਫਦਾਰ ਹੈ। ਉਹ ਈਮਾਨਦਾਰੀ ਨਾਲ ਆਪਣਾ ਕੰਮ ਕਰਦੀ ਹੈ। ਲੋੜ ਪੈਣ 'ਤੇ ਭਾਵੇਂ ਕੋਈ ਕਿਸੇ ਵੇਲੇ ਪੁਲਿਸ ਨੂੰ ਕਾਲ ਕਰ ਲਵੇ, ਪੁਲਿਸ ਕੁਝ ਮਿੰਟਾਂ ਵਿਚ ਹਾਜ਼ਰ ਹੋ ਜਾਂਦੀ ਹੈ। ਜਿੱਥੇ ਭਾਰਤ ਵਿਚ ਲੋਕ ਸਭ ਤੋਂ ਵੱਧ ਅਸੁਰੱਖਿਅਤ ਪੁਲਿਸ ਦੀ ਹਾਜ਼ਰੀ ਵਿਚ ਮਹਿਸੂਸ ਕਰਦੇ ਹਨ, ਉਥੇ ਇਨ੍ਹਾਂ ਮੁਲਕਾਂ ਵਿਚ ਬੰਦਾ ਪੁਲਿਸ ਦੀ ਹਾਜ਼ਰੀ ਵਿਚ ਸਭ ਤੋਂ ਵੱਧ ਮਹਿਫੂਜ਼ ਮਹਿਸੂਸ ਕਰਦਾ ਹੈ। ਅੱਧੀ ਅੱਧੀ ਰਾਤ ਕੁੜੀਆਂ, ਇਸਤਰੀਆਂ ਆਪਣੇ ਕੰਮਾਂ ਤੋਂ ਗੱਡੀਆਂ-ਬੱਸਾਂ ਵਿਚ ਬੇਖੌਫ ਵਾਪਸ ਆਉਂਦੀਆਂ ਹਨ।

ਖਬਰਾਂ ਅਨੁਸਾਰ ਇੱਕ 17 ਸਾਲਾ ਲੜਕੀ ਨੇ ਇੱਕ ਗਰਾਮ ਪ੍ਰਧਾਨ ਦੇ ਪੁੱਤਰ ਪ੍ਰਿੰਸ ਤਿਵਾੜੀ ਦੀਆਂ ਵਧੀਕੀਆਂ ਦਾ ਵਿਰੋਧ ਕੀਤਾ ਤਾਂ ਪਿਛਲੇ ਹਫਤੇ ਸਕੂਲ ਜਾਂਦੀ ਇਸ ਕੁੜੀ ਦਾ ਕਤਲ ਕਰ ਦਿੱਤਾ ਗਿਆ। ਵਰਣਿਕਾ ਕੁੰਡੂ ਦੇ ਚਰਿਤਰ 'ਤੇ ਸ਼ਾਇਨਾ ਵੱਲੋਂ ਉਠਾਏ ਪ੍ਰਸ਼ਨਾਂ ਤੋਂ ਮੈਨੂੰ ਇੱਕ ਪਾਕਿਸਤਾਨੀ ਕੁੜੀ ਦਾ ਕੇਸ ਯਾਦ ਆ ਗਿਆ। ਇੰਟਰਨੈਟ 'ਤੇ ਪਾਈ ਇੱਕ ਪਾਕਿਸਤਾਨੀ ਅਖਬਾਰ ਦੀ ਖਬਰ ਅਨੁਸਾਰ ਕਾਨੂੰਨ ਦੀ ਪੜ੍ਹਾਈ ਕਰਦੀ ਜੁਆਨ ਵਿਦਿਆਰਥਣ ਖਦੀਜਾ ਸਦੀਕੀ ਨੂੰ ਉਸ ਦੇ ਜਮਾਤੀ ਸ਼ਾਹ ਹੁਸੈਨ ਨੇ ਬੜੀ ਬੇਰਹਿਮੀ ਨਾਲ ਛੁਰੇ ਦੇ 23 ਜਖਮ ਦਿੱਤੇ।

ਇਹ 3 ਮਈ 2016 ਦੀ ਗੱਲ ਹੈ ਜਦੋਂ ਇਹ ਵਾਕਿਆ ਦਿਨ ਦਿਹਾੜੇ ਲਾਹੌਰ ਦੀ ਡੇਵਿਸ ਰੋਡ 'ਤੇ ਵਾਪਰਿਆ, ਜਦੋਂ ਉਹ ਛੋਟੀ ਭੈਣ ਨੂੰ ਸਕੂਲੋਂ ਲੈਣ ਗਈ ਸੀ। ਛੁਰੇ ਦੇ 23 ਜ਼ਖਮਾਂ ਦੇ ਬਾਵਜੂਦ ਉਸ ਦਾ ਬਚ ਜਾਣਾ ਇੱਕ ਕ੍ਰਿਸ਼ਮਾ ਸੀ। ਉਸ ਨੇ ਬੜੇ ਹੌਸਲੇ ਨਾਲ ਇਨਸਾਫ ਲਈ ਲੜਾਈ ਲੜੀ ਅਤੇ ਪਿਛਲੇ ਮਹੀਨੇ ਹੀ ਲਾਹੌਰ ਦੀ ਇੱਕ ਅਦਾਲਤ ਨੇ ਉਸ ਦੇ ਹਮਲਾਵਰ, ਜੋ ਇੱਕ ਵਕੀਲ ਦਾ ਪੁੱਤਰ ਹੈ, ਨੂੰ ਸੱਤ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਉਹ ਆਪਣੇ ਜ਼ਿੰਦਾ ਰਹਿਣ ਨੂੰ ਅਤੇ ਕਾਨੂੰਨੀ ਲੜਾਈ ਜਿੱਤ ਜਾਣ ਨੂੰ ਜ਼ਿਆਦਾ ਅਰਥ-ਭਰਪੂਰ ਜੀਵਨ ਜਿਉਣ ਦਾ ਮਿਲਿਆ ਮੌਕਾ ਮੰਨਦੀ ਹੈ। ਕੇਸ ਦੀ ਸੁਣਵਾਈ ਦੌਰਾਨ ਉਸ ਨੂੰ ਡਿਫੈਂਸ ਕੌਂਸਲ ਨੇ ਬਹੁਤ ਸਖਤ ਸਮਾਂ ਦਿੱਤਾ। ਕੇਸ ਦੀ ਸੁਣਵਾਈ ਵੇਲੇ ਜਦੋਂ ਮੌਕਾ ਹੁੰਦਾ ਡਿਫੈਂਸ ਕੌਂਸਲ ਦੇ ਕਿਰਾਏ ਦੇ ਬੰਦੇ ਉਸ ਦਾ ਮਖੌਲ ਉਡਾਉਣ ਅਤੇ ਉਸ 'ਤੇ ਆਵਾਜ਼ੇ ਕੱਸਣ ਲਈ ਉਸ ਦੇ ਪਿੱਛੇ ਖੜੇ ਰਹਿੰਦੇ। ਪਰ ਇਸ ਨੇ ਉਸ ਦੇ ਹੌਸਲੇ ਹੋਰ ਬੁਲੰਦ ਕੀਤੇ, ਇਸ 'ਲਾਇਰ ਬੁਆਏ ਕਲੱਬ' ਦੇ ਖਿਲਾਫ ਖੜ੍ਹੇ ਹੋਣ ਲਈ ਤੇ ਉਨ੍ਹਾਂ ਨੂੰ ਕਟਹਿਰੇ 'ਚ ਖੜ੍ਹੇ ਕਰਨ ਲਈ। ਵਰਣਿਕਾ ਕੁੰਡੂ ਨੂੰ ਵੀ ਪੂਰੇ ਹੌਸਲੇ ਅਤੇ ਮਜ਼ਬੂਤ ਇਰਾਦੇ ਨਾਲ ਇਨਸਾਫ ਲਈ ਲੜਨਾ ਚਾਹੀਦਾ ਹੈ।

---

## ਕਉਣ ਤਰਾਜੀ ਕਵਣੁ ਤੁਲਾ

**ਗੁਰਬਾਣੀ ਗਿਆਨ**

**ਸੂਹੀ ਮਹਲਾ ੧**

ਕਉਣ ਤਰਾਜੀ ਕਵਣੁ ਤੁਲਾ
ਤੇਰਾ ਕਵਣੁ ਸਰਾਫੁ ਬੁਲਾਵਾ॥
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ
ਕੈ ਪਹਿ ਮੁਲੁ ਕਰਾਵਾ॥੧॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਤੂੰ ਆਪੇ ਸਰਬ ਸਮਾਣਾ॥੧॥ ਰਹਾਉ॥
ਮਨੁ ਤਾਰਾਜੀ ਚਿਤੁ ਤੁਲਾ
ਤੇਰੀ ਸੇਵ ਸਰਾਫੁ ਕਮਾਵਾ॥
ਘਟ ਹੀ ਭੀਤਰਿ ਸੋ ਸਹੁ ਤੋਲੀ
ਇਨ ਬਿਧਿ ਚਿਤੁ ਰਹਾਵਾ॥੨॥
ਆਪੇ ਕੰਡਾ ਤੋਲੁ ਤਰਾਜੀ
ਆਪੇ ਤੋਲਣਹਾਰਾ॥
ਆਪੇ ਦੇਖੈ ਆਪੇ ਬੂਝੈ
ਆਪੇ ਹੈ ਵਣਜਾਰਾ॥੩॥
ਅੰਧੁਲਾ ਨੀਚ ਜਾਤਿ ਪਰਦੇਸੀ
ਖਿਨੁ ਆਵੈ ਤਿਲੁ ਜਾਵੈ॥
ਤਾ ਕੀ ਸੰਗਤਿ ਨਾਨਕੁ ਰਹਦਾ
ਕਿਉ ਕਰਿ ਮੂੜਾ ਪਾਵੈ॥੪॥

ਗੁਰੂ ਨਾਨਕ ਦੇਵ ਜੀ ਮਿਹਰਬਾਨ ਪ੍ਰਭੂ ਦੀ ਉਸਤਤਿ ਕਰਦਿਆਂ ਆਖਦੇ ਹਨ, ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥ ਹੇ ਪ੍ਰਭ ਜੀਉ ਕੋਈ ਐਸੀ ਤੱਕੜੀ ਨਹੀਂ, ਕੋਈ ਐਸਾ ਵੱਟਾ ਨਹੀਂ ਅਤੇ ਕੋਈ ਐਸਾ ਸਰਾਫ ਪਾਰਖੂ ਵੀ ਨਹੀਂ ਹੈ, ਜਿਸ ਨੂੰ ਮੈਂ ਤੇਰੇ ਗੁਣਾਂ ਦਾ ਅੰਦਾਜ਼ਾ ਲਾਉਣ ਵਾਸਤੇ ਸੱਦ ਸਕਾਂ। ਹੇ ਮੇਰੇ ਪ੍ਰਭੂ ਜੀਉ, ਮੈਨੂੰ ਕੋਈ ਐਸਾ ਗੁਰੂ ਵੀ ਨਹੀਂ ਦਿਸਦਾ ਜਿਸ ਕੋਲੋਂ ਮੈਂ ਤੇਰਾ ਮੁੱਲ ਪਵਾ ਸਕਾਂ ਜਾਂ ਮੁੱਲ ਪਾਉਣ ਦੀ ਜਾਚ ਹੀ ਸਿੱਖ ਸਕਾਂ!

ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਤੂੰ ਆਪੇ ਸਰਬ ਸਮਾਣਾ॥੧॥ ਰਹਾਉ॥

ਸਤਿਗੁਰੂ ਪਿਤਾ ਆਖਦੇ ਹਨ, ਹੇ ਮੇਰੇ ਲਾਲ ਜੀਓ ਭਾਵ ਸੋਹਣੇ ਪ੍ਰਭ ਜੀਓ, ਮੈਂ ਤੇਰੇ ਗੁਣਾਂ ਦਾ ਅੰਤ ਨਹੀਂ ਜਾਣ ਸਕਦਾ। ਮੈਨੂੰ ਇਹ ਸਮਝ ਨਹੀਂ ਆ ਸਕਦੀ ਕਿ ਤੇਰੇ ਵਿਚ ਕਿੰਨੀਆਂ ਕੁ ਸਿਫਤਾਂ ਹਨ! ਪ੍ਰਭੂ, ਤੂੰ ਪਾਣੀ ਵਿਚ ਭਰਪੂਰ ਹੈਂ, ਤੂੰ ਧਰਤੀ ਦੇ ਅੰਦਰ ਵੀ ਵਿਆਪਕ ਹੈਂ, ਤੂੰ ਆਕਾਸ਼ ਵਿਚ ਵੀ ਹਰ ਥਾਂ ਮੌਜੂਦ ਹੈਂ, ਤੂੰ ਆਪ ਹੀ ਸਭ ਜੀਵਾਂ ਵਿਚ ਸਭ ਥਾਂਵਾਂ ਵਿਚ ਸਮਾਇਆ ਹੋਇਆ ਹੈਂ-ਹਰ ਥਾਂ ਤੂੰ ਆਪ ਹੀ ਆਪ ਹੈਂ।

ਮਨੁ ਤਾਰਾਜੀ ਚਿਤੁ ਤੁਲਾ
ਤੇਰੀ ਸੇਵ ਸਰਾਫੁ ਕਮਾਵਾ॥
ਘਟ ਹੀ ਭੀਤਰਿ ਸੋ ਸਹੁ ਤੋਲੀ
ਇਨ ਬਿਧਿ ਚਿਤੁ ਰਹਾਵਾ॥੨॥

ਗੁਰਦੇਵ ਜੀ ਆਖਦੇ ਹਨ, ਹੇ ਮੇਰੇ ਪ੍ਰਭੂ! ਜੇ ਮੇਰਾ ਮਨ ਤੱਕੜੀ ਬਣ ਜਾਵੇ, ਜੇ ਮੇਰਾ ਚਿੱਤ ਭਾਰ ਤੋਲਣ ਵਾਲਾ ਵੱਟਾ ਬਣ ਜਾਵੇ, ਜੇ ਮੈਂ ਤੇਰੀ ਸੇਵਾ ਕਰ ਸਕਾਂ, ਤੇਰਾ ਸਿਮਰਨ ਕਰ ਸਕਾਂ ਅਤੇ ਜੇ ਇਹ ਸੇਵਾ ਤੇ ਸਿਮਰਨ ਮੇਰੇ ਵਾਸਤੇ ਸਰਾਫ ਪਾਰਖੂ ਬਣ ਜਾਵੇ ਤਾਂ ਵੀ ਤੇਰੇ ਗੁਣਾਂ ਦਾ ਮੈਂ ਅੰਤ ਤਾਂ ਨਹੀਂ ਪਾ ਸਕਾਂਗਾ, ਪਰ ਇਨ੍ਹਾਂ ਤਰੀਕਿਆਂ ਨਾਲ ਮੈਂ ਆਪਣੇ ਚਿੱਤ ਨੂੰ ਤੇਰੇ ਚਰਨਾਂ ਵਿਚ ਟਿਕਾ ਕੇ ਰੱਖ ਸਕਾਂਗਾ ਅਤੇ ਆਪਣੇ ਹਿਰਦੇ ਵਿਚ ਸ਼ਹੁ ਦੀ ਪਰਖ ਕਰਦਾ ਰਹਾਂਗਾ।

ਆਪੇ ਕੰਡਾ ਤੋਲੁ ਤਰਾਜੀ
ਆਪੇ ਤੋਲਣਹਾਰਾ॥
ਆਪੇ ਦੇਖੈ ਆਪੇ ਬੂਝੈ
ਆਪੇ ਹੈ ਵਣਜਾਰਾ॥੩॥

ਸਤਿਗੁਰੂ ਆਖਦੇ ਹਨ, ਹੇ ਭਾਈ ਉਹ ਮਿਹਰਬਾਨ ਪ੍ਰਭੂ ਤਾਂ ਸਰਬ ਵਿਆਪਕ ਹੈ, ਉਹ ਆਪਣੀ ਵਡਿਆਈ ਆਪ ਹੀ ਜਾਣਦਾ ਹੈ ਅਤੇ ਆਪਣੇ ਆਪ ਨੂੰ ਆਪ ਹੀ ਜਾਂਚ ਸਕਦਾ ਹੈ। ਉਹ ਆਪ ਹੀ ਤੱਕੜੀ ਹੈ, ਆਪ ਹੀ ਤੱਕੜੀ ਦਾ ਵੱਟਾ ਹੈ, ਤੱਕੜੀ ਦੀ ਬੋਦੀ ਹੈ ਅਤੇ ਆਪ ਹੀ ਆਪਣੇ ਗੁਣਾਂ ਨੂੰ ਤੋਲਣ ਵਾਲਾ ਹੈ। ਉਹ ਆਪ ਹੀ ਸਾਰੇ ਜੀਵਾਂ ਦੀ ਸੰਭਾਲ ਕਰਦਾ ਹੈ, ਆਪ ਹੀ ਸਭ ਦੇ ਦਿਲਾਂ ਦੀ ਗੱਲ ਸਮਝਦਾ ਹੈ ਅਤੇ ਆਪ ਹੀ ਜੀਵ ਰੂਪ ਹੋ ਕੇ ਸੰਸਾਰ ਵਿਚ ਨਾਮ ਦਾ ਵਣਜ ਕਰ ਰਿਹਾ ਹੈ।

ਅੰਧੁਲਾ ਨੀਚ ਜਾਤਿ ਪਰਦੇਸੀ
ਖਿਨੁ ਆਵੈ ਤਿਲੁ ਜਾਵੈ॥
ਤਾ ਕੀ ਸੰਗਤਿ ਨਾਨਕੁ ਰਹਦਾ
ਕਿਉ ਕਰਿ ਮੂੜਾ ਪਾਵੈ॥੪॥

ਹੇ ਭਾਈ, ਇਹ ਅਨਜਾਣ ਨਾਨਕ ਉਸ ਪਰਮਾਤਮਾ ਦੇ ਗੁਣਾਂ ਦੀ ਕਦਰ ਨਹੀਂ ਪਾ ਸਕਦਾ, ਕਿਉਂਕਿ ਇਸ ਦੀ ਸੰਗਤਿ ਸਦਾ ਉਸ ਮਨ ਨਾਲ ਹੈ ਜੋ ਮਾਇਆ ਦੇ ਮੋਹ ਵਿਚ ਅੰਨਾ ਹੋਇਆ ਫਿਰਦਾ ਹੈ, ਜਨਮਾਂ ਜਨਮਾਂਤਰਾਂ ਦੇ ਵਿਕਾਰਾਂ ਦੀ ਮੈਲ ਨਾਲ ਨੀਚ ਭਾਵ ਨੀਵੀਂ ਜਾਤ ਦਾ ਬਣਿਆ ਹੋਇਆ ਹੈ। ਪਰਦੇਸੀ ਜੋ ਸਦਾ ਹੀ ਭਟਕਦਾ ਰਹਿੰਦਾ ਹੈ, ਇਕ ਪਲ ਵੀ ਇਸ ਨੂੰ ਟਿਕਾਉ ਨਹੀਂ ਹੈ, ਮੈਂ ਉਸ ਪਿਆਰੇ ਦਾ ਅੰਤ ਨਹੀਂ ਪਾ ਸਕਦਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਉਦਾਸ ਨਦੀ ਦੀ ਆਤਮ-ਕਥਾ

ਸਿੰਮਦੇ ਸ਼ਬਦ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਤੋਂ ਪ੍ਰਭਾਵਿਤ ਵੀ ਹੋਏ ਹਨ। ਪਿਛਲੇ ਲੇਖ ਵਿਚ ਉਨ੍ਹਾਂ ਭਾਈਚਾਰੇ ਵਿਚ ਕਿਤਾਬਾਂ ਪੜ੍ਹਨ ਦੀ ਘਟਦੀ ਜਾ ਰਹੀ ਰੁਚੀ ਉਤੇ ਰੁਦਨ ਕੀਤਾ ਸੀ ਅਤੇ ਹੋਕਾ ਲਾਇਆ ਸੀ, "ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਹਰਫਾਂ ਦੀ ਦੁਨੀਆਂ ਵੱਲ ਮੋੜ ਲਿਆਵੋ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕੁਦਰਤ ਦੇ ਅਜ਼ੀਮ ਸੋਮੇ ਨਦੀ ਦੀ ਗੱਲ ਕਰਦਿਆਂ ਮਨੁੱਖੀ ਸਭਿਅਤਾ ਵਲੋਂ ਇਸ ਨਾਲ ਕੀਤੇ ਦੁਰਵਿਹਾਰ ਅਤੇ ਇਸ ਦੇ ਪਾਣੀਆਂ ਨੂੰ ਦੂਸ਼ਿਤ ਕਰਨ 'ਤੇ ਰੁਦਨ ਕੀਤਾ ਹੈ ਅਤੇ ਤਾੜਨਾ ਕੀਤੀ ਹੈ, ਜੇ ਅਸੀਂ ਹੀ ਇਸ ਦੀ ਹੋਂਦ ਨੂੰ ਮਿਟਾ ਦਿੱਤਾ ਤਾਂ ਕਿਸੇ ਵੀ ਨਸਲ ਨੇ ਇਕ ਵੀ ਹਿੰਝ ਨਹੀਂ ਇਸ ਦੀ ਮੱਈਅਤ 'ਤੇ ਚੋਣੀ। ਜੇ ਨਦੀ ਹਉਕਾ ਬਣ ਗਈ ਤਾਂ ਸਾਡੇ ਮੱਥੇ ਤੋਂ ਵੀ ਹਾਸਿਆਂ ਦੀ ਲਕੀਰ ਸਦਾ ਲਈ ਮਿੱਟ ਜਾਵੇਗੀ।...ਜੇ ਇਸ ਦੇ ਕੰਢਿਆਂ ਦੀ ਹੋਂਦ ਮਿਟ ਗਈ ਤਾਂ ਸਾਡੇ ਖੇਤਾਂ ਵਿਚ ਮਰਸੀਆ ਉਗ ਆਵੇਗਾ। ਜੇ ਇਸ ਦੇ ਪੱਤਣਾਂ ਦੀਆਂ ਰੌਣਕਾਂ ਰੁੱਸ ਗਈਆਂ ਤਾਂ ਲੁੱਡਣ ਮਲਾਹ ਦੀ ਦਰਦੀਲੀ ਹੇਕ ਹਵਾ ਨੂੰ ਸਿਸਕਣ ਲਾ ਦੇਵੇਗੀ। -ਸੰਪਾਦਕ***

ਅੱਜ ਕੱਲ ਬਹੁਤ ਉਦਾਸ ਏ ਮੇਰੇ ਪਿੰਡ ਕੋਲੋਂ ਲੰਘਦੀ ਨਦੀ। ਬਹੁਤ ਨਿਰਾਸ਼ ਏ ਜਦ ਝਾਕਦੀ ਏ ਆਪਣੀ ਅਜੋਕੀ ਹਾਲਤ ਵੰਨੀਂ। ਤਰਸ ਦੀ ਮੂਰਤ ਬਣੀ ਮੇਰੇ ਪਿੰਡ ਕੋਲੋਂ ਲੰਘਦੀ ਨਦੀ ਝੂਰਦੀ ਏ ਆਪਣੀ ਹੋਣੀ 'ਤੇ ਅਤੇ ਆਪਣੇ ਚੌਗਿਰਦੇ ਵਿਚ ਹਾਵਿਆਂ ਨੂੰ ਖਿਲਾਰਦੀ ਏ। ਉਸ ਦੇ ਰੋਣੇ-ਧੋਣੇ ਨੂੰ ਸੁਣਨ ਲਈ ਕੋਈ ਨਹੀਂ ਤਿਆਰ ਅਤੇ ਨਾ ਹੀ ਕਿਸੇ ਨੂੰ ਹੁਣ ਉਸ ਦੀ ਸਦੀਵਤਾ ਨਾਲ ਪਿਆਰ। ਉਸ ਦੀ ਵੇਦਨਾ ਸੁਣਨ ਤੋਂ ਅੱਕੇ ਨੇ ਉਸ ਦੇ ਆਪਣੇ ਸਾਹਾਂ ਵਰਗੇ ਲੋਕ। ਉਸ ਦੇ ਟੁੱਟਦੇ ਸਾਹਾਂ 'ਚ ਉਗਿਆ ਹੇਰਵਾ। ਉਸ ਦੀ ਹੋਂਦ ਨੂੰ ਪੈ ਰਹੀ ਏ ਫਿਕਰਮੰਦੀ ਦੀ ਮਾਰ।

ਬਹੁਤ ਉਦਾਸ ਏ ਨਿਰਮਲ ਜਲਧਾਰਾ। ਉਜੜ ਗਿਆ ਜੀਵ-ਸੰਸਾਰਾ। ਉਸ ਦੇ ਪੱਤਣਾਂ ਦਾ ਲੁੱਟਿਆ ਗਿਆ ਏ ਲੁੱਡਣ ਵਿਚਾਰਾ ਅਤੇ ਉਸ ਦੇ ਬੁੱਲਾਂ 'ਤੇ ਤਿੜਕਦਾ ਏ ਇਕ ਗੁੰਗਾ-ਸੰਸਾਰ।

ਨਦੀ ਦਾ ਲੁਟਿਆ ਸੰਸਾਰ ਇਕ ਉਦਾਸ ਕਥਾ। ਅੱਖਾਂ ਵਿਚ ਸੁੱਕਿਆ ਝਨਾਬ, ਪਿੰਡੇ 'ਤੇ ਜੰਮੀਆਂ ਖਾਰੇ ਪਾਣੀ ਦੀਆਂ ਘਰਾਲਾਂ, ਉਦਾਸ ਲਹਿਰਾਂ ਦਾ ਮਾਤਮੀ ਸੰਗੀਤ ਅਤੇ ਇਸ ਵਿਚੋਂ ਝਲਕਦੀ ਏ ਆਪਣੇ ਮਰਨ-ਮਿੱਟੀ ਢੋਣ ਦੀ ਰੀਤ।

ਨਦੀ ਦੇ ਕੰਢਿਆਂ 'ਤੇ ਪਸਰੀ ਵੈਰਾਨਗੀ, ਉਜੜੇ ਪੱਤਣਾਂ ਦੀ ਤਵਾਰੀਖੀ ਤ੍ਰਾਸਦੀ ਅਤੇ ਇਸ ਦੇ ਨਾਮ ਹੋ ਰਹੀ ਇਕ ਸੁੱਕੀ ਹਿੰਝ।

ਕਦੇ ਇਹ ਮਾਣ ਮੱਤੀ ਨਦੀ ਨਿਰਮਲ ਨੀਰ ਦੀ ਭਰ ਵਗਦੀ ਜੀਵਨ-ਧਾਰਾ, ਇਸ ਦੇ ਚੁਫੇਰੇ ਮੌਲਦੇ ਜੀਵਨ ਦਾ ਪਸਾਰਾ, ਜੀਵ ਜੰਤੂਆਂ ਦਾ ਧੜਕਦਾ, ਜਾਗਦਾ ਅਤੇ ਹੱਸਦਾ-ਖਿੰਡਦਾ ਸੰਸਾਰ, ਜੀਵਨ ਦੀ ਸੁੱਚਮ ਅਤੇ ਸਮੁੱਚ ਦਾ ਇਕ ਸੂਖਮ ਨਜ਼ਾਰਾ ਅਤੇ ਇਸ ਇਲਹਾਮੀ ਦ੍ਰਿਸ਼ 'ਚੋਂ ਪਨਪਦਾ ਸੀ, ਆਤਮ-ਮੁਖੀ ਹੁਲਾਰਾ।

ਨਦੀ ਦੀ ਹਿੱਕ 'ਤੇ ਬੇੜੀਆਂ ਦੇ ਚੱਪੂਆਂ ਦੀ ਸੰਗੀਤਕ ਰੁਮਕਣੀ, ਇਸ ਦੇ ਮਲਾਹਾਂ ਦੀਆਂ ਲੰਮੀਆਂ ਹੇਕਾਂ ਅਤੇ ਇਸ ਦੀਆਂ ਲਹਿਰਾਂ ਵਿਚ ਘੁਲਦੇ ਸੁੱਚੇ ਮਨੁੱਖਾਂ ਦੇ ਸੰਵੇਦਨਾ ਭਰਪੂਰ ਬੋਲ। ਲਰਜ਼ਦੀ ਸੀ ਕਾਇਨਾਤ ਅਤੇ ਇਸ ਕਾਇਨਾਤ 'ਚੋਂ ਵਿਗਸਦਾ ਸੀ ਮਨੁੱਖ ਦੀ ਸਦੀਵਤਾ ਦਾ ਨਗਮਾ।

ਪਤਾ ਨਹੀਂ ਕਿੱਧਰ ਤੁਰ ਗਏ ਨੇ ਉਹ ਬੋਲ, ਅਲਫਾਜ਼ ਵਿਚਲੀ ਪਾਕੀਜ਼ਗੀ, ਸੋਚਾਂ ਦੀ ਵਿਸ਼ਾਲਤਾ, ਵਿਚਾਰਾਂ ਦੀ ਪੁਖਤਗੀ, ਕਰਮਾਂ ਵਿਚਲੀ ਨੇਕ-ਨੀਤੀ ਅਤੇ ਦਿੱਭ-ਦ੍ਰਿਸ਼ਟੀ ਦੀ ਦਿਆਨਤਦਾਰੀ। ਕਿਹੜੀ ਕੁਲਹਿਣੀ ਕਰਮ-ਸ਼ੈਲੀ ਹੂੰਝ ਕੇ ਲੈ ਗਈ ਏ ਜੀਵਨ ਦੇ ਸੁੱਚੇ ਰੰਗਾਂ ਦੀ ਹੁਸੀਨ ਫੁਲਕਾਰੀ ਅਤੇ ਮਨੁੱਖੀ ਕਰਮਸ਼ੀਲਤਾ ਦੀ ਸੱਜਰੀ ਕਿਲਕਾਰੀ।

ਸੱਚੀਂ! ਨਦੀ ਦੀ ਅੱਖ ਵਿਚ ਅਟਕਿਆ ਏ ਇਕ ਹੀ ਹੰਝੂ ਅਤੇ ਇਸ ਹੰਝੂ ਵਿਚ ਸਮੁੱਚੀ ਕਾਇਨਾਤ ਨੂੰ ਡੁਬੋਣ ਦੀ ਗਹਿਰਾਈ। ਗਰਕ ਸਕਦੀ ਏ ਮਾਨਵੀਕਰਨ ਦੀ ਇਹ ਦੌੜ ਜੇ ਕਿਸੇ ਨੇ ਨਦੀ ਦੀ ਦਰਦ ਗਾਥਾ ਵੰਨੀਂ ਨਾ ਦਿੱਤਾ ਧਿਆਨ। ਕੂੜ ਹੋ ਜਾਣਾ ਏ ਮਨੁੱਖ ਦਾ ਥੋਥਾ ਗਿਆਨ ਅਤੇ ਹਵਾ 'ਚ ਉਡਦੇ ਤੀਲਿਆਂ ਦੀ ਤ੍ਰਾਸਦੀ ਬਣ ਜਾਣਾ ਏ ਗਲੋਬਲੀਕਰਨ ਦੇ ਡੇਰੇਦਾਰਾਂ ਦਾ ਵਿਖਿਆਨ।

ਕਦੇ ਨਦੀ ਨੂੰ ਨਾਜ਼ ਹੁੰਦਾ ਸੀ ਹਰ ਪਿਆਸੇ ਦੀ ਪਿਆਸ ਮਿਟਾਉਣ ਵਾਲੇ ਅੰਮ੍ਰਿਤਮਈ ਪਾਣੀਆਂ 'ਤੇ, ਇਸ ਦੇ ਚਾਰ ਚੁਫੇਰੇ ਲਹਿਰਾਉਂਦੀਆਂ ਫਸਲਾਂ 'ਤੇ, ਲੋਕਾਂ ਦੇ ਮੁਖੜੇ 'ਤੇ ਖੇਡਦੇ ਜਲਾਲ 'ਤੇ; ਹਾਲੀਆਂ, ਗਾਡੀਆਂ, ਘਾਹੀਆਂ, ਰਾਹੀਆਂ ਤੇ ਪਾਲੀਆਂ ਦੀ ਚਰਨ ਬੰਦਨਾ ਕਰਨ 'ਤੇ, ਇਸ ਦੇ ਪਾਣੀਆਂ ਦੀ ਚਸ਼ਮਦੀਦੀ ਗਵਾਹੀ ਵਿਚ ਪਨਪਦੀਆਂ ਉਮਰੋਂ ਲੰਮੇਰੀਆਂ ਦੋਸਤੀਆਂ 'ਤੇ, ਸੰਦਲੀ ਪਲਾਂ ਦੀ ਧਰਾਤਲ ਬਣ ਕੇ ਯੁੱਗ ਜਿਉਣ ਦੀ ਅਰਦਾਸ 'ਤੇ ਅਤੇ ਇਸ ਦੇ ਦਰ 'ਤੇ ਹਰ ਬੇਉਮੀਦੇ ਦੀ ਪੂਰਨ ਹੁੰਦੀ ਆਸ 'ਤੇ।

ਨਦੀ ਤਾਂ ਮਾਣ ਕਰੇਂਦੀ ਸੀ ਜਦ ਇਹ ਕਿਸੇ ਦੇਸ਼ ਦੀ ਉਨਤੀ ਦਾ ਸਬੱਬ ਬਣਦੀ ਸੀ, ਪਛਾਣ ਦਾ ਨਾਮਕਰਨ ਕਰਦੀ ਸੀ, ਸਦੀਵੀ ਹੋਂਦ ਦੀ ਹਾਮੀ ਭਰਦੀ ਸੀ, ਨਵੇਂ ਯੁੱਗ ਦਾ ਸਿਰਲੇਖ ਆਪਣੇ ਮੱਥੇ ਦੇ ਨਾਮ ਕਰਦੀ ਸੀ ਤੇ ਹਰ ਕਿਸੇ ਦੀ ਪੀੜਾ ਨੂੰ ਆਪਣੀ ਸਮਝ ਕੇ ਪਿੰਡੇ 'ਤੇ ਜਰਦੀ ਸੀ।

ਨਦੀ ਦੇ ਕੰਢਿਆਂ 'ਤੇ ਸਭਿਅਤਾਵਾਂ ਜਨਮੀਆਂ, ਸਿਰਜਿਆ ਗਿਆ ਕਈ ਕੌਮਾਂ ਦਾ ਇਤਿਹਾਸ, ਲਿਖੀ ਗਈ ਮਾਣ-ਮੱਤੀ ਤਹਿਰੀਕ, ਇਤਿਹਾਸ ਦੇ ਵਰਕਿਆਂ 'ਤੇ ਸੁਨਹਿਰੀ ਪੰਨਿਆਂ ਦੀ ਹੋਈ ਕਲਾ-ਨਿਕਾਸ਼ੀ। ਬੀਤੇ ਸਮਿਆਂ ਦੇ ਅਨਮੋਲ ਦਸਤਾਵੇਜ਼ ਨੇ ਸਾਡੇ ਨਦੀਆਂ ਤੇ ਨਾਲੇ, ਕੀਮਤੀ ਖਜਾਨਾ ਏ ਨਦੀ ਦੀ ਨਿਰਮਲ ਧਾਰਾ। ਜੀਵਨ ਦੀ ਜਗਦੀ ਜੋਤ ਨੇ ਅੰਮ੍ਰਿਤਮਈ ਪਾਣੀਆਂ ਦੇ ਵਹਿੰਦੇ ਸਰਵਰ।

ਪਿੰਡ ਕੋਲੋਂ ਵਗਦੀ ਨਦੀ ਨੂੰ ਚੇਤੇ ਏ ਇਸ ਦੇ ਕੰਡਿਆਂ 'ਤੇ ਮੌਲਦੀ ਨਿਰਛੱਲ ਪ੍ਰੀਤ, ਜੀਵਨ ਭਰ ਨਿਭਣ ਵਾਲੀਆਂ ਸਾਂਝਾਂ ਦਾ ਸ਼ੁਰੂਆਤੀ ਸਫਰ, ਕੰਢਿਆਂ 'ਤੇ ਬੇੜੀ ਨੂੰ ਉਡੀਕਦੇ ਮੁਸਾਫਰ, ਉਨ੍ਹਾਂ ਦੇ ਨਿੱਕੇ ਨਿੱਕੇ ਪਰ ਨਿੱਘੇ ਹਾਸੇ, ਉਨ੍ਹਾਂ ਦੇ ਬੋਲਾਂ 'ਚ ਘੁਲੇ ਪਤਾਸੇ ਅਤੇ ਸੂਕਦੇ ਦਰਿਆਵਾਂ



ਦੀ ਹਿੱਕ ਚੀਰ ਕੇ ਪਾਰ ਲੰਘਣ ਲਈ ਸੋਧੇ ਹੋਏ ਅਰਦਾਸੇ।

ਨਦੀ ਨੂੰ ਬਹੁਤ ਉਦਾਸ ਕਰਦੀ ਏ ਇਸ ਦੀਆਂ ਲਹਿਰਾਂ ਵਿਚ ਘੁਲੀ ਵੰਝਲੀ ਦੀ ਮਿੱਠੀ ਮਿੱਠੀ ਹੂਕ, ਕੰਢੇ ਦੇ ਬਿਰਖ ਦੀ ਟਾਹਣੀ 'ਤੇ ਕੁਰਲਾਉਂਦੇ 'ਕੱਲੇ ਪਰਿੰਦੇ ਦੀ ਕੂਕ, ਮਿੱਤਰ ਪਿਆਰੇ ਦੀ ਉਡੀਕ ਦੇ ਵਿਸਮਾਦੀ ਪਲ ਅਤੇ ਦੋ ਪਿਆਰੀਆਂ ਰੂਹਾਂ ਦੀ ਸੰਦਲੀ ਗੁਫਤਗੂ ਵਿਚ ਸੰਗੀਤ ਭਰਦੀ ਨਦੀ ਦੇ ਪਾਣੀ ਦੀ ਕਲ-ਕਲ। ਪੱਤਣਾਂ 'ਤੇ ਖੜ੍ਹ ਕੇ ਦੂਰ ਤੁਰੇ ਜਾਂਦੇ ਮਾਹੀ ਦੇ ਵਿਛੋੜੇ ਵਿਚ ਸੱਜ-ਵਿਆਹੀ ਦਾ ਵੈਰਾਗਮਈ ਹੋਣਾ, ਟੁੱਟੀਆਂ ਯਾਰੀਆਂ 'ਤੇ ਹੰਝੂਆਂ 'ਚ ਆਪਾ ਧੋਣਾ ਅਤੇ ਆਪਣੇ ਦਿਲ ਦਾ ਦਰਦ ਪਾਣੀਆਂ ਨੂੰ ਸੁਣਾਉਣਾ।

ਨਦੀ ਭਲਾ ਕਿੰਜ ਭੁੱਲ ਸਕਦੀ ਏ ਪਾਣੀਆਂ ਨੂੰ ਅੱਗ ਲਾਉਣ ਵਾਲੇ ਸੰਗਮਰਮਰੀ ਜਿਸਮਾਂ ਦਾ ਇਸ ਦੀ ਹਿੱਕ 'ਤੇ ਤਾਰੀਆਂ ਲਾਉਣਾ, ਇਕ ਦੂਜੇ ਨੂੰ ਛਿੱਟਿਆਂ ਨਾਲ ਭਿਓਣਾ, ਸੇਕ ਦੀ ਇਕ ਕਾਤਰ ਪਾਣੀਆਂ ਵਿਚ ਘੋਲਣੀ ਅਤੇ ਖੁਆਜ਼ੇ ਪੀਰ ਦੀ ਕਚਹਿਰੀ 'ਚ ਇਕ ਦੂਜੇ ਦੇ ਸਾਹਾਂ ਵਿਚ ਮਹਿਕ ਡੋਲਣੀ। ਉਮਰਾਂ ਜੇਡੇ ਵਾਅਦਿਆਂ ਦੀ ਵਫਾਈ ਅਤੇ ਮਨ ਦੇ ਚਿੱਤਰਪੱਟ 'ਤੇ ਮਨਭਾਉਂਦੇ ਨਾਮ ਦੀ ਕਢਾਈ। ਲਹਿਰਾਂ ਸੰਗ ਲਹਿਰ ਬਣ ਕੇ ਜਿਉਣ ਦੀ ਲੋਰ ਅਤੇ ਕੰਢਿਆਂ ਨਾਲ ਮੋਹ ਪਾਲਦਾ ਨਦੀ ਦਾ ਮਨਮੋਹਕ ਸ਼ੋਰ।

ਨਦੀ ਨੂੰ ਯਾਦ ਆਉਂਦਾ ਏ ਨਿੱਕੇ ਬਾਲਾਂ ਦਾ ਘੋਗੇ-ਸਿੱਪੀਆਂ ਚੁਗਣਾ, ਗੋਡੇ-ਗੋਡੇ ਪਾਣੀ ਵਿਚ ਖੜ ਕੇ ਕਾਗਜ਼ੀ ਬੇੜੀਆਂ ਨੂੰ ਪਾਣੀ ਵਿਚ ਉਤਾਰਨਾ, ਅਣਛੋਹੇ ਅਤੇ ਅਪੂਰਨ ਸੁਪਨਿਆਂ ਨੂੰ ਲੈ ਕੇ ਦੂਰ ਤੀਕ ਜਾਂਦੀਆਂ ਬੇੜੀਆਂ ਨੂੰ ਨਿਹਾਰਨਾ ਅਤੇ ਤੈਰਦੀਆਂ ਬੇੜੀਆਂ ਰਾਹੀਂ ਨਿੱਕੀ ਜਿਹੀ ਸੋਚ ਨੂੰ ਵਿਸਥਾਰਨਾ। ਨਦੀ ਨੂੰ ਰਸ਼ਕ ਹੁੰਦਾ ਏ ਜਦ ਕਦੇ ਉਸ ਨੇ ਸੁਣਨਾ ਕਿ ਮੋਢਿਆਂ 'ਤੇ ਚੜ੍ਹ ਕੇ ਨਦੀ ਲੰਘਦੇ ਜੁਆਕ ਦਾ ਆਪਣੇ ਬਾਪ ਨੂੰ ਕਾਗਜ਼ ਦੀ ਬੇੜੀ 'ਤੇ ਸੁਆਰ ਹੋ ਕੇ ਨਦੀ ਪਾਰ ਕਰਨ ਦਾ ਸੁਝਾਅ। ਪਵਿੱਤਰ ਸੋਚ ਦਾ ਕਿੱਡਾ ਵੱਡਾ ਏ ਫੈਲਾਅ ਜਿਸ ਸਦਕਾ ਮਿੱਲ ਰਹੀ ਏ ਮਾਨਵਤਾ ਦੀ ਦੁਆ। ਸੁਪਨਿਆਂ ਦੀ ਉਮਰੇ, ਬਜ਼ੁਰਗਾਂ ਲਈ ਕਾਗਜ਼ਾਂ ਦੀ ਬੇੜੀ ਦਾ ਸੁਪਨਾ ਲੈਣ ਵਾਲੇ ਹੀ ਆਦਮੀਅਤ ਦਾ ਸਿਰਲੇਖ, ਮਾਨਵੀਕਰਨ ਦੇ ਕਰਮ-ਲੇਖ ਅਤੇ ਸੁੱਚੀ ਸੋਚ ਦੀ ਜਗਦੀ-ਜੋਤ।

ਨਦੀ ਨੂੰ ਜੇ ਅਸੀਂ ਹੀ ਭੁਲਾ ਦਿੱਤਾ ਤਾਂ ਕਿਸ ਕੋਲ ਰੋਏਗੀ ਆਪਣਾ ਰੋਣਾ? ਜੇ ਅਸੀਂ ਹੀ ਇਸ ਦੀ ਹੋਂਦ ਨੂੰ ਮਿਟਾ ਦਿੱਤਾ ਤਾਂ ਕਿਸੇ ਵੀ ਨਸਲ ਨੇ ਇਕ ਵੀ ਹਿੰਝ ਨਹੀਂ ਇਸ ਦੀ ਮੱਈਅਤ 'ਤੇ ਚੋਣੀ। ਜੇ ਨਦੀ ਹਉਕਾ ਬਣ ਗਈ ਤਾਂ ਸਾਡੇ ਮੱਥੇ ਤੋਂ ਵੀ ਹਾਸਿਆਂ ਦੀ ਲਕੀਰ ਸਦਾ ਲਈ ਮਿੱਟ ਜਾਵੇਗੀ। ਜੇ ਇਸ ਦਾ ਲਹਿਰ-ਸੰਗੀਤ ਮਰ ਗਿਆ ਤਾਂ ਫਿਜ਼ਾ ਵਿਚ ਹਿਚਕੀਆਂ ਦਾ ਸ਼ੋਰ ਸੁਣਨਾ ਪਵੇਗਾ। ਜੇ ਇਸ ਦੇ ਕੰਢਿਆਂ ਦੀ ਹੋਂਦ ਮਿਟ ਗਈ ਤਾਂ ਸਾਡੇ ਖੇਤਾਂ ਵਿਚ ਮਰਸੀਆ ਉਗ ਆਵੇਗਾ। ਜੇ ਇਸ ਦੇ ਪੱਤਣਾਂ ਦੀਆਂ ਰੌਣਕਾਂ ਰੁੱਸ ਗਈਆਂ ਤਾਂ ਲੁੱਡਣ ਮਲਾਹ ਦੀ ਦਰਦੀਲੀ ਹੇਕ ਹਵਾ ਨੂੰ ਸਿਸਕਣ ਲਾ ਦੇਵੇਗੀ। ਜੇ ਇਸ ਦੇ ਕੰਢੇ 'ਤੇ ਖਿਲਰੇ ਘੋਗੇ-ਸਿੱਪੀਆਂ ਦੀ ਅੱਖ ਵਿਚ ਅੱਥਰੂ ਸਿੰਮ ਆਏ ਤਾਂ ਕੋਈ ਨਹੀਂ ਰਹਿਣਾ ਸਾਡੇ ਰੋਂਦੇ ਬੋਟਾਂ ਨੂੰ ਚੁੱਪ ਕਰਾਉਣ ਵਾਲਾ। ਜੇ ਇਸ ਦੇ ਅੰਮ੍ਰਿਤਮਈ ਪਾਣੀ ਦੀ ਤਾਸੀਰ ਜ਼ਹਿਰੀਲੀ ਹੋ ਗਈ ਤਾਂ ਤੁਹਾਡੇ ਅਤੇ ਸਾਡੇ ਘਰ ਗਮਾਂ ਦੀ ਵਹਿੰਗੀ ਢੋਣਗੇ। ਜੇ ਇਸ ਦੀ ਰਵਾਨਗੀ ਵਿਚ ਅਸੀਂ ਕਿੱਲ ਠੋਕ ਬੈਠੇ ਤਾਂ ਗੈਰ ਨੂੰ ਵੀ ਸਾਡੇ ਕੱਫਣ ਵਿਚ ਕਿੱਲ ਠੋਕਣ ਦੀ ਲੋੜ ਹੀ ਨਹੀਂ ਰਹਿਣੀ।

ਜੇ ਅਸੀਂ ਨਦੀ ਦੇ ਦਰਦ ਨੂੰ ਆਪਣੇ ਅੰਦਰ ਨਾ-ਉਤਾਰਨ ਦਾ ਗੁਨਾਹ ਕਰ ਬੈਠੇ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਵੀ ਮੁਆਫ ਨਹੀਂ ਕਰਨਗੀਆਂ। ਅਸੀਂ ਹੋਵਾਂਗੇ ਉਨ੍ਹਾਂ ਦੇ ਟੁੱਟਦੇ ਸਾਹਾਂ ਅਤੇ ਲਿਲਕੜੀਆਂ ਲੈਂਦੀ ਜ਼ਿੰਦਗੀ ਦੇ ਕਸੂਰਵਾਰ। ਸਾਡੀ ਔਲਾਦ ਨੇ ਸਾਨੂੰ ਕਦੇ ਵੀ ਮੁਆਫ ਨਹੀਂ ਕਰਨਾ ਅਤੇ ਇਕ ਲੰਗੜੀ ਜ਼ਿੰਦਗੀ ਆਪਣੀਆਂ ਪੀੜ੍ਹੀਆਂ ਦੇ ਨਾਮ ਕਰ, ਅਸੀਂ ਕਾਲੇ ਅੱਖਰਾਂ ਜਿਹੀ ਅਉਧ ਦਾ ਤਿੜਕਿਆ ਬਿੰਬ ਬਣ ਕੇ, ਸਦਾ ਲਈ ਅੰਧਕਾਰ ਵਿਚ ਅਲੋਪ ਹੋ ਜਾਵਾਂਗੇ।

ਕਦੇ ਉਦਾਸ ਨਦੀ ਦੀ ਪੀੜਾ ਦੀ ਇੰਤਹਾ ਦਾ ਅਹਿਸਾਸ ਤਾਂ ਕਰੀਏ ਜਦ ਉਸ ਨੂੰ ਲੱਗਦਾ ਏ ਕਿ ਅਸੀਂ ਪੰਜ-ਆਬ ਤੋਂ ਬੇ-ਆਬ ਦਾ ਸਫਰ ਸ਼ੁਰੂ ਕਰ ਚੁਕੇ ਹਾਂ ਅਤੇ ਉਹ ਸਾਨੂੰ ਮਾਰੂ-ਸਫਰ ਤੋਂ ਵਰਜਦੀ ਨੀਰ ਹੀ ਵਹਾ ਸਕਦੀ ਏ। ਕੋਈ ਹੰਝੂ ਪੂੰਝਣ ਵਾਲਾ ਵੀ ਤਾਂ ਹੋਵੇ ਜੋ ਹੰਝੂਆਂ 'ਚ ਹੰਝੂ ਬਣ ਹੰਝੂਆਂ ਦੀ ਮੈਲ ਧੋਵੇ।

ਪਿੰਡ ਕੋਲੋਂ ਲੰਘਦੀ ਨਦੀ ਦੀ ਉਦਾਸ ਗਾਥਾ ਤੁਸੀਂ ਜਰੂਰ ਸੁਣਦੇ ਹੋਵੋਗੇ ਪਰ ਇਸ ਦੀ ਉਦਾਸੀ ਦਾ ਕੋਈ ਤਾਂ ਉਪਾਅ ਕਰੀਏ ਤਾਂ ਕਿ ਅਸੀਂ ਆਪ ਵੀ ਜੀਵੀਏ ਅਤੇ ਨਦੀ ਦੀ ਜੀਵਨ-ਧਾਰਾ ਦੇ ਨਾਂਵੇਂ ਚਿਰ-ਸੰਜੀਵ ਹੋਂਦ ਕਰੀਏ।

> ***ਨਦੀ ਦੇ ਕੰਢਿਆਂ 'ਤੇ ਸਭਿਅਤਾਵਾਂ ਜਨਮੀਆਂ, ਸਿਰਜਿਆ ਗਿਆ ਕਈ ਕੌਮਾਂ ਦਾ ਇਤਿਹਾਸ, ਲਿਖੀ ਗਈ ਮਾਣ-ਮੱਤੀ ਤਹਿਰੀਕ, ਇਤਿਹਾਸ ਦੇ ਵਰਕਿਆਂ 'ਤੇ ਸੁਨਹਿਰੀ ਪੰਨਿਆਂ ਦੀ ਹੋਈ ਕਲਾ-ਨਿਕਾਸ਼ੀ। ਬੀਤੇ ਸਮਿਆਂ ਦੇ ਅਨਮੋਲ ਦਸਤਾਵੇਜ਼ ਨੇ ਸਾਡੇ ਨਦੀਆਂ ਤੇ ਨਾਲੇ, ਕੀਮਤੀ ਖਜਾਨਾ ਏ ਨਦੀ ਦੀ ਨਿਰਮਲ ਧਾਰਾ। ਜੀਵਨ ਦੀ ਜਗਦੀ ਜੋਤ ਨੇ ਅੰਮ੍ਰਿਤਮਈ ਪਾਣੀਆਂ ਦੇ ਵਹਿੰਦੇ ਸਰਵਰ।***

## ਪਿੰਡ ਦਾ ਹਾਲ

ਇਥੇ ਰੋਟੀ ਨ੍ਹੀਂ ਜੁੜਦੀ ਗਰੀਬਾਂ ਨੂੰ,
ਨਿੱਤ ਦੋਸ਼ ਦਿੰਦੇ ਨੇ ਜੋ ਨਸੀਬਾਂ ਨੂੰ।
ਸਾਰਾ ਦਿਨ ਧੁੱਪੇ ਖਪ ਕੇ ਵੀ
ਆਣ ਕੱਚੇ ਕੋਠੇ ਵਿਚ ਪੈਂਦਾ ਏ।
ਮੇਰੇ ਪਿੰਡ ਦਾ ਹਾਲ ਆ ਦੇਖ ਕਦੀ
ਰੱਬਾ ਤੂੰ ਕਿੱਥੇ ਰਹਿੰਦਾ ਏ?

ਇੱਥੇ ਬੁੱਢੇ ਤਰਸ ਰਹੇ ਨੇ ਪਾਣੀ ਨੂੰ,
ਰੋਗਾਂ ਘੇਰ ਲਿਆ ਜਿੰਦ ਨਿਮਾਣੀ ਨੂੰ।
ਲੋਕਾਂ ਨੂੰ ਹਉਮੈ ਹੀ ਮਾਰ ਗਈ
ਨਾ ਕੋਈ ਜੀ-ਜੀ ਕਹਿੰਦਾ ਏ...।

ਧੀਆਂ-ਭੈਣਾਂ ਨੂੰ ਇੱਜਤਾਂ ਦਾ
ਆਪਣਿਆਂ ਤੋਂ ਖਤਰਾ ਵਧ ਚੱਲਿਆ।
ਲੱਖ ਚਾਹੁਣ 'ਤੇ ਖਹਿੜਾ ਛੱਡਦੀਆਂ ਨਾ
ਦੁੱਖਾਂ ਤਕਲੀਫਾਂ ਨੇ ਹਰ ਦਰ ਮੱਲਿਆ।
ਅਣਖਾਂ ਇੱਜਤਾਂ ਨੂੰ ਭੁੱਲ ਕੇ ਕਿਵੇਂ
ਗੱਭਰੂ ਨਸ਼ੇ ਦੇ ਹੜ੍ਹ ਵਿਚ ਵਹਿੰਦਾ ਏ...।

ਬਿਨ ਇਲਾਜ ਤੋਂ ਹਰ ਘਰ ਵਿਚ
ਕਿਵੇਂ ਮਰਦੇ ਹੋਏ ਮਰੀਜ ਪਏ।
ਕਰਜ਼ੇ ਦੀਆਂ ਮਾਰਾਂ ਤੋਂ ਤੰਗ ਆ ਕੇ
ਲੋਕ ਜ਼ਹਿਰਾਂ ਕਿਵੇਂ ਖਰੀਦ ਰਹੇ।
ਨਫਰਤ ਦਿਲਾਂ 'ਚ ਕਿੰਨੀ ਵਧ ਚੱਲੀ
ਕੋਈ ਨਾ ਘੂਰ ਕਿਸੇ ਦੀ ਸਹਿੰਦਾ ਏ...।

ਬਲਜਿੰਦਰ ਦੇ ਪਿੰਡ ਆਲੀਕੇ ਵਿਚ
ਨਾ ਪਹਿਲਾਂ ਵਾਲਾ ਮੋਹ ਰਿਹਾ।
ਥੋੜ੍ਹੇ ਸਮੇਂ 'ਚ ਕਿੰਨਾ ਕੁਝ ਬਦਲ ਗਿਆ
ਕਦੇ ਸੋਚਿਆ ਨਹੀਂ ਸੀ ਜੋ ਹੋ ਰਿਹਾ।
ਮੇਰੇ ਪਿੰਡ ਨੂੰ ਸਵਰਗ ਬਣਾ ਦੇ ਤੂੰ
ਮੈਨੂੰ ਲਗਦਾ ਜਾਵੇ ਢਹਿੰਦਾ ਏ।
ਮੇਰੇ ਪਿੰਡ ਦਾ ਹਾਲ ਆ ਦੇਖ ਕਦੀ
ਰੱਬਾ ਤੂੰ ਕਿੱਥੇ ਰਹਿੰਦਾ ਏ?

***-ਬਲਜਿੰਦਰ ਆਲੀਕੇ***
***ਫੋਨ: 91-94645-62678***

---

## ਕੰਮ ਕਰਾ ਲਓ

ਕੰਮ ਕਰਾ ਲਓ, ਕੰਮ ਕਰਾ ਲਓ,
ਪੈਸੇ ਦੇ ਕੇ ਕੰਮ ਕਰਾ ਲਓ।
ਰਿਸ਼ਵਤ ਦੇ ਕੇ ਕੰਮ ਕਰਾ ਲਓ,
ਜਾਂ ਗਲੀਆਂ ਵਿਚ ਧੱਕੇ ਖਾ ਲਓ।
ਗਲੀਆਂ ਦੇ ਵਿਚ ਫਿਰਨ ਏਜੰਟ,
ਕੰਮ ਕਰਵਾਉਂਦੇ ਪਰਮਾਨੈਂਟ।
ਚਾਰ ਚੁਫੇਰੇ ਸੇਲਾਂ ਲੱਗੀਆਂ,
ਹਰ ਬੰਦਾ ਪਿਆ ਮਾਰੇ ਠੱਗੀਆਂ।
ਸ਼ੱਰੇਆਮ ਇਹ ਪੈਸੇ ਮੰਗਦੇ,
ਰਿਸ਼ਵਤ ਖਾਂਦੇ ਜਰਾ ਨਾ ਸੰਗਦੇ।
ਸੌ, ਹਜਾਰ ਨਹੀਂ, ਮੰਗਦੇ ਲੱਖਾਂ,
ਨਹੀਂ ਤੇ ਖੂਬ ਵਿਖਾਉਂਦੇ ਅੱਖਾਂ।
ਇਹ ਪੰਜਾਬ ਨੂੰ ਖਾਈ ਜਾਂਦੇ,
ਅੰਨੀ ਲੁਟ ਮਚਾਈ ਜਾਂਦੇ।
ਦਿਨੇ ਗਰੀਬਾਂ ਨੂੰ ਪਏ ਲੁਟਦੇ,
ਨਾਲੇ ਲੁਟਦੇ, ਨਾਲੇ ਕੁੱਟਦੇ।
ਰਿਸ਼ਵਤ ਦੇ ਨਾਲ ਜੇਬਾਂ ਭਰਦੇ,
ਰੱਬ ਦੇ ਕਹਿਰ ਤੋਂ ਕਦੀ ਨਾ ਡਰਦੇ।
ਖੂਨ ਗਰੀਬਾਂ ਦਾ ਨਿੱਤ ਪੀਂਦੇ,
ਪਤਾ ਨਹੀਂ ਕਿੰਜ ਜ਼ਿੰਦਗੀ ਜੀਂਦੇ।
ਚਿੱਟੇ ਦੁੱਧ ਜਿਹੇ ਕੱਪੜੇ ਪਾਉਂਦੇ,
ਬੰਦਾ ਇਹ ਬਿਨਾ ਲੂਣ ਖਾ ਜਾਂਦੇ।
ਪਾਣੀ ਦੀ ਥਾਂ ਪੀਣ ਸ਼ਰਾਬ,
ਬੰਦਿਆਂ ਦਾ ਇਹ ਖਾਣ ਕਬਾਬ।
ਬਿਜਨਸ ਇਨ੍ਹਾਂ ਦਾ ਬੇਈਮਾਨੀ,
ਅੱਖੀਆਂ ਦੇ ਵਿਚ ਭਰੀ ਸ਼ੈਤਾਨੀ।
ਰੱਬ ਨੂੰ ਇਨ੍ਹਾਂ ਜੇਬ 'ਚ ਪਾਇਆ,
ਇਨਸਾਨੀਅਤ ਨੂੰ ਮਾਰ ਮੁਕਾਇਆ।
ਜੋ ਲੋਕੀਂ ਅਬਰੌਡ ਤੋਂ ਆਉਂਦੇ,
ਖੂਬ ਉਨ੍ਹਾਂ ਦੀ ਛੋਈ ਲਾਹੁੰਦੇ।
ਇਹ ਏਜੰਟ ਨੇ ਅਸਲ ਦਲਾਲ,
ਖੂਬ ਹਰਾਮ ਦਾ ਛਕਦੇ ਮਾਲ।
ਸ਼ਰਮ ਧਰਮ ਸਭ ਛਿੱਕੇ ਟੰਗੇ,
ਸ਼ਰਮ ਇਨ੍ਹਾਂ ਦੁਸ਼ਟਾਂ ਤੋਂ ਸੰਗੇ।
ਰੱਬਾ ਇਹ ਸਭ ਨਰਕ 'ਚ ਪਾਵੀਂ,
ਨਰਕ 'ਚ ਸੁਟ ਕੇ ਤੌਣੀ ਲਾਵੀਂ।
ਰਿਸ਼ਵਤ ਖਾਣੇ ਇਹ ਗੱਦਾਰ,
ਰਿਸ਼ਵਤ ਮੰਗਦੇ ਵਿਚ ਬਾਜ਼ਾਰ।
ਝੋਟਿਆਂ ਵਾਂਗ ਫਿਰਨ ਵਿਚ ਗਲੀਆਂ,
ਪੈਰਾਂ ਥੱਲੇ ਮਸਲਣ ਕਲੀਆਂ।
ਉਜੜ ਗਿਆ ਮੇਰਾ ਪੰਜਾਬ,
ਉਜੜ ਗਏ ਫੁੱਲਾਂ ਦੇ ਬਾਗ।
ਇਸ ਨਿਜ਼ਾਮ ਨੂੰ ਫਾਹੇ ਲਾ ਦੇਹ,
ਰਿਸ਼ਵਤ ਖਾਣੇ ਮਾਰ ਮੁਕਾ ਦੇਹ।
ਰੱਬ ਜੀ, ਆ ਪੰਜਾਬ ਬਚਾ ਲੈ,
ਪੰਜ ਦਰਿਆ ਦੀ ਆਬ ਬਚਾ ਲੈ।
ਰਿਸ਼ਵਤ ਖਾਣੇ ਮਾਰ ਮੁਕਾ,
ਹੁਣ ਤੂੰ ਤਰਸ ਪੰਜਾਬ 'ਤੇ ਖਾਹ।

ਵੇਖੀਂ ਕਿਤੇ ਦੇਰ ਨਾ ਹੋ ਜਾਏ,
ਵੇਖੀਂ ਕਿਤੇ ਹਨੇਰ ਨਾ ਹੋ ਜਾਏ।
ਰੱਬ ਜੀ, ਹੁਣ ਨਾ ਲਾਇਓ ਦੇਰੀ,
ਮਰ ਜਾਵੇ 'ਸੁਰਜੀਤ' ਨਾ ਤੇਰੀ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

## ਬੋਲੀ

ਮੈਕਸੀਕਨ ਆਈਆਂ ਕਣਕਾਂ
ਨਰਮਾ ਖਿੜ੍ਹਿਆ ਭਾਰੀ
ਛੱਡ ਕੇ ਗੱਡਾ ਟਰੈਕਟਰ ਲੈ'ਤਾ
ਕੀਤੀ ਖੂਬ ਸਰਦਾਰੀ
ਟਿੱਬਿਆਂ ਉਤੇ ਝੋਨਾ ਬੀਜ'ਤਾ
ਭੁੱਲੇ ਬੋਤੇ ਵਾਲੀ ਸਵਾਰੀ
ਲੀਡਰ ਜਿੱਥੇ ਡਾਕੂ ਬਣ'ਗੇ
ਅਫਸਰ ਕੁੱਤੇ ਸਰਕਾਰੀ
ਹੰਡਾਵਣ ਕੰਪਨੀਆਂ ਜਿੱਥੇ
ਖੇਤੀ ਮਹਿਕਮੇ ਦੀ ਯਾਰੀ
ਵੰਡਦਿਆਂ ਜ਼ਮੀਨ ਘਟ'ਗੀ ਲੋਕੋ
ਰਹਿ'ਗੀ ਕਿੱਲੇ ਦੋ ਸਾਰੀ
ਪੁੱਠੇ ਰਾਹ ਮੁੰਡੇ ਪੈ'ਗੇ
ਮੱਤ ਨਸ਼ਿਆਂ ਨੇ ਮਾਰੀ
ਬਾਪੂ ਫਾਹਾ ਲੈ ਗਿਆ
ਫਿਕਰਾਂ ਨੇ ਮਾਂ ਮਾਰੀ
'ਆਈਲੈਟ' ਕਰਾ ਕੈਨੇਡਾ ਤੋਰ'ਤੀ
'ਕੱਲੀ ਧੀ ਕੁਆਰੀ
ਨਿੰਮ ਦੇ ਪੱਤੇ ਦੀ
ਮੈਪਲ ਤੱਕ ਉਡਾਰੀ।

***-ਗੁਰਮੇਲ ਬੀਰੋਕੇ***
***ਫੋਨ: 604-825-8053***

# ਅਸਲੀਅਤ ਦੀ ਕਸਵੱਟੀ 'ਤੇ ਬਲਜੀਤ ਬਾਸੀ ਦਾ ਸ਼ਬਦ-ਝਰੋਖਾ

'ਪੰਜਾਬ ਟਾਈਮਜ਼' ਦੇ 12 ਅਗਸਤ 2017 ਦੇ ਅੰਕ ਵਿਚ ਪ੍ਰਬੁਧ ਵਿਦਵਾਨ ਬਲਜੀਤ ਸਿੰਘ ਬਾਸੀ ਦਾ ਲੇਖ 'ਪੰਜਾਬੀ ਨੇੜੇ ਅਤੇ ਅੰਗਰੇਜ਼ੀ ਨੀਅਰ' ਛਪਿਆ ਹੈ, ਜੋ ਇਸ ਵਿਸ਼ੇ 'ਤੇ ਮੇਰੇ ਵਿਚਾਰਾਂ ਦਾ ਪ੍ਰਤੀਕਰਮ ਸੀ। ਸ਼ਬਦ ਦੇ ਸ਼ੁਧ-ਸਰੂਪ ਦੀ ਪਛਾਣ ਵਿਚ ਸਿਰੜ ਨਾਲ ਲੱਗੇ ਬਲਜੀਤ ਬਾਸੀ ਵਰਗੇ ਵਿਦਵਾਨ ਦੀਆਂ ਟਿੱਪਣੀਆਂ ਦਾ ਸਵਾਗਤ ਹੈ। ਉਨ੍ਹਾਂ ਠੀਕ ਹੀ ਦਸਮ ਗ੍ਰੰਥ ਦੇ ਵਿਰੋਧੀ ਪਖ ਦੀ ਇਹ ਦਲੀਲ ਖਾਰਿਜ ਕਰ ਦਿੱਤੀ ਹੈ ਕਿ 'ਨੀਅਰ' ਆਦਿ ਸ਼ਬਦ ਇਸ ਗ੍ਰੰਥ ਵਿਚ ਅੰਗਰੇਜ਼ਾਂ ਦੀ ਮਿਲਾਵਟ ਹੈ, ਕਿਉਂਕਿ ਉਨ੍ਹਾਂ ਸਪਸ਼ਟ ਕੀਤਾ ਹੈ ਕਿ ਇਹ ਸ਼ਬਦ ਭਾਰਤੀ ਭਾਸ਼ਾਈ ਵਿਕਾਸ ਦਾ ਹੀ ਨਤੀਜਾ ਹੈ ਅਤੇ ਅੰਗਰੇਜ਼ੀ

ਡਾ. ਹਰਭਜਨ ਸਿੰਘ ਦੇਹਰਾਦੂਨ
ਫੋਨ: 91-99971-39539

ਨਾਲ ਇਸ ਦਾ ਦੂਰ ਦਾ ਵੀ ਵਾਸਤਾ ਨਹੀਂ। ਅਕਾਦਮਿਕਤਾ ਵਿਚ ਜ਼ਰੂਰੀ ਨਹੀਂ ਕਿ ਸ੍ਰੀ ਬਾਸੀ ਮੇਰੇ ਵਿਚਾਰਾਂ ਨਾਲ ਸਹਿਮਤ ਹੋਣ ਜਾਂ ਮੈਂ ਉਨ੍ਹਾਂ ਨਾਲ ਸਹਿਮਤ ਹੋਵਾਂ।

ਸ੍ਰੀ ਬਾਸੀ ਦਾ ਪ੍ਰਮੁਖ ਇਤਰਾਜ਼ ਇਹ ਹੈ ਕਿ ਮੈਂ ਸੰਸਕ੍ਰਿਤ ਪਿਛੋਕੜ ਵਾਲੇ ਨਿਅਰ/ਨੀਅਰ/ਨੀਯਰ ਸ਼ਬਦ ਨੂੰ ਅੰਗਰੇਜ਼ੀ ਨੀਅਰ ਦਾ ਸਜਾਤੀ (ਉਨ੍ਹਾਂ ਸ਼ਬਦ ਸੁਜਾਤੀ ਵਰਤਿਆ ਹੈ, ਜਿਸ ਦਾ ਅਰਥ ਅਛੀ ਜਾਤੀ ਹੁੰਦਾ ਹੈ। 'ਸਜਾਤੀ' ਦਾ ਅਰਥ ਸਹਿਜਾਤੀ ਭਾਵ ਇਕੋ ਜਾਤ ਵਾਲਾ ਬਣਦਾ ਹੈ, ਜੋ ਉਚਿਤ ਹੈ। ਮੈਂ ਉਹੋ ਵਰਤਿਆ ਹੈ) ਸਮਝਦਾ ਹਾਂ। ਉਨ੍ਹਾਂ ਨੂੰ ਇਹ ਵੀ ਇਤਰਾਜ਼ ਹੈ, ਕਿ ਮੈਂ ਅੰਗਰੇਜ਼ੀ-ਸੰਸਕ੍ਰਿਤ ਭਾਸ਼ਾਵਾਂ ਨੂੰ ਸਜਾਤੀ ਮੰਨਦਾ ਹਾਂ, ਜਦੋਂ ਕਿ ਉਨ੍ਹਾਂ ਦੇ ਕਥਨ ਅਨੁਸਾਰ ਇਹ ਸਜਾਤੀ ਨਹੀਂ ਮੰਨਣੀਆਂ ਚਾਹੀਦੀਆਂ, ਬਲਕਿ ਅਸਬੰਧਿਤ ਸਮਝਣੀਆਂ ਚਾਹੀਦੀਆਂ ਹਨ। ਹਕੀਕਤਨ ਦੋਹਾਂ ਭਾਸ਼ਾਵਾਂ ਨੂੰ ਸਜਾਤੀ ਮੈਂ ਨਹੀਂ ਕਹਿ ਰਿਹਾ, ਬਲਕਿ ਭਾਸ਼ਾ ਸ਼ਾਸਤਰੀਆਂ ਦਾ ਇਹ ਸੁਦ੍ਰਿੜ ਵਿਚਾਰ ਹੈ ਕਿ ਅੰਗਰੇਜ਼ੀ ਨਾਲ ਸਬੰਧਿਤ ਭਾਸ਼ਾਵਾਂ, ਸੰਸਕ੍ਰਿਤ ਅਤੇ ਅਰਬੀ ਤਿੰਨੇ ਭਾਸ਼ਾ-ਸ਼੍ਰੇਣੀਆਂ ਹੀ ਸਜਾਤੀ ਹਨ। ਅਗੇ ਫਿਰ ਇਨ੍ਹਾਂ ਦੇ ਆਪਣੇ-ਆਪਣੇ ਵਿਸ਼ਾਲ ਪਰਿਵਾਰ ਵੀ ਹਨ। ਦੂਰ ਦਾ ਵਿਛੋੜਾ ਹੋਣ ਦੇ ਬਾਵਜੂਦ ਇਨ੍ਹਾਂ ਦੇ ਪਰਿਵਾਰ ਵਿਚ ਜਨਮੇ ਸ਼ਬਦ ਰੂਪ ਬਚਿਆਂ ਵਿਚ ਕਿਤੇ-ਨ ਕਿਤੇ ਅੰਸ਼ ਅਤੇ ਅੰਗਾਂ ਦੀ ਪਛਾਣ ਹੋ ਜਾਂਦੀ ਹੈ। ਸੰਸਕ੍ਰਿਤ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਸਬੰਧ ਇੰਨਾ ਗੂੜ੍ਹਾ ਹੈ ਕਿ ਦੋਹਾਂ ਦੀਆਂ ਲਿਪੀਆਂ ਵਿਚ ਸਿਧਾ ਸਬੰਧ ਨਾ ਹੁੰਦਿਆਂ ਵੀ ਕਈ ਅੱਖਰਾਂ ਦੇ ਨਕਸ਼ ਇਕੋ ਜਿਹੇ ਹਨ। ਦੇਵਨਾਗਰੀ ਜਾਂ ਗੁਰਮੁਖੀ ਦੀ ਵਰਣਮਾਲਾ ਦੇ ਘ, ਝ, ਢ, ਧ, ਭ ਵਰਣ ਦੀ ਬਣਤਰ ਗ+ਹ, ਜ+ਹ, ਡ+ਹ, ਦ+ਹ, ਬ+ਹ ਤੋਂ ਵਿਕਸਿਤ ਹੋਈ ਹੈ, ਠੀਕ ਇਸੇ ਤਰ੍ਹਾਂ G, J, D, B ਆਦਿ ਵਿਚ H ਜੋੜ ਕੇ ਉਹੋ ਜਿਹੀਆਂ ਧੁਨੀਆਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਸੰਸਕ੍ਰਿਤ ਵਿਚ ਜਿਥੇ ਕਿਤੇ ਅਧਕ ਦੀ ਆਵਾਜ਼ ਦੇਣੀ ਸੀ, ਉਥੇ ਇਕੋ ਅਖਰ ਦੇ ਅੱਧਾ ਅਤੇ ਪੂਰਾ ਰੂਪ ਸੰਯੁਕਤ ਕਰ ਕੇ ਕੰਮ ਚਲਾਇਆ ਜਾਂਦਾ ਸੀ, ਜਿਵੇਂ ਵੱਲੀ ਨੂੰ ਵਲ੍ਲੀ, ਟੱਲ ਨੂੰ ਟਲ੍ਲ, ਤੱਟ ਨੂੰ ਤਟ੍ਟ ਆਦਿ। ਬਿਲਕੁਲ ਇਹੋ ਪ੍ਰਵਿਰਤੀ smell, bell, hell, ness, chess ਆਦਿ ਲਿਖਣ ਵੇਲੇ ਅੰਗਰੇਜ਼ੀ ਵਿਚ ਕੰਮ ਕਰਦੀ ਹੈ।

ਨਿਰਸੰਦੇਹ ਬਾਸੀ ਸਾਹਿਬ ਨੇ ਸਾਨੂੰ ਵਿਦਵਤਾ ਪੂਰਵਕ ਦਲੀਲਾਂ ਨਾਲ ਇਹ ਦਸਿਆ ਹੈ ਕਿ ਅੰਗਰੇਜ਼ੀ ਨੀਅਰ ਦਾ ਸਬੰਧ ਪੁਰਾਣੀ ਅੰਗਰੇਜ਼ੀ ਦੇ neah, ਪੁਰਾਣੀ ਸੈਕਸਨ ਦੇ nah, ਪੁਰਾਣੀ ਫਰੀਜ਼ੀਅਨ ਦੇ nei, ਡਚ ਦੇ na, ਜਰਮਨ ਦੇ nah ਨਾਲ ਹੈ। ਉਨ੍ਹਾਂ ਦੇ ਇਸ ਕਥਨ ਨਾਲ ਮੇਰੀ ਕੋਈ ਅਸਹਿਮਤੀ ਨਹੀਂ। ਪਰ ਉਨ੍ਹਾਂ ਦਾ ਇਹ ਕਥਨ 'ਨਿਰੁਕਤਕਾਰਾਂ ਅਨੁਸਾਰ ਅੰਗਰੇਜ਼ੀ ਨੀਅਰ ਦੇ ਸੁਜਾਤੀ ਸ਼ਬਦ ਕੇਵਲ ਜਰਮੈਨਿਕ ਭਾਸ਼ਾਵਾਂ ਜਿਵੇਂ ਜਰਮਨ, ਅੰਗਰੇਜ਼ੀ, ਸੈਕਸਨ, ਫਰੀਜ਼ੀਅਨ ਆਦਿ ਵਿਚ ਮਿਲਦੇ ਹਨ, ਹੋਰ ਕਿਸੇ ਭਾਰੋਪੀ ਭਾਸ਼ਾ ਵਿਚ ਨਹੀਂ' ਸਵੈ-ਵਿਰੋਧੀ ਹੈ, ਕਿਉਂਕਿ ਉਹ ਪਹਿਲਾਂ ਹੀ ਕਹਿ ਆਏ ਹਨ ਕਿ ਸੰਸਕ੍ਰਿਤ ਦੇ 'ਨਿ' ਅਗੇਤਰ ਵਿਚ ਆਉਣ ਦਾ ਭਾਵ ਹੈ। ਇਸ 'ਨਿ' ਨੂੰ ਜੋ ਹਕੀਕਤਨ 'ਨੀ' ਹੈ, ਉਹ ਉਪਰੋਕਤ ਜਰਮੈਨਿਕ ਭਾਸ਼ਾ-ਪਰਿਵਾਰ ਦੇ neah, nah, nei, na, nah ਆਦਿ ਤੋਂ ਵਖ ਕਰ ਕੇ ਕਿਉਂ ਵੇਖ ਰਹੇ ਹਨ? ਇਸ ਦਾ ਮੂਲ ਭਾਵ ਵੀ ਉਹੋ ਹੈ, ਜੋ ਜਰਮੈਨਿਕ ਭਾਸ਼ਾਵਾਂ ਦੇ ਪ੍ਰਸਤੁਤ ਸ਼ਬਦਾਂ ਦਾ ਹੈ ਅਤੇ ਕੋਸ਼ਕਾਰਾਂ ਨੇ ਉਪਰੋਕਤ ਸ਼ਬਦਾਂ ਵਿਚ ਸੰਸਕ੍ਰਿਤ ਰੂਪ ਵੀ ਸ਼ਾਮਿਲ ਕੀਤਾ ਹੋਇਆ ਹੈ, ਜੋ ਬਾਸੀ ਜੀ ਨੇ ਆਪਣੇ ਮਤਿ ਨੂੰ ਪੁਸ਼ਟ ਰਖਣ ਵਾਸਤੇ ਨਦਰੰਦਾਜ਼ ਕੀਤਾ ਹੈ। ਸਭ ਜਾਣਦੇ ਹਨ ਕਿ ਸ਼ਬਦਾਂ ਦੇ ਇਤਿਹਾਸ ਅਤੇ ਵਿਕਾਸ ਉਤੇ ਕਾਲ ਦੀ ਗਹਿਰੀ ਧੁੰਦ ਹੈ, ਜਿਸ ਵਿਚੋਂ ਉਨ੍ਹਾਂ ਦੀ ਪੁਰਾਤਨ ਕਾਇਆ ਦੇ ਕਿਤੇ-ਕਿਤੇ ਪਿੰਜਰ ਮਿਲਦੇ ਹਨ। ਇਨ੍ਹਾਂ ਪਿੰਜਰਾਂ ਨੂੰ ਜੋੜ-ਜੋੜ ਕੇ ਹਰ ਵਿਦਵਾਨ ਜਿਥੋਂ ਤੀਕ ਉਸ ਦੀ ਬੌਧਿਕ ਪਹੁੰਚ ਹੁੰਦੀ ਹੈ, ਆਪਣੇ-ਆਪਣੇ ਢੰਗ ਨਾਲ ਵਿਆਖਿਆ ਕਰ ਲੈਂਦਾ ਹੈ। ਇਸ ਵਿਆਖਿਆਕਾਰੀ ਵਿਚ ਕੇਵਲ ਕੋਸ਼ ਨਹੀਂ ਕੰਮ ਆਉਂਦੇ, ਬੌਧਿਕ ਕਲਪਨਾ-ਸ਼ਕਤੀ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਇਹੋ ਕਲਪਨਾ-ਸ਼ਕਤੀ ਯਾਸਕ ਮੁਨਿ ਦੇ ਨਿਰੁਕਤ ਦਾ ਆਧਾਰ ਹੈ ਅਤੇ ਇਸ ਸਮਰਥਾ ਦਾ ਭਰਪੂਰ ਪ੍ਰਯੋਗ ਕਰਨ ਵਾਲੇ ਪ੍ਰੋ. ਰਿਆਲ ਸਨ।

ਇਹ ਵੀ ਇਕ ਕਿਆਸ ਹੈ ਕਿ ਭਾਰਤੀ ਭਾਸ਼ਾਵਾਂ ਵਿਚ ਆਏ 'ਨਿਅਰ' ਸ਼ਬਦ ਦਾ ਵਿਕਾਸ 'ਨਿਕਟ' ਵਿਚੋਂ ਹੀ ਹੋਇਆ ਹੈ। ਜੇ ਅਜਿਹਾ ਹੁੰਦਾ ਤਾਂ 'ਨਿਕਟ' ਦੀ ਥਾਂ ਅਜ 'ਨੀਅਰ' ਦੀ ਵਰਤੋਂ ਵੱਧ ਹੋਣੀ ਸੀ, ਕਿਉਂਕਿ ਇਸ ਦਾ ਉਚਾਰਣ ਵੱਧ ਸਹਿਜ ਹੈ। ਸਹਿਜ ਉਚਾਰਣ ਹੋਣ ਕਾਰਨ ਹੀ ਲੋਕ-ਬੋਲੀ ਵਿਚ ਨੇਰੇ ਅਤੇ ਨੇੜੇ ਸ਼ਬਦ ਪ੍ਰਚਲਿਤ ਹੋਏ ਹਨ। ਬਲਜੀਤ ਬਾਸੀ ਨੇ ਅੰਗਰੇਜ਼ੀ ਸ਼ਬਦ nigh ਦੀ ਦੂਜੀ ਅਤੇ ਤੀਜੀ ਡਿਗਰੀ near ਅਤੇ next ਦਸੀ ਹੈ, ਪਰ ਉਹ ਇਹ ਨਹੀਂ ਦਸ ਸਕੇ, ਕਿ ਨੀਅਰ ਵਿਚ 'ਅਰ' ਅਤੇ ਨੈਕਸਟ ਵਿਚ 'ਐਕਸਟ' ਕਿਥੋਂ ਆਏ ਹਨ? ਜਿਥੋਂ ਤੀਕ ਸ਼ਬਦ next ਦਾ ਸਵਾਲ ਹੈ, ਤਾਂ ਇਸ ਦੀ ਸਾਂਝ ਸੰਸਕ੍ਰਿਤ 'ਨਿਕਟਸਥ' ਨਾਲ ਹੈ। ਨੇੜੇ ਸਥਿਤ ਦਾ ਭਾਵ ਹੀ ਨਾਲ ਵਾਲਾ ਅਰਥਾਤ ਅਗਲਾ ਹੁੰਦਾ ਹੈ। ਉਂਜ ਇਹ ਵੀ ਸੱਚਾਈ ਹੈ ਕਿ X ਵਰਣ ਦੇਵਨਾਗਰੀ ਦੇ 'ਕਸ਼' ਜੈਸਾ ਹੀ ਹੈ। ਮਨ ਵਿਚ ਉਸ ਵੇਲੇ ਇਕ ਦੁਵਿਧਾ ਉਤਪੰਨ ਹੁੰਦੀ ਹੈ, ਜਦੋਂ ਅਸੀਂ ਇਹ ਵੇਖਦੇ ਹਾਂ ਕਿ ਰੋਮਨ 'V' ਅਤੇ 'W' ਦੋਵੇਂ ਅਖਰ ਬਹੁਤੀਆਂ ਥਾਂਵਾਂ 'ਤੇ 'ਵਾਵੇ' ਦੀ ਆਵਾਜ਼ ਉਤਪੰਨ ਕਰਦੇ ਹਨ। ਇਕੋ ਧੁਨੀ ਲਈ ਦੋ ਵਰਣ ਕਿਉਂ? ਹਕੀਕਤਨ 'W' ਦੀ ਆਕ੍ਰਿਤੀ ਤੋਂ ਹੀ ਸਪਸ਼ਟ ਹੈ ਕਿ ਇਹ ਦੋ 'V' ਦਾ ਸੰਯੁਕਤ ਰੂਪ ਹੈ। ਸੰਸਕ੍ਰਿਤ ਦੀ ਤਰਜ਼ 'ਤੇ ਹੀ, ਜਿਥੇ 'ਵਾਵਾ' ਅਧਕ ਦੀ ਧੁਨੀ ਸਹਿਤ ਉਚਾਰਣ ਕਰਨਾ ਸੀ, ਉਥੇ ਪਹਿਲੀ 'V' ਅਧਾ 'ਵਾਵਾ' ਹੈ ਅਤੇ ਦੂਜੀ 'V' ਪੂਰਾ 'ਵਾਵਾ' ਹੈ। ਕਿਤਨੀ ਅਟੁਟ ਸਾਂਝ ਹੈ ਭਾਸ਼ਾ ਅਤੇ ਵਰਣਾਂ ਦੀ? ਪਹਿਲਾਂ ਪਹਿਲ 'W' ਦੀ ਵਰਤੋਂ ਦੇਵਨਾਗਰੀ ਵਾਂਗ ਹੀ ਹੁੰਦੀ ਰਹੀ ਹੋਵੇਗੀ। ਪਰਵਰਤੀ ਕਾਲ ਵਿਚ ਲੋਕ ਇਸ ਦੇ ਮੂਲ-ਸਰੂਪ ਅਤੇ ਵਰਤੋਂ ਨੂੰ ਭੁਲ ਚੁਕੇ ਹਨ, ਬਸ ਅੱਖਾਂ ਬੰਦ ਕਰ ਕੇ ਭਾਸ਼ਾਈ ਰਵਾਇਤਾਂ ਦਾ ਪਾਲਣ ਕਰੀ ਜਾਂਦੇ ਹਨ। ਮੈਂ ਭਾਸ਼ਾ-ਸ਼ਾਸਤਰੀਆਂ ਦੇ ਬੰਧਨ ਵਿਚ ਵੀ ਨਹੀਂ, ਕਿਉਂਕਿ ਮੈਨੂੰ ਭੀ ਸਿਰਜਣਹਾਰ ਨੇ ਸੋਚਣ ਅਤੇ ਸਮਝਣ ਦੀ ਸਮਰਥਾ ਬਖਸ਼ੀ ਹੈ। ਮੈਂ ਰੀਤੀ ਦਾ ਗੁਲਾਮ ਕਿਉਂ ਹੋਵਾਂ?

ਇਸ ਤੋਂ ਪਹਿਲਾਂ ਕਿ ਅੰਗਰੇਜ਼ੀ ਅਤੇ ਸੰਸਕ੍ਰਿਤ ਦੇ ਸਬੰਧ ਸਿਧ ਕਰਨ ਵਾਸਤੇ ਮੈਂ ਸਜਾਤੀ ਸ਼ਬਦਾਂ ਦੇ ਕੁਝ ਪ੍ਰਮਾਣ ਪੇਸ਼ ਕਰਾਂ, ਬਾਸੀ ਜੀ ਦੁਆਰਾ 'ਨਿਆਰਾ' ਸ਼ਬਦ ਦੀ ਵਿਉਤਪਤਿ ਦਰਸਾਉਣ ਦੀ ਸਮੀਖਿਆ ਵੀ ਕਰ ਲੈਣੀ ਚਾਹੀਦੀ ਹੈ। ਉਹ ਕਹਿੰਦੇ ਹਨ ਕਿ ਸੰਸਕ੍ਰਿਤ ਨਿਨਿਰਕਟ ਤੋਂ ਪ੍ਰਾਕ੍ਰਿਤ ਨਿਨਿਅੜ, ਨਿਨਿਅਰ, ਨਿਨਆਰ ਤੋਂ ਨਿਆਰ ਸ਼ਬਦ ਬਣਿਆ ਹੈ। ਜਾਪਦਾ ਹੈ, ਇਹ ਉਨ੍ਹਾਂ ਨੇ ਰਾਮ ਚੰਦ੍ਰ ਵਰਮਾ ਦੁਆਰਾ ਰਚਿਤ 'ਹਿੰਦੀ ਮਾਨਕ ਕੋਸ਼' ਵਿਚੋਂ ਹੀ ਲਿਆ ਹੋਵੇਗਾ। ਵਿਦਵਾਨ ਲੇਖਕ ਨੂੰ ਮੇਰੀ ਨਿਮਰ ਬੇਨਤੀ ਹੈ ਕਿ ਸੰਸਕ੍ਰਿਤ ਵਿਚ ਕੋਈ 'ਨਿਨਿਰਕਟ' ਸ਼ਬਦ ਨਹੀਂ ਹੈ। ਜੋ ਸ਼ਬਦ 'ਹਿੰਦੀ ਮਾਨਕ ਕੋਸ਼' ਦੇ ਸੰਪਾਦਕ ਨੇ ਕਲਪਿਤ ਕੀਤਾ ਹੈ, ਉਹ ਹਕੀਕਤਨ ਦੇਵਨਾਗਰੀ ਵਿਚ 'ਨਿਰਨਿਕਟ' ਲਿਖਿਆ ਹੋਇਆ ਹੈ, ਜਿਸ ਨੂੰ ਸ਼ਾਇਦ ਹਿੰਦੀ ਅਭਿਆਸੀ ਨਾ ਹੋਣ ਕਾਰਨ ਬਾਸੀ ਜੀ ਨੇ 'ਨਿਰਨਿਕਟ' ਦੀ ਥਾਂ 'ਨਿਨਿਰਕਟ' ਪੜ੍ਹ ਲਿਆ ਹੈ। ਪ੍ਰਾਕ੍ਰਿਤ ਦੇ ਸ਼ਬਦ ਰੂਪ ਰਾਮ ਚੰਦ੍ਰ ਤੇ ਬਾਸੀ-ਦੋਵੇਂ ਗਲਤ ਲਿਖ ਰਹੇ ਹਨ। ਪ੍ਰਾਕ੍ਰਿਤ ਵਿਚ 'ਨ' ਅਖਰ ਵਰਣਮਾਲਾ ਵਿਚ ਮੌਜੂਦ ਹੀ ਨਹੀਂ। ਉਥੇ 'ਨੰਨੇ' ਅਤੇ 'ਣਾਣੇ' ਵਾਲੇ ਸਾਰੇ ਸ਼ਬਦਾਂ ਲਈ 'ਣ' ਦੀ ਵਰਤੋਂ ਕੀਤੀ ਜਾਂਦੀ ਹੈ। ਇੰਜ ਣਿਣਿਅੜ, ਣਿਣਿਅਰ, ਣਿਣਆਰ ਸ਼ਬਦ ਲਿਖੇ ਜਾਣੇ ਉਚਿਤ ਹਨ। ਪਰ ਇਹ ਸ਼ਬਦ ਵੀ ਸਿਰਫ ਕਲਪਨਾ ਮਾਤਰ ਹਨ, ਹਕੀਕਤਨ ਅਜਿਹੇ ਕੋਈ ਸ਼ਬਦ ਮੈਨੂੰ ਪ੍ਰਾਕ੍ਰਿਤ ਕੋਸ਼ ਵਿਚੋਂ ਨਹੀਂ ਮਿਲੇ, ਨਾ ਹੀ ਕਿਸੇ ਸੰਸਕ੍ਰਿਤ ਕੋਸ਼ ਵਿਚ 'ਨਿਰਨਿਕਟ' ਸ਼ਬਦ ਮਿਲਦਾ ਹੈ, ਕਿਉਂਕਿ 'ਨਿਕਟ' ਦੇ ਵਿਰੋਧੀ ਭਾਵ ਵਾਲਾ ਸ਼ਬਦ 'ਦੂਰ' ਹੈ।

ਗੱਲ ਚੱਲੀ ਹੈ ਤਾਂ ਪ੍ਰਸੰਗ ਤੋਂ ਬਾਹਰ ਜਾ ਕੇ 'ਦੂਰ' ਦੀ ਪ੍ਰਵਿਰਤੀ ਹੀ ਜਾਣ ਲਈਏ। ਇਸ ਸ਼ਬਦ ਦੇ ਮੂਲ ਵਿਚ 'ਦੁਰ' ਹੈ। 'ਦੁਰ' ਦੇ ਅਰਥ ਬੁਰਾ, ਕਠਿਨਾਈ ਭਰਿਆ ਆਦਿ ਹਨ। ਦੂਰੀ ਦੁਖਦਾਈ ਹੈ, ਤਕਲੀਫ ਦੇਣ ਵਾਲੀ ਹੈ। ਇਸ ਕਾਰਨ ਦੁਖ ਅਤੇ ਤਕਲੀਫ ਇਸ ਦੀ ਮੂਲ ਪ੍ਰਵਿਰਤੀ ਹੈ। ਸ਼ਬਦਾਂ ਨੂੰ ਸਮਝਣ ਲਈ ਕੋਸ਼ ਅਤੇ ਗ੍ਰੰਥ ਜ਼ਰੂਰ ਸਹਾਇਕ ਹਨ, ਪਰ ਅਸਲ ਸ਼ੁਧ-ਚੇਤਨਾ ਦਾ ਸਬੰਧ ਸ਼ਬਦ ਦੀ ਪ੍ਰਵ੍ਰਿਤੀ ਤੀਕ ਪਹੁੰਚਣ ਨਾਲ ਹੈ। ਗੱਲ ਨਿਆਰਾ ਦੀ ਚੱਲ ਰਹੀ ਸੀ। 'ਨਿਆਰਾ' ਦੀ ਵਿਉਤਪਤੀ (ਮੈਂ ਬਾਸੀ ਜੀ ਵਾਂਗ ਨਿਰੁਕਤੀ ਨਹੀਂ ਲਿਖਾਂਗਾ, ਕਿਉਂਕਿ ਨਿਰੁਕਤੀ ਦਾ ਸਬੰਧ ਸ਼ਬਦ ਦੇ ਅਰਥ ਕਲਪਿਤ ਕਰਨ ਨਾਲ ਹੈ। 'ਨਿਰੁਕਤ' ਦਾ ਮੁਖ ਮਕਸਦ ਸ਼ਬਦ-ਬਣਤਰ ਨਿਰਧਾਰਿਤ ਕਰਨਾ ਨਹੀਂ, ਸਗੋਂ ਅਰਥ ਨਿਰਧਾਰਿਤ ਕਰਨਾ ਹੈ। ਇਸ ਦੀ ਵਿਆਖਿਆ 'ਚ ਆਇਆ ਹੈ-ਨਿਰੁਕਤਿਯੋਂਗਤੋ ਨਾਮਨਾਮੰਨਯਾਰਥਤਵਪ੍ਰਕਲਪਨਮ) ਨਾਲ ਮੇਰੀ ਅਸਹਿਮਤੀ ਹੈ। ਮੇਰੀ ਮਾਨਤਾ ਹੈ ਕਿ ਇਸ ਦੇ ਮੂਲ ਵਿਚ 'ਨਵ' ਅਤੇ 'ਹਾਰਾ' ਸ਼ਬਦ ਹੋਣਗੇ। 'ਨਵ' ਦਾ ਅਰਥ 'ਨਵੀਨ' ਅਤੇ 'ਹਾਰਾ' ਦਾ ਭਾਵ ਵਾਲਾ ਹੈ ਅਰਥਾਤ ਜਿਸ ਵਿਚ ਨਵੀਨਤਾ ਹੈ, ਭਾਵ ਜਿਸ ਜੈਸਾ ਹੋਰ ਕੋਈ ਨਹੀਂ, ਵਿਲਖਣ- ਉਹ 'ਨਿਆਰਾ' ਹੈ। 'ਨਿਆਰਾ' ਵਿਚ ਨਵੀਨਤਾ ਅਤੇ ਵਿਲਖਣਤਾ ਦਾ ਭਾਵ ਹੋਣਾ ਮੂਲ ਆਵਸ਼ਕਤਾ ਹੈ, ਜਦੋਂ ਕਿ ਨਿਰਨਿਕਟਤਾ ਜੇ ਬਣਾ ਵੀ ਲਈਏ ਤਾਂ ਇਹ ਸਥੂਲ ਦੂਰੀ ਦਾ ਪਰਿਚਾਇਕ ਹੈ, ਜਿਸ ਦਾ ਵਿਲਖਣਤਾ ਨਾਲ ਕੋਈ ਸਬੰਧ ਨਹੀਂ। ਦੂਰ ਰਹਿਣ ਨਾਲ ਕੋਈ ਵਿਲਖਣ ਨਹੀਂ ਹੋ ਜਾਂਦਾ। 'ਨਿਆਰਾ' ਵਿਚ ਦੂਰੀ ਦਾ ਕੋਈ ਭਾਵ ਨਹੀਂ, ਗੁਣਾਂ ਦੀ ਵਿਲਖਣਤਾ ਦਾ ਭਾਵ ਹੈ, ਜਿਸ ਵਿਚ ਨਵੀਨਤਾ ਦਾ ਬੁਨਿਆਦੀ ਭਾਵ ਸਮਾਹਿਤ ਹੈ।

ਸਭ ਜਾਣਦੇ ਹਨ ਕਿ ਸ਼ਬਦਾਂ ਦੇ ਇਤਿਹਾਸ ਅਤੇ ਵਿਕਾਸ ਉਤੇ ਕਾਲ ਦੀ ਗਹਿਰੀ ਧੁੰਦ ਹੈ, ਜਿਸ ਵਿਚੋਂ ਉਨ੍ਹਾਂ ਦੀ ਪੁਰਾਤਨ ਕਾਇਆ ਦੇ ਕਿਤੇ-ਕਿਤੇ ਪਿੰਜਰ ਮਿਲਦੇ ਹਨ। ਇਨ੍ਹਾਂ ਪਿੰਜਰਾਂ ਨੂੰ ਜੋੜ-ਜੋੜ ਕੇ ਹਰ ਵਿਦਵਾਨ ਜਿਥੋਂ ਤੀਕ ਉਸ ਦੀ ਬੌਧਿਕ ਪਹੁੰਚ ਹੁੰਦੀ ਹੈ, ਆਪਣੇ-ਆਪਣੇ ਢੰਗ ਨਾਲ ਵਿਆਖਿਆ ਕਰ ਲੈਂਦਾ ਹੈ। ਇਸ ਵਿਆਖਿਆਕਾਰੀ ਵਿਚ ਕੇਵਲ ਕੋਸ਼ ਨਹੀਂ ਕੰਮ ਆਉਂਦੇ, ਬੌਧਿਕ ਕਲਪਨਾ-ਸ਼ਕਤੀ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ।

ਸਾਡਾ ਮੁਖ ਮੁਦਾ ਇਹ ਹੈ ਕਿ ਅੰਗਰੇਜ਼ੀ ਨਾਲ ਸੰਸਕ੍ਰਿਤ ਦਾ ਕੋਈ ਭਾਸ਼ਾਈ ਸਬੰਧ ਹੈ, ਜਾਂ ਨਹੀਂ। ਭਾਸ਼ਾ ਗਤੀਸ਼ੀਲ ਹੋਣ ਕਾਰਨ ਹਰ ਵੇਲੇ ਪਰਿਵਰਤਨ-ਅਧੀਨ ਰਹਿੰਦੀ ਹੈ। ਸਮੇਂ ਨਾਲ ਇਕੋ ਮੂਲ ਦੀ ਸ਼ਬਦਾਵਲੀ ਦੇ ਉਚਾਰਣ ਅਤੇ ਭਾਵ ਵਿਚ ਇਤਨੀ ਅਸਮਾਨਤਾ ਆ ਜਾਂਦੀ ਹੈ ਕਿ ਪੁਰਾਣੇ ਸਬੰਧਾਂ ਦੀ ਵਿਆਖਿਆ ਕਰਨੀ ਮੁਸ਼ਕਿਲ ਹੋ ਜਾਂਦੀ ਹੈ, ਸਬੰਧਾਂ ਦੀ ਨਿਸ਼ਾਨਦੇਹੀ ਕਰਨੀ ਦੁਰਗਮ ਹੋ ਜਾਂਦੀ ਹੈ। ਜਿਵੇਂ ਅੰਗਰੇਜ਼ੀ ਸ਼ਬਦ Charisma ਅਤੇ ਸੰਸਕ੍ਰਿਤ ਕ੍ਰਿਸ਼ਮਾ ਨੂੰ ਇਕੋ ਮੰਨਣ ਵਿਚ ਮੁਸ਼ਕਿਲ ਦਿਸਦੀ ਹੈ, ਹਾਲਾਂਕਿ ਇਹ ਇਕੋ ਹਨ। ਅੰਗਰੇਜ਼ੀ John ਨੂੰ ਸੰਸਕ੍ਰਿਤ ਯੌਵਨ ਨਾਲ ਸਬੰਧਿਤ ਕਰਨਾ ਮੁਸ਼ਕਿਲ ਹੋ ਗਿਆ ਹੈ ਭਾਵੇਂ ਇਨ੍ਹਾਂ ਦਾ ਅੰਤ੍ਰੀਵ ਸਬੰਧ ਅਟੁਟ ਹੈ। ਇਨ੍ਹਾਂ ਦੀ ਸਾਂਝ ਕਲਪਨਾ ਤੋਂ ਪਰੇ ਹੋ ਗਈ ਹੈ। ਸੰਸਕ੍ਰਿਤ ਵਿਚ 'ਯੂਥ' (ਯੂਥਮ) ਦਾ ਅਰਥ ਟੋਲੀ, ਗਿਰੋਹ ਆਦਿ ਹੋ ਗਿਆ ਹੈ, ਜਦੋਂ ਕਿ ਅੰਗਰੇਜ਼ੀ ਵਿਚ Youth ਦਾ ਭਾਵ ਨੌਜਵਾਨ ਹੈ। ਇਕ ਭਾਵ ਨੌਜਵਾਨ ਵਰਗ ਵੀ ਹੈ। ਜਵਾਨੀ ਵਿਚ ਮਿੱਤਰਾਂ ਦੀ ਟੋਲੀ ਵਿਚ ਰਹਿਣ ਦੇ ਮਾਨਵੀ-ਸੁਭਾਅ ਕਾਰਨ ਸੰਸਕ੍ਰਿਤ ਵਿਚ ਇਸ ਦਾ ਭਾਵ ਟੋਲੀ, ਝੁੰਡ ਆਦਿ ਹੈ। ਸ਼ਬਦ ਇਕੋ ਹੈ, ਮੂਲ ਇਕੋ ਹੈ, ਪਰ ਕਾਲ ਦੀ ਲੰਬੀ ਯਾਤਰਾ ਵਿਚ ਵਖ-ਵਖ ਰਾਹਾਂ 'ਤੇ ਤੁਰੇ ਰਹਿਣ ਕਾਰਨ ਭਾਵ ਵਿਚ ਅੰਤਰ ਆ ਗਿਆ ਹੈ। ਪਰ ਇਤਨਾ ਵੀ ਨਹੀਂ ਕਿ ਲਭਣ 'ਤੇ ਵੀ ਸਬੰਧ ਨਜ਼ਰ ਹੀ ਨਾ ਆਉਣ। ਪੰਜਾਬੀ ਭਾਸ਼ਾ ਵਿਚ ਜ਼ਮੀਨ ਅੰਦਰ ਵਿਦਮਾਨ ਨਮੀ ਵਾਸਤੇ 'ਵਤ੍ਰ' ਸ਼ਬਦ ਦੀ ਆਮ ਵਰਤੋਂ ਕੀਤੀ ਜਾਂਦੀ ਹੈ। ਗੁਰਬਾਣੀ ਵਿਚ ਵੀ ਆਇਆ ਹੈ, "ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹਕੁ ਹੇਤ।" ਇਸ 'ਵਤ੍ਰ' ਸ਼ਬਦ ਦਾ ਸਿੱਧਾ ਸਬੰਧ ਅੰਗਰੇਜ਼ੀ ਦੇ 'Water' ਨਾਲ ਹੈ। 'ਵਤ੍ਰ' ਅਤੇ 'Water' ਦੇ ਸਬੰਧ ਤੋਂ ਇਕ ਗਲ ਹੋਰ ਜਾਣਨੀ ਜ਼ਰੂਰੀ ਹੈ ਕਿ ਫਾਰਸੀ ਵਾਂਗ ਹੀ ਪਹਿਲਾਂ-ਪਹਿਲ ਸੰਸਕ੍ਰਿਤ ਵਿਚ 'ਟੈਂਕੇ' ਦੀ ਧੁਨੀ ਨਹੀਂ ਸੀ। ਇਸ ਦਾ ਵਿਕਾਸ ਮਗਰੋਂ ਹੋਇਆ ਹੈ। ਤਾਂ ਹੀ ਇਸ ਭਾਸ਼ਾ ਵਿਚ ਇਸ ਵਰਣ ਦੇ ਬਹੁਤ ਸੀਮਿਤ ਜਿਹੇ ਸ਼ਬਦ ਹਨ। ਅੰਗਰੇਜ਼ੀ ਵਿਚ 'T' ਦੀ ਧੁਨੀ ਸੰਸਕ੍ਰਿਤ ਵਿਚ ਜ਼ਿਆਦਾਤਰ 'ਤ' ਦੀ ਧੁਨੀ ਸੀ। ਦੋਹਾਂ ਭਾਸ਼ਾਵਾਂ ਦੇ ਨਜ਼ਦੀਕੀ ਸਬੰਧਾਂ ਕਾਰਨ ਜਿਵੇਂ ਸੰਸਕ੍ਰਿਤ ਵਿਚ ਅ, ਅਨ, ਨ ਲਗਣ ਨਾਲ ਨਾਂਹਵਾਚੀ ਅਰਥ ਬਣਦੇ ਹਨ, ਉਸੇ ਤਰ੍ਹਾਂ a, un, n ਆਦਿ ਦੀ ਵਰਤੋਂ ਅੰਗਰੇਜ਼ੀ ਵਿਚ ਹੁੰਦੀ ਹੈ। ਉਂਜ ਤਾਂ ਵਿਦਵਾਨਾਂ ਦੀ ਮਾਨਤਾ ਹੈ ਕਿ ਸੰਸਕ੍ਰਿਤ ਅਤੇ ਅੰਗਰੇਜ਼ੀ ਦੇ 60 ਪ੍ਰਤੀਸ਼ਤ ਸ਼ਬਦ ਇਕੋ-ਮੂਲ ਦੇ ਸਪਸ਼ਟ ਦਿਸ ਆਉਂਦੇ ਹਨ, ਪਰ ਅਗੇ ਅਸੀਂ ਆਪਣੇ ਮਤਿ ਦੀ ਪੁਸ਼ਟੀ ਵਾਸਤੇ ਕੁਝ ਸ਼ਬਦਾਂ ਦੇ ਸੰਸਕ੍ਰਿਤ ਅਤੇ ਅੰਗਰੇਜ਼ੀ ਰੂਪਾਂ ਦਾ ਵਰਣਨ ਕਰਾਂਗੇ।

ਸੰਸਕ੍ਰਿਤ ਕ੍ਰਿਸ਼ਮਾ ਲਈ ਅੰਗਰੇਜ਼ੀ charisma, ਕ੍ਰਿਸ਼ ਲਈ crush, ਕ੍ਰਤਰੀ ਲਈ creator, ਵਾਰ ਲਈ war (ਪੰਜਾਬੀ ਵਿਚ ਵਾਰ ਸ਼ਬਦ ਯੁਧ-ਕਾਵਿ ਲਈ ਹੈ, ਜਦੋਂ ਕਿ ਅੰਗਰੇਜ਼ੀ ਵਿਚ ਯੁਧ ਲਈ। ਸੰਸਕ੍ਰਿਤ ਵਿਚ 'ਵਾਰ' ਦਾ ਇਕ ਅਰਥ ਵਾਰੀ ਹੈ। ਜਦੋਂ ਯੋਧੇ ਲੜਾਈ ਕਰਦੇ ਸਨ ਤਾਂ ਇਕ ਧਿਰ ਦੇ ਵਾਰ ਕਰਨ, ਦੂਜੀ ਦੇ ਰੋਕਣ, ਫਿਰ ਦੂਜੀ ਧਿਰ ਦੇ ਵਾਰ ਕਰਨ ਦੀ ਜੋ ਵਾਰੀਬਧ ਕ੍ਰਿਆ ਸੀ, ਇਸੇ ਲਈ 'ਵਾਰ' ਸ਼ਬਦ ਅੰਗਰੇਜ਼ੀ ਵਿਚ ਯੁਧ ਲਈ ਆਇਆ ਹੈ। ਇਹੋ ਸ਼ਬਦ ਪ੍ਰਹਾਰ ਕਰਨ ਲਈ ਵੀ ਹੈ), ਇਤਿ ਲਈ it, ਦਿਵ ਲਈ div, ਦਿਵ+ਅਯਨ ਲਈ divine, ਦੇਵਨ+ਇਤਿ ਲਈ divinity, ਦਈਤ ਲਈ deiti, ਤ੍ਰਿ ਲਈ three, ਚਰਿਤ੍ਰ ਲਈ character, ਅਪਰ ਦਾ upper, ਅਮ ਦਾ am, ਅਨ ਲਈ un, ਸ਼ਿਰਸ ਲਈ sir ('ਸ਼ਿਰਸ' ਦਾ ਅਰਥ 'ਸਿਰ' ਇਸ ਕਾਰਣ ਹੈ, ਕਿਉਂਕਿ ਇਹ ਸਰੀਰ ਦਾ ਪ੍ਰਧਾਨ ਅੰਗ ਹੈ। ਮੂਲ ਰੂਪ ਵਿਚ 'ਸ਼ਿਰਸ' ਦਾ ਭਾਵ ਸਭ ਤੋਂ ਉਪਰ, ਪ੍ਰਮੁਖ, ਪ੍ਰਧਾਨ ਹੀ ਹੈ। Sir ਦਾ ਅਰਥ ਵੀ ਮੁਖੀ ਆਦਿ ਹੀ ਹੈ। ਅੰਗਰੇਜ਼ੀ ਵਿਚ ਪਹਿਲਾਂ ਇਸ ਦਾ ਉਚਾਰਣ ਜ਼ਰੂਰ 'ਸਿਰ' ਹੀ ਰਿਹਾ ਹੋਵੇਗਾ, ਤਾਂ ਹੀ ਅਜ ਵੀ ਇਹ sar ਦੀ ਥਾਂ sir ਲਿਖਿਆ ਜਾਂਦਾ ਹੈ।), ਪਥ ਲਈ path, ਪਦ ਲਈ pad (ਇਸੇ ਤੋਂ ਪੈੜ, ਪੈਰ, ਪੈੜ ਬੰਨ੍ਹਣਾ, ਪੈੜ ਖੋਜਣਾ ਵਿਕਸਿਤ ਹੋਏ ਹਨ), ਦੋ ਲਈ du ਅਤੇ ਅਗੇ dual, ਪ੍ਰਿਯ ਲਈ pre (ਸੰਸਕ੍ਰਿਤ ਵਿਚ ਪ੍ਰਿਯ ਦਾ ਅਰਥ ਪਿਆਰਾ ਹੈ। ਅੰਗਰੇਜ਼ੀ pre ਦਾ ਅਰਥ ਪਹਿਲਾਂ ਹੈ। ਜੋ ਪਿਆਰਾ ਹੁੰਦਾ ਹੈ, ਉਹ ਸਾਡੇ ਲਈ ਸਭ ਤੋਂ ਪਹਿਲਾਂ ਹੁੰਦਾ ਹੈ। ਇੰਜ ਦੋਹਾਂ ਸ਼ਬਦਾਂ ਦੇ ਭਾਵ ਵਿਚ ਕੋਈ ਅੰਤਰ ਨਹੀਂ), ਵਿਢ ਲਈ Width (ਅੰਗਰੇਜ਼ੀ Width ਵਿਚੋਂ ਸੰਸਕ੍ਰਿਤ ਦੀਆਂ ਬੋਲੀਆਂ ਵਿਚ 'ਟੀ' ਦੀ ਆਵਾਜ਼ ਲੋਪ ਹੋਣ ਕਾਰਨ d+h ਦੀ ਧੁਨੀ 'ਢ' ਹੋ ਗਈ ਹੈ, ਜਿਸ ਦਾ ਉਚਾਰਣ ਵਿਢ ਹੋ ਗਿਆ ਹੈ), ਵਲਯ: ਲਈ valley (valley ਉਹ ਸਥਾਨ ਹੈ, ਜੋ ਚੁਫੇਰਿਉਂ ਪਹਾੜਾਂ ਨਾਲ ਘਿਰਿਆ ਹੋਵੇ। ਵਲਯ: ਦੇ ਅਰਥ ਕੁੰਡਲ, ਮੁੰਦਰੀ, ਵਾੜਾ ਆਦਿ ਹਨ। ਕੁੰਡਲ, ਮੁੰਦਰੀ ਘੇਰੇ ਵਿਚ ਹੁੰਦੇ ਹਨ। 'ਵਾੜਾ' ਚਾਰੇ ਪਾਸਿਓਂ ਘਿਰੇ ਸਥਾਨ ਨੂੰ ਕਹਿੰਦੇ ਹਨ। ਸੰਸਕ੍ਰਿਤ ਸ਼ਬਦ 'ਵੇਲਲਿ' ਇਕ ਦਮ ਹੀ ਅੰਗਰੇਜ਼ੀ 'valley' ਨਾਲ ਮਿਲਦਾ-ਜੁਲਦਾ ਹੈ, ਪਰ ਕਾਲ-ਚਕ੍ਰ ਨੇ ਇਸ ਦੇ ਭਾਵ ਵਿਚ ਤਬਦੀਲੀ ਕਰ ਦਿਤੀ ਹੈ), ਵਿਵੇਕ ਵਿਚ ਆਏ 'ਵਿਕ' ਲਈ wake ( ਅੰਗਰੇਜ਼ੀ wake ਦਾ ਅਰਥ ਜਾਗਣਾ ਹੈ, ਵਿਵੇਕ ਵਿ+ਵਿਕ ਤੋਂ ਬਣਿਆ ਹੈ। ਇਸ ਦਾ ਭਾਵ ਜਾਗ੍ਰਿਤ ਬੌਧਿਕਤਾ ਹੈ), ਲੁਟ ਲਈ loot, ਲੋਕ ਲਈ look (ਸੰਸਕ੍ਰਿਤ ਲੋਕ ਦਾ ਅਰਥ ਦ੍ਰਿਸ਼ਟਮਾਨ ਹੈ, ਅੰਗਰੇਜ਼ੀ look ਦਾ ਅਰਥ ਵੇਖਣਾ ਹੈ) ਅਤੇ locale, ਬੁਸ਼ਮ ਲਈ bush (ਸੰਸਕ੍ਰਿਤ 'ਬੁਸ਼ਮ' ਦਾ ਅਰਥ ਭੂਸੀ, ਕੂੜਾ ਆਦਿ ਹੈ, ਅੰਗਰੇਜ਼ੀ bush ਦਾ ਅਰਥ ਝਾੜੀ ਹੈ), ਗ੍ਰਾਸ ਲਈ grass (ਸੰਸਕ੍ਰਿਤ ਗ੍ਰਾਸ ਦਾ ਅਰਥ ਗ੍ਰਾਹੀ, ਭੋਜਨ ਆਦਿ ਹੈ। ਅੰਗਰੇਜ਼ੀ grass ਦਾ ਅਰਥ ਘਾਹ ਜਾਂ ਘਾਸ ਹੈ। ਘਾਹ ਪਸ਼ੂਆਂ ਦੀ ਗ੍ਰਾਹੀ ਹੋਣ ਕਾਰਨ grass ਹੈ) ਸ਼ਬਦ ਆਉਂਦੇ ਹਨ।

ਅੰਗਰੇਜ਼ੀ 'seed' ਲਈ ਸਿਧੇ ਤੌਰ 'ਤੇ ਕੋਈ ਸ਼ਬਦ ਨਹੀਂ ਲਭਦਾ। ਪਰ ਇਸ ਦਾ ਸ਼ੁਧ ਨਿਰਣੀਤ ਸੰਸਕ੍ਰਿਤ ਸ਼ਬਦ 'ਸਿਧ' ਹੈ, ਜਿਸ ਦਾ ਇਕ ਭਾਵ ਹੈ- ਪੂਰੀ ਤਰ੍ਹਾਂ ਤਿਆਰ ਕੀਤਾ ਜਾਂ ਪਕਾਇਆ ਹੋਇਆ। 'ਬੀਜ' ਪੂਰੀ ਤਰ੍ਹਾਂ ਪਕਿਆ ਹੋਣ ਕਾਰਨ 'ਸਿਧ' ਸ਼ਬਦ 'seed' ਹੋਇਆ ਹੈ। 'ਦਿਸ਼' ਦਿਸ਼ਾਵਾਂ ਦਾ ਪ੍ਰਤੀਕ ਹੈ, ਜੋ ਵਸਤੂ ਸਾਰੀਆਂ ਦਿਸ਼ਾਵਾਂ ਨੂੰ ਘੇਰਦੀ ਹੈ, ਉਹ ਅੰਗਰੇਜ਼ੀ ਵਿਚ 'ਡਿਸ਼' ਆਖੀਦੀ ਹੈ। ਇੰਜ ਹੀ ਸੰਸਕ੍ਰਿਤ ਅੰਤਰ ਲਈ inter ਆਉਂਦਾ ਹੈ। ਨਯਾ, ਨਵ, ਨੂ (ਨੂ+ਤਨ ਵਿਚ), ਨਯੁੰ ਆਦਿ ਸੰਸਕ੍ਰਿਤ ਸ਼ਬਦਾਂ ਦੀ ਅੰਗਰੇਜ਼ੀ ਦੇ new, nova, newn (ਇਹ ਬਿਲਕੁਲ ਹੀ ਸੰਸਕ੍ਰਿਤ ਦੇ ਨਯੁੰ ਦਾ ਰੂਪ ਹੈ) ਸ਼ਬਦਾਂ ਦੀ 'ਸਜਾਤਿ' ਸਾਂਝ ਤੋਂ ਕਿਵੇਂ ਮੁਨਕਰ ਹੋਇਆ ਜਾ ਸਕਦਾ ਹੈ? ਭਾਵੇਂ ਸੰਸਕ੍ਰਿਤ 'ਦੰਤ' ਲਈ ਅੰਗਰੇਜ਼ੀ ਵਿਚ 'tooth' ਸ਼ਬਦ ਹੈ, ਪਰ dental, dentist ਆਦਿ ਸ਼ਬਦਾਂ ਵਿਚ 'ਦੰਤ' ਦੀ ਸਪਸ਼ਟ ਵਿਦਮਾਨਤਾ ਹੈ। ਸਾਧਾਰਣ ਦ੍ਰਿਸ਼ਟੀ ਤੋਂ ਸ਼ਬਦ agreement ਦਾ ਸੰਸਕ੍ਰਿਤ ਰੂਪ ਪਹਿਚਾਨਣਾ ਮੁਸ਼ਕਿਲ ਹੈ। ਉਂਜ ਇਸ ਸ਼ਬਦ ਦਾ ਆਧਾਰ ਸੰਸਕ੍ਰਿਤ 'ਅਗ੍ਰੇ' ਅਤੇ 'ਮੰਤ੍ਰ' ਦੀ ਸੰਧੀ ਹੈ। ਸਮਝੌਤਾ ਦੋ ਵਿਅਕਤੀਆਂ/ਧਿਰਾਂ ਵਿਚ ਹੁੰਦਾ ਹੈ, ਜੋ ਤੀਜੀ ਨਿਰਪੱਖ ਧਿਰ ਦੇ ਸਾਹਮਣੇ ਕੀਤਾ ਜਾਂਦਾ ਹੈ। 'ਅਗ੍ਰੇ' ਦਾ ਅਰਥ ਸਾਹਮਣੇ ਹੈ ਅਤੇ ਮੰਤ੍ਰ ਦਾ ਅਰਥ ਸਲਾਹ, ਪਰਾਮਰਸ਼, ਕਥਨ ਆਦਿ ਹੈ। ਤਿਥੀ ਵਾਸਤੇ ਅੰਗਰੇਜ਼ੀ ਸ਼ਬਦ date ਹੈ। ਸਾਧਾਰਣ ਦ੍ਰਿਸ਼ਟੀ ਤੋਂ ਇਸ ਦਾ ਸੰਸਕ੍ਰਿਤ ਸਬੰਧ ਅਗਿਆਤ ਹੈ, ਪਰ ਥੋੜ੍ਹੀ ਪੜਤਾਲ ਸਪਸ਼ਟ ਕਰ ਦਿੰਦੀ ਹੈ ਕਿ ਸੰਸਕ੍ਰਿਤ 'ਦਿਤ' ਦਾ ਇਕ ਅਰਥ ਵੰਡਣਾ ਹੈ। Date ਦਾ ਸਬੰਧ ਕਾਲ-ਵਿਭਾਜਨ ਨਾਲ ਹੈ। ਇੰਜ date ਦਾ ਸਜਾਤਿ ਸ਼ਬਦ 'ਦਿਤ' ਹੈ। ਦੂਜਾ ਸ਼ਬਦ 'ਦਯਤਿ' ਹੈ, ਇਸ ਦਾ ਅਰਥ ਨਿਯਤ ਕਰਨਾ ਹੈ। ਬੰਧ ਅਤੇ band, ਕਰੂਰ ਅਤੇ Cruel, ਸ਼ਰਕਰ ਅਤੇ sugar, ਮਿਥਿਆ ਅਤੇ myth, ਸੂਨੁ ਅਤੇ son, ਸ਼ਤ ਅਤੇ cent, ਮਧਯਮ ਅਤੇ medium, ਮਿਸ਼੍ਰਿਤ ਅਤੇ mixture, ਨਾਸ ਅਤੇ nose, ਉਤ ਅਤੇ out, ਸਾਰੇ ਸ਼ਬਦ ਸਜਾਤਿਅਤ ਦੀ ਪ੍ਰਤਖ ਮੂਰਤੀ ਹਨ। ਕੋਈ ਬਹੁਤੀ ਖੋਜ-ਪੜਤਾਲ ਦੀ ਜ਼ਰੂਰਤ ਨਹੀਂ। ਦੋ ਦਾ ਪੱਛਮੀ ਪੰਜਾਬ ਦੇ ਬਹਾਵਲਪੁਰ, ਮੁਲਤਾਨ ਵਰਗੇ ਕੁਝ ਖਿਤਿਆਂ ਵਿਚ ਉਚਾਰਣ 'ਡੂ' ਹੈ। ਅੰਗਰੇਜ਼ੀ dual ਇਸ ਤੋਂ ਭਿੰਨ ਕਿਵੇਂ ਹੋਇਆ? ਵਿਧਵਾ ਦਾ ਅੰਗਰੇਜ਼ੀ ਸ਼ਬਦ 'widow' ਹੈ। ਕਿਸੇ ਸਮੇਂ 'D' ਦੀ ਧੁਨੀ 'ਦ' ਹੀ ਹੋਵੇਗੀ ਅਤੇ ਅੰਤਲਾ 'W' ਵੀ ਨਿਸ਼ਚਿਤ ਤੌਰ 'ਤੇ 'ਵ' ਵਾਸਤੇ ਆਇਆ ਹੋਵੇਗਾ। 'W' ਵਿਚ ਦੋ 'ਵਾਵੇ' ਹੋਣ ਕਾਰਨ ਅਤੇ ਉਸ ਤੋਂ ਪਹਿਲਾਂ 'O' ਦੀ ਧੁਨੀ ਹੋਣ ਕਾਰਨ ਇਸ ਦਾ ਉਚਿਤ ਉਚਾਰਣ 'ਵਿਧਵ:' ਹੀ ਰਿਹਾ ਹੋਵੇਗਾ। ਸੰਸਕ੍ਰਿਤ 'ਸਰਪ' ਦਾ ਅੰਗਰੇਜ਼ੀ ਵਿਚ 'serpent' ਹੈ। 'Serpent' ਵਿਚ ਸੰਸਕ੍ਰਿਤ ਦੇ ਦੋ ਸ਼ਬਦ ਹਨ- ਸਰਪ ਅਤੇ ਅੰਤ। 'ਸਰਪ' ਦਾ ਅਰਥ ਰੀਂਗਨੇ ਵਾਲਾ ਅਤੇ ਅੰਤ ਦਾ ਇਕ ਅਰਥ 'ਜਾਤਿ' ਹੈ, ਸਮੁਚਿਤ ਅਰਥ ਹੋਇਆ-(ਜੀਵਾਂ ਦੀ) ਰੀਂਗਨੇ ਵਾਲੀ ਜਾਤਿ।


ਆਚਾਰੀਆ ਯਾਸਕ ਨੇ 'ਨਿਰੁਕਤ' ਵਿਚ ਸਭ ਤੋਂ ਪਹਿਲਾਂ 'ਗਮ' ਧਾਤੂ ਤੋਂ ਬਣੇ 'ਗੋ' ਸ਼ਬਦ ਦੇ ਵਖ-ਵਖ ਅਰਥਾਂ ਉਤੇ ਵਿਚਾਰ ਕੀਤੀ ਹੈ। ਉਸ ਨੇ 'ਗੋ' ਦਾ ਮੂਲ ਅਰਥ ਜਾਣਾ ਮੰਨਿਆ ਹੈ। ਗਊ ਜੰਗਲ ਵਿਚ ਦੂਰ ਜਾਣ ਕਾਰਨ 'ਗੋ' ਹੈ। ਸੂਰਜ ਦੀ ਕਿਰਣ ਦੂਰੋਂ ਆਉਣ ਕਾਰਨ 'ਗੋ' ਹੈ। ਅੰਗਰੇਜ਼ੀ ਦੇ 'go' ਨਾਲੋਂ ਨਾ ਸ਼ਬਦ ਭਿੰਨ ਹੈ, ਨਾ ਅਰਥ। 'ਗਮ' ਧਾਤੂ ਤੋਂ ਹੀ 'ਗਮਨ' ਦਾ 'ਗੌਨ' ਹੋ ਗਿਆ ਹੈ, ਜਿਸ ਦਾ ਅਗਲਾ ਵਿਗਾੜ 'ਗੌਨਾ' ਸ਼ਬਦ ਵੀ ਹੈ। ਇਹ ਸੰਸਕ੍ਰਿਤ ਮੂਲ ਦਾ 'ਗੌਨ' ਹਰ ਯੁਕਤੀ ਨਾਲ ਬਾਸੀ ਜੀ ਦੀ ਤੀਜੀ ਡਿਗਰੀ ਦੇ ਅੰਗਰੇਜ਼ੀ 'gone' ਵਾਲਾ ਹੀ ਹੈ। ਇਨ੍ਹਾਂ ਨੂੰ ਸਜਾਤਿ ਕਹਿਣਾ ਤਾਂ ਗਲਤ ਵਿਆਖਿਆ ਹੈ, ਇਕੋ ਹੋਂਦ ਸਿਧ ਹੁੰਦੀ ਹੈ। ਇਹ ਦੋ ਸ਼ਬਦ ਹੀ ਨਹੀਂ ਹਨ। ਅੰਗਰੇਜ਼ੀ ਸ਼ਬਦ mother ਅਤੇ father ਸ਼ਾਇਦ 'ਮਾਤ੍ਰੀ' ਅਤੇ 'ਪਿਤ੍ਰੀ' ਤੋਂ ਦੂਰ ਜਾਪਦੇ ਹੋਣ, ਪਰ maternal ਅਤੇ paternal ਵਿਚ ਇਨ੍ਹਾਂ ਦੀ ਸੰਸਕ੍ਰਿਤ ਪਹਿਚਾਣ ਬਹੁਤ ਸਪਸ਼ਟ ਹੈ।

ਸੰਸਕ੍ਰਿਤ ਵਿਚ ਇਕ ਸ਼ਬਦ 'ਬਿਲ' ਹੈ, ਜਿਸ ਦੇ ਅਰਥ ਗਰਤ, ਟੋਆ, ਖੁਡ ਆਦਿ ਹਨ, ਇਸੇ ਦਾ ਵਿਕ੍ਰਿਤ ਰੂਪ ਅੰਗਰੇਜ਼ੀ ਦਾ well ਸ਼ਬਦ ਹੈ। ਸ਼ਬਦਾਂ ਦੀਆਂ ਧੁਨੀਆਂ ਕਿਵੇਂ ਬਦਲਦੀਆਂ ਹਨ, ਇਸ ਦੀ ਇਕ ਦਿਲਚਸਪ ਉਦਾਹਰਣ

*(ਬਾਕੀ ਅਗਲੇ ਸਫੇ ਉਤੇ)*

# ਜਿੰਜਰ ਯਾਨਿ ਅਦਰਕ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਛੋਟੇ ਹੁੰਦੇ ਜੇ ਕਦੇ ਢਿੱਡ ਦੁਖਣ ਲੱਗਣਾ ਤਾਂ ਅਕਸਰ ਪਿੰਡ ਦੀ ਸੋਡੇ ਦੀ ਦੁਕਾਨ ਤੋਂ ਜਿੰਜਰ ਦਾ ਬੱਤਾ ਲਿਆ ਕੇ ਪੀਣ ਨੂੰ ਆਖਿਆ ਜਾਂਦਾ। ਉਸ ਉਮਰੇ ਜ਼ਾਇਕਾ ਰੋਜ਼ ਜਾਂ ਲੈਮਨ ਦੇ ਬੱਤੇ ਦਾ ਹੀ ਚੰਗਾ ਲਗਦਾ ਸੀ। ਦੁੱਧ ਸੋਡੇ ਦਾ ਤਾਂ ਕਹਿਣਾ ਹੀ ਕੀ, ਬੱਸ ਅੱਯਾਸ਼ੀ ਹੀ ਸੀ। ਪਰ ਬੀਮਾਰੀ ਦੀ ਹਾਲਤ ਵਿਚ ਜਿੰਜਰ ਦਾ ਕੌੜਾ ਘੁੱਟ ਭਰਨਾ ਹੀ ਪੈਂਦਾ ਸੀ।

ਬੱਤੇ ਦੀ ਕਾਢ ਗੋਰੀ ਕੌਮ ਦੀ ਹੈ, ਇਸੇ ਲਈ ਬੱਤਿਆਂ ਦੀਆਂ ਵੱਖ ਵੱਖ ਕਿਸਮਾਂ ਦੇ ਨਾਂ ਵੀ ਅੰਗਰੇਜ਼ੀ ਹੁੰਦੇ ਹਨ। ਹਾਂ, ਹਰੇ ਰੰਗ ਦੇ ਬੱਤੇ ਨੂੰ ਜ਼ਰੂਰ ਕੇਲਾ ਕਿਹਾ ਜਾਂਦਾ ਸੀ। ਬਹੁਤਿਆਂ ਨੂੰ ਪਤਾ ਹੀ ਹੋਵੇਗਾ ਕਿ ਬੱਤਾ ਸ਼ਬਦ ਵੀ ਬੋਤਲ ਦਾ ਹੀ ਪਰ-ਕੱਟਿਆ ਰੂਪ ਹੈ ਪਰ ਬੋਤਲ ਤੇ ਬੱਤੇ ਦੇ ਅਰਥਾਂ ਵਿਚ ਫਰਕ ਪੈ ਗਿਆ। ਇਸ ਕੌੜੇ ਤਜਰਬੇ ਕਾਰਨ ਛੋਟੇ ਹੁੰਦਿਆਂ ਹੀ ਪਤਾ ਲੱਗ ਗਿਆ ਕਿ ਜਿੰਜਰ ਅਦਰਕ ਨੂੰ ਕਹਿੰਦੇ ਹਨ। ਜਿੰਜਰ ਦਾ ਸੋਡਾ ਅਦਰਕ ਵਾਲਾ ਹੁੰਦਾ ਹੈ ਤੇ ਸਾਡੇ ਦੇਸੀ ਨੁਸਖਿਆਂ ਵਿਚ ਸੁੱਕਾ ਅਦਰਕ ਅਰਥਾਤ ਸੁੰਢ ਨੂੰ 'ਸਰਬਰੋਗ ਕਾ ਅਉਖਧ' ਮੰਨਿਆ ਜਾਂਦਾ ਸੀ। 'ਸੁੰਢ ਦੀ ਗੱਠੀ' ਮੁਹਾਵਰੇ ਦਾ ਮਤਲਬ ਹੈ, ਉਹ ਚੀਜ਼ ਜੋ ਬਹੁਤੀਆਂ ਸਮੱਸਿਆਵਾਂ ਦਾ ਉਪਾਅ ਹੋਵੇ। ਸੁੰਢ ਸ਼ਬਦ ਦਾ ਸੰਸਕ੍ਰਿਤ ਰੂਪ ਹੈ ਸ਼ੁੰਠਿ। ਪ੍ਰਾਕ੍ਰਿਤ ਵਿਚ ਇਹ ਸੁੰਠੀ ਬਣ ਗਈ। ਸਾਡੀ ਸੰਸਕ੍ਰਿਤੀ ਵਿਚ ਅਦਰਕ ਦੀ ਮਹੱਤਤਾ ਦਾ ਇਸ ਗੱਲ ਤੋਂ ਵੀ ਪਤਾ ਲਗਦਾ ਹੈ ਕਿ ਸੰਸਕ੍ਰਿਤ ਵਿਚ ਇਸ ਲਈ ਦਰਜਨਾਂ ਸ਼ਬਦ ਮੌਜੂਦ ਹਨ।

ਅਦਰਕ ਦਾ ਉਦਭਵ ਦੱਖਣੀ ਏਸ਼ੀਆ ਦੇ ਕਿਸੇ ਗਰਮ ਦੇਸ਼, ਖਾਸ ਤੌਰ 'ਤੇ ਭਾਰਤ ਵਿਚ ਹੋਇਆ। ਇਹ ਅੱਜ ਕਲ੍ਹ ਖੁਦਰੌ ਰੂਪ ਵਿਚ ਉਗਿਆ ਨਹੀਂ ਮਿਲਦਾ। ਏਸ਼ੀਆ ਭਰ ਵਿਚ ਇਹ ਬਹੁਤ ਪਹਿਲਾਂ ਤੋਂ ਹੀ ਉਗਾਇਆ ਤੇ ਵਰਤਿਆ ਜਾਂਦਾ ਰਿਹਾ ਹੈ। ਗਰੀਕ ਤੇ ਰੋਮਨਾਂ ਨੂੰ ਵੀ ਇਸ ਦਾ ਪਤਾ ਸੀ। 2000 ਸਾਲ ਪਹਿਲਾਂ ਦੇ ਗਰੀਕ ਬਨਸਪਤੀ ਵਿਗਿਆਨੀ ਦੀਓਸਕੋਰੀਦੀਸ (Dioscorides) ਨੇ ਇਸ ਦਾ ਜ਼ਿਕਰ ਕਰਦਿਆਂ ਲਿਖਿਆ ਹੈ, "ਇਹ ਚਿੱਟਾ, ਖੁਸ਼ਬੂਦਾਰ, ਮਿਰਚਾਂ ਦੇ ਸੁਆਦ ਜਿਹਾ ਗੱਠੀਦਾਰ ਜੜ੍ਹਾਂ ਵਾਲਾ ਕੰਦ ਹੈ ਜੋ ਪੀਣ ਵਾਲੀਆਂ ਚੀਜ਼ਾਂ ਵਿਚ ਵਰਤਿਆ ਜਾਂਦਾ ਹੈ।" ਇਸ ਦੇਸ਼ ਤੋਂ ਹੋਰ ਇਤਲਾਹ ਹੈ, 'ਮਿਰਚਾਂ ਤੇ ਅਦਰਕ ਆਪੋ ਆਪਣੇ ਦੇਸ਼ਾਂ ਵਿਚ ਆਪਮੁਹਾਰੇ ਉਗੇ ਪੌਦੇ ਹਨ ਪਰ ਇਥੇ ਅਸੀਂ ਇਨ੍ਹਾਂ ਨੂੰ ਸੋਨੇ-ਚਾਂਦੀ ਵਾਂਗ ਤੋਲ ਕੇ ਖਰੀਦਦੇ ਹਾਂ।'

ਜ਼ਿਕਰਯੋਗ ਹੈ ਕਿ ਅਦਰਕ ਵੀ, ਤੇ ਇਸ ਲਈ ਵਰਤਿਆ ਜਾਂਦਾ ਅੰਗਰੇਜ਼ੀ ਸ਼ਬਦ ਜਿੰਜਰ ਵੀ, ਭਾਰਤ ਦੀ ਉਪਜ ਹੈ। ਉਂਜ ਇਸ ਦੀ ਜੀਵਨੀ ਅਦਰਕ ਦੀ ਗੱਠੀ ਵਾਂਗ ਟੇਢੀ ਮੇਢੀ ਹੈ। ਸੰਸਕ੍ਰਿਤ ਵਿਚ ਇਸ ਲਈ ਵਰਤਿਆ ਜਾਂਦਾ ਇਕ ਸ਼ਬਦ ਹੈ, ਸ਼੍ਰਿੰਗਵੇਰ। ਆਮ ਵਿਚਾਰ ਹੈ ਕਿ ਇਸ ਸ਼ਬਦ ਵਿਚਲਾ ਅੰਸ਼ 'ਸ਼੍ਰਿੰਗ' ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਪੰਜਾਬੀ ਰੂਪ ਸਿੰਗ ਹੈ ਅਤੇ ਵੇਰ ਦਾ ਅਰਥ ਹੈ, ਜੜ੍ਹ। ਅਦਰਕ ਦੀ ਸ਼ਕਲ (ਖਾਸ ਤੌਰ 'ਤੇ ਬਾਰਾਂਸਿੰਗੇ ਦੇ) ਸਿੰਗ ਜਿਹੀ ਹੋਣ ਕਾਰਨ ਇਹ ਨਾਂ ਪਿਆ ਦੱਸੀਦਾ ਹੈ। ਬਹੁਤ ਸਾਰੇ ਅੰਗਰੇਜ਼ੀ ਕੋਸ਼ਾਂ ਵਿਚ ਵੀ ਇਸ ਦੀ ਵਿਉਤਪਤੀ ਇਸੇ ਸ਼੍ਰਿੰਗਵੇਰ ਤੋਂ ਦੱਸੀ ਗਈ ਹੈ। ਸੰਸਕ੍ਰਿਤ ਕੋਸ਼ਾਂ ਵਿਚ ਇਹ ਸ਼ਬਦ ਮਿਲਦਾ ਹੈ। ਸ਼੍ਰਿੰਗ ਸ਼ਬਦ ਭਾਰੋਪੀ ਖਾਸੇ ਵਾਲਾ ਹੋਣ ਕਾਰਨ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਇਸ ਦੇ ਸੁਜਾਤੀ ਸ਼ਬਦ ਮਿਲਦੇ ਹਨ। ਮੋਟੇ ਤੌਰ 'ਤੇ ਅੰਗਰੇਜ਼ੀ ਹੌਰਨ ਤੇ ਫਾਰਸੀ ਸਰ (ਸਿਰ) ਇਸ ਦੇ ਸੁਜਾਤੀ ਮੰਨੇ ਜਾਂਦੇ ਹਨ।



ਬਹੁਤ ਸਾਰੇ ਐਂਗਲੋ-ਇੰਡੀਅਨ ਸ਼ਬਦਾਂ ਬਾਰੇ ਪ੍ਰਸਿੱਧ ਕੋਸ਼ 'ਹਾਬਸਨ ਜਾਬਸਨ' ਵਿਚ ਅੰਗਰੇਜ਼ੀ ਦਾ ਜਿੰਜਰ ਸ਼ਬਦ ਅਰਬੀ ਜ਼ੰਜਾਬੀਲ, ਸਪੈਨਿਸ਼ ਦੇ ਅਜਨਜਿਬਰ (ਅਰਬੀ ਅਲ-ਜੰਜਾਬੀਲ ਦਾ ਵਿਗੜਿਆ ਰੂਪ), ਪੁਰਤਗੀਜ਼ ਜਿੰਜੀਬਰ, ਲਾਤੀਨੀ ਜ਼ਿੰਜੀਬਰ ਅਤੇ ਹੋਰ ਕਈ ਭਾਸ਼ਾਵਾਂ ਦੇ ਸ਼ਬਦਾਂ ਤੋਂ ਬਣਿਆ ਦੱਸਿਆ ਹੈ। ਕਈ ਵਾਰੀ ਇਕ ਭਾਸ਼ਾ ਦਾ ਸ਼ਬਦ ਇਕੋ ਵਾਰੀ ਕਈ ਸਰੋਤਾਂ ਦੇ ਸਮਰੂਪਾਂ ਤੋਂ ਆਇਆ ਹੁੰਦਾ ਹੈ, ਇਸ ਲਈ ਇਹ ਦੱਸਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਸ ਦਾ ਅਸਲੀ ਮੂਲ ਕਿਹੜਾ ਹੋ ਸਕਦਾ ਹੈ। ਪਰ 'ਹਾਬਸਨ ਜਾਬਸਨ' ਨੇ ਇਸ ਸ਼ਬਦ ਦੇ ਸੰਸਕ੍ਰਿਤ ਸ੍ਰੋਤ ਹੋਣ ਦੀ ਗੱਲ 'ਤੇ ਉਂਗਲੀ ਰੱਖੀ ਹੈ। ਉਸ ਅਨੁਸਾਰ ਇਹ ਵਿਉਤਪਤੀ ਕਾਲਪਨਿਕ ਹੈ। ਪ੍ਰਾਚੀਨ ਸੰਸਕ੍ਰਿਤਵੇਤਾਵਾਂ ਵਿਚ ਇਹ ਰੁਚੀ ਸੀ ਕਿ ਉਹ ਕਿਸੇ ਹੋਰ ਭਾਸ਼ਾ ਤੋਂ ਲਏ ਸ਼ਬਦ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਸੰਸਕ੍ਰਿਤ ਦਾ ਮੌਲਿਕ ਸ਼ਬਦ ਸਾਬਤ ਕਰ ਦਿੰਦੇ ਸਨ। ਉਸ ਦੇ ਸ਼ਬਦਾਂ ਵਿਚ, "ਸੰਸਕ੍ਰਿਤ ਦੇ ਇਸ ਸ਼ਬਦ ਦੇ ਰੂਪ ਵੱਲ ਨਜ਼ਰ ਦੁੜਾਈਏ ਤਾਂ ਇਸ ਸ਼ੱਕ ਦੀ ਸੰਭਾਵਨਾ ਨਹੀਂ ਰਹਿ ਜਾਂਦੀ ਕਿਉਂਕਿ ਬ੍ਰਾਹਮਣ ਜਿਸ ਚੀਜ਼ ਨੂੰ ਵੀ ਹੱਥ ਪਾਉਂਦੇ ਹਨ, ਉਸ ਨੂੰ ਆਪਣੇ ਪੰਡਤਾਊਪੁਣੇ ਨਾਲ ਪੂਰੀ ਤਰ੍ਹਾਂ ਛੁਪਾ ਲੈਂਦੇ ਹਨ।"

ਅਦਰਕ ਭਾਵੇਂ ਹਿਮਾਲਿਆ ਤੋਂ ਲੈ ਕੇ ਭਾਰਤ ਦੇ ਧੁਰ ਦੱਖਣ ਦੇ ਖੇਤਰਾਂ ਵਿਚ ਉਗਾਇਆ ਜਾਂਦਾ ਹੈ ਪਰ ਸਭ ਤੋਂ ਉਤਮ ਕਿਸਮ ਦਾ ਅਦਰਕ ਮਾਲਾਬਾਰ ਦਾ ਹੀ ਹੈ। ਮਲਿਆਲਮ ਵਿਚ ਤਾਜ਼ਾ ਕੱਚੇ ਅਦਰਕ ਨੂੰ 'ਇੰਚੀ' ਜਾਂ 'ਇੰਚੀਵੇਰ' ਕਿਹਾ ਜਾਂਦਾ ਹੈ। ਤਮਿਲ ਵਿਚ ਵੀ ਇੰਚੀ ਹੈ। ਵੇਰ ਸ਼ਬਦ ਦਾ ਅਰਥ 'ਜੜ੍ਹ' ਹੈ। ਕੰਨੜ ਵਿਚ ਅਦਰਕ ਨੂੰ ਸਿੰਚੀ ਜਾਂ ਚੁੰਚੀ ਆਖਿਆ ਜਾਂਦਾ ਹੈ। ਅੱਜ ਕੱਲ ਕੰਨੜ ਵਿਚ ਇਸ ਨੂੰ ਸੁੰਟੀ ਵੀ ਕਿਹਾ ਜਾਂਦਾ ਹੈ। ਸੰਭਵ ਹੈ, ਇਸੇ ਸ਼ਬਦ ਨੇ ਸੰਸਕ੍ਰਿਤ ਵਿਚ ਸ਼ੁੰਠਿ, ਹਿੰਦੀ ਵਿਚ ਸੁੰਠੀ ਅਤੇ ਪੰਜਾਬੀ ਵਿਚ ਸੁੰਢ ਦਾ ਰੂਪ ਧਾਰਿਆ ਹੋਵੇ। ਪਰ ਸੰਸਕ੍ਰਿਤ ਵਾਲਿਆਂ ਨੇ ਇਸ ਨੂੰ ਸੁਕਾਉਣ ਦੇ ਅਰਥਾਂ ਵਾਲੇ ਸ਼ਬਦ ਸੁੰਠ ਨਾਲ ਜੋੜ ਲਿਆ।

ਕਈ ਅਰਬੀ ਲੇਖਕਾਂ ਨੇ ਅਦਰਕ ਨੂੰ 'ਜੰਜੀ ਦਾ ਪੌਦਾ' ਬਿਆਨਿਆ ਹੈ। ਅਰਬਾਂ ਨੇ ਸ਼ਾਇਦ ਇਸ ਸ਼ਬਦ ਦੇ ਰੂਪ ਤੋਂ ਭੁਲੇਖਾ ਖਾਧਾ ਤੇ ਇਸ ਨੂੰ ਤਨਜ਼ਾਨੀਆ ਦੇ ਦੀਪ ਸਮੂਹ ਜ਼ੰਜ਼ੀਬਾਰ ਨਾਲ ਜੋੜ ਲਿਆ। ਪ੍ਰਾਚੀਨ ਕਾਲ ਤੋਂ ਹੀ ਇਹ ਖੇਤਰ ਮਸਾਲਿਆਂ ਦਾ ਗੜ੍ਹ ਰਿਹਾ ਹੈ। ਉਂਜ ਜ਼ੰਜ਼ੀਬਾਰ ਫਾਰਸੀ ਸ਼ਬਦਾਂ ਜ਼ੰਗ (ਕਾਲਾ) ਅਤੇ ਬਾਰ (ਤਟ) ਦੇ ਜੋੜ ਤੋਂ ਬਣਿਆ ਹੈ। ਮਾਰਕੋ ਪੋਲੋ ਨੇ ਲਿਖਿਆ ਹੈ ਕਿ ਵਧੀਆ ਅਦਰਕ (ਜੈਂਜੀਬਰ) ਕੋਲਮ (ਕੇਰਲਾ ਦੀ ਬੰਦਰਗਾਹ ਅਤੇ ਸ਼ਹਿਰ) ਵਿਚ ਪੈਦਾ ਹੁੰਦਾ ਹੈ ਤੇ ਕੋਲਮ ਨਾਮ ਨਾਲ ਹੀ ਮਸ਼ਹੂਰ ਹੈ।

ਕੁਝ ਲਿਖਤਾਂ ਵਿਚ ਵਧੀਆ ਅਦਰਕ ਵਜੋਂ ਕੋਲੰਬਾਈਨ ਸ਼ਬਦ ਦਾ ਜ਼ਿਕਰ ਵੀ ਆਉਂਦਾ ਹੈ ਜੋ ਸਪਸ਼ਟ ਤੌਰ 'ਤੇ ਕੋਲੰਬੂ ਨਾਲ ਸਬੰਧਤ ਹੈ। ਪਲਾਇਨੀ ਅਨੁਸਾਰ ਅਦਰਕ ਅਰਬ ਵਿਚ ਪੈਦਾ ਹੁੰਦਾ ਹੈ। ਅਨੇਕਾਂ ਮਧਯੁਗੀ ਲਿਖਤਾਂ ਵਿਚ ਜ਼ਿਕਰ ਹੈ ਕਿ ਜਿੰਜਰ ਦੀ ਦਰਾਮਦ ਭਾਰਤ ਤੋਂ ਹੁੰਦੀ ਸੀ। ਮਾਰਕੋ ਪੋਲੋ ਨੇ ਚੀਨ ਵਿਚ ਵੀ ਅਦਰਕ ਦੀ ਪੈਦਾਵਾਰ ਦੇਖੀ। ਇਕ ਲਿਖਤ ਅਨੁਸਾਰ 1587 ਵਿਚ ਭਾਰਤ ਤੋਂ ਕਰੀਬ 22000 ਕੁਇੰਟਲ ਅਦਰਕ ਜਹਾਜ਼ਾਂ ਰਾਹੀਂ ਭਾਰਤ ਤੋਂ ਸਪੇਨ ਭੇਜਿਆ ਗਿਆ। ਉਥੇ ਪਤਾ ਨਹੀਂ ਸੀ ਲਗਦਾ ਕਿ ਏਨੇ ਅਦਰਕ ਦਾ ਕੀ ਕੀਤਾ ਜਾਵੇ। ਐਲਨ ਸਟਰੋਡ ਕੈਂਬਲ ਰੌਸ ਨਾਮੀ ਲੇਖਕ ਨੇ ਜਿੰਜਰ ਸ਼ਬਦ 'ਤੇ ਡੂੰਘੀ ਖੋਜ ਉਪਰੰਤ 'ਇਕ ਉਧਾਰ ਲਏ ਸ਼ਬਦ ਦਾ ਅਧਿਐਨ' ਨਾਮੀਂ ਪੂਰੀ ਪੁਸਤਕ ਲਿਖੀ ਹੈ ਜਿਸ ਦਾ ਤੋੜਾ ਇਹ ਹੈ ਕਿ ਜਿੰਜਰ ਦ੍ਰਾਵੜੀ ਮੂਲ ਦਾ ਸ਼ਬਦ ਹੈ।

ਅੱਜ ਬਹੁਤ ਸਾਰੇ ਵਿਦਵਾਨ ਇਕਮੱਤ ਹਨ ਕਿ ਜਿੰਜਰ ਸ਼ਬਦ ਦਾ ਪਿਛੋਕੜ ਦ੍ਰਾਵੜੀ ਹੈ, ਨਾ ਕਿ ਸੰਸਕ੍ਰਿਤ। ਉਨ੍ਹਾਂ ਦਾ ਮੱਤ ਹੈ ਕਿ ਪੁਰਾਣਾ ਰੂਪ 'ਚੁੰਚੀ' ਜਿਹਾ ਸੀ ਜਿਸ ਵਿਚੋਂ 'ਚ' ਧੁਨੀ ਅਲੋਪ ਹੋ ਕੇ ਇੰਚ ਸ਼ਬਦ ਸਾਹਮਣੇ ਆਇਆ। ਹਾਂ, ਕਈ ਇਸ ਵਿਚਾਰ ਦੇ ਵੀ ਹਨ ਕਿ ਪ੍ਰਾਕ-ਦ੍ਰਾਵੜੀ ਭਾਸ਼ਾ ਨੇ ਇਹ ਸ਼ਬਦ ਕਿਸੇ ਹੋਰ ਦੱਖਣ ਏਸ਼ਿਆਈ ਭਾਸ਼ਾ ਤੋਂ ਲਿਆ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਕੁਝ ਮੰਗੋਲ ਭਾਸ਼ਾਵਾਂ ਵਿਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਹਨ ਜਿਵੇਂ ਪੁਰਾਣੀ ਚੀਨੀ ਵਿਚ ਕਿਆਂਗ, ਮੈਡਰਿਨ ਚੀਨੀ ਵਿਚ ਜਿਆਂਗ, ਕੈਂਟੋਨੀ ਵਿਚ ਗੋਇੰਗ, ਵੀਅਤਨਾਮੀ ਵਿਚ ਗੁੰਗ, ਲਾਓ ਵਿਚ ਖਿੰਗ, ਬਰਮੀ ਵਿਚ ਗਜਿਨ ਆਦਿ। ਸੋ, ਸੰਸਕ੍ਰਿਤ ਦਾ ਗਲਤ ਢੰਗ ਨਾਲ ਬਣਾਇਆ ਸ਼ਬਦ ਸ਼੍ਰਿੰਗਵੇਰ ਇਰਾਨ ਦੀ ਪਹਿਲਵੀ ਵਿਚ ਸੰਗਵਿਚੀ ਵਜੋਂ ਦਾਖਲ ਹੋਇਆ ਤੇ ਉਥੋਂ ਸੋਗਡੀਅਨ, ਅਰਮਾਇਕ, ਹਿਬਰੂ ਥਾਣੀਂ ਰੂਪ ਬਦਲਦਾ ਫਿਰ ਅਰਬੀ ਵਿਚ ਜ਼ੰਗਬੀਲ ਵਜੋਂ ਦਾਖਿਲ ਹੋਇਆ।

ਇਹੀ ਸ਼ਬਦ ਫਾਰਸੀ ਨੇ ਵੀ ਅਪਨਾ ਲਿਆ ਪਰ ਪਹਿਲਵੀ ਤੋਂ ਬਣਿਆ ਸ਼ੰਗਲੀਲ ਵੀ ਕਾਇਮ ਰਿਹਾ। ਇਕ ਮਨਘੜਤ ਵਿਉਤਪਤੀ ਅਨੁਸਾਰ ਅਰਬੀ ਸ਼ਬਦ ਜੰਗਾਬੀਲ ਜ਼ਨ (ਚੜ੍ਹਨਾ) ਅਤੇ ਗਬਲ (ਪਹਾੜ) ਦੇ ਮੇਲ ਤੋਂ ਬਣਿਆ ਅਰਥਾਤ ਪਹਾੜ 'ਤੇ ਚੜ੍ਹਨਾ। ਭਾਵ ਅਦਰਕ ਖਾ ਕੇ ਪਹਾੜ ਚੜ੍ਹਨ ਦੀ ਹਿੰਮਤ ਜਾਗ ਪੈਂਦੀ ਹੈ! ਜਿਵੇਂ ਕਿਤੇ ਅਦਰਕ ਚਵਨਪਰਾਸ਼ ਹੋਵੇ। ਜ਼ਿੰਗੀ ਨਾਂ ਦੇ ਦੋ ਸਥਾਨ ਹਨ, ਇਕ ਪਾਂਡੀਚਰੀ ਵਿਚ ਤੇ ਦੂਜਾ ਚੀਨ ਵਿਚ। ਕੁਝ ਲੋਕਾਂ ਨੇ ਕਿਆਫਾ ਲਾਇਆ ਕਿ ਇਸ ਨਾਮ ਉਤੇ ਹੀ ਜਿੰਜਰ ਆਦਿ ਸ਼ਬਦ ਬਣੇ।

ਖੈਰ, ਜਿੰਜਰ ਦਾ ਸ੍ਰੋਤ ਦ੍ਰਾਵੜੀ ਸ਼ਬਦ ਹੀ ਹੈ। ਹੁਣ ਅਸੀਂ ਅਦਰਕ 'ਤੇ ਆਉਂਦੇ ਹਾਂ। ਪੰਜਾਬੀ ਵਿਚ ਅਦਰਕ ਸ਼ਬਦ ਲਈ ਆਦਾ ਸ਼ਬਦ ਵੀ ਮਿਲਦਾ ਹੈ। ਕਈ ਇਸ ਦਾ ਵਰਣਵਿਪਰੈ ਰੂਪ ਅਦਕਰ ਵੀ ਬੋਲਦੇ ਹਨ। ਉਰਦੂ ਵਿਚ ਅਦਰਖ ਚਲਦਾ ਹੈ। ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਇਸ ਨਾਲ ਮਿਲਦੇ-ਜੁਲਦੇ ਸ਼ਬਦ ਪ੍ਰਚਲਿਤ ਹਨ।

ਅਸਲ ਵਿਚ ਅਦਰਕ ਸ਼ਬਦ ਤਾਜ਼ੇ ਹਰੇ ਅਦਰਕ ਲਈ ਵਰਤਿਆ ਜਾਂਦਾ ਰਿਹਾ ਹੈ। 'ਬਾਂਦਰ ਕੀ ਜਾਣੇ ਅਦਰਕ ਦਾ ਸੁਆਦ' ਦੀ ਕਹਾਵਤ ਅਨੁਸਾਰ ਅਦਰਕ ਦੇ ਸਿਹਤ ਲਈ ਬੜੇ ਗੁੱਝੇ ਫਾਇਦੇ ਹਨ। ਮੋਟੇ ਤੌਰ 'ਤੇ ਇਹ ਬਾਦੀ ਦੀਆਂ ਬੀਮਾਰੀਆਂ ਦਾ ਦੁਸ਼ਮਣ ਹੈ।

ਪੰਜਾਬੀ ਅਦਰਕ ਦਾ ਸੰਸਕ੍ਰਿਤ ਰੂਪ 'ਆਰਦ੍ਰਕ' ਹੈ। ਇਹ ਸ਼ਬਦ ਸੰਸਕ੍ਰਿਤ ਆਰਦ੍ਰ ਤੋਂ ਬਣਿਆ ਜਿਸ ਦਾ ਮੁੱਖ ਅਰਥ ਹੈ-ਗਿੱਲਾ, ਨਮ, ਸਿੱਲ੍ਹਾ। ਇਸ ਦੇ ਹੋਰ ਅਰਥ ਹਨ-ਰਸ ਭਰਿਆ, ਤਰ, ਜੀਵਤ, ਹਰਾ ਭਰਿਆ, ਕੱਚਾ। ਪਾਣੀ ਜਾਂ ਤਰਾਵਟ ਦਾ ਤਾਜ਼ਗੀ ਅਤੇ ਜ਼ਿੰਦਗੀ ਨਾਲ ਸਬੰਧ ਹੈ। ਤਾਜ਼ਾ ਸਬਜ਼ੀ ਹਰੀ ਅਤੇ ਕੱਚੀ ਹੁੰਦੀ ਹੈ। ਇਸ ਵਿਚ ਭਾਵਨਾ ਭਰਪੂਰ ਹੋਣ ਦਾ ਭਾਵ ਵੀ ਹੈ। ਸੰਸਕ੍ਰਿਤ ਵਿਚ ਆਰਦ੍ਰਨਯਨ ਦਾ ਮਤਲਬ ਹੈ, ਸੇਜਲ ਅੱਖਾਂ। ਸੋ, ਅਦਰਕ ਸ਼ਬਦ ਵਿਚ ਹਰਿਆਵਲ, ਤਾਜ਼ਗੀ, ਤਰਾਵਟ, ਕੱਚੇਪਣ ਦੇ ਭਾਵ ਹਨ ਕਿਉਂਕਿ ਇਹ ਸ਼ਬਦ ਕੰਦ ਦੇ ਤਾਜ਼ਾ ਕੱਢੇ ਕੱਚੇ ਰੂਪ ਵੱਲ ਸੰਕੇਤ ਕਰਦਾ ਹੈ। ਪੰਜਾਬੀ ਦਾ 'ਅੱਲਾ' ਸ਼ਬਦ ਜਿਸ ਦਾ ਅਰਥ ਕੱਚਾ, ਨਾ ਪੱਕਿਆ ਹੁੰਦਾ ਹੈ, ਵੀ ਸੰਸਕ੍ਰਿਤ ਆਰਦਰ ਸ਼ਬਦ ਨਾਲ ਜਾ ਜੁੜਦਾ ਹੈ। ਅੱਲ੍ਹਾ ਜ਼ਖਮ ਤਾਜ਼ਾ ਜ਼ਖਮ ਹੁੰਦਾ ਹੈ। ਹਿੰਦੀ ਆਲਾ ਦਾ ਮਤਲਬ ਹੈ, ਗਿੱਲਾ ਅਤੇ ਬੰਗਾਲੀ ਵਿਚ ਨਾ ਉਬਲੇ ਚੌਲਾਂ ਨੂੰ ਆਲ ਕਿਹਾ ਜਾਂਦਾ ਹੈ। ਮੱਤ ਦੇ ਕੱਚੇ ਲਈ ਅੱਲੜ੍ਹ ਸ਼ਬਦ ਚਲਦਾ ਹੈ।

ਦੂਜੇ ਪਾਸੇ, ਸੁੰਢ ਸੁੱਕੇ ਹੋਏ ਅਦਰਕ ਨੂੰ ਕਹਿੰਦੇ ਹਨ। ਜਿਵੇਂ ਪਹਿਲਾਂ ਦੱਸਿਆ ਜਾ ਚੁਕਾ ਹੈ, ਇਹ ਸੰਸਕ੍ਰਿਤ ਦੇ ਸੁੰਠ ਸ਼ਬਦ ਤੋਂ ਬਣਿਆ। ਪਰ ਸੰਸਕ੍ਰਿਤ ਕੋਸ਼ ਸੁੰਠ ਸ਼ਬਦ ਦੀ ਵਿਆਖਿਆ ਕਰਦਿਆਂ ਇਸ ਨੂੰ ਸ਼ੁੰਠ ਨਾਲ ਜੋੜਦੇ ਹਨ ਕਿਉਂਕਿ ਇਸ ਦਾ ਅਰਥ ਸੁਕਾਉਣਾ ਹੈ। ਪਰ ਜਿੰਜਰ ਦੀ ਵਿਆਖਿਆ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਇਹ ਸ਼ਬਦ ਵੀ ਅੰਤਮ ਤੌਰ 'ਤੇ ਦ੍ਰਾਵੜ ਇੰਚ ਨਾਲ ਜਾ ਜੁੜਦਾ ਹੈ ਜਿਸ ਦਾ ਅਰਥ ਅਦਰਕ ਹੈ। ਸੁੰਢ ਤੋਂ ਸੰਢੋਲਾ ਸ਼ਬਦ ਵੀ ਬਣਿਆ ਜੋ ਸੁੰਢ, ਮਿੱਠੇ ਅਤੇ ਘਿਉ ਤੋਂ ਬਣਾਈ ਇਕ ਗਿਜ਼ਾ ਹੈ।

---

## ਅਸਲੀਅਤ ਦੀ ਕਸਵੱਟੀ 'ਤੇ ਬਲਜੀਤ ਬਾਸੀ ਦਾ ਸ਼ਬਦ-ਝਰੋਖਾ

(ਪਿਛਲੇ ਸਫੇ ਦੀ ਬਾਕੀ)

ਅੰਗਰੇਜ਼ੀ ਦਾ ਸ਼ਬਦ brother ਹੈ। ਸੰਸਕ੍ਰਿਤ ਵਿਚ ਇਹ 'ਭ੍ਰਾਤ੍ਰ' ਹੈ। ਇਸ ਦੇ 'ਭ' ਵਿਚ ਲੁਪਤ 'ਹ' ਅੰਗਰੇਜ਼ੀ ਸ਼ਬਦ ਵਿਚ ਖਿਸਕ ਕੇ 'T' ਨਾਲ ਸਬੰਧਿਤ ਹੋ ਗਿਆ ਹੈ। ਇੰਜ 'ਭਭਾ' ਦੀ ਧੁਨੀ 'ਬਬਾ' ਰਹਿ ਗਈ ਹੈ। 'Brother' ਸ਼ਬਦ ਵਿਚ ਆਏ 'th' ਦੀ ਧੁਨੀ ਕਿਸੇ ਵੇਲੇ 'ਤਤੇ' ਦੇ ਨੇੜੇ 'ਥ' ਸੀ ਭਾਵ ਪਹਿਲਾਂ ਇਹ ਉਚਾਰਣ 'ਭ੍ਰਾਤਰ' ਤੋਂ ਵਿਗੜ ਕੇ 'ਬਰਾਥਰ' ਹੋਇਆ ਹੋਵੇਗਾ। ਇਹੋ ਸਥਿਤੀ mother ਅਤੇ father ਸ਼ਬਦਾਂ ਵਿਚ ਸੀ। ਇਨ੍ਹਾਂ ਦਾ ਉਚਾਰਣ ਵੀ 'ਮਾਤ੍ਰ' ਅਤੇ 'ਪਿਤ੍ਰ' ਦੇ ਨਜ਼ਦੀਕ ਹੋਵੇਗਾ। 'th' ਦੀ ਧੁਨੀ ਦਾ 'ਦ' ਹੋਣਾ ਮਗਰਲਾ ਵਿਗਾੜ ਹੈ। theist, apathy, pathology, thick, thin ਵਿਚ ਅਜ ਵੀ ਇਸ ਦੇ ਵਾਸਤਵਿਕ ਉਚਾਰਣ ਦੀ ਸ਼ੁਧਤਾ ਬਰਕਰਾਰ ਹੈ। 'The' ਦਾ ਉਚਾਰਣ 'ਥੀ' ਸੀ, ਜਿਸ ਦਾ ਅਰਥ ਪਰਮੇਸ਼ਰ ਸੀ, ਜੋ ਅਜ ਵੀ theist ਵਿਚ ਮੌਜੂਦ ਹੈ। theist ਦਾ ਅਰਥ ਵਿਸ਼ਵਾਸੀ (believer) ਕਰਨਾ ਵੀ ਇਕ ਵਿਗਾੜ ਹੈ। ਇਸ ਦਾ ਅਰਥ ਹੈ- ਰਬਤਾਵਾਦੀ (ਮਨੁਖ)। ਵਿਸ਼ਵਾਸੀ ਤਾਂ ਕੋਈ ਚਾਰਵਾਕ ਜਾਂ ਕਾਰਲ ਮਾਰਕਸ ਦਾ ਵੀ ਹੋ ਸਕਦਾ ਹੈ।

ਸੰਸਕ੍ਰਿਤ ਦਾ ਇਕ ਹੋਰ ਸ਼ਬਦ 'ਸਮ' ਹੈ। ਇਸ ਦੇ ਅਰਥ ਹਨ- ਸਮਾਨ, ਬਰਾਬਰ, ਸਾਰਾ, ਸਮਤਲ, ਸਮ-ਸੰਖਿਆ। ਅੰਗਰੇਜ਼ੀ ਵਿਚ ਇਸ sum ਦਾ ਸਾਧਾਰਨ ਅਰਥ ਜੋੜ ਹੈ। ਪਰ ਅਸਲ ਅਰਥ ਬਰਾਬਰ, ਸਮਾਨ ਹੀ ਹੈ। ਮਸਲਨ ਅਸੀਂ 4+5=9 ਲਿਖਦੇ ਹਾਂ, ਤਾਂ sum 9 ਅਸਲ ਵਿਚ 4 ਜਮਾਂ 5 ਦੇ ਬਰਾਬਰ ਹੈ। ਸੋ ਇਸ ਸ਼ਬਦ ਦੇ ਰੂਪ ਅਤੇ ਅਰਥ ਵਿਚ ਰਤਾ ਵੀ ਫਰਕ ਨਹੀਂ ਪਿਆ। ਸ਼ਬਦਾਂ ਦੇ ਇਨ੍ਹਾਂ ਸਬੰਧਾਂ ਦੀ ਫਹਿਰਿਸਤ ਤਾਂ ਜਿਤਨੀ ਮਰਜ਼ੀ ਲੰਮੀ ਕਰ ਲਈ ਜਾਵੇ, ਪਰ ਮੇਰੀ ਸਮਝ ਅਨੁਸਾਰ ਸੰਸਕ੍ਰਿਤ-ਅੰਗਰੇਜ਼ੀ ਸਬੰਧ ਦਰਸਾਉਣ ਵਾਸਤੇ ਬਾਸੀ ਜੀ ਵਰਗੇ ਵਿਦਵਾਨ ਪੁਰਖਾਂ ਨਾਲ ਸੰਵਾਦ ਵਾਸਤੇ ਇਤਨੇ ਪ੍ਰਮਾਣ ਵੀ ਕਾਫੀ ਹਨ। ਕੁਝ ਅਲਪ-ਗਿਆਨੀ ਲੋਕ ਨਵੇਂ ਸਿਧਾਂਤ ਦੀ ਸਿਰਜਣਾ ਕਰ ਕੇ ਇਹ ਵੀ ਕਹਿਣਗੇ ਕਿ ਇਹ ਸ਼ਬਦ ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਤੋਂ ਬਾਅਦ ਸੰਸਕ੍ਰਿਤ ਵਿਚ ਵਾੜ ਦਿਤੇ ਗਏ ਹਨ, ਪਰ ਵੇਦ, ਉਪਨਿਸ਼ਦ, ਗੀਤਾ, ਪੁਰਾਣ ਅੰਗਰੇਜ਼ਾਂ ਦੇ ਆਉਣ ਤੋਂ ਢੇਰ-ਚਿਰ ਪਹਿਲਾਂ ਦੇ ਗ੍ਰੰਥ ਹਨ।

ਅੰਗਰੇਜ਼ਾਂ ਦੇ ਭਾਰਤ ਵਿਚ ਪ੍ਰਵੇਸ਼ ਤੀਕ ਲੋਕ ਬੋਲੀਆਂ ਦੇ ਪ੍ਰਚਲਨ ਨੇ ਸੰਸਕ੍ਰਿਤ ਨੂੰ ਇਕ ਨਿਸ਼ਕ੍ਰਿਯ ਭਾਸ਼ਾ ਬਣਾ ਦਿਤਾ ਸੀ। ਇਸ ਲਈ ਜੋ ਭਾਸ਼ਾ ਚਲਣ ਵਿਚ ਹੀ ਨਹੀਂ ਸੀ, ਉਸ ਵਿਚ ਅੰਗਰੇਜ਼ਾਂ ਨੇ ਪਰਿਵਰਤਨ ਕਰ ਕੇ ਕੀ ਲੈਣਾ ਸੀ? ਅੰਗਰੇਜ਼ੀ ਦੇ ਦਸਮ ਗ੍ਰੰਥ ਉਤੇ ਪ੍ਰਭਾਵ ਪੈਣ ਦੀ ਕਥਾ ਬਿਲਕੁਲ ਨਿਰਮੂਲ ਅਤੇ ਨਿਰਾਧਾਰ ਹੈ। ਸੰਸਕ੍ਰਿਤ ਅਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਦੇ ਹਜ਼ਾਰਾਂ ਸਾਲ ਪੁਰਾਣੇ ਅਟੁਟ ਸਬੰਧ ਹਨ, ਜਿਸ ਕਾਰਨ ਸ਼ਬਦਾਵਲੀ ਦੀ ਸਾਂਝ ਅਲਪ-ਗਿਆਨੀਆਂ ਦੀ ਪ੍ਰੇਸ਼ਾਨੀ ਦਾ ਕਾਰਨ ਬਣ ਜਾਂਦੀ ਹੈ।

#

---

## ਮਿਕਸ ਪੰਜਾਬੀ

ਬੜੀ ਦੇਰ ਬਾਅਦ ਕਿਸੇ ਪੰਜਾਬੀ ਕਰਿਆਨੇ ਦੀ ਦੁਕਾਨ (ਸਟੋਰ) 'ਤੇ ਗਿਆ ਤਾਂ ਅੰਦਰ ਵੜਦਿਆਂ ਸਾਹਮਣੇ ਤਖਤੀ ਟੰਗੀ ਵੇਖੀ, ਜਿਸ 'ਤੇ ਮੋਟੇ ਅੱਖਰਾਂ 'ਚ ਲਿਖਿਆ ਸੀ, "ਇਸ ਹਫਤੇ ਮਿਕਸ ਪੰਜਾਬੀ ਦਾਲ ਦੀ ਸੇਲ, ਡਾਲਰ ਦੀ ਪੌਂਡ।"

ਮੇਰੇ ਨਾਲ ਹੀ ਅੰਦਰ ਵੜੇ ਬਜ਼ੁਰਗ ਨੇ ਤਖਤੀ ਦੀ ਇਬਾਰਤ ਦੇਖ ਕੇ ਜੀਭ ਮਲਦਿਆਂ ਆਖਿਆ, "ਹੂੰਅ ਮਿਕਸ ਪੰਜਾਬੀ! ਕਿੱਥੇ ਰਹਿ ਗਏ ਮਿਕਸ ਪੰਜਾਬੀ? ਮਿਕਸ ਪੰਜਾਬੀ ਤਾਂ ਸੰਨ ਸੰਤਾਲੀ ਦੇ ਰੌਲਿਆਂ ਨੇ ਰੌਂਦ ਦਿੱਤੇ ਤੀ, ਹੁਣ ਤਾਂ ਮਿਕਸ ਪੰਜਾਬੀ, ਅਮਰੀਕੀ ਪੰਜਾਬੀ ਕਰਿਆਨਾ ਸਟੋਰਾਂ 'ਤੇ ਵਿਕਦੀ ਦਾਲ ਦੇ ਪੈਕਟਾਂ 'ਤੇ ਛਪੇ ਲਫਜ਼ਾਂ ਸਿਵਾਏ, ਕਿੱਥੇ ਥਿਆਉਂਦੇ ਨੇ? ਹੂੰਅ! ਮਿਕਸ ਪੰਜਾਬੀ।"

ਪਹਿਲਾਂ ਹੀ ਅੰਦਰ ਖੜ੍ਹੇ ਤੇ ਉਸ ਤੋਂ ਵਡੇਰੀ ਉਮਰ ਦੇ ਬਾਬੇ ਨੇ ਪਿੱਠ ਘੁਮਾਉਂਦਿਆਂ ਤੋੜਾ ਝਾੜਿਆ, "ਭਾਊ ਸੰਤਾਲੀ ਕਿਉਂ, ਪੰਜਾਬੀਅਤ ਦਾ ਘੜਾ ਤਾਂ ਉਦੋਂ ਟੁੱਟ ਗਿਆ ਸੀ ਜਦ ਫਰੰਗੀ ਨੇ ਰੇਲ 'ਟੇਸ਼ਨਾਂ ਉਤੇ ਮੁਸਲਮਾਨਾਂ ਤੇ ਹਿੰਦੂਆਂ ਦੇ ਪੀਣ ਵਾਲੇ ਪਾਣੀ ਦੇ ਘੜੇ ਅੱਡ ਰੱਖ ਲਿਖ ਦਿੱਤਾ ਸੀ-ਹਿੰਦੂ ਪਾਣੀ, ਮੁਸਲਿਮ ਪਾਣੀ। ਹਾਂ ਭਾਊ, ਯਾਦ ਈ ਉਹ ਦਿਨ?"

ਦੋਵਾਂ ਦੀਆਂ ਗੱਲਾਂ ਸੁਣ ਕੇ ਕੋਲ ਖੜ੍ਹਾ ਤੀਜਾ ਉਨ੍ਹਾਂ ਦਾ ਹਮ ਉਮਰ ਸਿਰ ਗੋਲ ਟੋਪੀ, ਛਾਂਟਵੀਆਂ ਮੁੱਛਾਂ ਤੇ ਛਾਤੀਓਂ ਲੰਬੀ ਦਾਹੜੀ, ਹੱਸ ਕੇ ਕਹਿੰਦਾ, "ਓ ਵੀਰਿਓ! ਗੈਰਾਂ ਉਜਾੜੇ ਤਾਂ ਕਿ ਅਸੀਂ ਮਗਰ ਲੱਗੇ, ਭੁੱਲ ਉਜਾੜਾ ਮਿਕਸ ਪੰਜਾਬ ਤੇ ਪੰਜਾਬੀਅਤ ਵੀ ਪੰਜਾਬੀਆਂ ਨੂੰ ਵਸਾਉਣੀ ਪੈਣੀ ਏ।" ਸਭ ਚੁੱਪ। ਉਸ ਦੀ ਆਵਾਜ਼ ਵਿਚ ਲੋਹੜੇ ਦਾ ਗੜਕਾ ਸੀ।

ਸਬਜੀਆਂ ਦੇ ਭਾਅ ਪੁੱਛਦੇ ਕੋਲ ਖੜ੍ਹੇ ਮੇਰੀ ਉਮਰ ਦੇ ਲੋਕ ਬਾਬਿਆਂ ਦੀਆਂ ਗੱਲਾਂ ਸੁਣ ਮੁਸਕਰਾ ਰਹੇ ਸਨ। ਮੇਰੀ ਉਮਰ ਦੇ ਅਮਰੀਕਾ ਵੱਸਦੇ ਪੰਜਾਬੀ ਹੁਣ ਭਾਰਤੀ ਜਾਂ ਪਾਕਿਸਤਾਨੀ ਪੰਜਾਬੀ ਹਨ। ਪੰਜਾਬੀ ਵਸਤਾਂ ਵੇਚਣ ਦੇ ਸਟੋਰ ਦੋਵਾਂ ਪਾਸਿਆਂ ਦੇ ਵਪਾਰੀਆਂ ਦੇ ਹਨ। ਲੋਕਾਈ ਨੂੰ ਕੋਈ ਫਰਕ ਨਹੀਂ, ਸਟੋਰ ਭਾਰਤੀ ਪੰਜਾਬੀ ਦਾ ਏ ਜਾਂ ਪਾਕਿਸਤਾਨੀ ਪੰਜਾਬੀ ਦਾ? ਮਸਲਾ ਤਾਂ ਵਾਜਬ ਮੁੱਲ ਦਾ ਐ!

ਅਮਰੀਕਾ ਵਿਚ ਬਹੁਤੇ ਸਟੋਰ ਮਾਲਕਾਂ ਨੇ ਰੇਟ ਦੇ ਅਤੇ ਹੋਰ ਬੋਰਡ ਅੰਗਰੇਜ਼ੀ ਦੇ ਨਾਲ ਨਾਲ ਗੁਰਮੁਖੀ, ਸ਼ਾਹ ਲਿਪੀ ਤੇ ਕਿੱਧਰੇ ਦੇਵਨਾਗਰੀ ਵਿਚ ਵੀ ਲਾਏ ਹੋਏ ਹਨ। ਹੁਣ ਲੱਗਦਾ ਐ, ਹਰ ਤਰ੍ਹਾਂ ਦੀਆਂ ਸਰਹੱਦਾਂ ਤੇ ਦੀਵਾਰਾਂ ਤੋਂ ਉਪਰ ਉਠ ਕੇ ਪੰਜ ਦਰਿਆਵਾਂ ਦੀ ਵਲਗਣ 'ਚੋਂ ਬਾਹਰ ਨਿਕਲ ਇੱਕ ਕੌਮਾਂਤਰੀ ਤੇ ਬ੍ਰਹਿਮੰਡੀ ਪੰਜਾਬ ਸਿਰਜ ਹੋ ਰਿਹਾ ਹੈ!

*-ਹਰਜਿੰਦਰ ਦੋਸਾਂਝ*

---

## ਪੰਜਾਬ ਸਮਝੌਤਾ ਅਤੇ ਸੰਤ ਲੌਂਗੋਵਾਲ

ਐਤਵਾਰ, 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਵੱਡੇ ਪੱਧਰ 'ਤੇ ਮਨਾਈ ਗਈ। ਪੰਜਾਬ ਦੀ ਵਾਗਡੋਰ ਸੰਤ ਲੌਂਗੋਵਾਲ ਦੇ ਹੱਥ ਫੜਾ ਕੇ ਅਕਾਲੀਆਂ ਨੇ ਕੀ ਖੱਟਿਆ? ਜਿਸ ਬੰਦੇ ਨੂੰ ਇਹੋ ਪਤਾ ਨਹੀਂ ਸੀ ਕਿ ਸਾਹਮਣੇ ਰੱਖੇ ਗਏ ਦਸਤਾਵੇਜ਼ ਉਪਰ ਕੀਤੇ ਦਸਤਖਤ ਮੇਰੀ ਧਰਤੀ, ਮੇਰੇ ਲੋਕਾਂ ਦੇ ਹਿਤ ਵਿਚ ਹਨ ਕਿ ਨੁਕਸਾਨ ਵਿਚ, ਉਸ ਦੀਆਂ ਦੋ ਦੋ ਬਰਸੀਆਂ (ਕਾਂਗਰਸ ਵੱਖ ਤੇ ਅਕਾਲੀ ਦਲ ਵੱਖ) ਮਨਾ ਕੇ ਪੰਜਾਬੀਆਂ ਨੇ ਦੁਨੀਆਂ ਨੂੰ ਕੀ ਦੱਸਣਾ ਹੈ? ਇਹੋ ਕਿ ਸਾਨੂੰ ਆਪਣੇ ਨਾਇਕ ਦੀ ਚੋਣ ਕਰਨੀ ਨਹੀਂ ਆਉਂਦੀ!

ਸ੍ਰੀਲੰਕਾ ਦੇ ਅੰਡਰਗਰਾਊਂਡ ਲਿੱਟੇ ਲੀਡਰ ਪ੍ਰਭਾਕਰਨ ਨੂੰ ਰਾਜੀਵ ਗਾਂਧੀ ਨੇ ਦਿੱਲੀ ਗੱਲਬਾਤ ਲਈ ਸੱਦਿਆ। ਗੱਲਬਾਤ ਦੌਰਾਨ ਸਰਕਾਰ ਨੇ ਕਿਹਾ, "ਅਫਸੋਸ ਤੁਸੀਂ ਪਿਛਲੇ ਸਮੇਂ ਚਾਰ ਵਾਰ ਵਾਅਦਾ ਕਰਕੇ ਮੁੱਕਰੇ।"


ਪ੍ਰਭਾਕਰਨ ਹੱਸ ਪਿਆ, "ਇਸ ਦਾ ਅਰਥ ਹੋਇਆ ਮੈਂ ਚਾਰ ਵਾਰ ਤਾਮਿਲਾਂ ਨੂੰ ਤੁਹਾਡੇ ਹੱਥੋਂ ਠੱਗੇ ਜਾਣ ਤੋਂ ਬਚਾ ਲਿਆ।"

ਉਹ ਆਪਣੇ ਸਾਥੀਆਂ ਨੂੰ ਕਿਹਾ ਕਰਦਾ ਸੀ, ਜੇ ਭਾਰਤੀ ਪ੍ਰਧਾਨ ਮੰਤਰੀ ਸਾਡੇ ਨਾਲ ਧੋਖਾਧੜੀ ਕਰੇਗਾ, ਅਸੀਂ ਸਜ਼ਾ ਦਿਆਂਗੇ। ਰਾਜੀਵ ਗਾਂਧੀ ਨੇ ਤਾਮਿਲਾਂ ਨਾਲ ਇਨਸਾਫ ਨਹੀਂ ਕੀਤਾ ਤੇ ਸੰਤ ਲੌਂਗੋਵਾਲ ਪੰਜਾਬ ਦੇ ਹਿਤ ਭੁਲਾ ਕੇ ਪੰਜਾਬ ਸਮਝੌਤੇ 'ਤੇ ਦਸਤਖਤ ਕਰ ਆਇਆ। ਦੁਖਦਾਈ ਨਤੀਜੇ ਨਿਕਲੇ।

*-ਡਾ. ਹਰਪਾਲ ਸਿੰਘ ਪੰਨੂ*
*ਪੰਜਾਬੀ ਯੂਨੀਵਰਸਿਟੀ, ਪਟਿਆਲਾ।*

# ਦੁਨੀਆਂ ਦੇ ਦੁਖਿਆਰੇ

***ਪੰਜਾਬੀ ਲਿਖਾਰੀ ਅਤੇ ਲੰਡਨ ਦੀ ਈਲਿੰਗ ਕੌਂਸਲ ਦੇ ਮੇਅਰ ਦੀ ਕੁਰਸੀ ਤਕ ਪੁੱਜਣ ਵਾਲਾ ਰਣਜੀਤ ਧੀਰ ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦਾ-ਪੜ੍ਹਾਉਂਦਾ ਬਰਤਾਨੀਆ ਜਾ ਵਸਿਆ। ਉਥੇ ਉਹ ਬਹੁਤ ਸਾਰੇ ਅਹਿਮ ਅਹੁਦਿਆਂ 'ਤੇ ਰਿਹਾ। 'ਦੁਨੀਆਂ ਦੇ ਦੁਖਿਆਰੇ' ਲੇਖ ਵਿਚ ਉਸ ਨੇ ਪਰਵਾਸ-ਉਡਾਰੀ ਲਈ ਤਾਂਘ ਰੱਖਣ ਵਾਲਿਆਂ ਅਤੇ ਇਨ੍ਹਾਂ ਨੂੰ ਦਰਪੇਸ਼ ਦੁਸ਼ਵਾਰੀਆਂ ਦਾ ਜ਼ਿਕਰ ਕੀਤਾ ਹੈ। ਨਾਲ ਹੀ ਪਰਵਾਸ ਲਈ ਸਦਾ ਉਠਦੀ ਇਸ ਤਾਂਘ ਦੇ ਪਿਛੋਕੜ ਅਤੇ ਅਸਲੀ ਕਾਰਨਾਂ ਵਾਲਾ ਪੰਨਾ ਵੀ ਫਰੋਲਿਆ ਹੈ। -ਸੰਪਾਦਕ***



**ਰਣਜੀਤ ਧੀਰ, ਲੰਡਨ**

ਲੋਕਾਂ ਦੇ ਸੁਪਨਿਆਂ ਅਤੇ ਸੰਸਿਆਂ ਦੇ ਗੀਤ ਉਨ੍ਹਾਂ ਵਾਂਗ ਸਿੱਧੇ ਸਾਦੇ ਨਿਰਛਲ ਹੁੰਦੇ ਹਨ। ਸਾਦੇ ਸ਼ਬਦਾਂ ਵਿਚ ਪੋਲੇ ਜਿਹੇ ਵੱਡੀ ਗੱਲ ਕਹਿ ਜਾਂਦੇ ਹਨ। ਬਾਪੂ ਕਰਨੈਲ ਸਿੰਘ ਪਾਰਸ ਦਾ ਲਿਖਿਆ 'ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇਕ ਆਵੇ ਇਕ ਜਾਵੇ' ਪੜ੍ਹ ਕੇ ਵੇਖ ਲਉ; ਥੋੜ੍ਹੇ ਜਿਹੇ ਸ਼ਬਦਾਂ ਵਿਚ ਜੀਵਨ ਦਾ ਕਿੱਡਾ ਵੱਡਾ ਸੱਚ ਬੋਲ ਦਿੱਤਾ ਹੈ।

ਕਵੀਸ਼ਰੀਆਂ, ਸੀਹਰਫੀਆਂ ਅਤੇ ਕਬਿਤਾਂ-ਕਿੱਸੇ ਪੰਜਾਬੀ ਲੋਕ ਸਾਹਿਤ ਦਾ ਅਮੀਰ ਵਿਰਸਾ ਹਨ। ਸਮੇਂ ਨਾਲ ਮਸਲੇ ਜ਼ਰੂਰ ਬਦਲ ਜਾਂਦੇ ਹਨ, ਪਰ ਇਸ ਦਾ ਆਧਾਰ ਲੋਕਾਂ ਦੀਆਂ ਦੁਖ-ਸੁਖ ਦੀਆਂ ਗਾਥਾਵਾਂ ਵਿਚ ਹੀ ਹੁੰਦਾ ਹੈ। ਸਾਡੀ ਪੀੜ੍ਹੀ ਦੇ ਪਰਵਾਸੀਆਂ ਦੀ ਮਾਨਸਿਕਤਾ ਵਿਚ ਗੰਭੀਰਤਾ ਅਤੇ ਦੇਸ਼ ਮੋਹ ਦਾ ਉਦਰੇਵਾਂ ਭਾਰੂ ਸੀ, ਪਰ ਗਲੋਬਲੀ ਪਿੰਡ ਵਾਲਾ ਅੱਜ ਦਾ ਪਰਵਾਸੀ, ਖਪਤ ਸਭਿਆਚਾਰ ਵਾਂਗ ਹਲਕੇ ਸੁਭਾਉ ਦਾ ਮਾਲਕ ਹੈ। ਸਸਤੇ ਮੋਬਾਇਲ ਫੋਨਾਂ ਅਤੇ ਨਵੇਂ ਸੰਚਾਰ ਸਾਧਨਾਂ ਨਾਲ ਇਨ੍ਹਾਂ ਦਾ ਮਿੰਟ-ਮਿੰਟ 'ਤੇ ਪਿਛਲੇ ਟੱਬਰਾਂ ਨਾਲ ਸੰਪਰਕ ਬਣਿਆ ਰਹਿੰਦਾ ਹੈ। ਉਦਰੇਵੇਂ ਵਾਲੀ ਸਮੱਸਿਆ ਇਨ੍ਹਾਂ ਨੂੰ ਬਹੁਤੀ ਪ੍ਰੇਸ਼ਾਨ ਨਹੀਂ ਕਰਦੀ।

ਗੈਰੀ ਸੰਧੂ (ਗੁਰਿੰਦਰ ਸੰਧੂ) ਦਾ ਗੀਤ 'ਮੇਰਾ ਫੌਜੀ ਮੌੜ ਲਿਆਵੋ ਨੀ' ਸੁਣਿਆ ਤਾਂ ਪਤਾ ਲੱਗਿਆ, 'ਫੌਜੀ' ਅਤੇ 'ਫਰੈਸ਼ੀ' ਕੌਣ ਹੋਏ। ਮਜ਼ਾਕੀਆ ਲਹਿਜ਼ੇ ਵਿਚ ਪੱਛਮੀ ਮੁਲਕਾਂ ਵਿਚ ਰੁਲਦੇ ਨੌਜਵਾਨਾਂ ਮੁੰਡਿਆਂ ਦੀ ਹਾਲਤ ਦਾ ਬਿਆਨ ਹੈ। ਗਰੀਬੀ ਕੱਢਣ ਖਾਤਰ ਲੰਮੀਆਂ ਸ਼ਿਫਟਾਂ ਅਤੇ 'ਓਵਰਟੈਮ' ਦੀਆਂ ਕਹਾਣੀਆਂ ਸਾਡੀ ਪੀੜ੍ਹੀ ਨੇ ਵੀ ਹੰਢਾਈਆਂ ਹਨ। ਪਤਨੀ ਤੋਂ ਚੋਰੀ ਚੋਰੀ ਪਿਛੇ ਪੈਸੇ ਭੇਜਣੇ। ਪਿਛਲਿਆਂ ਦੀਆਂ ਜ਼ਿੰਮੇਵਾਰੀਆਂ ਅਤੇ ਪਿਛਲਿਆਂ ਦੇ ਕਰਜ਼ੇ ਦੀਆਂ ਸੋਚਾਂ। ਇਹ ਸਭ ਮਾਰਾਂ ਮੇਰੀ ਪੀੜ੍ਹੀ ਨੇ ਵੀ ਪੰਜਾਹ ਸਾਲ ਪਹਿਲਾਂ ਆਪਣੇ ਪਿੰਡਿਆਂ 'ਤੇ ਝੱਲੀਆਂ ਹਨ।

ਗਰੀਬੀ ਅਤੇ ਅਸੁਰੱਖਿਆ ਦੀ ਮਾਰੀ ਸਾਡੀ ਜਵਾਨੀ ਇੰਡੀਆ, ਪਾਕਿਸਤਾਨ, ਨੇਪਾਲ, ਬੰਗਲਾਦੇਸ਼ ਅਤੇ ਸ੍ਰੀਲੰਕਾ ਤੋਂ ਪੱਛਮੀ ਦੇਸ਼ਾਂ ਨੂੰ ਤੁਰੀ ਆਉਂਦੀ ਹੈ; ਹਾਲਾਂਕਿ ਸਾਕ-ਸਬੰਧੀਆਂ ਰਾਹੀਂ, ਅਖਬਾਰਾਂ, ਮੀਡੀਏ ਰਾਹੀਂ ਪੂਰਾ ਪਤਾ ਹੈ ਕਿ ਯੂਰਪੀ ਮੁਲਕਾਂ ਦੀ ਹਾਲਤ ਖਰਾਬ ਹੈ। ਇੰਗਲੈਂਡ ਵਿਚ ਬਹੁਤ ਮੰਦਵਾੜਾ ਹੈ। ਨੌਕਰੀਆਂ ਤਾਂ ਇਥੇ ਮੰਜੇ-ਪਲਿਆਂ ਨੂੰ ਨਹੀਂ ਮਿਲਦੀਆਂ, ਫਿਰ ਵੀ ਲੋਕ ਤੁਰੇ ਆ ਰਹੇ ਹਨ।

ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਹਨ। ਕੋਈ ਕਹਿੰਦਾ ਹੈ, ਸਾਊਥਾਲ ਵਿਚ ਘੱਟੋ-ਘੱਟ ਵੀਹ ਹਜ਼ਾਰ 'ਫੌਜੀ' ਅਤੇ 'ਫਰੈਸ਼ੀ' ਹੋਣਗੇ। ਸਥਾਨਕ ਵੱਸੋਂ ਪ੍ਰੇਸ਼ਾਨ ਹੈ। ਗਲੀਆਂ ਬਾਜ਼ਾਰਾਂ ਵਿਚ ਸਦਾ ਭੀੜ ਜੁੜੀ ਰਹਿੰਦੀ ਹੈ। ਬੱਸਾਂ-ਗੱਡੀਆਂ ਵਿਚ ਮੋਬਾਈਲ ਫੋਨਾਂ 'ਤੇ ਉਚੀ ਉਚੀ ਬੋਲਦੇ ਮੁੰਡੇ ਕੁੜੀਆਂ। ਸੜਕਾਂ 'ਤੇ ਪਾਨ ਦੀ ਥੁੱਕ... ਬਹੁਤ ਕੁਝ ਸੁਣਦੇ ਹਾਂ।

ਭਲਾ ਹੋਵੇ ਗੁਰਦੁਆਰਿਆਂ ਦਾ ਕਿ ਦਿਨ ਰਾਤ ਹਰ ਇਕ ਨੂੰ ਲੰਗਰ ਤਾਂ ਮਿਲਦਾ ਹੈ, ਪਰ ਬਾਕੀ ਜ਼ਰੂਰਤਾਂ ਲਈ ਕਿਥੇ ਜਾਣ? ਗੈਰ ਕਾਨੂੰਨੀ ਢੰਗ ਨਾਲ ਆਏ ਫੌਜੀਆਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ, ਵਿਦਿਆਰਥੀ ਵੀਜ਼ੇ 'ਤੇ ਇਨ੍ਹਾਂ ਨੂੰ ਕੁਲ-ਵਕਤੀ ਕੰਮ ਕਰਨ ਦੀ ਆਗਿਆ ਨਹੀਂ। ਚੋਰੀ ਛਿਪੇ ਕੰਮ ਕਰਦੇ ਹਨ, ਤਨਖਾਹ ਪੂਰੀ ਨਹੀਂ ਮਿਲਦੀ। ਘਰ ਜਾਂ ਫਲੈਟ ਕਿਰਾਏ 'ਤੇ ਕਿਵੇਂ ਲੈਣ? ਇਨ੍ਹਾਂ ਵਿਚਾਰਿਆਂ ਕੋਲ ਤਾਂ ਕਮਰਾ ਕਿਰਾਏ 'ਤੇ ਲੈਣ ਜੋਗੇ ਪੈਸੇ ਨਹੀਂ ਹੁੰਦੇ। ਇਸੇ ਕਰ ਕੇ ਕਈ ਵਿਚਾਰੇ ਥੋੜ੍ਹੇ ਪੈਸੇ ਦੇ ਕੇ ਲੋਕਾਂ ਦੇ ਗਾਰਡਨ 'ਸ਼ੈਡਾਂ' ਵਿਚ ਰੱਖੇ ਗੱਦਿਆਂ 'ਤੇ ਰਾਤਾਂ ਕੱਟਦੇ ਹਨ। ਸਰਦੀਆਂ ਦੀ ਕੜਾਕੇ ਦੀ ਠੰਢ ਵਿਚ ਇਨ੍ਹਾਂ ਸ਼ੈਡਾਂ ਵਿਚ ਨਾ ਹੀਟਿੰਗ ਅਤੇ ਨਾ ਹੀ ਗੁਸਲਖਾਨੇ ਦੀ ਸਹੂਲਤ। ਬਹੁਤੀ ਬਦਤਰ ਹਾਲਤ ਵਾਲੇ ਤਾਂ ਪਬਲਿਕ ਪਾਰਕਾਂ ਅਤੇ ਸੜਕਾਂ ਦੇ ਪੁਲਾਂ ਹੇਠ ਦਿਨ ਕਟੀ ਕਰ ਰਹੇ ਹਨ। ਹਾਲਾਤ ਬਹੁਤ ਖਰਾਬ ਹਨ। ਹੁਣ ਪੁਲਿਸ ਵੀ ਸਖਤੀ ਕਰ ਰਹੀ ਹੈ ਤੇ ਫੜ-ਫੜਾਈ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ, ਯਕੀਨ ਨਹੀਂ ਆਉਂਦਾ ਕਿ ਲੋਕ ਅਜੇ ਵੀ ਏਜੰਟਾਂ ਨੂੰ ਲੱਖਾਂ ਰੁਪਏ ਦੇ ਕੇ ਤੁਰੇ ਆ ਰਹੇ ਹਨ!

ਮੈਨੂੰ ਪੰਜਾਹ-ਸੱਠ ਸਾਲ ਪਹਿਲਾਂ ਦਾ ਸਮਾਂ ਯਾਦ ਆਉਂਦਾ ਹੈ ਜਦੋਂ ਮੇਰੇ ਵਰਗੇ ਧੜਾਧੜ ਇੰਗਲੈਂਡ ਪਹੁੰਚ ਰਹੇ ਸਨ। ਅਸੀਂ ਕਿਉਂ ਦੇਸ਼ ਛੱਡਿਆ? ਇਹ ਮੁੰਡੇ ਕਿਉਂ ਆਈ ਜਾਂਦੇ ਹਨ? ਮਨ ਵਿਚ ਇਹੋ ਜਿਹੇ ਸੁਆਲ ਉਠਦੇ ਹਨ ਤਾਂ ਮੈਨੂੰ ਲੱਗਦਾ ਹੈ ਕਿ ਇਨ੍ਹਾਂ ਦੀ ਕਹਾਣੀ ਵੀ ਉਹੋ ਹੈ ਜੋ ਸਾਡੀ ਸੀ।

ਸਾਲ 1964 ਦੀ ਗੱਲ ਹੈ। ਉਨ੍ਹੀਂ ਦਿਨੀਂ ਮੈਂ ਮੁਕਤਸਰ ਦੇ ਸਰਕਾਰੀ ਕਾਲਜ ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਸੀ। ਅਸੀਂ ਦੋ ਪ੍ਰੋਫੈਸਰ ਕਚਹਿਰੀ ਰੋਡ 'ਤੇ ਕਿਰਾਏ ਦੀ ਕੋਠੀ ਵਿਚ ਰਹਿੰਦੇ ਸਾਂ। ਚਾਰ ਸਾਲ ਇੰਗਲੈਂਡ ਰਹਿ ਕੇ ਮੇਰਾ ਦੋਸਤ ਬਲਵਿੰਦਰ ਬਰਾੜ ਦਸੰਬਰ ਮਹੀਨੇ ਮੈਨੂੰ ਮਿਲਣ ਆਇਆ। ਬੱਸ, ਸਮਝੋ ਮੇਰੀ ਜ਼ਿੰਦਗੀ ਵਿਚ ਭੂਚਾਲ ਆ ਗਿਆ।

ਕਾਲਜ ਦੇ ਦਿਨਾਂ ਵਿਚ ਬਲਵਿੰਦਰ ਮੇਰੇ ਪੰਜ-ਚਾਰ ਵਧੀਆ ਦੋਸਤਾਂ ਵਿਚੋਂ ਸੀ। ਇਹ ਸਾਰੇ ਦੋਸਤ ਸਾਡੇ ਮੋਗੇ ਵਾਲੇ ਘਰ ਆਉਂਦੇ ਅਤੇ ਮੈਂ ਇਨ੍ਹਾਂ ਦੇ ਪਿੰਡਾਂ ਵਿਚ ਜਾਂਦਾ ਹੁੰਦਾ। ਮੇਰੇ ਮਨ ਵਿਚ ਬਲਵਿੰਦਰ ਨੂੰ ਮਿਲਣ ਦਾ ਬਹੁਤ ਚਾਅ ਸੀ। ਇੰਗਲੈਂਡ ਤੋਂ ਆਇਆਂ ਦੀ ਉਦੋਂ ਤਾਂ ਬਹੁਤ ਟੌਹਰ ਹੁੰਦੀ ਸੀ। ਮੈਂ ਸੋਚਦਾ, ਅੰਗਰੇਜ਼ੀ ਤਾਂ ਫਰਨ ਫਰਨ ਬੋਲਦਾ ਹੋਵੇਗਾ। ਮੈਨੂੰ ਯਾਦ ਸੀ ਕਿ ਜ਼ਿੰਦਗੀ ਵਿਚ ਪਹਿਲੀ ਵਾਰ ਸ਼ਰਾਬ ਮੈਂ ਸੁਖਦੇਵ ਸਿੱਧੂ ਦੇ ਹੋਸਟਲ ਵਾਲੇ ਕਮਰੇ ਵਿਚ ਪੀਤੀ ਸੀ। ਬਲਵਿੰਦਰ ਵੀ ਉਸ ਢਾਣੀ ਵਿਚ ਸੀ। ਇਹ ਸੋਚ ਕੇ ਬਲਵਿੰਦਰ ਦੀ ਖਾਤਰਦਾਰੀ ਵਾਸਤੇ ਮੈਂ ਵਧੀਆ ਅੰਗਰੇਜ਼ੀ ਵਿਸਕੀ ਲਿਆਂਦੀ।

ਅਸੀਂ ਦੇਰ ਰਾਤ ਤੀਕ ਕਾਲਜ ਦੇ ਦਿਨਾਂ ਦੀਆਂ ਗੱਲਾਂ ਕਰਦੇ ਰਹੇ। ਕੌਣ ਕਿਥੇ ਚਲਾ ਗਿਆ? ਔਰ, ਕਿਆ ਬਾਤਾਂ ਸਨ ਮੋਗੇ ਕਾਲਜ ਦੀਆਂ! ਸਟੂਡੈਂਟ ਯੂਨੀਅਨ ਅਤੇ ਪੰਜਾਬੀ ਸੁਸਾਇਟੀ ਦੇ ਕਵੀ ਦਰਬਾਰ। ਪ੍ਰੋਫੈਸਰਾਂ ਨਾਲ ਪਾਰਟੀਬਾਜ਼ੀ ਅਤੇ ਕੁੜੀਆਂ ਦੀਆਂ ਗੱਲਾਂ। ਹਰ ਇਕ ਨੇ ਆਪਣੀ ਕੋਈ ਪਸੰਦੀਦਾ ਕੁੜੀ ਚੁਣੀ ਹੁੰਦੀ ਸੀ। ਬੱਸ ਐਵੇਂ ਐਵੇਂ ਦੇ ਇਸ਼ਕ ਅਤੇ ਇਕ ਦੂਜੇ ਨੂੰ ਝੇਡਾਂ। ਧੰਨੇ ਦੀ ਚਾਹ ਵਾਲੀ ਦੁਕਾਨ ਅਤੇ ਕਾਲਜ ਦੀ ਕੰਟੀਨ। ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਯਾਦ ਕਰਦੇ ਰਹੇ।

ਫੇਰ 1961 ਦੇ ਇਮਤਿਹਾਨ ਆ ਗਏ। ਮੋਗੇ ਕਾਲਜ ਅਤੇ ਮੁੰਡਪੁਣੇ ਦਾ ਦੌਰ ਖਤਮ ਹੋ ਗਿਆ। ਨੌਕਰੀਆਂ ਅਤੇ ਕੈਰੀਅਰ ਦੀਆਂ ਸੋਚਾਂ ਆਣ ਪਹੁੰਚੀਆਂ। ਬਲਵਿੰਦਰ ਫੇਲ੍ਹ ਹੋ ਕੇ ਇੰਗਲੈਂਡ ਚਲਾ ਗਿਆ ਸੀ। ਸੁਖਦੇਵ ਅਤੇ ਹਰਮਿੰਦਰ ਢਿੱਲੋਂ ਵਕਾਲਤ ਪੜ੍ਹਨ ਚਲੇ ਗਏ। ਵਿਜੇ ਮਲਹੋਤਰਾ ਲੁਧਿਆਣੇ ਹਰੀ ਸਿੰਘ ਐਂਡ ਸਨਜ਼ ਦੀ ਟਰੈਵਲ ਕੰਪਨੀ ਵਿਚ ਛੋਟਾ ਮੈਨੇਜਰ ਜਾ ਲੱਗਿਆ। ਮੈਂ ਚੰਡੀਗੜ੍ਹ ਪੜ੍ਹਨ ਚਲਾ ਗਿਆ।

ਬਲਵਿੰਦਰ ਵਲੈਤੀ ਸੂਟ ਬੂਟ ਵਿਚ ਪੂਰਾ ਫੱਬਦਾ ਸੀ। ਰੰਗ ਵੀ ਪਹਿਲਾਂ ਨਾਲੋਂ ਨਿਖਰਿਆ ਹੋਇਆ ਸੀ। ਕਾਰ ਲੈ ਕੇ ਆਇਆ ਸੀ। 'ਟੂ-ਇਨ-ਵਨ' ਵਾਲਾ ਟੇਪ ਰਿਕਾਰਡਰ-ਰੇਡੀਓ ਉਹਦੇ ਕੋਲ ਸੀ। ਮੈਨੂੰ ਉਹਨੇ ਟਾਈ ਅਤੇ ਟੈਰਾਲੀਨ ਦੀ ਕਮੀਜ਼ ਦਿੱਤੀ। ਉਹਦੀ ਨਵੀਂ ਅਮੀਰੀ ਸਾਫ ਦਿਸਦੀ ਸੀ। ਮੈਂ ਜਾਣਨਾ ਚਾਹੁੰਦਾ ਸਾਂ, ਚਹੁੰ ਸਾਲਾਂ ਵਿਚ ਇਹ ਚਮਤਕਾਰ ਕਿਵੇਂ ਹੋ ਗਿਆ? ਵੱਡੀ ਗੱਲ, ਮੈਂ ਉਹਦੇ ਕੋਲੋਂ ਇਹ ਜਾਣਨਾ ਚਾਹੁੰਦਾ ਸੀ ਕਿ ਵਲੈਤ ਵਿਚ ਕੰਮ ਕੀ ਕਰਦਾ ਸੀ, ਪਰ ਜਦ ਵੀ ਮੈਂ ਇਹ ਸੁਆਲ ਕਰਦਾ, ਉਹ ਗੱਲਬਾਤ ਕਿਸੇ ਹੋਰ ਪਾਸੇ ਮੋੜ ਦਿੰਦਾ।

ਫਿਰ ਅਚਾਨਕ ਬੋਲਿਆ, "ਜੀਤੇ, ਤੈਨੂੰ ਪ੍ਰੋਫੈਸਰੀ ਦੀ ਤਨਖਾਹ ਕਿੰਨੀ ਕੁ ਮਿਲਦੀ ਐ?"

"ਸਾਢੇ ਕੁ ਤਿੰਨ ਸੌ ਰੁਪਏ।" ਮੈਂ ਜਵਾਬ ਦਿੱਤਾ।

"ਬੱਸ...! ਇੰਗਲੈਂਡ ਵਿਚ, ਐਨੇ ਤਾਂ ਤੂੰ ਹਫਤੇ ਵਿਚ ਬਚਾ ਸਕਦਾਂ।" ਇਹ ਕਹਿ ਕੇ ਉਹਨੇ ਮੈਨੂੰ ਹੈਰਾਨ ਕਰ ਦਿੱਤਾ।

"ਕੀ ਕਿਹਾ? ਸਾਢੇ ਤਿੰਨ ਸੌ ਰੁਪਏ ਬਚਾ ਸਕਦਾਂ... ਹਫਤੇ ਦੇ!" ਮੈਂ ਸਾਰਾ ਜ਼ੋਰ ਲਾ ਕੇ ਉਹਨੂੰ ਦੁਬਾਰਾ ਪੁਛਿਆ।

"ਏਦੂੰ ਵੀ ਜ਼ਿਆਦਾ। ਬੰਦਾ ਕੰਮ ਨੂੰ ਤਕੜਾ ਹੋਵੇ, ਪੈਸੇ ਤਾਂ ਭਾਵੇਂ ਫਹੁੜੇ ਨਾਲ 'ਕੱਠੇ ਕਰ ਲਈਂ।" ਬਲਵਿੰਦਰ ਨੇ ਸਿਰੇ ਦੀ ਕਹਿ ਦਿੱਤੀ।

ਮੈਂ ਉਹਨੂੰ ਦੱਸਿਆ ਕਿ ਮੈਂ ਆਈ.ਏ.ਐਸ. ਇਮਤਿਹਾਨ ਦੀ ਤਿਆਰੀ ਕਰ ਰਿਹਾਂ... ਮੈਨੂੰ ਲਗਦੈ, ਮੇਰਾ ਦਾਅ ਲੱਗ ਜਾਣਾ। ਉਹਦਾ ਜਵਾਬ ਸੀ, ਛੱਡ ਯਾਰ। ਇੰਗਲੈਂਡ ਦੇ ਪੈਸੇ ਮੂਹਰੇ ਡੀ.ਸੀ./ਡੂ.ਸੀ. ਕੁਛ ਨੀ।

ਇਹੋ ਜਿਹੀਆਂ ਗੱਲਾਂ ਕਰਦੇ ਅਸੀਂ ਸੌਂ ਗਏ। ਹਫਤੇ ਵਿਚ ਸਾਡੇ ਤਿੰਨ ਸੌ ਰੁਪਏ ਬਚਾ ਲੈਣ ਵਾਲੀ ਗੱਲ ਬਰਛੇ ਵਾਂਗ ਮੇਰੇ ਅੰਦਰ ਖੁਭ ਚੁੱਕੀ ਸੀ। ਮੈਂ ਜਮ੍ਹਾਂ ਤਫਰੀਕ ਕੀਤੀ। 1500 ਰੁਪਏ ਦੀ ਬੱਚਤ ਹਰ ਮਹੀਨੇ। ਇਹ ਤਾਂ ਇਕ ਨਹੀਂ, ਬਲਕਿ ਉਨ੍ਹੀਂ ਦਿਨੀਂ ਦੋ ਡਿਪਟੀ ਕਮਿਸ਼ਨਰਾਂ ਦੀ ਤਨਖਾਹ ਬਣਦੀ ਸੀ। ਬਲਵਿੰਦਰ ਮੇਰੀ ਜ਼ਿੰਦਗੀ ਵਿਚ ਖਲਬਲੀ ਮਚਾ ਕੇ ਅਗਲੇ ਦਿਨ ਚਲਾ ਗਿਆ।

ਚੰਡੀਗੜ੍ਹ ਦੀ ਪੜ੍ਹਾਈ ਮਗਰੋਂ ਪੰਜਾਬ ਦੇ ਛੋਟੇ ਛੋਟੇ ਸ਼ਹਿਰਾਂ ਵਿਚ ਪ੍ਰੋਫੈਸਰੀ ਨਾਲ ਮੇਰਾ ਮਨ ਸੰਤੁਸ਼ਟ ਨਹੀਂ ਸੀ। ਚੰਡੀਗੜ੍ਹ ਮੈਂ ਆਪਣੀ ਜ਼ਿੰਦਗੀ ਦੇ ਦੋ ਸਾਲ ਵਧੀਆ ਕੱਟੇ ਸਨ। ਚੰਡੀਗੜ੍ਹ ਬਾਅਦ ਮੁਕਤਸਰ ਕੋਈ ਤਰੱਕੀ ਵਾਲੀ ਗੱਲ ਨਹੀਂ ਸੀ। ਜੀ ਕਰਦਾ ਸੀ, ਦੁਨੀਆਂ ਦੇ ਵਿਸ਼ਾਲ ਸਾਗਰਾਂ ਵਿਚ ਤਾਰੀਆਂ ਲਾਈਏ।

ਪਰ ਜੀਹਦੇ ਨਾਲ ਗੱਲ ਕਰਦਾ, ਇਕੋ ਜਵਾਬ ਮਿਲਦਾ, "ਕਮਲਾ ਹੋ ਗਿਐਂ?"

ਮੁਕਸਤਰ ਕਾਲਜ ਦੇ ਪ੍ਰਿੰਸੀਪਲ ਬਾਜਪਾਈ ਸਾਹਿਬ ਵਿਦਵਾਨ ਬੰਦੇ ਸਨ; ਕਹਿੰਦੇ, "ਅੱਛਾ ਤੋ ਅਬ ਆਪ ਇੰਗਲੈਂਡ ਕੀ ਫੈਕਟਰੀਓਂ ਮੇਂ ਮਜ਼ਦੂਰੀ ਕਰਨੇ ਜਾ ਰਹੇ ਹੈਂ!"

ਸੁਖਦੇਵ ਕਹਿੰਦਾ, "ਤੇਰਾ ਦਿਮਾਗ ਖਰਾਬ ਹੋ ਗਿਆ। ਬਲਵਿੰਦਰ ਦੀਆਂ ਕਹਾਣੀਆਂ ਦੇ ਚੱਕਰਾਂ ਵਿਚ ਤੂੰ ਬਰਬਾਦ ਹੋ ਜਾਣੈ।"

ਸ਼ਹਿਰ ਵਿਚ ਭਾਈ ਨਰਿੰਦਰ ਸਿੰਘ ਹੁਰਾਂ ਨਾਲ ਮੇਰੀ ਨੇੜਤਾ ਸੀ। ਕਹਿਣ ਲੱਗੇ, "ਵੇਖ ਲਓ... ਪ੍ਰੋਫੈਸਰੀ ਵਿਚ ਮੁੰਡੇ ਕੁੜੀਆਂ ਦੀ ਰੌਣਕ ਦੇ ਬਿਨਾ ਹੋਰ ਕੁਝ ਨਹੀਂ। ਪੈਸਾ ਕਮਾਉਣਾ ਹੈ ਤਾਂ ਇੰਗਲੈਂਡ ਮਾੜਾ ਨਹੀਂ।"

ਮੋਗੇ ਘਰ ਗੱਲ ਕੀਤੀ ਤਾਂ ਉਨ੍ਹਾਂ ਮਾਮਾ ਜੀ ਨੂੰ ਬੁਲਾ ਲਿਆ। ਸਾਰੇ ਮੇਰੇ ਨਾਲ ਲੜਨ।

ਦਿਨ ਲੰਘ ਰਹੇ ਸਨ, ਬਹੁਤ ਤੇਜ਼ੀ ਨਾਲ। ਕੋਈ ਫੈਸਲਾ ਨਹੀਂ ਸੀ ਹੋ ਰਿਹਾ। ਕੋਈ ਵੀ ਬੰਦਾ ਇਸ ਪਲੈਨ ਦੇ ਹੱਕ ਵਿਚ ਨਹੀਂ ਸੀ। ਬਹੁਤ ਦੁਬਿਧਾ ਖੜ੍ਹੀ ਹੋ ਚੁੱਕੀ ਸੀ, ਪਰ ਮੈਂ ਸੋਚਿਆ, ਪਾਸਮੋਰਟ ਬਣਾ ਕੇ ਰੱਖ ਲੈਂਦੇ ਹਾਂ, ਅੱਗੇ ਵੇਖੀ ਜਾਊ।

ਕਿਸੇ ਮੈਜਿਸਟਰੇਟ ਕੋਲੋਂ ਅਰਜ਼ੀ ਤਸਦੀਕ ਕਰਾਉਣ ਨਾਲ ਉਦੋਂ ਪਾਸਪੋਰਟ ਛੇਤੀ ਬਣ ਜਾਂਦਾ ਸੀ। ਚੰਡੀਗੜ੍ਹ ਵਿਚ ਮੈਥੋਂ ਉਤਲੇ ਬੈਚ ਦਾ ਇਕ ਜਮਾਤੀ ਉਨ੍ਹੀਂ ਦਿਨੀਂ ਫਾਜ਼ਿਲਕਾ ਮੈਜਿਸਟਰੇਟ ਆ ਲੱਗਿਆ ਸੀ। ਮੈਂ ਉਹਦੇ ਕੋਲ ਗਿਆ ਅਤੇ ਰਾਤ ਰਿਹਾ। ਉਹਦੀ ਕੋਠੀ ਦੇ ਲਾਅਨ ਵਿਚ ਬੈਠ ਅਸੀਂ ਠੰਢੀ ਬੀਅਰ ਪੀਤੀ।

ਉਹਨੇ ਸਲਾਹ ਦਿੱਤੀ ਕਿ ਸੋਚ ਲੈ। ਤਨਖਾਹ ਪੱਖੋਂ ਤਾਂ ਪ੍ਰੋਫੈਸਰਾਂ-ਜੱਜਾਂ ਦਾ ਸ਼ਾਇਦ ਸੌ ਡੂਢ ਸੌ ਦਾ ਫਰਕ ਹੋਣੈਂ। ਪੈਸਾ ਕਮਾਉਣਾ ਤਾਂ ਚਲੇ ਜਾਹ। ਇਹ ਠੀਕ ਹੈ, ਪੈਸਾ ਤਾਂ ਅਫਸਰ ਇੰਡੀਆ ਵਿਚ ਵੀ ਬਹੁਤ ਕਮਾਉਂਦੇ ਐ, ਪਰ ਰਿਸ਼ਵਤ ਨਾਲ। ਤਨਖਾਹਾਂ ਨਾਲ ਕੋਠੀਆਂ ਨਹੀਂ ਬਣਦੀਆਂ।"

ਫਾਜ਼ਿਲਕਾ ਜਾਣ ਤੋਂ ਪਹਿਲਾਂ ਇਕ ਦਿਨ ਮੈਂ ਲੁਧਿਆਣੇ ਵਿਜੇ ਮਲਹੋਤਰੇ ਨੂੰ ਜਾ ਮਿਲਿਆ ਸੀ। ਲੋਹੜੇ ਦੀ ਗਰਮੀ ਸੀ। ਭਲਾ ਹੋਵੇ ਕਿ ਉਨ੍ਹੀਂ ਦਿਨੀਂ ਵੀ ਉਹਦਾ ਦਫਤਰ ਏਅਰ-ਕੰਡੀਸ਼ੰਡ ਸੀ। ਹੱਸਦਿਆਂ ਮਜ਼ਾਕ ਕਰਦਿਆਂ ਮੈਂ ਇੰਗਲੈਂਡ ਦੇ 'ਵਾਊਚਰ' ਦਾ ਫਾਰਮ ਭਰ ਦਿੱਤਾ। ਵਾਊਚਰ 28 ਦਿਨਾਂ ਤੋਂ ਵੀ ਪਹਿਲਾਂ ਆ ਗਿਆ ਅਤੇ ਮੇਰੀ ਪ੍ਰੇਸ਼ਾਨੀ ਹੋਰ ਵੀ ਡੂੰਘੀ ਹੋ ਗਈ। ਵਾਊਚਰ ਮਿਲਣ ਮਗਰੋਂ ਛੇ ਮਹੀਨੇ ਦੇ ਅੰਦਰ ਅੰਦਰ ਇੰਗਲੈਂਡ ਪਹੁੰਚਣ ਦੀ ਸ਼ਰਤ ਹੁੰਦੀ ਸੀ। ਮੈਂ ਕਈ ਮਹੀਨੇ ਡਰਦਿਆਂ ਘਰ ਗੱਲ ਹੀ ਨਾ ਕੀਤੀ। ਜ਼ਾਤੀ ਜੀਵਨ ਵਿਚ ਕਈ ਨਵੇਂ ਮਸਲੇ ਵੀ ਆ ਰਲੇ। ਇੰਗਲੈਂਡ ਪਹੁੰਚਣ ਦੀ ਆਖਰੀ ਤਰੀਕ 25 ਦਸੰਬਰ ਸੀ। ਦਿਨ ਨੇੜੇ ਆ ਗਏ, ਪਰ ਮੇਰੀ ਜੱਕੋ ਤੱਕੀ ਖਤਮ ਨਾ ਹੋਈ। ਐਨ ਅਖੀਰਲੇ ਦਿਨ ਮੈਂ ਪ੍ਰੋਫੈਸਰੀ ਤੇ ਡਿਪਟੀ ਕਮਿਸ਼ਨਰੀ ਦੇ ਸਾਰੇ ਸੁਪਨੇ ਖਤਮ ਕਰ ਕੇ 25 ਦਸੰਬਰ ਵਾਲੇ ਦਿਨ ਲੰਡਨ ਪਹੁੰਚ ਗਿਆ।

ਆਪਣੇ ਬਾਰੇ ਬਹੁਤੀ ਗੱਲ ਕਰਨਾ ਸਿਆਣਪ ਨਹੀਂ ਹੁੰਦੀ, ਪਰ ਆਪਣੀ ਲੰਮੀ ਹੱਡ ਬੀਤੀ ਤਾਂ ਸੁਣਾਈ ਹੈ ਕਿ ਅਸੀਂ ਉਨ੍ਹਾਂ ਕਾਰਨਾਂ ਨੂੰ ਸਮਝ ਸਕੀਏ ਜਿਹੜੇ ਲੋਕਾਂ ਨੂੰ ਦੇਸ਼ੋਂ ਨਿਕਲਣ ਲਈ ਮਜਬੂਰ ਕਰਦੇ ਹਨ। ਮੈਂ ਇਕੱਲਾ ਨਹੀਂ, ਮੇਰੇ ਵਾਂਗ ਹਜ਼ਾਰਾਂ ਅਧਿਆਪਕ, ਵਕੀਲ ਅਤੇ ਇੰਜੀਨੀਅਰ ਉਨ੍ਹਾਂ ਦਿਨਾਂ ਵਿਚ ਚੰਗੀਆਂ ਭਲੀਆਂ ਨੌਕਰੀਆਂ ਛੱਡ ਵਿਦੇਸ਼ਾਂ ਨੂੰ ਤੁਰ ਗਏ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਇਸ ਤਰ੍ਹਾਂ ਪੜ੍ਹੀ-ਲਿਖੀ ਜਮਾਤ ਚੰਗੇ ਭਵਿਖ ਲਈ ਦੇਸ਼ ਛੱਡ ਗਈ ਤਾਂ ਇਨ੍ਹਾਂ ਮੁੰਡਿਆਂ ਦਾ ਕੀ ਦੋਸ਼? ਇਨ੍ਹਾਂ ਕੋਲ ਸਾਡੇ ਵਾਂਗ ਵਿਦਿਆ ਦੀ ਯੋਗਤਾ ਨਹੀਂ, ਕੋਈ ਨੌਕਰੀ ਨਹੀਂ।

ਇੰਗਲੈਂਡ ਆ ਕੇ ਇਹ ਸਪਸ਼ਟ ਵੀ ਹੋ ਗਿਆ ਕਿ 'ਫਹੁੜੇ' ਨਾਲ ਪੈਸੇ ਇਕੱਠੇ ਕਰਨ ਵਾਲੀ ਬਲਵਿੰਦਰ ਦੀ ਗੱਲ ਠੀਕ ਹੀ ਸੀ। ਉਨ੍ਹਾਂ ਦਿਨਾਂ ਵਿਚ ਇੰਗਲੈਂਡ ਦੀਆਂ ਫੈਕਟਰੀਆਂ ਦਿਨ-ਰਾਤ ਚੱਲਦੀਆਂ ਸਨ। ਕੰਮ ਦੀ ਕੋਈ ਘਾਟ ਨਹੀਂ ਸੀ, ਸਗੋਂ ਮਜ਼ਦੂਰ ਮਿਲਦੇ ਨਹੀਂ ਸਨ। ਇਸੇ ਕਰ ਕੇ ਕਈ ਹਿੰਮਤੀ ਬੰਦੇ ਲਗਾਤਾਰ ਅੱਗੜ-ਪਿੱਛੜ ਦੋ ਦੋ ਸਿਫਟਾਂ ਲਾਉਂਦੇ ਅਤੇ ਚੋਖੀਆਂ ਦੁਗਣੀਆਂ ਤਨਖਾਹਾਂ ਕਮਾਉਂਦੇ। ਵਿੰਹਦਿਆਂ ਵਿੰਹਦਿਆਂ ਕਈਆਂ ਨੇ ਫੈਕਟਰੀਆਂ ਦਾ ਕੰਮ ਛੱਡ ਕੇ ਦੁਕਾਨਾਂ ਅਤੇ ਮਕਾਨ ਖਰੀਦ ਲਏ। ਹੌਲੀ ਹੌਲੀ ਵੱਡੇ ਵੱਡੇ ਗੁਦਾਮਾਂ ਅਤੇ ਬਿਜ਼ਨਸਾਂ ਦੇ ਮਾਲਕ ਬਣ ਗਏ। ਸ਼ਰਾਬ ਦੇ ਠੇਕੇ, ਸੋਨੇ ਦੇ ਗਹਿਣਿਆਂ ਦੇ ਸ਼ੋਅ ਰੂਮ, ਸਿਨਮੇ, ਹੋਟਲ ਖਰੀਦ ਲਏ। ਵੇਖ ਲਓ, ਪੰਜਾਹ ਸਾਲਾਂ ਦੇ ਸਮੇਂ ਵਿਚ ਸਾਡੀ ਪੀੜ੍ਹੀ ਨੇ ਕਿੰਨੀ ਤਰੱਕੀ ਕੀਤੀ ਹੈ। ਹਜ਼ਾਰਾਂ ਬੰਦੇ ਜਿਹੜੇ ਇੰਡੀਆ ਵਿਚ ਦਸ ਜਮਾਤਾਂ ਵੀ ਨਹੀਂ ਸਨ ਪੜ੍ਹੇ, ਇਥੇ ਧਨਾਢ ਕਰੋੜਪਤੀ ਬਣੇ ਹੋਏ ਸਨ। ਬਾਕੀ ਹਜ਼ਾਰਾਂ ਡਾਕਟਰ, ਵਕੀਲ, ਜੱਜ, ਮੈਜਿਸਟਰੇਟ ਅਤੇ ਹੋਰ ਉਚੇ ਅਹੁਦਿਆਂ 'ਤੇ ਪਹੁੰਚੇ ਹੋਏ ਹਨ। ਸਿਆਸਤ ਵਿਚ ਵੀ ਲੰਮੀਆਂ ਤਾਰੀਆਂ ਲਾਉਂਦੇ ਥਾਂ-ਥਾਂ ਕੌਂਸਲਰ, ਐਮ.ਪੀ. ਅਤੇ ਹਾਊਸ ਔਫ ਲੌਰਡਜ਼ ਤੀਕ ਪਹੁੰਚੇ ਹੋਏ ਹਨ।

ਇਹਦਾ ਵੱਡਾ ਕਾਰਨ ਤਾਂ ਲੋਕਾਂ ਦੀ ਹਿੰਮਤ ਹੈ, ਲਗਨ ਅਤੇ ਕੁਝ ਕਰ ਵਿਖਾਉਣ ਦੀ ਦ੍ਰਿੜ੍ਹਤਾ, ਪਰ ਇਹਦੇ ਨਾਲ ਬਰਤਾਨਵੀ ਸਮਾਜ ਅਤੇ ਇਥੋਂ ਦੇ ਅਦਾਰਿਆਂ ਦੀ ਪ੍ਰਸ਼ੰਸਾ ਵੀ ਕਰਨੀ ਬਣਦੀ ਹੈ। ਇਥੋਂ ਦਾ ਸਿਸਟਮ ਲੋਕਾਂ ਨੂੰ ਸਹਾਰਾ ਦਿੰਦੈ, ਮਦਦ ਤੇ ਬਲ ਦਿੰਦੈ। ਤੁਹਾਡੇ ਰਾਹ ਵਿਚ ਢੁੱਚਰਾਂ ਨਹੀਂ ਡਾਹੁੰਦਾ। ਇਥੇ ਕਾਮਯਾਬ ਹੋਣ ਲਈ ਕਿਸੇ ਨੂੰ ਰਿਸ਼ਵਤ ਦੇਣ ਦੀ ਲੋੜ ਨਹੀਂ। ਕਿਸੇ ਸਿਫਾਰਿਸ਼ ਦੀ ਲੋੜ ਨਹੀਂ। ਐਮ.ਏ., ਪੀਐਚ.ਡੀ. ਡਿਗਰੀਆਂ ਦੀ ਵੀ ਲੋੜ ਨਹੀਂ। ਕਈ ਵਾਰੀ ਗੱਲ ਹੁੰਦੀ ਹੈ ਤਾਂ ਲੋਕ ਕਹਿੰਦੇ ਹਨ ਕਿ ਚੰਗਾ ਹੋ ਗਿਆ, ਉਥੋਂ ਨਿਕਲ ਆਏ; ਨਹੀਂ ਤਾਂ ਸਾਰੀ ਉਮਰ ਛੋਟੀਆਂ ਮੋਟੀਆਂ ਨੌਕਰੀਆਂ ਵਿਚ ਰੁਲ-ਖੁਲ ਕੇ ਹੁਣ ਤੀਕ ਮਰ-ਖੱਪ ਜਾਂਦੇ।

ਪੱਛਮੀ ਮੁਲਕਾਂ ਦੇ ਸਮਾਜੀ ਸਿਸਟਮ ਵਿਚ ਨਿਆਂ ਅਤੇ ਇਨਸਾਫ ਲੋਕਾਂ ਨੂੰ ਇਥੇ ਖਿਚਦਾ ਹੈ। ਇਥੇ ਮਿਹਨਤ ਨੂੰ ਪੂਰਾ ਫਲ ਮਿਲਦਾ ਹੈ। ਕੰਮ ਕਰਨ ਵਾਲੇ ਬੰਦੇ ਨੂੰ ਕੋਈ ਕਮੀ ਨਹੀਂ ਰਹਿੰਦੀ। ਕੋਈ ਅਸੁਰੱਖਿਆ ਨਹੀਂ ਰਹਿੰਦੀ। ਔਰ ਵੇਖ ਲੈਣਾ, ਅੱਜ ਦੇ 'ਫੌਜੀ' ਅਤੇ 'ਫਰੈਸ਼ੀ' ਵੀ ਸਾਡੇ ਵਾਂਗ ਵੀਹ-ਤੀਹ ਸਾਲਾਂ ਨੂੰ ਇਥੋਂ ਦੇ ਨਵੇਂ ਬਿਜਨਸਮੈਨ ਅਤੇ ਉਚੀਆਂ ਨੌਕਰੀਆਂ ਦੇ ਮਾਲਕ ਹੋਣਗੇ। ਲੋਕਾਂ ਨੂੰ ਪੱਛਮੀ ਦੇਸ਼ਾਂ ਦੇ ਮੰਦਵਾੜੇ ਦੀਆਂ ਜਿੰਨੀਆਂ ਮਰਜ਼ੀ ਗੱਲਾਂ ਦੱਸੀ ਜਾਓ, ਕੋਈ ਅਸਰ ਨਹੀਂ ਹੋਣਾ। ਲੋਕਾਂ ਨੂੰ ਜੇ ਮੌਕਾ ਮਿਲਦੈ ਤਾਂ ਉਨ੍ਹਾਂ ਤੁਰੇ ਆਉਣਾ; ਕਿਉਂਕਿ ਪਿਛਲੇ ਦੇਸ਼ਾਂ ਵਿਚ ਨਿਰਾਸ਼ਾ ਅਤੇ ਜ਼ਲੀਲ ਜੀਵਨ ਨਾਲੋਂ ਇਨ੍ਹਾਂ ਮੁਲਕਾਂ ਵਿਚ ਜੱਦੋ-ਜਹਿਦ ਕਰਨੀ ਬਿਹਤਰ ਹੈ। ਹੌਲੀ ਹੌਲੀ ਮਿਹਨਤੀ ਬੰਦੇ ਲਈ ਕਿਤੇ ਨਾ ਕਿਤੇ ਪਹੁੰਚਣ ਦੀ ਆਸ ਬਣੀ ਰਹਿੰਦੀ ਹੈ।

ਇਸੇ ਕਰ ਕੇ ਇਨ੍ਹਾਂ ਫੌਜੀਆਂ ਅਤੇ ਫਰੈਸ਼ੀਆਂ ਦੀਆਂ ਭੀੜਾਂ ਮੈਂ ਕਈ ਮੁਲਕਾਂ ਵਿਚ ਵੇਖੀਆਂ ਹਨ। ਆਸਟਰੇਲੀਆਂ ਵਿਚ ਸੈਂਕੜੇ-ਹਜ਼ਾਰਾਂ ਵਿਦਿਆਰਥੀਆਂ ਬਾਰੇ ਬਹੁਤ ਚਰਚਾ ਹੋ ਚੁੱਕੀ ਹੈ। ਉਥੇ ਉਨ੍ਹਾਂ 'ਤੇ ਦੇਸ਼ ਦੇ ਮੂਲ ਸ਼ਹਿਰੀਆਂ ਵੱਲੋਂ ਹਮਲਿਆਂ ਵਿਚ ਇਕ ਦੋ ਭਾਰਤੀ ਵਿਦਿਆਰਥੀ ਮਾਰੇ ਵੀ ਜਾ ਚੁੱਕੇ ਹਨ।

ਸਪੇਨ ਦੇ ਬਾਰਸੀਲੋਨਾ ਸ਼ਹਿਰ ਗਏ ਤਾਂ ਸ਼ਾਮ ਨੂੰ 'ਲਾ ਰਾਂਬਲਾ' ਇਲਾਕੇ ਵਿਚ ਇਕ ਮੁੰਡਾ ਪਲਾਸਟਿਕ ਦੀਆਂ ਚਿੜੀਆਂ ਉੜਾ ਉੜਾ ਲੋਕਾਂ ਨੂੰ ਵੇਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੇਰੀ ਪਤਨੀ ਨੇ ਉਹਦਾ ਕੜਾ ਵੇਖ ਕੇ ਕਿਹਾ, "ਇਹ ਮੁੰਡਾ ਤਾਂ ਆਪਣਾ ਲੱਗਦੈ।" ਜਦ ਉਹਦੇ ਨਾਲ ਗੱਲਬਾਤ ਕੀਤੀ ਤਾਂ ਉਹਦਾ ਇਕੋ ਸੁਆਲ ਸੀ... ਇੰਗਲੈਂਡ ਕਿਵੇਂ ਪਹੁੰਚਿਆ ਜਾ ਸਕਦੈ? ਪੁਰਤਗਾਲ ਦੀ ਰਾਜਧਾਨੀ ਲਿਜ਼ਬਨ ਦੇ ਮੌਂਡਿਆਲ ਸਕੁਏਅਰ ਵਿਚ ਪੱਗਾਂ ਵਾਲੇ ਨੌਜਵਾਨ ਵੇਖ ਅਸੀਂ ਪੁੱਛ ਲਿਆ, ਕਿਉਂ ਬਈ ਜਵਾਨੋ, ਭਾਰਤ ਦੀ ਸਿਆਸਤ ਕਿਵੇਂ ਐ? ਜਵਾਬ ਸੀ, ਸਾਨੂੰ ਸਿਆਸਤ ਦਾ ਕੋਈ ਪਤਾ ਨਹੀਂ, ਅਸੀਂ ਤਾਂ ਬਾਹਰ ਆਉਣਾ ਚਾਹੁੰਦੇ ਹਾਂ!

ਯੂਨਾਨ ਦੀ ਰਾਜਧਾਨੀ ਐਥਨਜ਼ ਲਾਗੇ ਸਮੁੰਦਰੀ ਕੰਢੇ ਲਾਗਲੇ ਸ਼ਹਿਰ ਕਾਲੀਮਾਟਾ ਵਿਚ ਸਾਈਕਲਾਂ 'ਤੇ ਜਾਂਦੇ ਨੌਜਵਾਨਾਂ ਕੋਲ ਦੀ ਲੰਘੇ। ਪੰਜਾਬੀ ਵਿਚ ਗੱਲਾਂ ਕਰਨ। ਅਸੀਂ ਫਤਿਹ ਬੁਲਾਈ ਤਾਂ ਉਨ੍ਹਾਂ ਦੀ ਵੀ ਉਹੋ ਕਹਾਣੀ। ਲੱਖਾਂ ਰੁਪਏ ਏਜੰਟਾਂ ਨੂੰ ਦੇ ਕੇ ਇਥੇ ਖੇਤਾਂ ਵਿਚ ਮਜ਼ਦੂਰੀ ਕਰਦੇ ਸਨ। ਜਾਅਲੀ ਹੋਣ ਕਰ ਕੇ ਰੋਜ਼ ਬਾਰ੍ਹਾਂ-ਚੌਦਾਂ

***(ਬਾਕੀ ਅਗਲੇ ਸਫੇ 'ਤੇ)***

***ਬਾਰਸੀਲੋਨਾ (ਸਪੇਨ) ਗਏ ਤਾਂ ਸ਼ਾਮ ਨੂੰ 'ਲਾ ਰਾਂਬਲਾ' ਇਲਾਕੇ ਵਿਚ ਇਕ ਮੁੰਡਾ ਪਲਾਸਟਿਕ ਦੀਆਂ ਚਿੜੀਆਂ ਉੜਾ ਉੜਾ ਲੋਕਾਂ ਨੂੰ ਵੇਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੇਰੀ ਪਤਨੀ ਨੇ ਉਹਦਾ ਕੜਾ ਵੇਖ ਕੇ ਕਿਹਾ, "ਇਹ ਮੁੰਡਾ ਤਾਂ ਆਪਣਾ ਲੱਗਦੈ।" ਜਦ ਉਹਦੇ ਨਾਲ ਗੱਲਬਾਤ ਕੀਤੀ ਤਾਂ ਉਹਦਾ ਇਕੋ ਸੁਆਲ ਸੀ... ਇੰਗਲੈਂਡ ਕਿਵੇਂ ਪਹੁੰਚਿਆ ਜਾ ਸਕਦੈ? ਪੁਰਤਗਾਲ ਦੀ ਰਾਜਧਾਨੀ ਲਿਜ਼ਬਨ ਦੇ ਮੌਂਡਿਆਲ ਸਕੁਏਅਰ ਵਿਚ ਪੱਗਾਂ ਵਾਲੇ ਨੌਜਵਾਨ ਵੇਖ ਅਸੀਂ ਪੁੱਛ ਲਿਆ, ਕਿਉਂ ਬਈ ਜਵਾਨੋ, ਭਾਰਤ ਦੀ ਸਿਆਸਤ ਕਿਵੇਂ ਐ? ਉਨ੍ਹਾਂ ਦਾ ਜਵਾਬ ਸੀ, ਸਾਨੂੰ ਸਿਆਸਤ ਦਾ ਕੋਈ ਪਤਾ ਨਹੀਂ, ਅਸੀਂ ਤਾਂ ਬਾਹਰ ਆਉਣਾ ਚਾਹੁੰਦੇ ਹਾਂ!***



***ਬਾਰਸੀਲੋਨਾ ਦਾ ਲਾ ਰਾਂਬਲਾ ਇਲਾਕਾ ਜਿਥੇ ਲੇਖਕ ਨੂੰ ਕੜੇ ਵਾਲਾ ਮੁੰਡਾ ਮਿਲਿਆ।***

*(ਪਿਛਲੇ ਸਫੇ ਤੋਂ ਜਾਰੀ)*

ਘੰਟੇ ਔਖਾ ਕੰਮ, ਪਰ ਤਨਖਾਹ ਅੱਧੇ ਤੋਂ ਵੀ ਘੱਟ। ਸਾਈਪਰਸ, ਮਾਲਟਾ ਤੇ ਕਈ ਹੋਰ ਮੁਲਕ। ਹੁਣ ਇਹੋ ਤਾਣਾ ਬਾਣਾ ਸੋਵੀਅਤ ਯੂਨੀਅਨ ਵਾਲੇ ਦੇਸ਼ਾਂ ਯੂਕਰੇਨ, ਐਸਟੋਨੀਆ, ਪੋਲੈਂਡ ਤੇ ਰੁਮਾਨੀਆ ਵਿਚ ਵੀ ਫੈਲਦਾ ਜਾਂਦਾ ਹੈ। ਯੂਰਪੀ ਦੇਸ਼ ਇੰਮੀਗਰੇਸ਼ਨ ਪਾਬੰਦੀਆਂ ਸਖਤ ਕਰ ਕੇ ਆਪਣੇ ਦੇਸ਼ਾਂ ਨੂੰ ਭਾਵੇਂ ਕਿਲ੍ਹਿਆਂ ਵਾਂਗ ਮਜ਼ਬੂਤ ਕਰ ਲੈਣ, ਬੰਦੇ ਫਿਰ ਵੀ ਆਉਂਦੇ ਰਹਿਣਗੇ, ਕਿਉਂਕਿ ਏਜੰਟਾਂ ਨੇ ਨਵੇਂ ਮਘੋਰੇ ਲੱਭ ਲੈਣੇ ਹਨ। ਗੈਰ ਕਾਨੂੰਨੀ ਤੌਰ 'ਤੇ ਦੂਜੇ ਦੇਸ਼ ਆਉਣਾ ਗਲਤ ਹੈ। ਇਸੇ ਤਰ੍ਹਾਂ ਵਿਦਿਆਰਥੀ ਵੀਜ਼ਿਆਂ 'ਤੇ ਆ ਕੇ ਆਗਿਆ ਨਾ ਹੋਣ ਦੇ ਬਾਵਜੂਦ ਕੰਮ ਕਰਨਾ ਵੀ ਗੈਰ ਕਾਨੂੰਨੀ ਹੈ; ਪਰ ਇੰਜ ਸੋਚਣ ਨਾਲ ਇਹ ਮਸਲਾ ਹੱਲ ਨਹੀਂ ਹੋਣਾ, ਕਿਉਂਕਿ ਇਸ ਸਮੱਸਿਆ ਦਾ ਹੱਲ ਪਿਛਲੇ ਦੇਸ਼ਾਂ ਵਿਚ ਗਰੀਬੀ ਕੱਢਣ ਨਾਲ ਹੀ ਹੋ ਸਕਦਾ ਹੈ। ਜਿਵੇਂ ਗਾਂਧੀ ਜੀ ਕਹਿੰਦੇ ਹੁੰਦੇ ਸਨ, ਅਸਲ ਕੋਹੜ ਲੋਕਾਂ ਦੀਆਂ ਮਾੜੀਆਂ ਆਦਤਾਂ ਨਹੀਂ, ਬਲਕਿ ਅਸਲੀ ਕੋਹੜ ਗਰੀਬੀ ਦਾ ਕੋਹੜ ਹੈ।

ਜ਼ਿੰਦਗੀ ਜਿਉਣ ਲਈ ਦੁਨੀਆਂ ਵਿਚ ਪ੍ਰਥਮ ਸੱਚ ਪੈਸਾ ਹੈ। ਸਾਰਾ ਅਰਥਚਾਰਾ ਪੈਸੇ ਦੇ ਤਾਣੇ ਬਾਣੇ ਅਤੇ ਰੁਜ਼ਗਾਰ ਨਾਲ ਬੱਝਿਆ ਹੁੰਦਾ ਹੈ। ਰੁਜ਼ਗਾਰ ਨਾਲ ਹੀ ਬੰਦੇ ਦਾ ਸਵੈਮਾਣ ਬੱਝਿਆ ਹੁੰਦਾ ਹੈ। ਰੁਜ਼ਗਾਰ ਟੁਟ ਜਾਵੇ ਤੇ ਰੁਜ਼ਗਾਰ ਨਾ ਮਿਲੇ ਤਾਂ ਬੰਦੇ ਦਾ ਸਵੈਮਾਣ ਸਾਬਤ ਸਬੂਤ ਨਹੀਂ ਰਹਿ ਸਕਦਾ। ਗੈਰੀ ਸੰਧੂ ਵਾਲਾ ਫੌਜੀ ਭੱਜ ਗਿਆ ਤੇ ਟੱਬਰ ਦਾ ਰਾਸ਼ਣ ਪਾਣੀ ਮੁੱਕ ਗਿਆ। ਤੀਵੀਂ ਦਾ ਪਤੀ ਅਤੇ ਬੱਚਿਆਂ ਦਾ ਪਿਉ ਰੁਲ ਗਿਆ। ਜਿਵੇਂ ਕਹਿੰਦੇ ਹੁੰਦੇ ਐ, ਰਿਜ਼ਕ ਵਿਹੂਣੇ ਆਦਮੀ, ਜਾਣ ਮੁਹੱਬਤ ਤੋੜ। ਸਰਕਾਰੀ ਅਦਾਰੇ ਔਖੇ ਹਨ, ਕਿਉਂਕਿ ਪਬਲਿਕ ਸੇਵਾਵਾਂ 'ਤੇ ਭਾਰ ਵਧ ਰਿਹਾ ਹੈ। ਸਕੂਲਾਂ, ਹਸਪਤਾਲਾਂ ਅਤੇ ਘਰਾਂ ਦੀ ਪਲੈਨਿੰਗ ਕਰਨੀ ਮੁਸ਼ਕਿਲ ਹੋ ਰਹੀ ਹੈ, ਕਿਉਂਕਿ ਕਿਸੇ ਨੂੰ ਇਨ੍ਹਾਂ ਦੀ ਸਹੀ ਗਿਣਤੀ ਦਾ ਪਤਾ ਹੀ ਨਹੀਂ! ਲੋਕ ਪ੍ਰੇਸ਼ਾਨ ਹਨ, ਕਿਉਂਕਿ ਉਨ੍ਹਾਂ ਦੇ ਸ਼ਹਿਰਾਂ ਵਿਚ ਇੰਡੀਆ ਵਰਗੇ 'ਝੁੱਗੀ ਮੁਹੱਲੇ' ਬਣ ਰਹੇ ਹਨ।

ਪਰ ਸਭ ਤੋਂ ਵੱਧ ਘਾਣ ਤਾਂ ਇਨ੍ਹਾਂ 'ਫੌਜੀਆਂ' ਅਤੇ 'ਫਰੈਸ਼ੀਆਂ' ਦਾ ਹੋ ਰਿਹਾ ਹੈ। ਹਰ ਪੜਾਅ ਉਤੇ ਇਨ੍ਹਾਂ ਦਾ ਦੋ ਨੰਬਰੀ ਲੋਕਾਂ ਨਾਲ ਵਾਹ ਪਿਆ ਅਤੇ ਇਹ ਵਿਚਾਰੇ ਹਰ ਪੜਾਅ 'ਤੇ ਲੁੱਟ ਗਏ। ਕਾਨੂੰਨ ਤੋਂ ਬਾਹਰ ਹੋ ਕੇ ਮੁਲਕ ਵਿਚੋਂ ਨਿਕਲਣ ਅਤੇ ਗੈਰ ਕਾਨੂੰਨੀ ਰਸਤਿਆਂ ਰਾਹੀਂ ਇਥੇ ਕੰਮ ਕਰਨ ਦਾ ਇਹੋ ਸੰਤਾਪ ਹੈ। ਪਹਿਲਾਂ ਇੰਡੀਆ ਬੈਠੇ ਏਜੰਟਾਂ ਨੇ ਲੱਖਾਂ ਰੁਪਏ ਬਟੋਰ ਲਏ ਅਤੇ ਕੱਚੇ-ਪੱਕੇ ਕਾਗਜ਼ ਬਣਾ ਕੇ ਜਹਾਜ਼ ਚੜ੍ਹਾ ਦਿੱਤੇ। ਬਾਹਰਲੇ ਮੁਲਕਾਂ ਵਿਚ ਹੋਟਲਾਂ, ਢਾਬਿਆਂ ਅਤੇ ਦੁਕਾਨਾਂ ਵਿਚ ਇਨ੍ਹਾਂ ਦੀ ਫਿਰ ਲੁੱਟ। ਕੰਮ ਰੋਜ਼ ਦਸ-ਬਾਰਾਂ ਘੰਟੇ, ਪਰ ਤਨਖਾਹ ਅੱਧੀ। ਕੋਈ ਟੈਕਸ, ਪੈਨਸ਼ਨ ਜਾਂ ਹੈਲਥ ਸੇਵਾਵਾਂ ਬਾਰੇ ਕੋਈ ਕਟੌਤੀ ਨਹੀਂ। ਬਿਮਾਰ ਹੋ ਗਏ ਤਾਂ ਡਾਕਟਰ ਕੋਲ ਵੀ ਨਹੀਂ ਜਾ ਸਕਦੇ। ਫੇਰ, ਗਾਰਡਨ ਸ਼ੈਡਾਂ ਅਤੇ ਮਕਾਨ ਮਾਲਕਾਂ ਦੀ ਲੁੱਟ। ਹਰ ਪੜਾਅ 'ਤੇ ਵਿਚਾਰੇ 'ਆਪਣਿਆਂ' ਹੱਥੋਂ ਹੀ ਲੁੱਟੇ ਜਾ ਰਹੇ ਹਨ।

ਜਿਵੇਂ ਮੈਂ ਪਹਿਲਾਂ ਕਹਿ ਚੁਕਾ ਹਾਂ, ਇਮੀਗ੍ਰੇਸ਼ਨ ਪਾਬੰਦੀਆਂ ਭਾਵੇਂ ਕਿੰਨੀਆਂ ਸਖਤ ਹੋਈ ਜਾਣ, ਨੌਕਰੀਆਂ ਅਤੇ ਮਕਾਨ ਮਾਲਕਾਂ ਦੀ ਲੁੱਟ ਭਾਵੇਂ ਵਧੀ ਜਾਵੇ, ਤਾਂ ਵੀ ਬੰਦੇ ਬਾਹਰੋਂ ਆਉਣੇ ਬੰਦ ਨਹੀਂ ਹੋ ਸਕਦੇ।

ਏਸ਼ੀਅਨ ਮੁਲਕਾਂ ਤੋਂ ਪਰ੍ਹਾਂ ਅਫਰੀਕਾ ਵੱਲ ਨਜ਼ਰ ਮਾਰ ਕੇ ਵੇਖ ਲਉ, ਉਨ੍ਹਾਂ ਦੀ ਹਾਲਤ ਏਸ਼ੀਅਨ ਮੁਲਕਾਂ ਨਾਲੋਂ ਵੀ ਖਸਤਾ ਹੈ। ਪੁਰਾਣੀਆਂ ਭੁੱਬੂ-ਭੁੱਬੂ ਕਰਦੀਆਂ ਕਿਸ਼ਤੀਆਂ ਵਿਚ ਬਹਿ ਲੋਕ ਯੂਰਪ ਪਹੁੰਚਣ ਲਈ ਕਿਵੇਂ ਮੌਤ ਦੇ ਖਤਰੇ ਤੋਂ ਵੀ ਨਹੀਂ ਡਰਦੇ। ਕਿਸੇ ਤਰ੍ਹਾਂ ਦੀ ਕਿਸ਼ਤੀ ਵਿਚੋਂ ਮਸਾਂ ਬਚਿਆ ਇਕ ਸੁਮਾਲੀ ਜਾਅਲੀ ਅਵਾਸੀ ਕਹਿੰਦਾ, ਸਾਨੂੰ ਪਤੈ, ਸੈਂਕੜੇ ਡੁੱਬ ਵੀ ਗਏ, ਪਰ ਯੂਰਪੀ ਧਰਤੀ 'ਤੇ ਪਹੁੰਚਣ ਲਈ ਆਪਣੇ ਖੂਨ ਨਾਲ ਇਹ ਮੁੱਲ ਤਾਰਨਾ ਪੈਂਦਾ।

ਪੱਛਮੀ ਦੇਸ਼ਾਂ ਤੋਂ ਬਾਹਰ ਰਹਿੰਦੇ ਲੋਕਾਂ ਦੀ ਇਸ ਭੁੱਖ ਅਤੇ ਉਨ੍ਹਾਂ ਦੀ ਨਿਰਾਸ਼ਾ ਨੂੰ ਸਮਝਣ ਦੀ ਲੋੜ ਹੈ। ਲੋਕ ਕਿਉਂ 'ਆਪਣੀ ਜਾਨ' 'ਤੇ ਖੇਡ ਕੇ ਯੂਰਪ ਪਹੁੰਚਣ ਲਈ ਆਪਣੇ ਖੂਨ ਨਾਲ ਮੁੱਲ ਤਾਰਨ ਲਈ ਤਿਆਰ ਹਨ!

ਇਹ ਕੋਈ ਬੁਝਾਰਤ ਨਹੀਂ, ਜਿਹੜੀ ਸਮਝ ਨਾ ਆਉਂਦੀ ਹੋਵੇ। ਜ਼ਰਾ ਸੋਚ ਕੇ ਵੇਖੋ, ਗੈਰ ਯੂਰਪੀ ਦੇਸ਼ਾਂ ਵਾਲੇ ਅਸੀਂ ਗਰੀਬ ਹਾਂ, ਪੱਛਮੀ ਅਤੇ ਯੂਰਪੀ ਲੋਕ ਅਮੀਰ ਹਨ। ਅਸੀਂ ਦੁੱਖ ਭੋਗਦੇ ਦੁਖਿਆਰੇ ਹਾਂ, ਇਹ ਮੌਜਾਂ ਕਰਦੇ ਹਨ। ਅਸੀਂ ਕਮਜ਼ੋਰ ਹਾਂ, ਇਹ ਤਾਕਤਵਰ ਹਨ। ਸਾਡੇ ਹਾਕਮ ਨਿਕੰਮੇ ਹਨ, ਇਨ੍ਹਾਂ ਦੇ ਹਾਕਮ ਸ਼ਾਤਰ ਹਨ, ਸਿਆਣੇ ਹਨ। ਸਾਡੇ ਸਮਿਆਂ ਵਿਚ ਗੈਰ ਯੂਰਪੀ ਦੇਸ਼ਾਂ ਦੀ ਗਰੀਬੀ ਦਾ ਸਿੱਧਾ ਸਬੰਧ ਯੂਰਪੀ ਦੇਸ਼ਾਂ ਦੀ ਖੁਸ਼ਹਾਲੀ ਨਾਲ ਹੈ। ਗੈਰ ਯੂਰਪੀ ਦੇਸ਼ਾਂ ਦਾ ਸ਼ਾਹੂਕਾਰ ਅਜੇ ਵੀ ਯੂਰਪੀ ਅਤੇ ਪੱਛਮੀ ਦੇਸ਼ਾਂ ਵਿਚ ਬੈਠਾ ਹੈ।


ਕੈਰੀਬੀਅਨ ਪਿਛੋਕੜ ਦੇ ਲੇਖਕ ਫਰਾਂਜ਼ ਫੈਨਨ ਦੀ 1961 ਵਿਚ ਲਿਖੀ ਪੁਸਤਕ 'ਦੁਨੀਆਂ ਦੇ ਦੁਖਿਆਰੇ' (WRETCHED OF THE EARTH) ਇਨ੍ਹਾਂ ਲੋਕਾਂ ਦੀ ਹੀ ਕਹਾਣੀ ਹੈ। ਧੁਰ ਪੱਛਮ ਤੋਂ ਸ਼ੁਰੂ ਹੋ ਜਾਉ। ਉਤਰੀ ਅਮਰੀਕਾ ਦੇ 'ਰੈਡ ਇੰਡੀਅਨ' ਅਤੇ ਦੱਖਣੀ ਅਮਰੀਕਾ ਦੇ ਸ਼ਕਤੀਸ਼ਾਲੀ 'ਇੰਕਾ' ਅਤੇ 'ਮਾਇਅਨ' ਸਾਮਰਾਜ। ਅੱਗੇ, ਔਟੋਮਨ ਤੁਰਕ ਅਤੇ ਸ਼ਕਤੀਸ਼ਾਲੀ ਹਿੰਦੁਸਤਾਨੀ ਮੁਗਲ ਬਾਦਸ਼ਾਹੀ। ਅਖੀਰ ਪੂਰਬ ਵਿਚ ਆਸਟਰੇਲੀਅਨ ਆਦਿਵਾਸੀ ਅਤੇ ਨਿਊਜ਼ੀਲੈਂਡ ਦੇ 'ਮਾਓਰੀ'। ਸਭੇ ਯੂਰਪੀਨਾਂ ਹੱਥੋਂ ਹਾਰ ਗਏ। ਨਸਲ ਅਤੇ ਧਰਮਾਂ ਦੇ ਪੱਖੋਂ ਗੱਲ ਕਰਨੀ ਹੋਵੇ ਤਾਂ ਵੀ ਪ੍ਰਤਖ ਹੈ ਕਿ ਯੂਰਪੀ ਈਸਾਈ ਦੇਸ਼ਾਂ ਮੂਹਰੇ ਕੋਈ ਹੋਰ ਨਸਲ ਜਾਂ ਧਰਮ ਵਾਲਾ ਦੇਸ਼ ਇਨ੍ਹਾਂ ਨਾਲ ਮੁਕਾਬਲਾ ਨਹੀਂ ਕਰ ਸਕਿਆ। ਯੂਰਪੀਨਾਂ ਨੇ ਦੁਨੀਆਂ ਦੇ ਵੱਡੇ ਵੱਡੇ ਸਾਮਰਾਜਾਂ, ਵੱਡੇ ਧਰਮਾਂ ਤੇ ਵੱਡੀਆਂ ਲੜਾਕੂ ਅਖਵਾਉਂਦੀਆਂ ਕੌਮਾਂ ਨੂੰ ਅੱਗੇ ਲਾ ਲਿਆ।

ਯੂਰਪੀ ਦੇਸ਼ ਜੇ ਸਿਰਫ ਆਰਥਿਕ ਲੁੱਟ ਮਾਰ ਕਰ ਕੇ ਮੁੜ ਜਾਂਦੇ ਤਾਂ ਵੀ ਸਰ ਜਾਂਦਾ, ਪਰ ਚਾਰ ਪੰਜ ਸੌ ਸਾਲਾਂ ਦੇ ਲੰਮੇ ਸਮੇਂ ਵਿਚ ਗੈਰ ਯੂਰਪੀ ਦੇਸ਼ਾਂ ਨੇ ਅਕਹਿ ਅਤਿਆਚਾਰ ਆਪਣੀ ਮਾਨਸਿਕਤਾ ਉਤੇ ਝੱਲੇ ਹਨ। ਮਾਨਸਿਕ, ਭਾਸ਼ਾਈ, ਧਾਰਮਿਕ ਅਤੇ ਸਭਿਆਚਾਰਕ ਅਤਿਆਚਾਰ। ਸੈਂਕੜੇ ਮੁਲਕਾਂ ਦੇ ਲੋਕ ਮਾਨਸਿਕ ਤੌਰ 'ਤੇ ਹੀਣੇ ਅਤੇ ਲੰਗੜੇ ਹੋ ਗਏ। ਕੀਨੀਆ ਦੇ ਲੇਖਕ ਜੇਮਜ਼ ਗੂੰਗੀ ਦੀ ਪੁਸਤਕ 'ਡੀਕਲੋਨਾਈਜ਼ਿੰਗ ਦਿ ਮਾਈਂਡ' ਇਸ ਹਾਲਤ ਦਾ ਬਹੁਤ ਰੋਚਿਕ ਅਤੇ ਪ੍ਰਭਾਵਸ਼ਾਲੀ ਵਰਣਨ ਹੈ।

ਸਾਮਰਾਜੀ ਦੌਰ ਦੀ ਲੁੱਟ ਦਾ ਰੌਲਾ ਤਾਂ ਸਾਡੇ ਦੇਸ਼ਾਂ ਵਿਚ ਬਹੁਤ ਪਾਇਆ ਜਾਂਦਾ ਹੈ, ਪਰ ਇਹਦੇ ਵਿਚੋਂ ਸਾਨੂੰ ਕੀ ਸਿੱਖਣਾ ਚਾਹੀਦਾ ਹੈ, ਸਾਡੇ ਹਾਕਮਾਂ ਨੂੰ ਕੀ ਸਬਕ ਲੈਣਾ ਚਾਹੀਦਾ ਹੈ, ਇਹਦੇ ਬਾਰੇ ਕੋਈ ਚਿੰਤਾ ਨਹੀਂ। ਸਮਝਣ ਦੀ ਤਾਂ ਇਹ ਲੋੜ ਹੈ ਕਿ ਲੋਕਾਂ ਦਾ ਆਤਮ ਵਿਸ਼ਵਾਸ ਅਤੇ ਆਪਣੇ ਦੇਸ਼ 'ਤੇ ਮਾਣ ਦੀਆਂ ਭਾਵਨਾਵਾਂ ਕਿਵੇਂ ਮੁੜ ਕੇ ਪੈਦਾ ਕੀਤੀਆਂ ਜਾਣ। ਉਨ੍ਹਾਂ ਪਰਸਪਰ ਸਬੰਧਾਂ ਦੀਆਂ ਆਰਥਿਕ ਅਤੇ ਸਿਆਸੀ ਲੀਹਾਂ ਦੀ ਜਕੜ ਤੋਂ ਆਪਣੇ ਦੇਸ਼ਾਂ ਨੂੰ ਕਿਵੇਂ ਬਚਾਇਆ ਜਾਵੇ। ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਚੀਨ ਨੂੰ ਛੱਡ ਕੇ ਇਸ ਇਤਿਹਾਸਕ ਤ੍ਰਾਸਦੀ ਦੇ ਕਾਰਨਾਂ ਦੀ ਸਮਝ ਸ਼ਾਇਦ ਗੈਰ ਯੂਰਪੀ ਦੇਸ਼ਾਂ ਦੇ ਹਾਕਮਾਂ ਨੇ ਪੈਦਾ ਹੀ ਨਹੀਂ ਕੀਤੀ। ਜੇ ਸਾਡੀ ਹਾਕਮ ਜਮਾਤ ਨੂੰ ਇਸ ਦੀ ਸਮਝ ਦੀ ਫਿਕਰ ਨਹੀਂ, ਤਾਂ ਇਸ ਤੋਂ ਬਚਣ ਦਾ ਉਪਰਾਲਾ ਕਿਵੇਂ ਹੋ ਸਕਦੈ?

ਦੁਨੀਆਂ ਦੇ ਗਰੀਬ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਪਿਛਲੇ ਦੇਸ਼ਾਂ ਦੀ ਤਬਦੀਲੀ ਵਿਚ ਹੈ। ਯੂਰਪੀ ਦੇਸ਼ਾਂ ਵਿਚ ਜਿਵੇਂ ਅਸੀਂ ਪੰਜਾਹ-ਸੱਠ ਸਾਲ ਪਹਿਲਾਂ ਆਏ, ਇਵੇਂ ਇਹ ਫਰੈਸ਼ੀ ਅਤੇ ਫੌਜੀ ਵੀ ਆਉਂਦੇ ਰਹਿਣਗੇ, ਪਰ ਗਰੀਬੀ ਤੋਂ ਸਿਰਫ ਜ਼ਾਤੀ ਆਜ਼ਾਦੀ ਵਾਸਤੇ। ਫਰਾਂਜ਼ ਫੈਨਨ ਦੀ ਪੁਸਤਕ ਤੋਂ ਬਿਨਾ ਡੇਵਿਡ ਡੈਬੀਡੀਨ ਦੀ 'ਦਿ ਕੁਲੀ ਉਡੀਸੀ' ਅਤੇ ਸਾਧੂ ਸਿੰਘ ਧਾਮੀ ਦਾ ਨਾਵਲ 'ਮਲੂਕਾ' ਇਨ੍ਹਾਂ ਦੁਖਿਆਰਿਆਂ ਦੀਆਂ ਹੀ ਕਹਾਣੀਆਂ ਹਨ। ਗੈਰੀ ਸੰਧੂ ਦਾ ਗੀਤ ਵੀ ਇਸੇ ਦੁਖ ਦੀ ਗਾਥਾ ਹੈ। ਲਉ, ਪੜ੍ਹ ਕੇ ਵੇਖ ਲਉ:

ਕੋਈ ਮੋੜ ਲਿਆਵੋ ਨੀ
ਫੌਜੀ ਮੇਰਾ ਭੱਜ ਗਿਆ,
ਫਰੈਸ਼ੀ ਮੇਰਾ ਭੱਜ ਗਿਆ।
ਕੰਮ ਤੋਂ ਆ ਕੇ ਤੜਕੇ ਲਾਉਂਦਾ
ਮਰ ਜਾਣਾ ਮੈਨੂੰ ਚੇਤੇ ਆਉਂਦਾ
ਤੋੜ ਬੁਰਕੀਆਂ ਮੂੰਹ ਵਿਚ ਪਾਉਂਦਾ
ਹੁਣ ਕੀ ਗੋਲਾ ਵੱਜ ਗਿਆ।
ਕੋਈ ਮੋੜ ਲਿਆਵੋ ਨੀ
ਫੌਜੀ ਮੇਰਾ ਭੱਜ ਗਿਆ।
ਪੈਸੇ ਫੌਜੀ ਬਹੁਤ ਕਮਾਉਂਦਾ
ਲੰਮੀਆਂ ਚੌੜੀਆਂ ਸ਼ਿਫਟਾਂ ਲਾਉਂਦਾ
ਚੋਰੀ ਪੈਸੇ ਪਿੰਡ ਨੂੰ ਪਾਉਂਦਾ
ਪਤਾ ਲੋਕਾਂ ਤੋਂ ਲੱਗ ਗਿਆ।
ਕੋਈ ਮੋੜ ਲਿਆਵੋ ਨੀ
ਫੌਜੀ ਮੇਰਾ ਭੱਜ ਗਿਆ।
ਫੌਜੀ ਕਰ ਗਿਆ ਖਤਮ ਕਹਾਣੀ
ਘਰ ਵਿਚ ਮੁੱਕ ਗਿਆ ਰਾਸ਼ਨ ਪਾਣੀ
ਦੋ ਤਿੰਨ ਬੱਚੇ ਕੁੜੀ ਨਿਆਣੀ
ਪਤਾ ਨਹੀਂ ਕਿਥੇ ਭੱਜ ਗਿਆ
ਮੈਨੂੰ ਕੱਲੀ ਨੂੰ ਇਥੇ ਛੱਡ ਗਿਆ।
ਕੋਈ ਮੋੜ ਲਿਆਵੋ ਨੀ
ਫੌਜੀ ਮੇਰਾ ਭੱਜ ਗਿਆ,
ਫਰੈਸ਼ੀ ਮੇਰਾ ਭੱਜ ਗਿਆ।




***ਕੈਰੀਬੀਅਨ ਪਿਛੋਕੜ ਦੇ ਲੇਖਕ ਫਰਾਂਜ਼ ਫੈਨਨ ਦੀ 1961 ਵਿਚ ਲਿਖੀ ਪੁਸਤਕ 'ਦੁਨੀਆਂ ਦੇ ਦੁਖਿਆਰੇ' (WRETCHED OF THE EARTH) ਇਨ੍ਹਾਂ ਲੋਕਾਂ ਦੀ ਹੀ ਕਹਾਣੀ ਹੈ। ਧੁਰ ਪੱਛਮ ਤੋਂ ਸ਼ੁਰੂ ਹੋ ਜਾਉ। ਉਤਰੀ ਅਮਰੀਕਾ ਦੇ 'ਰੈਡ ਇੰਡੀਅਨ' ਅਤੇ ਦੱਖਣੀ ਅਮਰੀਕਾ ਦੇ ਸ਼ਕਤੀਸ਼ਾਲੀ 'ਇੰਕਾ' ਅਤੇ 'ਮਾਇਅਨ' ਸਾਮਰਾਜ। ਅੱਗੇ, ਔਟੋਮਨ ਤੁਰਕ ਅਤੇ ਸ਼ਕਤੀਸ਼ਾਲੀ ਹਿੰਦੁਸਤਾਨੀ ਮੁਗਲ ਬਾਦਸ਼ਾਹੀ। ਅਖੀਰ ਪੂਰਬ ਵਿਚ ਆਸਟਰੇਲੀਅਨ ਆਦਿਵਾਸੀ ਅਤੇ ਨਿਊਜ਼ੀਲੈਂਡ ਦੇ 'ਮਾਓਰੀ'। ਸਭੇ ਯੂਰਪੀਨਾਂ ਹੱਥੋਂ ਹਾਰ ਗਏ। ਨਸਲ ਅਤੇ ਧਰਮਾਂ ਦੇ ਪੱਖੋਂ ਗੱਲ ਕਰਨੀ ਹੋਵੇ ਤਾਂ ਵੀ ਪ੍ਰਤਖ ਹੈ ਕਿ ਯੂਰਪੀ ਈਸਾਈ ਦੇਸ਼ਾਂ ਮੂਹਰੇ ਕੋਈ ਹੋਰ ਨਸਲ ਜਾਂ ਧਰਮ ਵਾਲਾ ਦੇਸ਼ ਇਨ੍ਹਾਂ ਨਾਲ ਮੁਕਾਬਲਾ ਨਹੀਂ ਕਰ ਸਕਿਆ। ਯੂਰਪੀਨਾਂ ਨੇ ਦੁਨੀਆਂ ਦੇ ਵੱਡੇ ਵਡੇ ਸਾਮਰਾਜਾਂ, ਵੱਡੇ ਧਰਮਾਂ ਅਤੇ ਵੱਡੀਆਂ ਵੱਡੀਆਂ ਲੜਾਕੂ ਅਖਵਾਉਂਦੀਆਂ ਕੌਮਾਂ ਨੂੰ ਅੱਗੇ ਲਾ ਲਿਆ।***

# ਇਖਲਾਕੀ ਗੀਤਕਾਰ ਸੀ ਪ੍ਰੀਤ ਮਹਿੰਦਰ ਤਿਵਾੜੀ

**ਸ਼ਰਧਾਂਜਲੀ**

ਹੋਣੀ ਨੇ ਕੋਈ ਨਾ ਕੋਈ ਬਹਾਨਾ ਲੱਭਣਾ ਹੁੰਦਾ ਹੈ ਤੇ ਪ੍ਰੀਤ ਮਹਿੰਦਰ ਤਿਵਾੜੀ ਜ਼ਿੰਦਗੀ ਦੀ ਬਾਜ਼ੀ ਦਿਲ ਦੇ ਦੌਰੇ ਨਾਲ ਹਾਰ ਗਿਆ ਹੈ। ਇਹ ਮੌਤ ਇਕ ਗੀਤਕਾਰ ਦੀ ਮੌਤ ਨਹੀਂ ਸਗੋਂ ਪੰਜਾਬ ਦੀ ਸਿਹਤਮੰਦ, ਇਖਲਾਕੀ ਅਤੇ ਸਿਰਜਣਾਤਮਕ ਗੀਤਕਾਰੀ ਦੇ ਇਕ ਯੁੱਗ ਦੀ ਮੌਤ ਹੈ। ਪੰਜਾਬੀ ਗੀਤ-ਸੰਗੀਤ ਦੇ ਹਾਲਾਤ ਦੇਖ ਕੇ ਜਿਸ ਕਦਰ ਸਿਆਣੇ ਢਿੱਡ 'ਚ ਮੁੱਕੀਆਂ ਦੇ ਰਹੇ ਹਨ, ਉਸ ਵੇਲੇ ਤਿਵਾੜੀ ਦਾ ਵਿਛੋੜਾ ਹੋਰ ਵੀ ਦਰਦ ਦਿੰਦਾ ਹੈ। ਜੇ ਸਹਿਜ ਸੁਭਾਅ ਵੇਖੀਏ ਤਾਂ ਸਰਦੂਲ

**ਐਸ. ਅਸ਼ੋਕ ਭੌਰਾ**

ਸਿਕੰਦਰ ਦਾ ਗਾਇਆ ਗੀਤ 'ਫੁੱਲਾਂ ਦੀਏ ਕੱਚੀਏ ਵਪਾਰਨੇ, ਕੰਡਿਆਂ ਦੇ ਭਾਅ ਤੂੰ ਸਾਨੂੰ ਤੋਲ ਨਾ' ਪ੍ਰੀਤ ਨੇ ਮਾਰਫਤ ਸ਼ਾਇਰੀ ਦੇ ਬਹੁਤ ਕਰੀਬ ਲਿਆ ਕੇ ਪੇਸ਼ ਕੀਤਾ ਹੈ। ਇਸ ਕਰਕੇ ਇਸ ਗੀਤ ਦੀ ਪਹਿਚਾਣ ਸਦਾ ਬਹਾਰ ਬਣੀ ਰਹੇਗੀ। ਕੁਲਦੀਪ ਮਾਣਕ ਦਾ ਗੀਤ 'ਮੈਂ ਚਾਦਰ ਕੱਢਦੀ ਨੀਂ' ਵਿਚ ਇਕ ਸਤਰ 'ਸਾਡੇ ਪਿੰਡ ਦੇ ਟੇਸ਼ਣ 'ਤੇ ਨਾ ਰੁਕਦੀਆਂ ਰੇਲਾਂ' ਦੇ ਅਰਥ ਡੂੰਘਾਈ 'ਚ ਜਾ ਕੇ ਸਮਝਣ ਦੀ ਲੋੜ ਹੈ। ਅਸਲ 'ਚ ਇਹ ਦੋਵੇਂ ਹੀ ਰਚਨਾਵਾਂ ਤਿਵਾੜੀ ਨੂੰ ਪੰਜਾਬੀਆਂ ਦੀ ਮੁਹੱਬਤ ਦੇ ਵਗਦੇ ਦਰਿਆ ਦੇ ਕਿਨਾਰੇ ਖੜ੍ਹਾ ਰੱਖਣਗੀਆਂ। ਦੂਰਦਰਸ਼ਨ ਰਾਹੀਂ ਰੰਜਨਾ ਦਾ ਗਾਇਆ ਗੀਤ 'ਮੈਨੂੰ ਸੁਰਮੇ ਦੀ ਡੱਬੀ ਵਾਂਗੂੰ ਰੱਖ ਮੁੰਡਿਆ', 'ਰਾਂਝਾ ਜੋਗੀ ਹੋਇਆ' ਆਦਿ ਗੀਤ ਲੋਕ ਗੀਤਾਂ ਵਰਗੇ ਹੋ ਗਏ ਹਨ। ਅਸਲ 'ਚ ਨਵੇਂ ਸਾਲ ਦੇ ਵਰਾਇਟੀ ਪ੍ਰੋਗਰਾਮਾਂ 'ਚ ਬਹੁਤੇ ਗੀਤ ਤਿਵਾੜੀ ਨੇ ਹੀ ਲਿਖੇ ਜੋ ਲੋਕਾਂ ਦੀ ਪਸੰਦ ਬਣੇ।

ਪ੍ਰੀਤ ਮਹਿੰਦਰ ਤਿਵਾੜੀ ਨਾਲ ਮੇਰੀ ਗੂੜ੍ਹੀ ਦੋਸਤੀ ਕੋਈ ਢਾਈ ਦਹਾਕੇ ਰਹੀ। ਉਹ ਕਈ ਥਾਂ ਜ਼ਿੰਦਗੀ 'ਚ ਉਖੜਿਆ ਉਖੜਿਆ ਲੱਗਦਾ ਰਿਹਾ ਪਰ ਆਪਣੀਆਂ ਹੋਰ ਯੋਗਤਾਵਾਂ ਨਾਲੋਂ ਗੀਤਕਾਰੀ ਦਾ ਇਕ ਤਰ੍ਹਾਂ ਸ਼ੈਦਾਈ ਹੀ ਰਿਹਾ। ਅਸੀਂ ਉਸ ਨੂੰ ਸ਼ੌਂਕੀ ਮੇਲੇ 'ਤੇ ਸਨਮਾਨਿਤ ਕੀਤਾ। ਇੱਕ ਵਾਰ ਜਦੋਂ ਉਹ ਸਰਕਾਰੀ ਸਕੂਲ ਬੰਗਾ 'ਚ ਮੈਨੂੰ ਮਿਲਣ ਆਇਆ ਤਾਂ ਉਸ ਦਾ ਪੰਜ ਤੋਲੇ ਸੋਨੇ ਦਾ ਬਰੇਸਲੈਟ ਗੁਆਚ ਗਿਆ। ਜਿਸ ਤਰ੍ਹਾਂ ਉਹ ਲੱਭਣ ਲਈ ਵਿਲਕਦਾ ਰਿਹਾ, ਮੈਨੂੰ ਵੀ ਲੱਗਣ ਲੱਗ ਪਿਆ ਸੀ ਕਿ ਆਰਥਿਕ ਹਾਲਤ ਤਿਵਾੜੀ ਦੇ ਆਮ ਸ਼ਾਇਰਾਂ ਜਿਹੇ ਹੀ ਹਨ।

ਤਿਵਾੜੀ ਨੇ ਦੂਰਦਰਸ਼ਨ ਲਈ ਲੜੀਵਾਰ ਲਿਖ ਕੇ ਵੀ ਕਾਫੀ ਕੁਝ ਖੱਟਿਆ। ਗੀਤਕਾਰੀ, ਕਵਿਤਾ, ਨਾਵਲ, ਕਹਾਣੀ ਤੇ ਨਾਟਕ ਦੇ ਖੇਤਰ ਵਿਚ ਤਿਵਾੜੀ ਇੰਨ-ਬਿੰਨ ਏਦਾਂ ਤੁਰਿਆ ਫਿਰਦਾ ਸੀ ਜਿਵੇਂ ਬੇਗੀ ਦੇ ਚਾਰ ਰੰਗ ਹੁੰਦੇ ਨੇ। ਉਸ ਨੇ ਸਾਹਿਤ, ਇਤਿਹਾਸ ਤੇ ਸੰਗੀਤ-ਤਿੰਨ ਵਿਸ਼ਿਆਂ ਵਿਚ ਐਮ.ਏ. ਕੀਤੀ। ਸੰਗੀਤ ਦੇ ਸ਼ੌਕ ਨੇ ਉਹਨੂੰ ਪੰਜਾਬੀ ਲੋਕ-ਗਾਇਕੀ ਵਿਚ ਪਰਵੇਸ਼ ਦੁਆਇਆ। ਪਹਿਲਾਂ ਉਹਨੇ ਆਪ ਗਾਉਣਾ ਅਰੰਭਿਆ ਪਰ ਬਾਅਦ ਵਿਚ ਇਸ ਅਵੱਲੇ ਸ਼ੌਕ ਨੂੰ ਗੋਡਿਆਂ ਥੱਲੇ ਲੈ ਲਿਆ। ਇਕ ਵੇਲੇ ਉਹਦੀ ਇਕ ਮਾਤਰ ਧਾਰਨਾ ਬਣਦੀ ਜਾ ਰਹੀ ਸੀ ਕਿ ਉਹ ਆਪਣਾ ਸਾਹਿਤਕ ਕੈਰੀਅਰ ਗੀਤ ਰਚਣ 'ਤੇ ਕੇਂਦਰਿਤ ਕਰੇਗਾ। ਇਸ ਪ੍ਰਾਪਤੀ ਲਈ ਉਹਨੇ ਨਵੇਂ ਪ੍ਰਤਿਭਾਵਾਨ ਗਾਇਕ ਮੁੰਡੇ-ਕੁੜੀਆਂ ਨੂੰ ਅੱਗੇ ਲਿਆਉਣ ਦੇ ਯਤਨਾਂ 'ਚੋਂ ਬਠਿੰਡੇ ਆਪਣੀ ਕੋਠੀ ਵਿਚ ਹੀ ਰਿਕਾਰਡਿੰਗ ਸਟੂਡੀਓ ਤਿਆਰ ਕਰ ਲਿਆ।

1963 ਦੇ ਕਰੀਬ ਤਿਵਾੜੀ ਦੀ ਪਹਿਲੀ ਕਾਵਿ ਪੁਸਤਕ ਛਪੀ ਸੀ, 'ਪ੍ਰੀਤ ਬੁਰੀ ਮੇਰੀ ਮਾਏ।' ਕਵਿਤਾ ਵਿਚ ਕੁਝ ਕਹਿਣ ਦੀ ਸਮਰੱਥਾ ਦਾ ਪ੍ਰਵਾਨਿਤ ਪੱਤਰ ਉਦੋਂ ਇਸ ਕਰਕੇ ਹੀ ਮਿਲ ਗਿਆ ਸੀ ਕਿ ਇਸ ਕਿਤਾਬ ਦਾ ਮੁੱਖ ਬੰਦ ਸ਼ਿਵ ਕੁਮਾਰ ਬਟਾਲਵੀ ਨੇ ਲਿਖਿਆ ਸੀ। ਉਹ ਹੁਭ ਕੇ ਕਹਿੰਦਾ ਕਿ ਸ਼ਿਵ ਨਾਲ ਕੁਝ ਸਮਾਂ ਸੰਗਮ ਹੋਣ ਕਰਕੇ ਉਹਦੀ ਕਲਾ ਨੂੰ ਪਰਪੱਕਤਾ ਮਿਲੀ ਹੈ, ਵਰਨਾ ਇਹ ਸ਼ੌਕ ਹੱਡੀਂ ਨਾ ਰਚਦਾ ਤੇ ਅੱਜ ਬੱਲੂਆਣੇ ਨੂੰ ਓਹਦੇ 'ਤੇ ਏਨਾ ਮਾਣ ਨਾ ਹੁੰਦਾ।

ਪਿਆਰ ਜ਼ਿੰਦਗੀ ਦੀ ਕੌੜੀ ਸੱਚਾਈ ਹੈ। ਮਹਿੰਦਰ ਨੂੰ ਇਹੋ ਮੁਹੱਬਤ ਪ੍ਰੀਤ ਬਣ ਕੇ ਚੰਬੜੀ ਸੀ ਤੇ ਜਦੋਂ ਤਿੜਕ ਗਈ ਤਾਂ ਇਹੋ ਮਹਿੰਦਰ ਪ੍ਰੀਤ ਤੇ ਤਿਵਾੜੀ ਦਰਮਿਆਨ ਲੁਕ ਗਿਆ। ਉਹਦੀਆਂ ਨਜ਼ਰਾਂ 'ਚੋਂ ਇਸੇ ਪਿਆਰ ਦਾ ਨਿੰਘ ਕਿਤੇ ਕਿਤੇ ਛਲਕਦਾ ਵੀ ਰਿਹਾ ਹੈ, ਪਰ ਉਹ ਜਜ਼ਬਾਤ ਕਾਬੂ ਕਰਦਿਆਂ ਝੱਟ ਆਖ ਦਿੰਦਾ ਸੀ ਕਿ ਹਰੇਕ ਕਾਮਯਾਬ ਇਨਸਾਨ ਪਿੱਛੇ ਇੱਕ ਪਰਦਾ ਹੁੰਦਾ ਹੈ



*ਪ੍ਰੀਤ ਮਹਿੰਦਰ ਤਿਵਾੜੀ*

ਤੇ ਪਰਦੇ ਓਹਲੇ ਕੀ ਹੈ, ਇਹ ਮੈਂ ਨਹੀਂ ਦੱਸਾਂਗਾ। ਇਸ ਪਰਦੇ ਦਾ ਇੱਕ ਪੱਲਾ ਉਹਨੇ ਆਪਣੀ ਪੁਸਤਕ 'ਜਦੋਂ ਚੁੱਪ ਬੋਲਦੀ ਹੈ' ਵਿਚ ਕਵਿਤਾ ਦੇ ਅੱਖਰਾਂ ਵਿਚ ਉਘੇੜਨ ਦਾ ਯਤਨ ਕੀਤਾ।

ਨਾਵਲ ਲਿਖਣ ਦੇ ਪੱਖ ਤੋਂ 'ਰੂਹ ਅੰਬਰਾਂ ਤੱਕ ਰੋਈ' ਉਹਦਾ ਸਫਲ ਤਜਰਬਾ ਸੀ, ਬਾਅਦ ਵਿਚ ਉਸ ਨੇ ਦੋ ਹੋਰ ਨਾਵਲ 'ਅੰਨ੍ਹਾ ਇਸ਼ਕ' ਤੇ 'ਨੰਗੇ ਪੈਰਾਂ ਵਾਲਾ ਚੌਕ' ਲਿਖੇ। ਡੇਢ ਦਰਜਨ ਤੋਂ ਵੱਧ ਉਹਨੇ ਕਹਾਣੀਆਂ ਲਿਖੀਆਂ। ਬਲਰਾਜ ਸਾਹਨੀ ਦੀ ਪ੍ਰੇਰਨਾ ਨਾਲ ਉਹਨੇ ਨਾਟਕ ਲਿਖਣੇ ਸ਼ੁਰੂ ਕੀਤੇ। ਉਹਨੇ ਸਫਲ ਨਾਟਕ 'ਸੂਲੀ ਟੰਗਿਆ ਸੂਰਜ', 'ਭੁੱਖੇ ਫਰਿਸ਼ਤੇ', 'ਸਵਰਗ ਨਰਕ', 'ਕਲਰਕਾਂ ਦੀ 28 ਤਾਰੀਖ' ਲਿਖੇ। 'ਦੋ ਮੁੱਠੀ ਰਾਖ', 'ਝੂਠੇ ਸ਼ਾਹ ਤੇ ਉਡੀਕ' ਦੂਰਦਰਸ਼ਨ ਜਲੰਧਰ ਤੋਂ ਨਸ਼ਰ ਹੋਏ ਪੰਜਾਬੀ ਲੜੀਵਾਰ ਹਨ।

ਤਿਵਾੜੀ ਨੂੰ ਪੱਕੇ ਤੌਰ 'ਤੇ ਇਹ ਯਾਦ ਨਹੀਂ ਸੀ ਕਿ ਉਹਦਾ ਪਹਿਲਾ ਗੀਤ ਕਿਹੜੇ ਗਾਇਕ ਨੇ ਗਾਇਆ ਤੇ ਰਿਕਾਰਡ ਕਰਵਾਇਆ ਹੈ ਤੇ ਜਦੋਂ ਉਸ ਦਾ ਸਿਤਾਰਾ ਚਮਕਿਆ, ਉਦੋਂ ਬਹੁਤਿਆਂ ਨੇ ਇੱਕੋ ਵੇਲੇ ਉਹਦੇ ਗੀਤਾਂ ਨੂੰ ਸੰਗੀਤ ਦੀ ਪੁੱਠ ਦੇ ਦਿੱਤੀ। ਉਸ ਦਾ ਦਾਅਵਾ ਸੀ ਕਿ ਰਿਕਾਰਡਿੰਗ ਪੱਖੋਂ ਪੰਜਾਬ ਤੇ ਭਾਰਤ ਦੇ ਸਭ ਤੋਂ ਵੱਧ ਗਾਇਕਾਂ ਨੇ ਮੇਰੇ ਹੀ ਗੀਤਾਂ ਨੂੰ ਗਾਇਆ ਹੈ। ਸਰਦੂਲ ਸਿਕੰਦਰ, ਅਮਰ ਨੂਰੀ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਗੁਰਦਾਸ ਮਾਨ, ਹੰਸ ਰਾਜ ਹੰਸ, ਹਰਦੀਪ, ਮਹਿੰਦਰ ਕਪੂਰ, ਸਵਿਤਾ ਸਾਥੀ ਤੇ ਵਿਨੋਦ ਸਹਿਗਲ ਆਦਿ ਗਾਇਕਾਂ ਨੇ ਬੱਲੂਆਣੇ ਦੇ ਬਨੇਰਿਆਂ 'ਤੇ ਤਿਵਾੜੀ ਦੀ ਗੀਤਕਾਰੀ ਦੇ ਦੀਵੇ ਜਗਾਏ ਹਨ। ਤਿਵਾੜੀ ਨੂੰ ਜਿਨ੍ਹਾਂ ਗੀਤਾਂ 'ਤੇ ਮਾਣ ਰਿਹਾ ਹੈ, ਉਨ੍ਹਾਂ ਵਿਚੋਂ ਕੁਝ ਕੁ ਹਨ:

-ਪੱਟੇ ਗਏ ਨੀ ਮੁੰਡੇ ਤੇਰੇ ਨੀ ਪਿਆਰ ਦੇ
-ਮੈਂ ਵੰਝਲੀ ਵਜਾਵਾਂ ਤੇ ਤੂੰ ਗਾ ਕੁੜੀਏ
(ਸਰਦੂਲ ਸਿਕੰਦਰ)
-ਕੀ ਬਣੂੰ ਦੁਨੀਆਂ ਦਾ (ਗੁਰਦਾਸ ਮਾਨ)
-ਮੈਂ ਬੱਸਾਂ ਲੁਧਿਆਣੇ ਦੀਆਂ ਤੱਕਦਾ ਰਿਹਾ
(ਹੰਸ ਰਾਜ ਹੰਸ)
-ਰੋਂਦਾ ਰਹਿ ਗਿਆ ਨੀ ਰਾਂਝਾ ਮਾਰਿਆ ਭੁਵਾ ਕੇ (ਹਰਦੀਪ)
-ਮੈਂ ਨਹੀਂ ਮੰਗਦੀ ਕੋਕਾ (ਰੁਖਸਾਨਾ ਬੇਗਮ)

ਪੰਜਾਬੀ ਦੀਆਂ ਪੰਦਰਾਂ ਕੁ ਫਿਲਮਾਂ ਲਈ ਤਿਵਾੜੀ ਨੇ ਗੀਤ ਲਿਖੇ। ਫਿਲਮ 'ਕੀ ਬਣੂੰ ਦੁਨੀਆਂ ਦਾ' ਵਿਚ 8 ਗੀਤ ਅਤੇ 'ਤੁਣਕਾ ਪਿਆਰ ਦਾ' ਦੇ ਸਾਰੇ ਗੀਤ ਉਹਨੇ ਲਿਖੇ। ਕੁਲਦੀਪ ਮਾਣਕ ਦੀ ਅਧੂਰੀ ਰਹਿ ਗਈ ਪੰਜਾਬੀ ਫਿਲਮ 'ਗੀਤਾਂ ਦਾ ਵਣਜਾਰਾ' ਦਾ ਵੀ ਉਹ ਗੀਤਕਾਰ ਸੀ।

ਪੰਜਾਬੀ ਗੀਤਕਾਰੀ ਵਿਚ ਖੜੋਤ ਤੇ ਥਕਾਵਟ ਜੇ ਕਿਤੇ ਆਈ ਹੈ ਤਾਂ ਇਹਦਾ ਇੱਕ ਕਾਰਨ ਇਹ ਹੈ ਕਿ ਪੰਜਾਬੀ ਗੀਤਾਂ ਵਿਚ ਤੁਕਬੰਦੀ ਫਾਰਮੂਲਾ ਵਧੇਰੇ ਅਪਨਾਇਆ ਜਾ ਰਿਹਾ ਹੈ। ਤਿਵਾੜੀ ਦਾ ਇੱਕ ਗੀਤ ਜੋ ਸਰਦੂਲ ਦੇ ਵੱਡੇ ਭਰਾ ਗਮਦੂਰ ਅਮਨ ਨੇ ਮਹਿਫਿਲਾਂ 'ਚ ਰੱਜ ਕੇ ਗਾਇਆ, ਉਸ ਦੀ ਸ਼ਾਇਰੀ ਦਾ ਸਿਧਾਂਤਕ ਨਮੂਨਾ ਹੈ:

ਜੇ ਤੂੰ ਬੰਜਰ ਵੀਰਾਨ ਰੁੱਸ ਗੀਤਾਂ ਨੂੰ ਮਨਾਵੇਂ
ਸਾਡੇ ਵਿਲਕਦੇ ਮਰਸੀਆਂ ਨੂੰ ਠੁਮਰੀ ਬਣਾਵੇਂ
ਤੇਰਾ ਅੱਡੀ ਟੱਪਾ ਨਿਰਾ ਮਰਦੰਗ ਵਰਗਾ
ਇੱਕ ਗੀਤ ਲਿਖਾਂ ਤੇਰੀ ਵੰਗ ਵਰਗਾ
ਤੇਰੇ ਹਾਸੇ ਜਿੰਨਾ ਸੋਹਣਾ, ਤੇਰੀ ਸੰਗ ਵਰਗਾ।

ਗੀਤਾਂ ਨੂੰ ਤਿਵਾੜੀ ਪੁੱਤਰਾਂ ਤੋਂ ਵੀ ਜ਼ਿਆਦਾ ਮੋਹ ਕਰਦਾ ਸੀ। ਉਸ ਨੇ ਆਪਣੇ ਪੁੱਤਰ ਦਾ ਨਾਂ ਵੀ ਗੀਤ ਹੀ ਰੱਖਿਆ ਤੇ ਧੀ ਦਾ ਨਾਂ ਮਨਪ੍ਰੀਤ। ਇਹ ਮੋਹ ਉਹਨੇ ਆਪਣੇ ਗੀਤਾਂ ਵਿਚ ਕਈ ਥਾਂ ਉਘਾੜਿਆ ਹੈ:

ਇਹ ਪੁੱਤਰਾਂ ਵਰਗੇ ਗੀਤ ਮੇਰੇ,
ਮੈਂ ਚੁੰਮ ਚੁੰਮ ਹਿੱਕ ਨੂੰ ਲਾਂ।
ਇਹ ਸੱਤ ਜਨਮਾਂ ਦਾ ਇਸ਼ਕ ਵੇ,
ਮੇਰਾ ਸੱਜਣਾ ਤੇਰੇ ਨਾਂ।

ਉਹਦੀ ਇੱਕ ਹੋਰ ਜ਼ਿਕਰਯੋਗ ਗੱਲ ਇਹ ਹੈ ਕਿ ਉਸ ਨਾ ਲੱਚਰ ਲਿਖਿਆ ਤੇ ਨਾ ਲੱਚਰ ਬਰਦਾਸ਼ਤ ਕੀਤਾ। ਅੱਧੀ ਦਰਜਨ ਤੋਂ ਵੱਧ ਪੰਜਾਬੀ ਫਿਲਮਾਂ 'ਚ ਉਹਨੇ ਛੋਟਾ ਮੋਟਾ ਕੰਮ ਵੀ ਕੀਤਾ।

ਪਿਤਾ ਪਰਸ ਰਾਮ ਦੇ ਘਰ ਮਾਂ ਗੁਰਨਾਮ ਕੌਰ ਦੀ ਕੁੱਖੋਂ ਜਨਮਿਆ ਪ੍ਰੀਤ ਮਹਿੰਦਰ ਤਿਵਾੜੀ 69 ਸਾਲ ਦੀ ਉਮਰ 'ਚ ਪਰਿਵਾਰ ਨੂੰ ਤਾਂ ਅਲਵਿਦਾ ਆਖ ਹੀ ਗਿਆ ਹੈ, ਨਾਲ ਹੀ ਪੰਜਾਬੀ ਗਾਇਕੀ ਦੇ ਵਿਹੜੇ ਵਿਚ ਵੀ ਉਦਾਸੀ ਛਾ ਗਈ ਹੈ। ਜਿਹੜਾ ਬੂਟਾ ਉਹ ਲਾ ਕੇ ਗਿਆ ਹੈ, ਉਹਦੀ ਛਾਂ ਉਦੋਂ ਤੱਕ ਰਹੇਗੀ ਜਦੋਂ ਤੱਕ ਪੰਜਾਬ ਦੇ ਲੋਕ ਆਪਣੀ ਅਮੀਰ ਵਿਰਾਸਤ, ਸੰਗੀਤਕ ਪਰੰਪਰਾਵਾਂ, ਰਹੁ ਰੀਤਾਂ, ਰਿਵਾਜਾਂ ਅਤੇ ਸੰਸਕਾਰਾਂ ਨਾਲ ਜਿਉਂਦੇ ਰਹਿਣਗੇ।

**ਪਰਦੇਸ ਪੁੱਜਣ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ**



**ਸ਼ੌਰਟ ਕੱਟ ਵਾਇਆ ਲੌਂਗ ਰੂਟ**

**6**

ਅਮਰੀਕ ਸਿੰਘ ਬਲ
ਫੋਨ: 34602835897

# ਗੋਲੀਆਂ ਦੇ ਸਾਏ ਹੇਠ

***ਅਮਰੀਕ ਸਿੰਘ ਬਲ ਅੱਜ ਕੱਲ੍ਹ ਸਪੇਨ ਵੱਸਦਾ ਹੈ, ਪਰ ਉਥੇ ਪੁੱਜਣ ਦੀ ਜਿਹੜੀ ਕਹਾਣੀ ਉਸ ਨੇ ਆਪਣੀ ਪੋਥੀ 'ਸ਼ੌਰਟ ਕੱਟ ਵਾਇਆ ਲੌਂਗ ਰੂਟ' ਰਾਹੀਂ ਸੁਣਾਈ ਹੈ, ਉਹ ਲੂੰ-ਕੰਡੇ ਖੜ੍ਹੇ ਕਰਨ ਵਾਲੀ ਹੈ। ਇਹ ਘਟਨਾਵਾਂ ਮੂੰਹ-ਜ਼ੋਰ ਤੇ ਅੱਥਰੀਆਂ ਹਨ, ਪਰ ਨਾਲ ਹੀ ਪਰਵਾਜ਼ ਭਰਨ ਲਈ ਤਾਂਘਦੀ ਜ਼ਿੰਦਗੀ ਦੇ ਪੈਰੀਂ ਪਹਾੜ ਬੱਝਣ ਦਾ ਦਰਦ ਵੀ ਹੰਢਾ ਰਹੀਆਂ ਹਨ... ਦੇਸ ਤੋਂ ਪਰਦੇਸ ਪੁੱਜਣ ਦੀ ਇਸ ਮਾਰਮਿਕ ਕਹਾਣੀ ਦੀ ਛੇਵੀਂ ਕਿਸ਼ਤ ਪਾਠਕਾਂ ਲਈ ਹਾਜ਼ਰ ਹੈ। -ਸੰਪਾਦਕ***

## ਤੁਸੀਂ ਪੜ੍ਹ ਚੁੱਕੇ ਹੋ...

*ਟ੍ਰੈਵਲ ਏਜੰਟ ਵੱਲੋਂ ਤੁਰੰਤ ਦਿੱਲੀ ਪੁੱਜਣ ਦੇ ਸੁਨੇਹੇ ਨਾਲ ਨੌਜਵਾਨ ਅਮਰੀਕ ਸਿੰਘ ਬਲ ਦਾ ਸਫਰ ਸ਼ੁਰੂ ਹੋ ਜਾਂਦਾ ਹੈ। ਪਹਿਲਾ ਵੱਡਾ ਝਟਕਾ ਤੁਰੰਤ ਕੇਸ ਕਟਵਾਉਣ ਵਾਲੇ ਹੁਕਮ ਨਾਲ ਲੱਗਦਾ ਹੈ। ਹਵਾਈ ਜਹਾਜ਼ ਤੋਂ ਬਾਅਦ ਜਦੋਂ ਜੀਪਾਂ ਦਾ ਸਫਰ ਸ਼ੁਰੂ ਹੋਇਆ ਤਾਂ ਲੱਗਿਆ ਕਿ ਕੁਝ ਅਣਹੋਇਆ ਹੋਣ ਵਾਲਾ ਹੈ। ਫਿਰ ਇਕ ਏਜੰਟ ਤੋਂ ਦੂਜੇ ਤੱਕ ਪੁੱਜਣ ਦਾ ਸਿਲਸਿਲਾ ਚੱਲ ਪਿਆ। ਹਰ ਥਾਂ ਦੁਸ਼ਵਾਰੀਆਂ! ਪਰ ਇਹ ਤਾਂ ਪਤਾ ਨਹੀਂ ਸੀ ਕਿ ਸੰਸਾਰ ਦੇ ਸਭ ਤੋਂ ਵੱਡੇ ਅਤੇ ਮਾਰੂ, ਸਹਾਰਾ ਮਾਰੂਥਲ ਵਿਚੋਂ ਵੀ ਲੰਘਣਾ ਪੈਣਾ ਹੈ, ਉਹ ਵੀ ਲੁਕ-ਛੁਪ ਕੇ ਅਤੇ ਬਹੁਤ ਘੱਟ ਮਿਲਦੇ ਪਾਣੀ ਤੇ ਰੋਟੀ ਦੇ ਸਹਾਰੇ... ਤੇ ਫਿਰ ਇਨ੍ਹਾਂ ਔਖੇ ਹਾਲਾਤ ਨਾਲ ਘੁਲਦਿਆਂ 20 ਵਰ੍ਹਿਆਂ ਦਾ ਸੋਨੂੰ ਆਪਣਿਆਂ ਤੋਂ ਇੰਨੇ ਹਜ਼ਾਰ ਮੀਲ ਦੂਰ ਸਦਾ ਲਈ ਅਲਵਿਦਾ ਆਖ ਗਿਆ। ਹੁਣ ਪੜ੍ਹੋ ਇਸ ਤੋਂ ਅੱਗੇ...*

ਖ਼ਾਬ ਅਚਨਚੇਤ ਹਾਦਸਿਆਂ ਦੀ ਲਪੇਟ ਵਿਚ ਆ ਕੇ ਵਲੂੰਧਰੇ ਗਏ ਸਨ। 39ਵਾਂ ਹਮਸਫਰ ਸੋਨੂੰ ਵੀ ਤਾਂ ਘਰੋਂ ਥੱਬਾ ਕੁ ਸੁਫ਼ਨੇ ਅਤੇ ਰੁੱਗ ਕੁ ਤਮੰਨਾਵਾਂ ਦਾ ਲੈ ਕੇ ਤੁਰਿਆ ਸੀ; ਪਰ ਕਿਸ ਨੂੰ ਪਤਾ ਸੀ, ਉਸ ਦੇ ਸਾਹ ਉਨ੍ਹਾਂ ਗਿਣੀਆਂ-ਚੁਣੀਆਂ ਇੱਛਾਵਾਂ ਤੋਂ ਵੀ ਥੋੜ੍ਹੇ ਸਨ। ਅਚਾਨਕ ਵਕਤ ਦੀ ਕੁੱਖ ਵਿਚੋਂ ਨਿਕਲਿਆ ਬੇਦਰਦ, ਜਾਨਲੇਵਾ ਹਾਦਸਾ ਸਭ ਨੂੰ ਜੜ੍ਹਾਂ ਤੀਕ ਹਲੂਣ ਕੇ ਰੱਖ ਗਿਆ ਸੀ। ਇਸ ਦਫ਼ਾ ਜ਼ਿੰਦਗੀ-ਮੌਤ ਦੇ ਦਵੰਦ ਯੁੱਧ ਵਿਚ ਜਿੱਤ ਮੌਤ ਦੀ ਹੋਈ ਸੀ।

ਅੱਜ ਸਾਡੇ ਘਾਤਕ ਸਫ਼ਰ ਦਾ ਪੰਜਵਾਂ ਦਿਨ ਪਥਰੀਲੀ ਜ਼ਮੀਨ 'ਤੇ ਤੇਜ਼ੀ ਨਾਲ ਦੌੜ ਰਿਹਾ ਸੀ। ਦੁਪਿਹਰ ਨੂੰ ਅਸੀਂ ਭਟਕਦੇ ਇਕ ਖੂਹ 'ਤੇ ਪਹੁੰਚੇ, ਜਿੱਥੇ ਊਠਣੀ ਅਤੇ ਉਸ ਦਾ ਬੱਚਾ ਪਿਆਸ ਦੇ ਮਾਰੇ ਥੱਲੇ ਪਾਣੀ ਵੱਲ, ਅਸਮਰਥ ਨਜ਼ਰਾਂ ਨਾਲ ਝਾਕ ਰਹੇ ਸਨ। ਪਾਣੀ ਤੋਂ ਤਕਰੀਬਨ ਵਾਂਝੇ ਜਦ ਜੀਪਾਂ ਤੋਂ ਫੁਰਤੀ ਨਾਲ ਉਤਰੇ ਤਾਂ ਊਠਣੀ ਤੇ ਬੱਚਾ ਸਾਡੇ ਵੱਲ ਉਤੇਜਿਤ, ਆਸਾਂ ਭਰੇ ਭਾਵਾਂ ਨਾਲ ਦੇਖਣ ਲੱਗੇ। ਨਿਰਸੰਦੇਹ ਉਹ ਕਿਸੇ ਝੁੰਡ ਨਾਲੋਂ ਵਿਛੜ ਗਏ ਸਨ। ਕੈਨੀਆਂ ਰੱਸੇ ਨਾਲ ਬੰਨ੍ਹ ਕੇ ਪਾਣੀ ਕੱਢਣਾ ਸ਼ੁਰੂ ਕੀਤਾ ਗਿਆ। ਸਭ ਨੇ ਰੱਜ ਰੱਜ ਕੇ ਪਾਣੀ ਪੀਤਾ, ਨਹਾਤੇ-ਧੋਤੇ, ਸੁਰਤ ਟਿਕਾਣੇ ਆਈ। ਜਾਨਵਰਾਂ ਨੂੰ ਵੀ ਪਾਣੀ ਪਿਲਾਇਆ ਗਿਆ, ਪਰ ਕੈਨੀਆਂ ਭਰਨ ਤੋਂ ਬਾਅਦ ਖੂਹ ਦਾ ਰਿਸਦਾ ਪਾਣੀ ਜਿੰਨਾ ਕੁ ਉਪਲਬਧ ਸੀ, ਉਨ੍ਹਾਂ ਦੇ ਸਰੀਰਾਂ ਲਈ ਨਾਕਾਫ਼ੀ ਸੀ, ਫਿਰ ਵੀ ਕੁਝ ਤਾਂ ਆਸਰਾ ਹੋ ਗਿਆ ਸੀ। ਘੰਟਾ ਕੁ ਆਰਾਮ ਤੋਂ ਬਾਅਦ ਊਠਣੀ ਤੇ ਬੱਚੇ ਨੂੰ ਉਨ੍ਹਾਂ ਦੀ ਕਿਸਮਤ ਦੇ ਸਹਾਰੇ ਛੱਡ ਕੇ ਸਾਡਾ ਕਾਫਲਾ ਅਗਾਂਹ ਤੁਰ ਪਿਆ।

ਆਹਿਸਤਾ ਆਹਿਸਤਾ ਅਜਿਹੀ ਜ਼ਮੀਨ ਸ਼ੁਰੂ ਹੋ ਗਈ ਜੋ ਪੱਧਰੀ ਸੀ, ਨਾ ਬਿਲਕੁਲ ਰੇਤਲੀ ਸੀ ਨਾ ਬਿਲਕੁਲ ਪਥਰੀਲੀ। ਤਿੱਖੜ ਧੁੱਪ ਵਿਚ ਮਹਿਸੂਸ ਹੁੰਦਾ ਸੀ, ਜਿਵੇਂ ਦੂਰ ਕਿਤੇ ਪਾਣੀ ਝਿਲਮਿਲਾ ਰਿਹਾ ਹੋਵੇ, ਜਿਵੇਂ ਵਿਸ਼ਾਲ ਝੀਲ ਲਰਜ਼ਦੀ ਹੋਵੇ, ਪਰ ਇਹ ਸਭ ਸਰਾਬ (ਮ੍ਰਿਗ ਤ੍ਰਿਸ਼ਨਾ) ਸੀ। ਇਨ੍ਹਾਂ ਲਫ਼ਜ਼ਾਂ ਦੇ ਸੰਪੂਰਨ ਅਰਥ ਅੱਜ ਸਾਹਮਣੇ ਪ੍ਰਤੱਖ ਦੇਖ ਰਹੇ ਸਾਂ। ਕਿਧਰੇ ਕੋਈ ਪਾਣੀ ਨਹੀਂ ਸੀ, ਮਹਿਜ਼ ਨਜ਼ਰਾਂ ਦਾ ਧੋਖਾ ਸੀ। ਜਿੰਨਾ ਇਸ ਸਰਾਬ ਵੱਲ ਵਧਦੇ ਜਾਂਦੇ ਹਾਂ, ਇਹ ਵੀ ਅੱਗੇ ਦੌੜਦਾ ਜਾਂਦਾ ਹੈ। ਬਿਲਕੁਲ ਸਾਡੀ ਜ਼ਿੰਦਗੀ ਵਾਂਗ ਹੀ।

ਸਾਰਾ ਦਿਨ, ਰਾਤ ਦੇ ਪਹਿਲੇ ਪਹਿਰ ਤਕ ਉਹ ਸਫ਼ਰ ਨਿਰੰਤਰ ਚੱਲਦਾ ਰਿਹਾ ਸੀ। ਡੌਂਕਰ ਹੁਣ ਸਾਨੂੰ ਚੌਲ-ਪਾਣੀ ਵਗੈਰਾ ਪਹਿਲਾਂ ਦੀ ਮਿਕਦਾਰ ਨਾਲੋਂ ਥੋੜ੍ਹਾ ਜ਼ਿਆਦਾ ਦੇਣ ਲੱਗ ਪਏ ਸਨ। ਇਸੇ ਕਾਰਨ 6ਵੇਂ ਦਿਨ ਪਾਣੀ ਮੁੱਕ ਵੀ ਗਿਆ। ਦੁਪਹਿਰ ਬਾਅਦ ਪਹਾੜੀ ਦੀ ਗੋਦ ਵਿਚ ਬਣਾਏ ਜ਼ਮੀਨਦੋਜ਼ ਚੁਬੱਚੇ ਕੋਲ ਪਹੁੰਚੇ। ਜਮ੍ਹਾਂ ਪਾਣੀ ਗੰਧਲਾ ਤੇ ਬਦਬੂਦਾਰ ਹੋਣ ਦੇ ਬਾਵਜੂਦ ਸਾਡੇ ਲਈ ਅੰਮ੍ਰਿਤ ਸੀ।

ਚੌਲ ਬਣਾਏ ਗਏ। ਜੀਪਾਂ ਨਾਲ ਲੋਈਆਂ ਬੰਨ੍ਹ ਕੇ ਛਾਂ 'ਚ ਸੁਸਤਾਣ ਲੱਗੇ। ਅਚਾਨਕ ਅੱਖਾਂ ਖੁੱਲ੍ਹੀਆਂ ਤਾਂ ਦੇਖਿਆ, ਸਾਡੇ ਸਿਰਾਂ 'ਤੇ 4-5 ਹਥਿਆਰਬੰਦ ਆਦਮੀ ਆ ਖੜ੍ਹੇ ਹੋਏ ਸਨ। ਸਾਰੇ ਤ੍ਰਭਕ ਕੇ ਉਠੇ। ਸਿਰ-ਮੂੰਹ ਪੱਗਾਂ-ਸਾਫਿਆਂ ਨਾਲ ਵਲੇਟੇ, ਸਾਦੇ ਕੱਪੜਿਆਂ ਵਿਚ, ਆਧੁਨਿਕ ਹਥਿਆਰਾਂ ਨਾਲ। ਅਸੀਂ ਕੋਈ ਫੈਸਲਾ ਨਾ ਕਰ ਸਕੇ ਕਿ ਉਹ ਲੁਟੇਰੇ ਹਨ ਜਾਂ ਸਰਹੱਦਾਂ ਦੇ ਪਹਿਰੇਦਾਰ।

ਦੋਹਾਂ 'ਚੋਂ ਕੋਈ ਵੀ ਹੁੰਦੇ, ਸਾਡੇ ਲਈ ਨੁਕਸਾਨਦੇਹ ਹੀ ਸੀ। ਅਸੀਂ ਘਬਰਾਏ, ਬੌਂਦਲੇ ਆਲੇ-ਦੁਆਲੇ ਡੌਂਕਰਾਂ ਵੱਲ ਦੇਖਣ ਲੱਗੇ। ਦੋ ਜਣੇ ਉਨ੍ਹਾਂ ਨਾਲ ਗੱਲੀਂ ਜੁਟੇ ਸਨ। ਜਿਨ੍ਹਾਂ ਦੀਆਂ ਜੇਬਾਂ ਵਿਚ ਡਾਲਰ, ਯੂਰੋ ਸਨ, ਉਹ ਕੱਢ ਕੇ ਸਾਵਧਾਨੀ ਨਾਲ ਰੇਤ ਵਿਚ ਲੁਕਾਉਣ ਲੱਗ ਪਏ। ਡੌਂਕਰਾਂ ਨੇ ਖ਼ੁਦ ਅਤੇ ਫਿਰ ਉਨ੍ਹਾਂ ਅਜਨਬੀ ਹਥਿਆਰਬੰਦਾਂ ਦੀ ਵਾਇਰਲੈਸ-ਸੈੱਟ 'ਤੇ ਕਿਸੇ ਨਾਲ ਗੱਲਬਾਤ ਕਰਾਈ। 20-25 ਮਿੰਟ ਬਾਅਦ ਪਤਾ ਨਹੀਂ ਆਖਿਰ ਕੀ ਫੈਸਲਾ ਹੋਇਆ, ਕੀ ਸਮਝੌਤਾ ਹੋਇਆ, ਉਹ ਉਥੋਂ ਜਾਣ ਨੂੰ ਉਠ ਖੜ੍ਹੇ ਹੋਏ। ਜਾਂਦੇ ਜਾਂਦੇ ਉਨ੍ਹਾਂ ਨੇ ਛਾਂਟ ਕੇ, ਮੁੰਡਿਆਂ ਦੇ ਚੰਗੇ ਬੂਟਾਂ ਨਾਲ ਆਪਣੇ ਰੱਦੀ ਹੋਏ ਬੂਟਾਂ ਦਾ ਵਟਾਂਦਰਾ ਕੀਤਾ, ਦੋ-ਚਾਰ ਨਜ਼ਰੀਂ ਪਈਆਂ ਘੜੀਆਂ ਕਾਬੂ ਕੀਤੀਆਂ ਤੇ ਪਹਾੜੀ ਦੇ ਪਿੱਛੇ ਉਤਰ ਗਏ।

ਸਾਡਾ ਸਾਹ ਵਿਚ ਸਾਹ ਪਰਤਿਆ। ਬਦਲੇ ਬੂਟਾਂ ਵਾਲੇ ਮੁੰਡੇ ਟੁੱਟੇ ਬੂਟਾਂ ਨੂੰ ਹੱਥਾਂ 'ਚ ਫੜੀ, ਰੋਣਹਾਕੇ ਹੋਏ, ਸੋਚਾਂ ਵਿਚ ਗੁਆਚੇ ਦਿਸੇ; ਜਿਵੇਂ ਫੈਸਲਾ ਕਰ ਰਹੇ ਹੋਣ ਕਿ ਇਥੇ ਹੀ ਸੁੱਟ ਦਈਏ ਜਾਂ ਪਾ ਲਈਏ। ਘੜੀਆਂ ਵਾਲੇ ਵੀ ਪਰੇਸ਼ਾਨ ਸਨ, ਪਰ ਜਦ ਸਾਡਾ ਵਕਤ ਹੀ ਇੰਨਾ ਬੁਰਾ ਸੀ, ਤਾਂ ਵਕਤ ਦੱਸਦੀਆਂ ਘੜੀਆਂ ਇੰਨੀਆਂ ਅਹਿਮ ਨਹੀਂ ਸਨ। ਇੰਨਾ ਸੀ, ਅਗਰ ਉਹ ਲੁਟੇਰੇ-ਡਾਕੂ ਹੁੰਦੇ ਤਾਂ ਇੰਨੀ ਆਸਾਨੀ ਨਾਲ ਸਾਨੂੰ ਨਹੀਂ ਸੀ ਛੱਡਣਾ। ਬੇਸ਼ਕ ਕੁਝ ਲੈ-ਦੇ ਕੇ ਸਮਝੌਤਾ ਹੋਇਆ ਸੀ ਤੇ ਸ਼ਾਇਦ ਉਹ ਸਰਹੱਦਾਂ ਦੇ ਰਾਖੇ ਸਨ!

ਫਿਰ ਜਾਣ ਦੀ ਤਿਆਰੀ ਹੋਣ ਲੱਗੀ। ਅੱਜ ਸਫ਼ਰ ਇੰਨਾ ਜ਼ਿਆਦਾ ਨਹੀਂ ਸੀ ਤੈਅ ਹੋਇਆ, ਇਸ ਗੱਲੋਂ ਕੁਝ ਧਰਵਾਸ ਸੀ; ਪਰ ਫ਼ਿਕਰ ਸੀ ਕਿ ਸਫ਼ਰ ਦਾ ਅੰਤ ਕਦੋਂ ਹੋਵੇਗਾ, ਕਦੋਂ ਕਿਸੇ ਮੁਕਾਮ 'ਤੇ ਪੁੱਜਾਂਗੇ। ਸਾਡੀ ਸਹੂਲਤ ਅਨੁਸਾਰ ਸਫ਼ਰ ਛੇਤੀ ਨਹੀਂ ਸੀ ਮੁੱਕਣਾ, ਜਿਸ ਤੇਜ਼ੀ ਤੇ ਅਸੁਵਿਧਾਜਨਕ ਤਰੀਕੇ ਨਾਲ ਜੀਪਾਂ ਚਲਦੀਆਂ ਸਨ, ਉਹ ਵੀ ਸਾਨੂੰ ਰਾਸ ਨਹੀਂ ਸੀ। ਸਫ਼ਰ ਮੁੱਕੇ ਤਾਂ ਕਿੰਜ ਮੁੱਕੇ, ਕੁਝ ਨਹੀਂ ਸੀ ਸਮਝ ਆਉਂਦੀ।

---

ਸ਼ਾਇਦ ਅਸੀਂ ਦੁਨੀਆ ਦੇ ਤਖ਼ਤੇ 'ਤੇ ਉਹ ਮਹੱਤਵਹੀਣ ਵਸਤਾਂ ਬਣ ਕੇ ਰਹਿ ਗਏ ਸਾਂ ਜਿਨ੍ਹਾਂ ਵਿਚ ਵਕਤ ਦੀ ਦਿਲਚਸਪੀ ਬਿਲਕੁਲ ਵੀ ਨਹੀਂ ਸੀ ਰਹਿ ਗਈ। ਜ਼ਿੰਦਗੀ ਵੀ ਜਿਵੇਂ ਸਾਡੇ ਨਾਲ ਸੰਬੰਧਿਤ ਆਪਣੇ ਕਿਰਿਆ-ਕਲਾਪਾਂ ਤੋਂ ਬੁਰੀ ਤਰ੍ਹਾਂ ਅੱਕ ਗਈ ਹੋਵੇ ਤੇ ਖ਼ਫ਼ਾ ਸੀ, ਜਿਵੇਂ ਜਲਦੀ ਕੋਈ ਕਠੋਰ ਇਕ-ਤਰਫਾ ਫ਼ੈਸਲਾ ਲੈਣ ਬਾਰੇ ਸੋਚ ਰਹੀ ਹੋਵੇ!

ਸਾਡੇ ਤੜਫਦੇ-ਕਲਪਦੇ ਸੁਆਲਾਂ ਦੇ ਜੁਆਬ ਸਾਡੇ ਕੋਲ ਨਹੀਂ ਸਨ। ਡੌਂਕਰ ਜਵਾਬ ਦੇਣਾ ਗ਼ੈਰ ਜ਼ਰੂਰੀ ਸਮਝਦੇ ਸਨ। ਸੂਰਜ, ਚੰਦ, ਤਾਰੇ ਸਾਡੇ ਅਣਜਾਣਪੁਣੇ ਅਤੇ ਉਤਸਕਤਾਵਾਂ ਦੇ ਉਦਾਸੀਨ ਮੂਕ-ਦਰਸ਼ਕ ਬਣੇ ਖ਼ੁਦ 'ਚ ਧਿਆਨ-ਮਗਨ ਨਜ਼ਰ ਆਉਂਦੇ। ਹਰ ਤਰਫ ਫੈਲਿਆ, ਦਿਸਹੱਦੇ ਤਕ ਖਿਲਰਿਆ ਰੇਗਿਸਤਾਨ, ਅਤਿ-ਜਟਿਲ ਪ੍ਰਸ਼ਨਾਂ ਦਾ ਗੁੰਝਲਦਾਰ ਸਵਰੂਪ ਬਣੀ, ਕਿਸੇ ਅਭਿਮਾਨੀ ਵੰਗਾਰ ਵਾਂਗ ਲਲਕਾਰਦਾ, ਹਾਲਾਤ ਨੂੰ ਹੋਰ ਸੰਗੀਨ ਬਣਾ ਰਿਹਾ ਸੀ। ਇਥੋਂ ਹਜ਼ਾਰਾਂ ਮੀਲ ਦੂਰ ਵਿਚਰਦੇ ਕੁਝ ਰਿਸ਼ਤੇ ਜਿਨ੍ਹਾਂ ਲਈ ਅਸੀਂ ਅਤੇ ਸਾਡੇ ਲਈ ਉਹ ਜੀਵਨ ਦਾ ਪਰਸਪਰ ਵਿਸਤਾਰਾਤਮਕ ਰੂਪ ਸਨ। ਇਕ ਨਾਮਾਕੂਲ ਤੇ ਬੇਰਹਿਮ ਕਿਸਮ ਦੀ ਬੇਵਸੀ ਸਾਡੇ ਦਰਮਿਆਨ ਇੰਜ ਪਸਰ ਗਈ ਸੀ ਕਿ ਨਾ ਅਸੀਂ ਕੁਝ ਕਰ ਸਕਦੇ ਸਾਂ ਤੇ ਨਾ ਉਹ ਰਿਸ਼ਤੇ। ਸਾਡਾ ਸਭ ਕੁਝ ਕਾਬੂ ਤੋਂ ਬਾਹਰ ਸੀ।

ਸਾਹਮਣੇ ਜਦ ਵੀ ਉਚੇ ਰੇਤਲੇ ਟਿੱਲੇ ਆਉਂਦੇ ਤਾਂ ਦਿਲ ਬੜੀ ਮਾਸੂਮੀਅਤ ਨਾਲ ਇਹੀ ਉਮੀਦ ਕਰਦਾ ਕਿ ਦੂਰ ਕਿਤੇ ਲੋਕ ਹੋਣਗੇ, ਕੋਈ ਪਿੰਡ ਨਜ਼ਰ ਆਵੇਗਾ, ਪਰ ਜੀਪਾਂ ਉਚਾਈ 'ਤੇ ਪਹੁੰਚਦੀਆਂ ਤਾਂ ਹਰ ਪਾਸੇ ਰੇਤ ਨਜ਼ਰ ਆਉਂਦੀ। ਸਹਾਰਾ ਵਿਚ 'ਗ਼ਾਲਿਬ' ਇਸ ਸ਼ਿਅਰ ਜ਼ਰੀਏ ਕਈ ਦਫ਼ਾ ਯਾਦ ਆਇਆ:

ਸ਼ੋਰੀਦਗੀ ਕੇ ਹਾਥ ਸੇ,
ਹੈ ਸਰ ਵਬਾਲ-ਏ-ਦੋਸ਼,
ਸਹਰਾ ਮੇਂ ਐ ਖ਼ੁਦਾ,
ਕੋਈ ਦੀਵਾਰ ਭੀ ਨਹੀਂ।

ਭਾਵ, ਪਾਗਲਪੁਣੇ ਹੱਥੋਂ ਸਿਰ, ਮੋਢਿਆਂ ਦੀ ਮੁਸੀਬਤ ਬਣਿਆ ਹੈ, ਤੇ ਮਾਰੂਥਲ ਵਿਚ ਕੋਈ ਕੰਧ ਵੀ ਨਹੀਂ... (ਜਿਸ 'ਤੇ ਸਿਰ ਪਟਕਾ-ਪਟਕਾ ਮਾਰ ਸਕਾਂ)। 'ਗ਼ਾਲਿਬ' ਨੇ ਸਹਾਰਾ ਦੀ ਡੌਂਕੀ ਨਹੀਂ ਸੀ ਲਾਈ, ਪਰ ਸਾਡੇ ਜਿਹਿਆਂ ਦੇ ਹਾਲਾਤ 'ਤੇ ਰੇਗਿਸਤਾਨੀ ਸੁਭਾਅ ਦੀ ਤਰਜਮਾਨੀ ਇਸ ਸ਼ਿਅਰ ਵਿਚ ਖ਼ੂਬ ਨਿਭਾਈ ਸੀ।

ਸਾਨੂੰ ਸ਼ੁਰੂ ਤੋਂ ਹੀ ਝੂਠੇ ਦਿਲਾਸੇ ਦੇ ਕੇ ਸ਼ਾਂਤ ਰੱਖਿਆ ਗਿਆ ਸੀ। ਜਦੋਂ ਵੀ ਪੁੱਛਦੇ ਤਾਂ 'ਬੁੱਕਰਾ' (ਕੱਲ੍ਹ) ਦਾ ਲਾਰਾ ਸਾਡੇ ਹੱਥਾਂ ਵਿਚ ਖਿਡੌਣੇ ਵਾਂਗ ਦੇ ਕੇ ਵਰਾ ਦਿੱਤਾ ਜਾਂਦਾ। ਅਗਰ ਸ਼ੁਰੂ ਵਿਚ ਹੀ ਭੇਤ ਖੋਲ੍ਹ ਦਿੰਦੇ ਕਿ ਕਿੰਨੇ ਕੁ ਦਿਨ ਇਹ ਦਹਿਸ਼ਤੀ ਅਤੇ ਮਾਰੂ ਸਫ਼ਰ ਚੱਲਣਾ ਸੀ ਤਾਂ ਸਭ ਨੇ ਪਹਿਲੇ ਦਿਨ ਹੀ ਦਿਲ ਛੱਡ ਜਾਣੇ ਸੀ, ਦਿਮਾਗੀ ਤੌਰ 'ਤੇ ਇੰਨਾ ਸਬਰ ਕਦੇ ਵੀ ਨਹੀਂ ਸੀ ਕਰ ਸਕਣਾ। ਸੋ ਆਸਾਂ, ਲਾਰਿਆਂ ਤੇ ਦਿਲਾਸਿਆਂ ਦੇ ਆਸਰੇ ਸਫ਼ਰ ਕੱਟਦਾ ਗਿਆ ਸੀ।

ਸੋਨੂੰ ਦੀ ਮੌਤ ਦੀ ਖ਼ਬਰ ਦੇ ਜਵਾਬ ਵਿਚ 'ਮਾਲੀ' ਤੋਂ ਰਾਜੇਸ਼ ਨੇ ਫੋਨ 'ਤੇ ਬੰਟੀ ਅਰਬੀ ਨੂੰ ਧਮਕੀ ਭਰੇ ਲਹਿਜ਼ੇ 'ਚ ਹੁਕਮ ਦਿੱਤਾ: "ਜਦੋਂ ਵੀ ਸੋਨੂੰ ਦੇ ਘਰਦਿਆਂ ਨਾਲ ਗੱਲ ਹੋਵੇ, ਤਾਂ ਕਹੀਂ ਕਿ ਉਹ 'ਹਾਰਟ-ਅਟੈਕ' ਨਾਲ ਮਰਿਆ; ਇਹ ਨਾ ਕਹੀਂ ਕਿ ਭੁੱਖ-ਪਿਆਸ, ਗਰਮੀ-ਬੁਖ਼ਾਰ ਨਾਲ ਮੌਤ ਹੋਈ। ਤੂੰ ਜਾਂ ਹੋਰ ਕਿਸੇ ਨੇ ਕੁਝ ਗ਼ਲਤ ਕਿਹਾ ਤਾਂ ਉਸ ਨੂੰ ਅੱਗੇ ਜਾਣ ਤੋਂ ਰੋਕ ਲਵਾਂਗੇ। ਫਿਰ ਜਦੋਂ ਸਾਡਾ ਦਿਲ ਕਰੂ, ਉਦੋਂ ਹੀ ਭੇਜਾਂਗੇ... ਸਮਝ ਗਿਐਂ? ਤੂੰ ਜੇ ਸਾਥੋਂ ਬਾਹਰ ਗਿਆ ਤਾਂ ਹਾਲ ਮਾੜਾ ਹੋਊ...!" ਬੰਟੀ ਅਰਬੀ ਸੋਨੂੰ ਦੇ ਨੇੜਲੇ ਪਿੰਡ ਦਾ ਹੀ ਸੀ ਅਤੇ ਉਸੇ ਦਿਨ ਤੋਂ ਖ਼ਫ਼ਾ ਸੀ ਕਿ "ਸੋਨੂੰ ਦੇ ਘਰਦਿਆਂ ਨੂੰ ਸਭ ਕੁਝ ਦੱਸਾਂਗਾ ਕਿ ਏਜੰਟਾਂ, ਡੌਂਕਰਾਂ ਕਰ ਕੇ ਹੀ ਸੋਨੂੰ ਮਰਿਆ ਸੀ।" ਪਰ ਰਜੇਸ਼ ਦਾ ਫੋਨ ਸੁਣ ਕੇ, ਉਸ ਦੇ ਅਤੇ ਹੋਰ ਕਿਸੇ ਦੇ ਦਿਲ ਵਿਚ ਜੋ ਗੁੱਸਾ, ਰੋਹ ਸੀ ਵੀ, ਤਾਂ ਹੁਣ ਧਮਕੀ ਦੀ ਖ਼ੁਰਾਕ ਹੋ ਗਿਆ ਸੀ। ਬੰਟੀ ਅਰਬੀ ਨੇ ਦਰਸ਼ਨੀ ਅਫ਼ਸੋਸ ਵਿਚ ਆਪਣੀ ਕਾਇਰਤਾ ਤੇ ਡਰ ਛੁਪਾਇਆ: "ਸੋਨੂੰ ਵਿਚਾਰੇ ਦੀ ਤਾਂ ਆਈ ਸੀ, ਹੁਣ ਆਪਾਂ ਕੀ ਕਰ ਸਕਦੇ ਹਾਂ... ਹਨਾਂ?" ਉਸ ਨਾਲ ਕਈ ਹੋਰ ਸਿਰ ਵੀ ਪੂਰਨ ਸਹਿਮਤੀ 'ਚ ਹਿੱਲ ਗਏ।

7ਵੇਂ ਦਿਨ ਗੱਡੀਆਂ ਦੇ ਟਾਇਰਾਂ ਥੱਲੇ ਫਿਰ ਰੇਤਲੇ ਟਿੱਬੇ ਆ ਗਏ ਸਨ। ਮਨ ਬੁਰੀ ਤਰ੍ਹਾਂ ਬੇਜ਼ਾਰ ਹੋ ਗਿਆ ਸੀ। ਉਹੀ ਰੇਤ, ਪੱਥਰ, ਟਿੱਲੇ ਦੇਖ ਦੇਖ ਕੇ ਜੀ ਉਚਾਟ ਹੋ ਗਿਆ ਸੀ। ਜਦੋਂ ਇਨਸਾਨ ਖ਼ੁਦ ਨੂੰ ਬੇਵਸ, ਲਾਚਾਰ ਨਜ਼ਰ ਆਉਂਦਾ ਏ, ਬਹੁਤ ਕਮਜ਼ੋਰ ਮਹਿਸੂਸ ਕਰਦਾ ਹੈ, ਕਿਉਂਕਿ ਚਾਹੁਣ ਦੇ ਬਾਵਜੂਦ ਕੁਝ ਨਹੀਂ ਕਰ ਪਾਉਂਦਾ ਤੇ ਬਿਲਕੁਲ ਇਸੇ ਵਕਤ ਰੱਬ ਨੂੰ ਬੜੀ ਸ਼ਿੱਦਤ ਨਾਲ ਯਾਦ ਕਰਦਾ ਹੈ। ਮੈਨੂੰ ਵੀ ਪਹਿਲੇ ਦਿਨ ਤੋਂ ਹੀ ਇਸੇ ਮਨੋਸਥਿਤੀ ਤਹਿਤ ਸ਼ੀਸ਼ੇ ਵਾਂਗ ਸਾਫ਼ ਅਸਮਾਨ ਵਿਚ ਧੁੰਦਲਾ, ਅਸਪਸ਼ਟ ਜਿਹਾ ਆਕਾਰ ਮਹਿਸੂਸ ਹੁੰਦਾ ਸੀ ਜੋ ਮੇਰੇ ਵੱਲ ਮਿਹਰ ਭਰਿਆ ਤੇ ਦਿਆਲੂ ਧਰਵਾਸ ਦਿੰਦਾ ਲੱਗਦਾ ਸੀ!

ਪਾਣੀ ਅੱਜ ਵੀ ਤਕਰੀਬਨ ਖ਼ਤਮ ਹੋਣ ਕੰਢੇ ਸੀ। ਇਕ ਉਚੇ ਟਿੱਲੇ 'ਤੇ ਜੀਪਾਂ ਚੜ੍ਹੀਆਂ ਤਾਂ ਸੁਖਦ ਨਜ਼ਾਰਾ ਦਿਸਿਆ। ਕੋਈ ਬੰਦਾ ਊਠ ਪਿੱਛੇ ਰੱਸੇ ਬੰਨ੍ਹ ਕੇ, ਮਸ਼ਕ ਰਾਹੀਂ ਖੂਹ ਵਿਚੋਂ ਪਾਣੀ ਕੱਢ ਕੇ ਖੁੱਲ੍ਹੇ ਖਾਤੇ ਵਿਚ ਭਰ ਰਿਹਾ ਸੀ। ਵੱਡੇ ਖਾਤੇ ਵਿਚੋਂ 20-25 ਊਠਾਂ ਦਾ ਝੁੰਡ ਪਾਣੀ ਪੀ ਰਿਹਾ ਸੀ। ਤਿੰਨ ਜਣੇ ਉਨ੍ਹਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਨੇੜੇ ਹੀ ਕੱਚਾ ਜਿਹਾ ਕਮਰਾ ਤੇ ਕਾਨਿਆਂ ਦੀ ਛੰਨ ਸੀ।



ਸਾਨੂੰ ਇਕ ਧੋੜ੍ਹੇ ਪਿੱਛੇ ਲਿਜਾਇਆ ਗਿਆ। ਫਿਰ ਇਕ ਜੀਪ ਵਿਚ ਸਾਰੀਆਂ ਖ਼ਾਲੀ ਕੈਨੀਆਂ ਅਤੇ 4 ਮੁੰਡੇ (ਮੇਰੇ ਸਮੇਤ) ਲੱਦ ਕੇ ਵਾਪਿਸ ਖੂਹ 'ਤੇ ਆਏ। ਖੂਹ ਦਾ ਮਾਲਕ ਪਾਣੀ ਵੇਚ ਰਿਹਾ ਸੀ। ਰੇਗਿਸਤਾਨ ਦੇ ਜਹਾਜ਼ਾਂ ਨੇ ਆਪਣੀਆਂ ਸਰੀਰਕ ਟੈਂਕੀਆਂ ਪਾਣੀ ਨਾਲ ਫੁੱਲ ਕਰ ਕੇ ਇਕ ਦਿਸ਼ਾ ਨੂੰ ਚਾਲੇ ਪਾ ਦਿੱਤੇ। ਹੁਣ ਕਈ ਦਿਨਾਂ ਤਕ ਊਠਾਂ ਨੂੰ ਪਾਣੀ ਦੀ ਜ਼ਰੂਰਤ ਨਹੀਂ ਸੀ ਪੈਣੀ।

ਅਸੀਂ ਰੱਜ ਰੱਜ ਕੇ, ਸਗੋਂ ਜ਼ਰੂਰਤ ਤੋਂ ਜ਼ਿਆਦਾ ਹੀ ਪਾਣੀ ਪੀਤਾ ਤੇ ਨਹਾਉਣ ਤਕ ਗਏ। ਡੌਂਕਰ ਨੇ ਖੂਹ ਦੇ ਮਾਲਕ ਨੂੰ ਕੁਝ 'ਸੀਫੇ' ਜਾਂ ਹੋਰ ਕਰੰਸੀ ਤੇ ਕੁਝ ਖਾਣ ਦੀਆਂ ਚੀਜ਼ਾਂ ਦੇ ਪੈਕੇਟ ਦਿੱਤੇ। ਫਿਰ ਭਰੀਆਂ ਕੈਨੀਆਂ ਸਣੇ ਵਾਪਸ ਕਾਫ਼ਲੇ ਕੋਲ ਪਹੁੰਚੇ। ਇਥੇ ਸਭ ਤੋਂ ਪਾਸਪੋਰਟ ਹਾਸਲ ਕਰ ਕੇ ਡੌਂਕਰਾਂ ਨੇ ਵਿਸ਼ੇਸ਼ ਨਿਸ਼ਾਨੀ ਦੇ ਹਿਸਾਬ ਨਾਲ ਸੰਭਾਲ, ਲਪੇਟ ਕੇ ਰੇਤ ਵਿਚ ਦੱਬ ਦਿੱਤੇ। ਯਕੀਨਨ ਵਾਪਸੀ 'ਤੇ ਕਿਸੇ ਨੇੜਲੇ ਸੜਕੀ ਰਸਤੇ ਥਾਣੀਂ ਆ ਕੇ, ਕੱਢ ਕੇ ਮਾਲੀ ਪਹੁੰਚਾਉਣਗੇ। ਫਿਰ ਇਨ੍ਹਾਂ ਦੇ ਬਦਲੇ ਏਜੰਟਾਂ ਨੇ ਯੂਰਪ ਪਹੁੰਚੇ ਮੁੰਡਿਆਂ ਤੋਂ ਬਤੌਰ ਫ਼ਾਲਤੂ ਮੁਨਾਫ਼ਾ 50-60 ਹਜ਼ਾਰ ਰੁਪਏ ਤਕ ਪ੍ਰਤੀ ਪਾਸਪੋਰਟ ਵਸੂਲਣਾ ਸੀ; ਫਿਲਹਾਲ ਸਾਨੂੰ ਇਸ ਯੋਜਨਾ ਬਾਰੇ ਕੋਈ ਇਲਮ-ਅੰਦਾਜ਼ਾ ਨਹੀਂ ਸੀ।

ਸਭ ਨੇ ਪਾਣੀ ਪੀਤਾ। ਸਤਾਸੀ ਤੋਂ ਕੈਨੀ ਵਿਚੋਂ ਥੋੜ੍ਹਾ ਪਾਣੀ ਰੁੜ੍ਹ ਗਿਆ ਤਾਂ ਡੌਂਕਰ ਨੇ ਦੋ-ਤਿੰਨ ਥੱਪੜ ਕੱਢ ਮਾਰੇ, ਪਰ ਕੋਈ ਵੀ ਨਾ ਕੁਸਕਿਆ, ਸਭ ਲਹੂ ਦੇ ਘੁੱਟ ਪੀ ਕੇ ਰਹਿ ਗਏ। ਸਤਾਸੀ ਅੱਖਾਂ ਭਰੀ ਗੱਲ੍ਹਾਂ ਫੜ ਕੇ ਬਹਿ ਗਿਆ। ਬੁਰੇ ਵਕਤ ਨੇ ਨਪੁੰਸਕ ਸੋਚਾਂ ਦਾ ਜ਼ਹਿਰ ਸਾਡੇ ਜ਼ਿਹਨਾਂ ਵਿਚ ਡੋਲ੍ਹ ਦਿੱਤਾ ਸੀ ਜੋ ਰਿਸ ਰਿਸ ਕੇ ਸਰੀਰ ਦੀਆਂ ਨਾੜਾਂ ਵਿਚ ਫੈਲਦਾ ਗਿਆ ਸੀ। ਅਸੀਂ ਨਪੁੰਸਕਤਾ ਨਾਲ ਬੋਝਲ 38 ਕਿੰਨਰ ਖੜ੍ਹੇ ਸਾਂ, ਆਪੇ ਤਮਾਸ਼ਾਈ, ਆਪੇ ਤਮਾਸ਼ਬੀਨ।

ਜੀਪਾਂ ਉਸ ਰਾਤ ਆਮ ਤੋਂ ਕਿਤੇ ਜ਼ਿਆਦਾ ਵਕਤ ਚੱਲਦੀਆਂ ਰਹੀਆਂ। ਸ਼ਾਇਦ ਡੌਂਕਰ ਪਿਛਲੇ ਦਿਨ ਦੀ ਕਮੀ ਅੱਜ ਪੂਰੀ ਕਰਨਾ ਚਾਹੁੰਦੇ ਸੀ। ਰਾਤ ਦੇ 9-10 ਦਾ ਵਕਤ ਹੋਵੇਗਾ ਜਦੋਂ ਇਕ ਦਮ ਜੀਪਾਂ ਦੀ ਗਤੀ ਤੇਜ਼ ਹੋ ਗਈ। ਜ਼ਮੀਨ ਉਚੀ-ਨੀਵੀਂ ਸੀ, ਜੀਪ ਜਦ ਉਛਾਲ ਭਰ ਕੇ ਡਿੱਗਦੀ ਤਾਂ ਸੱਟ ਨਾਲ ਸਰੀਰ ਦੇ ਹਰ ਜੋੜ-ਕੋਨੇ ਦੇ ਪੇਚ ਢਿੱਲੇ ਹੋ ਜਾਂਦੇ, ਦਰਦ ਨਾਲ ਚੀਕਾਂ ਨਿਕਲ ਜਾਂਦੀਆਂ, ਖਾਸ ਕਰ ਕੇ ਪਿੱਠ ਤੇ ਧੌਣ ਦਾ 'ਕੱਲਾ 'ਕੱਲਾ ਜੋੜ ਟੁੱਟਦਾ-ਤਿੜਕਦਾ ਮਹਿਸੂਸ ਹੁੰਦਾ। ਜੀਪਾਂ ਹਰ ਮੁਮਕਿਨ ਤੇਜ਼ ਗਤੀ ਨਾਲ ਉਡਦੀਆਂ ਜਾਪਦੀਆਂ ਸਨ। ਅਸੀਂ ਡਿੱਗਦੇ-ਢਹਿੰਦੇ, ਚੀਕਦੇ-ਚਿਲਾਉਂਦੇ ਪਿੱਛੇ ਦੇਖਣ ਲੱਗੇ ਕਿ ਫਿਰ ਕਿਤੇ ਕੋਈ ਭੂਤ-ਚੁੜੇਲਾਂ ਤਾਂ ਨਹੀਂ ਪਿੱਛੇ ਪੈ ਗਏ!

ਇਸ ਵਾਰ ਕਾਰਨ ਹੋਰ ਸੀ, ਦੂਰ ਇਕ ਪਾਸਿਓਂ ਚਾਰ ਗੋਲ ਲਾਈਟਾਂ ਸਾਡੇ ਪਿੱਛੇ ਲਪਕਦੀਆਂ ਨਜ਼ਰੀਂ ਪਈਆਂ। ਦੋ ਗੱਡੀਆਂ ਮੁਕੰਮਲ ਰਫ਼ਤਾਰ ਨਾਲ ਸਾਨੂੰ ਘੇਰਾ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਸਨ। ਅਸੀਂ ਬੜੀ ਖ਼ਤਰਨਾਕ ਹਾਲਤ ਵਿਚ ਜੀਪ ਦੇ ਕੋਨੇ-ਖੂੰਜੇ, ਡਰੰਮ-ਰੱਸੇ ਫੜੀ, ਇਕ ਦੂਜੇ ਨੂੰ ਚਿੰਬੜੇ ਬੈਠੇ ਸਾਂ। ਉਛਲ ਕੇ ਡਰੰਮਾਂ ਅਤੇ ਜੀਪ 'ਤੇ ਡਿੱਗਦੇ ਤਾਂ ਲੇਰਾਂ ਨਿਕਲ ਜਾਂਦੀਆਂ। ਜੀਪ ਤੋਂ ਥੱਲੇ ਡਿੱਗਣ ਦੀ ਦਹਿਸ਼ਤ ਨਾਲ ਹਾਰਟ-ਅਟੈਕ ਹੋਣ ਨੂੰ ਫਿਰਦਾ ਸੀ।

ਤਿੰਨੇ ਜੀਪਾਂ ਨੇ ਪੂਰੀ ਸਪੀਡ ਨਾਲ ਆਪਣੀ ਸਾਰੀ ਵਾਹ ਲਾਈ ਹੋਈ ਸੀ। ਪਿੱਛਿਓਂ ਅਚਾਨਕ ਧਮਾਕੇ ਸੁਣਾਈ ਦਿੱਤੇ; ਯਕੀਨਨ ਗੋਲੀਆਂ ਚੱਲੀਆਂ ਸਨ। ਪਤਾ ਨਹੀਂ ਲੁਟੇਰੇ-ਡਕੈਤ ਸਨ ਜਾਂ ਫੌਜੀ, ਜੋਖ਼ਿਮ ਦੋਹਾਂ ਪਾਸਿਓਂ ਸੀ। ਡਰ ਨਾਲ ਸਭ ਦੀ ਜਾਨ ਮੁੱਠੀ ਵਿਚ ਆਈ ਹੋਈ ਸੀ। ਰਹਿ ਰਹਿ ਕੇ ਪਿੱਛਿਓਂ ਗੋਲੀਆਂ ਚੱਲਦੀਆਂ ਰਹੀਆਂ, ਲਾਈਟਾਂ ਪਹਿਲਾਂ ਨਾਲੋਂ ਕਰੀਬ ਹੁੰਦੀਆਂ ਮਹਿਸੂਸ ਹੋਈਆਂ। ਇਕ ਵਾਰ ਤਾਂ ਫਾਸਲਾ ਇੰਨਾ ਰਹਿ ਗਿਆ ਕਿ ਵਾਹਨਾਂ ਦੇ ਧੁੰਦਲੇ ਆਕਾਰ ਵੀ ਨਜ਼ਰ ਆਉਣ ਲੱਗੇ। ਫਿਰ ਬਸ ਡੌਂਕਰਾਂ ਨੇ ਝੋਲਾਂ ਮਾਰ ਮਾਰ ਕੇ ਉਹ ਅੰਨ੍ਹਿਆਂ ਵਾਂਗ ਗੱਡੀਆਂ ਨੱਪੀਆਂ, ਜਿਵੇਂ ਮੂੰਹ ਅੱਡੀ, ਸਾਨੂੰ ਨਿਗਲਣ ਲਈ ਪਰਲੋ ਪਿੱਛੇ ਉਡਦੀ ਆਉਂਦੀ ਹੋਵੇ। ਸਾਫ਼ ਲੱਗਦਾ ਸੀ, ਅਸੀਂ ਗ਼ਲਤ ਦਿਸ਼ਾ ਵੱਲ ਦੌੜ ਪਏ ਸਾਂ, ਪਰ ਫਿਲਹਾਲ ਜ਼ਰੂਰੀ ਸੀ ਕਿ ਪਿਛਲੇ ਅਗਿਆਤ ਹਮਲਾਵਰਾਂ ਤੋਂ ਜਾਨ ਬਚਾਉਣੀ!

ਮੁੰਡੇ ਰੋ ਰਹੇ ਸਨ, ਚੀਕ ਰਹੇ ਸਨ, ਗਾਲ੍ਹਾਂ ਕੱਢ ਰਹੇ ਸਨ। ਕੁਝ ਭੈਅ ਨਾਲ ਇੰਜ ਜੜ ਹੋ ਗਏ, ਜਿਵੇਂ ਮਰ ਕੇ ਪਥਰਾ ਗਏ ਹੋਣ। ਖ਼ੁਦ ਦੀ ਜ਼ਿੰਮੇਵਾਰੀ ਖ਼ੁਦ 'ਤੇ ਸੀ, ਡਿੱਗਣ ਦਾ ਸਿੱਧਾ ਮਤਲਬ ਸੀ ਮੌਤ! ਕੋਈ ਗੋਲੀਆਂ ਦਾ ਸ਼ਿਕਾਰ ਵੀ ਹੋ ਸਕਦਾ ਸੀ। ਕੋਈ ਅੱਧਾ ਕੁ ਘੰਟਾ ਇਹ ਹੌਲਨਾਕ ਸੰਘਰਸ਼ ਪੂਰੇ ਜ਼ੋਰ-ਸ਼ੋਰ ਨਾਲ ਚੱਲਦਾ ਰਿਹਾ।

ਇਹ ਸਾਡੇ ਬੇਹੱਦ ਘਟੀਆ ਡੌਂਕਰਾਂ ਦੀ ਬੇਹੱਦ ਵਧੀਆ ਡਰਾਇਵਿੰਗ ਸੀ ਕਿ ਸਾਡੇ ਤੇ ਸਾਡੇ ਅਣਪਛਾਤੇ ਦੁਸ਼ਮਣਾਂ ਦਰਮਿਆਨ ਹੌਲੀ ਹੌਲੀ ਫਾਸਲਾ ਵਧਣਾ ਸ਼ੁਰੂ ਹੋ ਗਿਆ। ਪਿਛਲੀਆਂ ਲਾਈਟਾਂ ਦੂਰ ਹੁੰਦੀਆਂ ਹੁੰਦੀਆਂ ਹਨੇਰੇ ਵਿਚ ਲੋਪ ਹੋ ਗਈਆਂ। ਡੌਂਕਰ ਸਾਨੂੰ ਅਤੇ ਖ਼ੁਦ ਨੂੰ ਗੋਲੀਆਂ ਦੇ ਸਾਏ ਹੇਠੋਂ ਕੱਢ ਲਿਆਏ ਸਨ, ਪਰ ਜੀਪਾਂ ਬੜੀ ਦੇਰ ਤਕ, ਬੜੀ ਦੂਰ ਤਕ ਉਂਜ ਹੀ ਦੌੜਦੀਆਂ ਰਹੀਆਂ। ਅਸੀਂ ਪਿੱਛੇ ਉਛਲਦੇ ਰਹੇ, ਡਿੱਗਦੇ ਰਹੇ, ਰੋਂਦੇ ਰਹੇ, ਚੀਕਦੇ ਰਹੇ, ਕਲਪਦੇ ਰਹੇ। ਡੌਂਕਰਾਂ ਨੂੰ ਇਨ੍ਹਾਂ ਬੇਹੱਦ ਮਾਮੂਲੀ ਗੱਲਾਂ ਦੀ ਜ਼ਰਾ ਵੀ ਪਰਵਾਹ ਨਹੀਂ ਸੀ। ਉਹ ਛੇਤੀ ਤੋਂ ਛੇਤੀ ਇਸ ਇਲਾਕੇ 'ਚੋਂ ਦੂਰ ਨਿਕਲ ਜਾਣਾ ਚਾਹੁੰਦੇ ਸਨ।

ਇਕ ਥਾਂ ਊਠਾਂ ਨਾਲ ਘਿਰੇ ਡੇਰੇ ਤੋਂ ਰਾਹ ਤੇ ਦਿਸ਼ਾ ਬਾਰੇ ਜਾਣਕਾਰੀ ਲਈ ਅਤੇ ਜੀਪਾਂ ਫਿਰ ਦੌੜਾ ਦਿੱਤੀਆਂ। ਉਨ੍ਹਾਂ ਇੰਨੀ ਤਸਦੀਕ ਕਰਨੀ ਵੀ ਗਵਾਰਾ ਨਾ ਕੀਤੀ ਕਿ ਪਿੱਛੇ ਲਟਕਦੇ-ਢਹਿੰਦੇ ਜ਼ਿੰਦਗੀਆਂ ਵਿਚੋਂ ਕੋਈ ਡਿੱਗ ਤਾਂ ਨਹੀਂ ਗਿਆ, ਜਾਂ ਕੋਈ ਮਰ ਤਾਂ ਨਹੀਂ ਗਿਆ!

ਵਿਸ਼ਾਲ, ਉਜਾੜ ਰੇਗਿਸਤਾਨ 'ਚੋਂ ਖ਼ਤਰਾ ਪਤਾ ਨਹੀਂ ਕਿਥੋਂ ਜ਼ਮੀਨ ਪਾੜ ਕੇ ਜਾਂ ਅਸਮਾਨ 'ਚੋਂ ਟਪਕ ਕੇ ਇਕ ਦਮ ਕਿਸ ਕਿਸ ਰੂਪ ਵਿਚ, ਕਿਹੜੇ ਕਿਹੜੇ ਪਾਸਿਓਂ ਸਾਡੇ ਵੱਲ ਇੰਜ ਭੱਜਿਆ ਆਉਂਦਾ ਸੀ, ਜਿਵੇਂ ਚੁੰਬਕ ਵੱਲ ਲੋਹਾ ਖਿੱਚਿਆ ਆਉਂਦਾ ਹੋਵੇ। ਇਸ ਵਾਰ ਰੱਬ ਰੱਬ ਕਰਦਿਆਂ ਸਾਨੂੰ ਜਦੋਂ ਕੁਝ ਘੜੀ ਆਰਾਮ ਕਰਨਾ ਨਸੀਬ ਹੋਇਆ, ਉਦੋਂ ਲਗਭਗ 3 ਵਜ ਚੁੱਕੇ ਸਨ, ਰਾਤ ਦੇ ਕਹਿ ਲਓ ਜਾਂ ਸਵੇਰ ਦੇ...।

**(ਚਲਦਾ)**

ਕਹਾਣੀ

# ਚਾਨਣ ਕਤਲ ਨਹੀਂ ਹੁੰਦੇ

***ਸਾਢੇ ਤਿੰਨ-ਚਾਰ ਦਹਾਕੇ ਪਹਿਲਾਂ ਜਦੋਂ ਨਰਿੰਦਰ ਭੁੱਲਰ (23 ਅਗਸਤ 1957-16 ਅਗਸਤ 2007) ਨੇ ਸਾਹਿਤ ਦੇ ਖੇਤਰ ਵਿਚ ਪੈਰ ਧਰਿਆ ਸੀ ਤਾਂ ਆਮ ਬੰਦੇ ਦੀਆਂ ਹੱਡ-ਬੀਤੀਆਂ ਉਸ ਦੇ ਅੰਗ-ਸੰਗ ਸਫਰ ਕਰ ਰਹੀਆਂ ਸਨ ਅਤੇ ਇਹ ਹੱਡ-ਬੀਤੀਆਂ ਉਸ ਦੀਆਂ ਰਚਨਾਵਾਂ ਅੰਦਰ ਵੀ ਅਛੋਪਲੇ ਜਿਹੇ ਆਣ ਬੈਠੀਆਂ। ਉਹਦੀ ਹਰ ਰਚਨਾ ਵਿਚ ਭਵਿੱਖ ਦੀ ਤਾਂਘ ਠਾਠਾਂ ਮਾਰਦੀ ਦਿਸ ਹੀ ਜਾਂਦੀ ਹੈ। ਪਿਛਲੇ ਹਫਤੇ ਅਸੀਂ 16 ਅਗਸਤ ਨੂੰ ਉਹਦੀ 10ਵੀਂ ਬਰਸੀ ਮੌਕੇ ਪੱਤਰਕਾਰੀ ਅਤੇ ਰਾਜਨੀਤੀ ਬਾਰੇ ਉਸ ਦਾ ਇਕ ਅਹਿਮ ਲੇਖ ਆਪਣੇ ਪਾਠਕਾਂ ਨਾਲ ਸਾਂਝਾ ਕੀਤਾ ਸੀ। ਐਤਕੀਂ 23 ਅਗਸਤ ਨੂੰ ਉਹਦੇ 60ਵੇਂ ਜਨਮ ਦਿਨ 'ਤੇ ਉਹਨੂੰ ਉਹਦੀ ਇਕ ਕਹਾਣੀ 'ਚਾਨਣ ਕਤਲ ਨਹੀਂ ਹੁੰਦੇ' ਨਾਲ ਯਾਦ ਕਰ ਰਹੇ ਹਾਂ। ਇਸ ਕਹਾਣੀ ਦਾ ਨਾਇਕ ਉਹ ਰਾਜਸ਼ੇਖਰ ਹੈ ਜੋ ਨਿੱਘਰ ਚੁਕੇ ਨਿਜ਼ਾਮ ਨੂੰ ਬਦਲਣ ਲਈ ਘਰੋਂ ਨਿਕਲ ਤੁਰਦਾ ਹੈ। -ਸੰਪਾਦਕ***

**ਨਰਿੰਦਰ ਸਿੰਘ ਭੁੱਲਰ**

ਰਾਤ ਅੱਧੀਓਂ ਵਧ ਗੁਜ਼ਰ ਗਈ ਸੀ। ਅਸਮਾਨ ਤਾਰਿਆਂ ਨਾਲ ਭਰਿਆ ਪਿਆ ਸੀ। ਕਿਤੇ ਕਿਤੇ ਟਾਂਵੀਆਂ-ਟਾਂਵੀਆਂ ਬੱਦਲੀਆਂ ਤਰ ਰਹੀਆਂ ਸਨ। ਚੰਨ ਦੀਆਂ ਰਿਸ਼ਮਾਂ ਰੁੱਖਾਂ ਦੇ ਪੱਤਿਆਂ ਵਿਚੋਂ ਝਰ-ਝਰ ਉਹਦੇ ਮੂੰਹ ਉਤੇ ਪੈ ਰਹੀਆਂ ਸਨ। ਉਸ ਪਾਸਾ ਪਰਤਿਆ ਤੇ ਅੱਖਾਂ ਤੋਂ ਬਾਂਹ ਵਲਾ ਕੇ ਫਿਰ ਸੌਂ ਗਿਆ। ਅਚਾਨਕ ਇਕ ਚੁਗਲ ਆਵਾਜ਼ ਕਰਦਾ ਹੋਇਆ ਪੱਤਿਆਂ ਵਿਚੋਂ ਦੀ ਲੰਘ ਗਿਆ। ਤ੍ਰਭਕ ਕੇ ਉਹ ਉਠ ਬੈਠਾ ਤੇ ਹੱਥ ਬਿਜਲੀ ਦੀ ਫੁਰਤੀ ਨਾਲ ਲੱਕ ਦੁਆਲੇ ਲਟਕ ਰਹੇ ਪਿਸਤੌਲ 'ਤੇ ਜਾ ਪਿਆ। ਉਹਨੇ ਨੀਝ ਲਾ ਕੇ ਆਲੇ-ਦੁਆਲੇ ਦੇਖਿਆ, ਪਰ ਕੁਝ ਵੀ ਨਹੀਂ ਸੀ। ਉਹੋ ਰੁੱਖਾਂ ਦੀ ਸਾਂ-ਸਾਂ, ਬੀਂਡਿਆਂ ਦੀ ਆਵਾਜ਼, ਤਾਰਿਆਂ ਦੀ ਝਿਲਮਿਲ, ਚੰਨ ਦੀ ਰੋਸ਼ਨੀ।

ਉਸ ਸਿਰਹਾਣਾ ਬਣਾ ਕੇ ਰੱਖੇ ਸਾਫੇ ਨੂੰ ਖੋਲ੍ਹਿਆ, ਪਿੱਠ ਨਾਲ ਚੰਬੜ ਗਏ ਪੱਤਿਆਂ, ਨਿੱਕੇ ਨਿੱਕੇ ਰੋੜਾਂ ਨੂੰ ਝਾੜਿਆ, ਪੈਰੀਂ ਜੁੱਤੀ ਅੜਾਈ ਅਤੇ ਤੁਰ ਪਿਆ।

ਅੱਜ ਪੂਰਾ ਦਿਨ ਉਸ ਕੁਝ ਵੀ ਨਹੀਂ ਸੀ ਖਾਧਾ। ਸਾਰਾ ਦਿਨ ਆਬਾਦੀ ਤੋਂ ਦੂਰ ਕਿਸੇ ਬੰਦੇ ਦੇ ਮੱਥੇ ਲਗਣੋਂ ਬਚਦਾ, ਉਹ ਲੁਕਿਆ ਰਿਹਾ ਸੀ। ਹੁਣ ਜਦੋਂ ਅਚਾਨਕ ਜਾਗ ਖੁੱਲ੍ਹੀ ਤਾਂ ਉਹਨੂੰ ਢਿੱਡ ਵਿਚ ਖੋਹ ਪੈਂਦੀ ਲੱਗੀ। ਅੰਦਰੋਂ ਜਿਵੇਂ ਕੁਝ ਟੁਟ ਰਿਹਾ ਸੀ।

ਉਹਨੂੰ ਰਾਮਪਾਲ ਦਾ ਖਿਆਲ ਆਇਆ ਤਾਂ ਉਸੇ ਵਲ ਹੋ ਤੁਰਿਆ। ਸੜਕ ਕੋਈ ਡੇਢ ਕੁ ਮੀਲ ਸੀ ਤੇ ਸੜਕੋਂ ਪਾਰ ਰਾਮਪਾਲ ਦਾ ਸ਼ਹਿਰ।

ਰਾਮਪਾਲ ਉਹਦਾ ਕਾਲਜ ਸਮੇਂ ਦਾ ਦੋਸਤ ਸੀ। ਬੜਾ ਸਾਊ ਤੇ ਮਿੱਠ-ਬੋਲੜਾ, ਪਰ ਦੱਬੂ। ਉਹ ਹਮੇਸ਼ਾ ਰਾਜਸ਼ੇਖਰ ਨੂੰ ਵਿਦਿਆਰਥੀ ਲਹਿਰਾਂ ਵਿਚ ਸ਼ਾਮਲ ਹੋਣ ਤੋਂ ਰੋਕਦਾ ਰਹਿੰਦਾ, "ਤੂੰ ਕੀ ਲੈਣਾ ਇਸ ਨਿਜ਼ਾਮ ਬਦਲੀ ਵਿਚੋਂ, ਆਪਣਾ ਪੜ੍ਹਿਆ ਕਰ ਦੱਬ ਕੇ, ਕਿਤੇ ਚੰਗੇ ਥਾਂ ਲੱਗ ਜਾਏਂਗਾ।"

"ਸਵਾਲ ਪੁੱਤਰਾ ਮੇਰਾ 'ਕੱਲੇ ਦਾ ਨਹੀਂ, ਹਜ਼ਾਰਾਂ ਦਾ ਹੈ। ਤੂੰ ਤਾਂ ਹੈ ਹੀ ਦੱਬੂ, ਤੇ ਦੱਬੂ ਹੀ ਰਹਿਣਾ। ਪਰੋਸੀ ਖੀਰ ਖਾਣ ਵਾਲਾ!" ਰਾਜਸ਼ੇਖਰ ਉਹਨੂੰ ਖਿਝਾਉਂਦਾ।

"ਤੂੰ 'ਕੱਲਾ ਕੀ ਕਰ ਲਏਂਗਾ, ਐਵੇਂ ਸਿਰ ਅੜਾਉਣ ਦੀ ਆਦਤ ਐ ਤੈਨੂੰ।" ਰਾਮਪਾਲ ਉਹਦੀ ਗੱਲ ਨੂੰ ਆਈ-ਗਈ ਕਰ ਦਿੰਦਾ।

"ਚੱਲ ਆਪਾਂ ਦੋ ਹੋ ਜਾਨੇ ਆ, ਤੂੰ ਵੀ ਰਲ ਜਾ ਮੇਰੇ ਨਾਲ।" ਰਾਜਸ਼ੇਖਰ ਉਹਨੂੰ ਵੰਗਾਰਦਾ।

ਪਰ ਰਾਮਪਾਲ ਕਦੀ ਵੀ ਉਹਦੇ ਨਾਲ ਕਦਮ ਨਹੀਂ ਸੀ ਮਿਲਾ ਸਕਿਆ ਤੇ ਰਾਜਸ਼ੇਖਰ ਉਹਦੇ 'ਤੇ ਹੱਸ ਛਡਦਾ। ਮਗਰੋਂ ਰਾਮਪਾਲ ਕਿਸੇ ਦਫਤਰ ਕਲਰਕ ਜਾ ਲੱਗਿਆ ਸੀ ਤੇ ਰਾਜਸ਼ੇਖਰ, ਸਦੀਆਂ ਤੋਂ ਹਨੇਰੇ ਵਿਚ ਰਹਿਣ ਵਾਲਿਆਂ ਲਈ ਸੂਰਜ ਲੱਭਣ ਤੁਰ ਪਿਆ ਸੀ। ਉਹ ਜਦੋਂ ਵੀ ਸ਼ਹਿਰ ਕਿਸੇ ਮੁਕੱਦਮੇ ਦੀ ਪੈਰਵਾਈ ਲਈ ਥਾਣੇ ਜਾਂ ਕਚਹਿਰੀ ਆਉਂਦਾ ਤਾਂ ਰਾਮਪਾਲ ਨੂੰ ਜ਼ਰੂਰ ਮਿਲਦਾ। ਢੇਰ ਸਾਰੀਆਂ ਗੱਲਾਂ ਕਰਦਾ ਤੇ ਸਵੇਰੇ ਤੁਰ ਜਾਂਦਾ।

---

ਤੁਰਦਿਆਂ-ਤੁਰਦਿਆਂ ਉਹ ਤਿੰਨ ਕੁ ਵਜੇ ਰਾਮਪਾਲ ਦੇ ਘਰ ਪਹੁੰਚ ਗਿਆ।

"ਵਾਹ! ਤੂੰ ਏਨੀ ਰਾਤ ਗਈ ਕਿਧਰੋਂ?" ਰਾਜਪਾਲ ਦੇ ਚਿਹਰੇ ਉਪਰ ਹੈਰਾਨੀ ਪ੍ਰਤੱਖ ਸੀ।

ਰਾਜਸ਼ੇਖਰ ਨੇ ਕੋਈ ਜਵਾਬ ਨਾ ਦਿੱਤਾ। ਉਹ ਚੁੱਪ ਬੈਠਾ ਰਿਹਾ, ਸੋਚਾਂ ਵਿਚ ਗੜੂੰਦ।

"ਯਾਰ ਕੁਝ ਬੋਲ ਤਾਂ ਸਹੀ, ਆਖਰ ਗੱਲ ਕੀ ਐ?" ਰਾਮਪਾਲ ਨੂੰ ਕਾਹਲ ਪੈਣ ਲੱਗੀ।

ਗੱਲ ਕੁਝ ਨ੍ਹੀਂ। ਆਖਰੀ ਬੱਸ ਨਿਕਲ ਗਈ ਸੀ। ਐਵੇਂ ਸ਼ਹਿਰ ਵਿਚ ਫਿਰਦਾ ਰਿਹਾ। ਹੁਣ ਤੇਰੇ ਵੱਲ ਆ ਗਿਆਂ।" ਰਾਜਸ਼ੇਖਰ ਨੇ ਸਹਿਜਤਾ ਦਿਖਾਈ।

ਰਾਮਪਾਲ ਦੀ ਏਨੇ ਨਾਲ ਤਸੱਲੀ ਨਾ ਹੋਈ। ਉਹਦੇ ਖਿੱਲਰੇ ਵਾਲ, ਮੈਲੇ ਕੱਪੜੇ, ਉਨੀਂਦੇ ਦੀਆਂ ਮਾਰੀਆਂ ਅੱਖਾਂ, ਉਹਦੇ ਅੰਦਰ ਕਈ ਸਵਾਲ ਪੈਦਾ ਕਰ ਰਹੀਆਂ ਸਨ, ਪਰ ਰਾਜਸ਼ੇਖਰ ਦੇ ਚਿਹਰੇ ਉਤੇ ਤਣੀ ਹੋਈ ਗੰਭੀਰਤਾ ਕਰ ਕੇ ਉਹਨੇ ਹੋਰ ਕੋਈ ਗੱਲ ਨਾ ਕੀਤੀ। ਰੋਟੀ ਪੱਕੀ ਅਤੇ ਖਾਣ ਤੋਂ ਬਾਅਦ ਉਹ ਸੌਂ ਗਿਆ। ਉਸ ਨੂੰ ਤਸੱਲੀ ਸੀ ਕਿ ਉਹ ਰਾਮਪਾਲ ਤੋਂ ਆਪਣਾ ਆਪ ਲੁਕਾ ਸਕਿਆ ਸੀ। ਸਭ ਕੁਝ ਦੱਸ ਕੇ ਉਹ ਉਸ ਨੂੰ ਉਲਝਣ ਵਿਚ ਨਹੀਂ ਸੀ ਪਾਉਣਾ ਚਾਹੁੰਦਾ। ਨਾਲੇ ਡਰ ਸੀ ਕਿ ਸ਼ਾਇਦ ਰਾਮਪਾਲ ਉਹਨੂੰ ਘਰ ਠਹਿਰਨ ਦੀ ਇਜਾਜ਼ਤ ਹੀ ਨਾ ਦਿੰਦਾ।

ਪਰਸੋਂ ਵਾਲੇ 'ਐਕਸ਼ਨ' ਦੇ ਬਾਅਦ ਉਹ ਅੱਜ ਸੁੱਤਾ ਸੀ। ਇਹ ਉਹਦਾ ਪਹਿਲਾ ਐਕਸ਼ਨ ਸੀ। ਅੱਗੇ ਉਹ ਸਾਥੀਆਂ ਨਾਲ ਜਾਂਦਾ ਸੀ ਤਾਂ ਸਿਰਫ ਉਨ੍ਹਾਂ ਦੀ ਭੱਜਣ ਵਿਚ ਹੀ ਮਦਦ ਕਰਦਾ ਸੀ। ਉਸ ਦਿਨ ਪਹਿਲੀ ਵਾਰ ਸੀ ਕਿ ਗੋਲੀ ਉਹਦੀ ਪਿਸਤੌਲ ਵਿਚੋਂ ਨਿਕਲੀ ਸੀ ਅਤੇ ਗਵਰਧਨ ਦੀ ਛਾਤੀ ਪਾਰ ਕਰ ਗਈ ਸੀ। ਗਵਰਧਨ ਜਦੋਂ ਛਾਤੀ 'ਤੇ ਹੱਥ ਰੱਖ ਕੇ ਨਿਢਾਲ ਡਿਗ ਪਿਆ ਸੀ ਤਾਂ ਉਸ ਨੂੰ ਅਲੌਕਿਕ ਜਿਹਾ ਸਕੂਨ ਅਨੁਭਵ ਹੋਇਆ ਸੀ। ਉਹਨੂੰ ਲੱਗਾ ਸੀ, ਜਿਵੇਂ ਧਰਤੀ ਦੀ ਕੂਲੀ ਹਿੱਕ ਤੋਂ ਉਹਨੇ ਪਾਪ ਦਾ ਇਕ ਰੁੱਖ ਵੱਢ ਦਿੱਤਾ ਹੋਵੇ।

ਉਸ ਦਿਨ ਜਦੋਂ ਉਹ ਸਵੇਰੇ-ਸਵੇਰੇ ਖੇਤਾਂ ਨੂੰ ਗਿਆ ਤਾਂ ਗਵਰਧਨ ਦੇ ਖੇਤ ਨਾਲ ਲਗਦੇ ਉਨ੍ਹਾਂ ਦੇ ਖਿੱਤੇ ਦੀ ਵੱਟ ਧਰਤੀ ਨਾਲ ਮਿਲੀ ਪਈ ਸੀ ਅਤੇ ਖਿੱਤਾ ਗਵਰਧਨ ਦੇ ਖੇਤ ਨਾਲ ਜਾ ਰਲਿਆ ਸੀ; ਜਿਵੇਂ ਧਰਤੀ ਰਾਤੋ-ਰਾਤ ਤੁਰ ਪਈ ਹੋਵੇ। ਉਦੋਂ ਰਾਜਸ਼ੇਖਰ ਦੀਆਂ ਅੱਖਾਂ ਵਿਚ ਜੁਆਲਾ ਮੁਖੀ ਪਾਟ ਗਏ ਸਨ।

"ਬਾਹਰ ਨਿਕਲ ਉਏ ਕੰਜਰਾ, ਤੇਰੇ ਜ਼ਮੀਨ ਨੱਪਣ ਵਾਲੇ ਦੀ ਕੁੜੀ ਨੂੰ...।" ਰਾਜਸ਼ੇਖਰ ਦੀ ਇਕੋ ਗਾਲ੍ਹ ਨੇ ਸਾਰਾ ਪਿੰਡ ਇਕੱਠਾ ਕਰ ਦਿੱਤਾ।

"ਕੀ ਗੱਲ ਹੋਗੀ ਕਾਕਾ, ਜੇ ਮੈਥੋਂ ਕੋਈ ਖੁਨਾਮੀ ਹੋਗੀ ਐ ਤਾਂ ਪ੍ਰੇਮ ਭਾਵ ਨਾਲ ਦੱਸ। ਮੈਂ ਕਿਤੇ ਨਾਬਰ ਆਂ ਤੁਹਾਥੋਂ?" ਗਵਰਧਨ ਧੋਤੀ ਦਾ ਲੜ ਸੁਆਰਦਾ ਬਾਹਰ ਆਇਆ ਤਾਂ ਉਸ ਬੜੇ ਸ਼ਾਂਤ ਚਿਤ ਨਾਲ ਕਿਹਾ।

"ਨਾਬਰ ਦੇ ਕੁਲੱਗਦਿਆਂ ਉਹ ਜ਼ਮੀਨ ਤੂੰ ਕਿਵੇਂ ਨੱਪ ਲਈ ਆਪਣੇ ਜਵਾਈਆਂ ਦੀ।" ਰਾਜਸ਼ੇਖਰ ਦਾ ਗੁੱਸਾ ਕਾਬੂ ਤੋਂ ਬਾਹਰ ਸੀ।

"ਕਾਕਾ, ਗੱਲ ਜ਼ਬਾਨ ਸੰਭਾਲ ਕੇ ਕਰ। ਕਿਹੜੀ ਜ਼ਮੀਨ ਦੀ ਗੱਲ ਕਰਦੈਂ?"

"ਬਾਹਰਲੇ ਖੂਹ ਵਾਲੀ।" ਰਾਜਸ਼ੇਖਰ ਨੇ ਗਾਲ੍ਹ ਦੇਣ ਵਾਂਗ ਕਿਹਾ।

"ਉਹ ਤਾਂ ਹੈ ਹੀ ਸਾਡੀ ਸੀ। ਤੇਰਾ ਪਿਓ ਵਾਹੀ ਜਾਂਦਾ ਸੀ, ਮੈਂ ਕਿਹਾ ਵਾਹੀ ਜਾਏ। ਹੁਣ ਜੇ ਆਪਣੀ ਜ਼ਮੀਨ ਲੈ ਲਈ ਆ ਤਾਂ ਕਿਹੜੀ ਆਖਰ ਆ ਗਈ। ਜੇ ਬਹੁਤੀ ਗੱਲ ਐ ਤਾਂ ਪਟਵਾਰੀ ਦੇ ਕਾਗਜ਼ ਵੇਖ ਲੈ।"

ਤੇ ਪਟਵਾਰੀ ਦੇ ਕਾਗਜ਼ ਉਸ ਧਰਮ ਗ੍ਰੰਥ ਵਰਗੇ ਸਨ ਜਿਥੇ ਤਕੜਾ ਅਰਦਾਸਾ ਕਰਵਾ ਕੇ ਮਨਮਰਜ਼ੀ ਦਾ ਵਾਕ ਕਢਵਾਇਆ ਜਾ ਸਕਦਾ ਸੀ। ਤੇ ਇਹ ਵਾਕ ਗਵਰਧਨ ਦੀ ਹੀ ਸੁੱਖ ਮੰਗਦਾ ਸੀ। ਉਸ ਦਿਨ ਤੋਂ ਬਾਅਦ ਹਵਾ ਨੇ ਰੁਖ ਬਦਲ ਲਿਆ ਸੀ। ਉਹ ਕੁਝ ਤੱਤੇ ਨੌਜਵਾਨਾਂ ਨਾਲ ਫਿਰਦਾ ਰਿਹਾ ਤੇ ਫਿਰ ਘਰ ਨੂੰ ਸਦੀਵੀ ਅਲਵਿਦਾ ਕਹਿ ਗਿਆ। ਉਹਨੂੰ ਹੁਣ ਸਭ ਕੁਝ ਪੁਰਾਣਾ ਪੁਰਾਣਾ ਲਗਦਾ। ਇਹ ਤਾਰੇ, ਇਹ ਚੰਨ, ਇਹ ਸੂਰਜ, ਇਹ ਵਿਵਸਥਾ, ਇਹ ਢਾਂਚਾ। ਉਹ ਇਨ੍ਹਾਂ ਨੂੰ ਬਦਲਣ ਦਾ ਸੁਪਨਾ ਅੱਖਾਂ ਵਿਚ ਲਟਕਾ ਅੱਗ ਦੇ ਦਰਿਆ ਵਿਚ ਠਿੱਲ੍ਹ ਪਿਆ ਸੀ।

ਪਿੰਡ ਦੇ ਬੁੱਢੇ ਤਖਤਪੋਸ਼ 'ਤੇ ਬੈਠੇ ਕੁਝ (ਲੋਕ) ਉਹਨੂੰ ਨਿੰਦਦੇ, ਕੁਝ ਸਲਾਹੁੰਦੇ, ਪਰ ਹੁਣ ਤਾਂ ਪਾਣੀ ਵਗ ਤੁਰਿਆ ਸੀ, ਨਦੀਆਂ ਨਾਲਿਆਂ ਦਾ ਸਫਰ ਕਰਦਾ ਹੁਣ ਵਿਸ਼ਾਲ ਸਮੁੰਦਰ ਦਾ ਹਿੱਸਾ ਬਣ ਚੁੱਕਾ ਸੀ। ਹੁਣ ਤਾਂ ਬੱਸ ਕਿਸੇ ਜਵਾਰਭਾਟੇ ਦੀ ਉਡੀਕ ਸੀ, ਲੋੜ ਤਾਂ ਕੇਵਲ ਚੰਨ ਵਰਗੇ ਸੰਪੂਰਨ ਚਾਨਣ ਦੀ ਸੀ ਜੋ ਧੁਰ ਅੰਦਰ ਤੱਕ ਧੂਹ ਪਾ ਦੇਵੇ।

ਪਰਸੋਂ ਜਦੋਂ ਗਵਰਧਨ ਦਾ ਕਤਲ ਹੋਇਆ ਸੀ ਤਾਂ ਪਿੰਡ ਵਿਚ ਜਿਵੇਂ ਪ੍ਰੇਤ ਫਿਰ ਗਿਆ ਸੀ। ਸਭ ਦੇ ਹੋਠ ਜੁੜ ਗਏ ਸਨ। ਦੱਬੀ ਦੱਬੀ ਜ਼ਬਾਨ ਵਿਚ ਲੋਕੀਂ ਰਾਜਸ਼ੇਖਰ ਦਾ ਵੀ ਨਾਂ ਲੈਂਦੇ, ਪਰ ਜਦੋਂ ਉਹਨੂੰ ਫਾਂਸੀ 'ਤੇ ਲਟਕਿਆ ਚਿਤਵਦੇ ਤਾਂ ਉਨ੍ਹਾਂ ਦੇ ਦਿਲ ਦਹਿਲ ਜਾਂਦੇ। ਗਿਰਵੀ ਪਈਆਂ ਝਾਂਜਰਾਂ ਤੇ ਚੂੜਿਆਂ ਦੇ ਦਿਲਾਂ ਵਿਚ ਗਵਰਧਨ ਦੇ ਕਤਲ ਦੀ ਮੂਕ ਖੁਸ਼ੀ ਵੀ ਸੀ।

ਪੁਲਿਸ ਨੂੰ ਤਫਤੀਸ਼ ਵਿਚ ਕੁਝ ਵੀ ਹੱਥ ਨਹੀਂ ਸੀ ਲੱਗਾ। ਅੰਤ ਰਾਜਸ਼ੇਖਰ ਦੇ ਪਿਓ ਨੂੰ ਬੰਨ੍ਹ ਕੇ ਲੈ ਗਏ ਸਨ। "ਰਾਜਸ਼ੇਖਰ ਕਿਥੇ ਹੈ, ਉਹਦੇ ਨਾਲ ਕੌਣ-ਕੌਣ ਐ? ਕਿਹੜੇ ਪਿੰਡ ਦੇ ਨੇ?" ਕਈ ਸਵਾਲ ਉਹਦੇ ਪਿਓ ਨੂੰ ਪੁੱਛੇ ਗਏ, ਪਰ ਉਸ ਕੋਲ ਤਾਂ ਜਵਾਬ ਹੀ ਕੋਈ ਨਹੀਂ ਸੀ। ਤਸ਼ੱਦਦ ਨੇ ਉਸ ਦੀਆਂ ਸਾਰੀਆਂ ਚੇਤਨਾਵਾਂ ਨੂੰ ਸੁੰਨ ਕਰ ਦਿੱਤਾ ਸੀ। ਉਹ ਹਾਲੋਂ-ਬੇਹਾਲ ਹੋਇਆ ਬੇਹੋਸ਼ ਹੋ-ਹੋ ਜਾਂਦਾ।

ਅੰਤ ਪਿੰਡ ਦੇ ਕੁਝ ਮੋਹਰੀ ਉਹਨੂੰ ਇਹ ਕਹਿ ਕੇ ਛੁਡਵਾ ਲਿਆਏ ਸਨ ਕਿ ਜਦੋਂ ਰਾਜਸ਼ੇਖਰ ਪਿੰਡ ਆਇਆ ਤਾਂ ਉਹ ਉਹਦੀ ਗ੍ਰਿਫਤਾਰੀ ਵਿਚ ਮਦਦ ਦੇਣਗੇ।

---

ਸਵੇਰੇ ਛੇ ਕੁ ਵਜੇ ਰਾਜਸ਼ੇਖਰ ਜਾਣ ਲਈ ਉਠ ਪਿਆ ਸੀ।

"ਏਨੀ ਕਾਹਲੀ ਕਾਹਦੀ ਆ, ਕੁਝ ਖਾ ਪੀ ਕੇ ਜਾਈਂ।" ਰਾਮਪਾਲ ਨੇ ਜ਼ੋਰ ਦਿੱਤਾ।

"ਨਹੀਂ ਮੇਰਾ ਜਾਣਾ ਜ਼ਰੂਰੀ ਐ।" ਉਹਨੇ ਪੱਲਾ ਛੁਡਾਉਣ ਵਾਂਗ ਕਿਹਾ।

"ਕੋਈ ਕੰਮ ਐ ਖਾਸ?" ਰਾਮਪਾਲ ਸਵਾਲ ਬਣਿਆ ਖਲੋਤਾ ਸੀ।



"ਹਾਂ, ਕੰਮ ਹੀ ਸਮਝ।"

"ਕੀ?" ਰਾਮਪਾਲ ਗੱਲ ਦਾ ਕੋਈ ਰਾਹ ਲੱਭਣਾ ਚਾਹੁੰਦਾ ਸੀ।

"ਵਕਤ ਆਉਣ 'ਤੇ ਦੱਸਾਂਗੇ।" ਉਹਦਾ ਉਤਰ ਕੋਈ ਰਾਹ ਨਹੀਂ ਸੀ ਦੇ ਰਿਹਾ।

"ਚੰਗਾ ਬਈ, ਤੇਰੀ ਮਰਜ਼ੀ। ਚੱਲ ਮਿਲਦਾ ਗਿਲਦਾ ਤਾਂ ਰਿਹਾ ਕਰ।" ਰਾਮਪਾਲ ਜਿਵੇਂ ਬੇਵਸ ਹੋ ਗਿਆ। "ਜ਼ੂਰਰ।" ਉਹਨੇ ਤੁਰਨ ਲਈ ਹੱਥ ਮਿਲਾਇਆ। ਤੇ ਅਗਲੇ ਪਲ ਉਹ ਧੁੰਦ ਵਲ੍ਹੇਟੀ ਸਵੇਰ 'ਚ ਲੋਪ ਹੋ ਗਿਆ।

ਉਹ ਰਾਤ-ਦਿਨ ਕਈ ਰੰਗ ਬਦਲਦਾ ਫਿਰਦਾ ਰਹਿੰਦਾ। ਪੁਲਿਸ ਉਹਦੀ ਭਾਲ ਕਰਦੀ ਫਿਰ ਰਹੀ ਸੀ, ਪਰ ਉਹ ਤਾਂ ਹਵਾ ਦਾ ਰੂਪ ਧਾਰ ਗਿਆ ਸੀ, ਜਿਹੜੀ ਸਾਡੇ ਉਤੋਂ ਦੀ ਵਗ ਤਾਂ ਰਹੀ ਹੁੰਦੀ ਹੈ, ਪਰ ਫੜੀ ਨਹੀਂ ਜਾ ਸਕਦੀ।

ਅਖਬਾਰ ਵਿਚ ਛਪਦੀ ਫੋਟੋ ਨਾਲੋਂ ਬਿਲਕੁਲ ਅਲਹਿਦਾ ਉਸ ਆਪਣਾ ਰੂਪ ਬਣਾ ਲਿਆ ਸੀ। ਪਿਛੋਂ ਧੌਣ ਤੱਕ ਸੁੱਟੇ ਵਾਲ, ਵਧੀ ਹੋਈ ਦਾੜ੍ਹੀ, ਗਲ ਜੋਗੀਆ ਕੁੜਤਾ, ਤੇੜ ਲੁੰਗੀ ਤੇ ਪੈਰੀਂ ਕੈਂਚੀ ਚੱਪਲ, ਮੋਢੇ 'ਤੇ ਝੋਲਾ, ਵਿਚ ਪਾਰਟੀ ਦਾ ਲਿਟਰੇਚਰ ਤੇ ਹੋਰ ਨਿਕ-ਸੁਕ। ਇੰਜ ਸ਼ਹਿਰ ਵਿਚ ਉਹ ਬੇਝਿਜਕ ਫਿਰਦਾ। ਪੁਰਾਣੇ ਯਾਰਾਂ ਨੂੰ ਮਿਲਦਾ। ਆਪਣੀਆਂ ਕਵਿਤਾਵਾਂ ਸੁਣਾਉਂਦਾ। ਤੇ ਫਿਰ ਅੱਗੇ ਤੁਰ ਪੈਂਦਾ, ਜਿਵੇਂ ਕਾਫਲਾ ਕੁਝ ਚਿਰ ਦਮ ਲੈ ਕੇ ਫਿਰ ਮੰਜ਼ਲ ਵੱਲ ਵਧ ਗਿਆ ਹੋਵੇ। ਉਹਦੇ ਚਿਹਰੇ 'ਤੇ ਹਰ ਸਮੇਂ ਗੰਭੀਰਤਾ ਬਣੀ ਰਹਿੰਦੀ। ਉਹਦਾ ਦਿਮਾਗ ਹਰ ਵਕਤ ਕੁਝ ਸੋਚਦਾ ਰਹਿੰਦਾ। ਰਾਤ ਨੂੰ ਸਾਥੀਆਂ ਦੀ ਖਬਰਸਾਰ ਬਾਰੇ ਵਿਚਾਰ ਹੁੰਦੇ। 'ਐਕਸ਼ਨਾਂ' ਲਈ ਪ੍ਰੋਗਰਾਮ ਉਲੀਕੇ ਜਾਂਦੇ। ਉਹਨੂੰ ਲਗਦਾ ਜਿਵੇਂ ਉਹ ਇਨਕਲਾਬ ਦੇ ਬੂਹੇ ਅੱਗੇ ਆ ਖਲੋਤਾ ਹੋਵੇ। ਉਹਨੂੰ ਪਿਸਤੌਲ ਦੀ ਨਾਲੀ ਵਿਚੋਂ ਸਭ ਕੁਝ ਨਿਕਲਦਾ ਮਹਿਸੂਸ ਹੁੰਦਾ। ਕਈ ਵਾਰੀ ਭਾਵੁਕ ਹੋਇਆ ਉਹ ਨਾਲੀ ਨੂੰ ਚੁੰਮ ਲੈਂਦਾ।

ਤੇ ਫੇਰ ਜਿਥੇ ਵੀ ਐਕਸ਼ਨ ਹੁੰਦਾ, ਰਾਜਸ਼ੇਖਰ ਨਾਲ ਹੁੰਦਾ। ਜ਼ਿਲ੍ਹੇ ਦੇ ਡੀ.ਐਸ.ਪੀ., ਇਕ ਪਿੰਡ ਦੇ ਮੁਖਬਰ, ਇਕ ਹੋਰ ਪਿੰਡ ਦੇ ਨੰਬਰਦਾਰ ਦੇ ਮਾਰੇ ਜਾਣ ਉਤੇ ਰਾਜਸ਼ੇਖਰ ਦਾ ਨਾਂ ਉਘੇ ਨਕਸਲਾਈਟ ਵਜੋਂ ਅਖਬਾਰਾਂ ਵਿਚ ਛਪਿਆ ਸੀ।

ਇਕ ਐਕਸ਼ਨ ਤੋਂ ਬਾਅਦ ਦੂਸਰਾ ਐਕਸ਼ਨ। ਰਾਜਸ਼ੇਖਰ ਖੁਸ਼ ਸੀ। ਪੁਲਿਸ ਉਹਦੇ ਮਗਰ ਪਰਛਾਵੇਂ ਵਾਂਗ ਲੱਗੀ ਹੋਈ ਸੀ। ਭਾਵੇਂ ਉਹ ਹੁਣ ਤੱਕ ਪੁਲਿਸ ਦੇ ਹੱਥ ਨਹੀਂ ਸੀ ਆਇਆ, ਪਰ ਉਸ ਕਦੇ ਵੀ ਦੁਸ਼ਮਣ ਨੂੰ ਕਮਜ਼ੋਰ ਨਹੀਂ ਸੀ ਸਮਝਿਆ। ਹਰ ਵਕਤ ਸੁਚੇਤ।

ਉਸ ਰਾਤ ਵੀ ਉਹ ਥੱਕਿਆ ਟੁੱਟਿਆ ਰਾਮਪਾਲ ਦੇ ਘਰ ਪਹੁੰਚਿਆ ਸੀ। ਰਾਤ ਰਿਹਾ ਤੇ ਮੂੰਹ-ਨ੍ਹੇਰੇ ਹੀ ਉਠ ਕੇ ਚਲਿਆ ਗਿਆ। ਅਜੇ ਦਿਨ ਨਹੀਂ ਸੀ ਚੜ੍ਹਿਆ ਕਿ ਪੁਲਿਸ ਰਾਮਪਾਲ ਦੇ ਘਰ ਆ ਪਹੁੰਚੀ। ਸਾਰੇ ਮਕਾਨ ਦੀ ਤਲਾਸ਼ੀ ਲਈ, ਪਰ ਦਰਿਆ ਤਾਂ ਰਾਹ ਬਦਲ ਚੁੱਕਾ ਸੀ।

ਥਾਣੇ ਲਿਜਾ ਕੇ ਰਾਮਪਾਲ ਨੂੰ ਲੰਮਾ ਪਾ ਕੇ ਮਿੱਟੀ ਵਾਂਗ ਕੁੱਟਿਆ ਗਿਆ।

"ਕਿਥੇ ਐ ਉਹ?" ਪੁਲਸੀਆਂ ਦਾ ਇਕੋ ਸਵਾਲ ਸੀ।

"ਮੈਨੂੰ ਕੀ ਪਤਾ।" ਰਾਮਪਾਲ ਦਾ ਇਕੋ ਜਵਾਬ ਸੀ।

"ਤੇਰੇ ਕੋਲ ਕੀ ਕਰਨ ਆਉਂਦੈ?" ਥਾਣੇਦਾਰ ਨੇ ਗਲ ਵਿਚ ਹੱਥ ਦਿੱਤਾ।

"ਮੇਰਾ ਦੋਸਤ ਐ, ਕਦੇ-ਕਦੇ ਮਿਲਣ ਆ ਜਾਂਦੈ।" ਉਹਨੇ ਨਿਰਦੋਸ਼ ਬਣਨ ਦਾ ਯਤਨ ਕੀਤਾ।

"ਦੋਸਤ ਐ, ਉਹ ਨਕਸਲੀਆ ਐ ਹਰਾਮ ਦਾ। ਤੇ ਤੂੰ ਕੰਜਰ ਉਹਨੂੰ ਪਨਾਹ ਦੇਣ ਵਾਲਾ। ਹੁਣ ਦੱਸੇਂਗਾ ਤੂੰ ਸਭ ਕੁਝ।" ਉਹਨੂੰ ਫੇਰ ਮੂਧਾ ਪਾ ਲਿਆ ਗਿਆ।

ਰਾਮਪਾਲ ਨੂੰ ਪਹਿਲੀ ਵੇਰ ਸਪਸ਼ਟ ਹੋਇਆ ਕਿ ਰਾਜਸ਼ੇਖਰ ਹਨੇਰੇ ਪਏ ਕਿਉਂ ਆਉਂਦਾ ਸੀ ਅਤੇ ਸਵੇਰੇ ਹੀ ਕਿਉਂ ਚਲਿਆ ਜਾਂਦਾ ਸੀ। ਉਹਨੂੰ ਰਾਜਸ਼ੇਖਰ ਉਤੇ ਗੁੱਸਾ ਵੀ ਆਇਆ ਤੇ ਮੋਹ ਵੀ। ਪੁਲਿਸ ਨੂੰ ਉਹਨੇ ਆਪਣੀ ਸਾਫਗੋਈ ਪੇਸ਼ ਕਰ ਦਿੱਤੀ, ਆਪਣੀ ਅਣਜਾਣਤਾ ਵੀ ਸਪਸ਼ਟ ਕਰ ਦਿੱਤੀ। ਥਾਣੇਦਾਰ ਚਾਹੁੰਦਾ ਸੀ ਕਿ ਉਹ ਮੁਖਬਰ ਬਣੇ, ਪਰ ਰਾਮਪਾਲ ਨਾਂਹ ਕਰੀ ਜਾ ਰਿਹਾ ਸੀ ਅਤੇ ਤਸ਼ੱਦਦ ਬਰਦਾਸ਼ਤ ਕਰੀ ਜਾ ਰਿਹਾ ਸੀ।

ਅੰਤ ਥਾਣੇਦਾਰ ਨੇ ਡੀ.ਐਸ.ਪੀ. ਨਾਲ ਸਲਾਹ ਕਰ ਕੇ ਉਹਨੂੰ ਛੱਡ ਦਿੱਤਾ। ਡੀ.ਐਸ.ਪੀ. ਨਹੀਂ ਸੀ ਚਾਹੁੰਦਾ ਕਿ ਰਾਜਸ਼ੇਖਰ ਨੂੰ ਰਾਮਪਾਲ ਦੀ ਗ੍ਰਿਫਤਾਰੀ ਦਾ ਪਤਾ ਲੱਗੇ ਤੇ ਉਹ ਉਸ ਠਾਹਰ ਨੂੰ ਹੀ ਛੱਡ ਦੇਣ।

ਰਾਮਪਾਲ ਕਈ ਦਿਨ ਮੰਜੇ 'ਤੇ ਪਿਆ ਰਿਹਾ। ਉਸ ਠੀਕ ਹੋਣ ਉਤੇ ਲੱਖ ਯਤਨ ਕੀਤੇ ਕਿ ਰਾਜਸ਼ੇਖਰ ਨੂੰ ਲੱਭ ਕੇ ਉਹਨੂੰ ਸੁਚੇਤ ਕਰ ਦੇਵੇ, ਪਰ ਉਹ ਨਹੀਂ ਸੀ ਲੱਭਿਆ।

ਚਿੱਟੇ ਕੱਪੜਿਆਂ ਵਿਚ ਪੁਲਿਸ ਰਾਮਪਾਲ ਦੇ ਘਰ ਦੁਆਲੇ ਫਿਰਦੀ ਰਹਿੰਦੀ। ਓਪਰੇ ਬੰਦੇ ਫਿਰਦੇ ਵੇਖ ਉਹ ਭਾਂਪ ਗਿਆ ਸੀ। ਉਹ ਉਖੜਿਆ ਉਖੜਿਆ ਰਹਿੰਦਾ। ਹਰ ਪਲ, ਉਸ ਨੂੰ ਕੁਝ ਵਾਪਰ ਜਾਣ ਦਾ ਤੌਖਲਾ ਲੱਗਾ ਰਹਿੰਦਾ, ਪਰ ਕਦੀ-ਕਦੀ ਉਹ ਆਪਣੇ ਅੰਦਰ ਕੁਝ ਧੁਖਦਾ-ਧੁਖਦਾ ਭਾਂਬੜ ਬਣਦਾ ਵੇਖਦਾ।

ਰਾਤ ਦੇ ਬਾਰਾਂ ਕੁ ਵਜੇ ਸਨ। ਉਹ ਰਾਮਪਾਲ ਦੀ ਗਲੀ ਵੜਨ ਹੀ ਲੱਗਾ ਸੀ ਤਾਂ ਓਪਰੇ ਚੌਕੀਦਾਰ ਨੂੰ ਵੇਖ ਕੇ ਉਹ ਪੁਲਿਸ ਦੀ ਹਾਜ਼ਰੀ ਸੁੰਘ ਗਿਆ ਸੀ। ਉਹ ਮੁੜਦੇ ਪੈਰੀਂ ਹੋ ਗਿਆ। ਉਤੋਂ ਦੀ ਆ ਕੇ ਲਹਿੰਦੇ ਵਾਲੇ ਪਾਸਿਓਂ ਕੋਠਾ ਟੱਪ ਕੇ ਵਿਹੜੇ ਵਿਚ ਛਾਲ ਮਾਰ ਦਿੱਤੀ। ਅਚਾਨਕ ਹੋਈ ਆਵਾਜ਼ ਨਾਲ ਰਾਮਪਾਲ ਜਾਗ ਪਿਆ। ਕਮਰਿਓਂ ਬਾਹਰ ਆਇਆ ਤਾਂ ਸਾਹਮਣੇ ਰਾਜਸ਼ੇਖਰ ਸੀ। ਨਿਰਭੈ, ਨਿਧੜਕ, ਚੜ੍ਹਦੀਆਂ ਕਲਾਂ ਵਿਚ।

"ਬਾਹਰ ਪੁਲਿਸ ਹਰਲ-ਹਰਲ ਕਰਦੀ ਫਿਰਦੀ ਐ, ਤੂੰ ਆ ਕਿੱਦਾਂ ਗਿਆ?" ਰਾਮਪਾਲ ਹੈਰਾਨ ਹੋਇਆ।

"ਪੁਲਿਸ ਨੂੰ ਮੇਰੇ ਇਥੇ ਆਉਣ ਬਾਰੇ ਪਤਾ ਕਿਵੇਂ ਲੱਗਿਆ? ਕੋਈ ਮੁਖਬਰ?" ਉਹਨੇ ਸੂਹ ਕੱਢਣੀ ਚਾਹੀ।

"ਪਤਾ ਨਹੀਂ?" ਰਾਮਪਾਲ ਅਸਲੋਂ ਅਣਜਾਣ ਸੀ।

"ਪਰ ਤੂੰ ਮੇਰੇ ਨਾਲ ਕਦੀ ਗੱਲ ਕਿਉਂ ਨ੍ਹੀਂ ਸੀ ਕੀਤੀ?" ਰਾਜਸ਼ੇਖਰ ਸਵਾਲ ਉਤੇ ਸਵਾਲ ਕਰ ਰਿਹਾ ਸੀ।

"ਤੈਨੂੰ ਪੁਲਿਸ ਨੇ ਕੁਝ ਕਿਹਾ?"

ਤੇ ਰਾਮਪਾਲ ਦੀ ਕਹਾਣੀ ਸੁਣ ਕੇ ਉਹਦੀਆਂ ਅੱਖਾਂ ਬਲ ਉਠੀਆਂ ਸਨ।

"ਇਸ ਥਾਣੇਦਾਰ ਸ਼ਰਮੇ ਦੀ ਵੀ...।" ਤੇ ਰਾਮਪਾਲ ਨੂੰ ਲੱਗਿਆ ਜਿਵੇਂ ਹੁਣ ਕੁਝ ਭਿਆਨਕ ਵਾਪਰੇਗਾ।

"ਅੱਛਾ, ਕੁਝ ਖਾਣ-ਪੀਣ ਨੂੰ ਹੈ?" ਰਾਜਸ਼ੇਖਰ ਨੇ ਗੱਲ ਬਦਲੀ।

"ਹਾਂ, ਪਰ ਤੈਨੂੰ ਡਰ ਨ੍ਹੀਂ ਆਉਂਦਾ ਬਾਹਰ ਪੁਲਿਸ...।" ਰਾਮਪਾਲ ਸਹਿਮ ਜਿਹਾ ਗਿਆ।

"ਘਬਰਾ ਨਾ। ਵੇਖ, ਬੰਦੇ ਨੇ ਮਰਨਾ ਤਾਂ ਹੈ ਹੀ ਇਕ ਦਿਨ। ਫਿਰ ਮੰਜੇ 'ਤੇ ਕਿਉਂ ਮਰਿਆ ਜਾਵੇ। ਸੂਰਮਿਆਂ ਦੀ ਮੌਤੇ ਮਰੋ। ਕਿਸੇ ਉਦੇਸ਼ ਖਾਤਰ ਲੜਦਿਆਂ ਮਰ ਜਾਣਾ, ਜ਼ਿੰਦਗੀ ਦਾ ਸਭ ਤੋਂ ਖੂਬਸੂਰਤ ਟੀਚਾ ਹੈ।" ਰਾਜਸ਼ੇਖਰ ਦੇ ਇਸ ਸੱਚ ਸਾਹਵੇਂ ਰਾਮਪਾਲ ਜਿਵੇਂ ਛੋਟਾ ਹੋ ਗਿਆ।

"ਇੰਜ ਮਰਨ ਨਾਲ ਚਾਨਣ ਕਤਲ ਨਹੀਂ ਹੁੰਦੇ, ਸਗੋਂ ਹੋਰ ਜਨਮਦੇ ਨੇ। ਦੀਵਾ ਵੀ ਤਾਂ ਬਲਦਾ ਹੈ, ਰੋਸ਼ਨੀ ਕਰਨ ਲਈ। ਤੇ ਬੁਝਣ ਤੋਂ ਪਹਿਲਾਂ ਜਾਂ ਹੋਰ ਦੀਵੇ ਬਾਲ ਜਾਂਦਾ ਹੈ ਜਾਂ ਸਵੇਰ ਲਿਆ ਦਿੰਦਾ ਹੈ।" ਰਾਜਸ਼ੇਖਰ ਨਿਧੜਕ ਬੋਲ ਰਿਹਾ ਸੀ।

ਕਿੰਨਾ ਚਿਰ ਉਹ ਗੱਲਾਂ ਕਰਦਾ ਰਿਹਾ। ਰਾਮਪਾਲ ਸੁਣਦਾ ਰਿਹਾ। ਰੋਟੀ ਖਾਧੀ ਅਤੇ ਫਿਰ ਉਹ ਨਿਸਚਿੰਤ ਸੌਂ ਗਿਆ।

ਅਜੇ ਮੂੰਹ-ਨ੍ਹੇਰਾ ਹੀ ਸੀ ਜਦੋਂ ਉਹ ਉਠ ਖਲੋਤਾ।

"ਸਾਰੇ ਪਾਸੇ ਪੁਲਿਸ ਖੜ੍ਹੀ ਐ, ਤੂੰ ਜਾਏਂਗਾ ਕਿਵੇਂ?" ਰਾਮਪਾਲ ਹੌਲ ਗਿਆ।

"ਨਹੀਂ, ਪੁਲਿਸ ਸਿਰਫ ਤੇਰੇ ਬੂਹੇ ਅੱਗੇ ਐ, ਪਿਛਲੇ ਬੰਨ੍ਹੇ ਨ੍ਹੀਂ।" ਉਹ ਅਡੋਲ ਸੀ।

ਰਾਮਪਾਲ ਨੇ ਅਣ-ਮੰਨੇ ਮਨ ਨਾਲ ਪੌੜੀ ਲਾ ਦਿੱਤੀ। ਉਹ ਪੌੜੀ ਚੜ੍ਹਿਆ ਅਤੇ ਕੰਧ ਵਿਚ ਰੱਖੇ ਦਾੜ੍ਹਿਆਂ ਨੂੰ ਹੱਥ ਪਾ ਕੇ ਹੇਠਾਂ ਲਮਕ ਗਿਆ।

ਪਰ ਅੱਜ ਉਹਦਾ ਅੰਦਾਜ਼ਾ ਗਲਤ ਹੋ ਗਿਆ ਸੀ। ਅਜੇ ਉਹ ਉਤਰ ਕੇ ਕੁਝ ਫਾਸਲੇ ਤੱਕ ਹੀ ਗਿਆ ਸੀ ਕਿ ਪੁਲਿਸ ਦੇ ਹੱਥ ਆ ਗਿਆ। ਥਾਣੇਦਾਰ ਸ਼ਰਮਾ ਮਨ ਹੀ ਮਨ ਬੜਾ ਖੁਸ਼ ਸੀ।

ਰਾਜਸ਼ੇਖਰ ਨੂੰ ਕੋਈ ਘਬਰਾਹਟ ਨਹੀਂ ਸੀ। ਉਹ ਆਪਣੇ ਆਪ ਨੂੰ ਇਮਤਿਹਾਨ ਲਈ ਤਿਆਰ ਕਰ ਰਿਹਾ ਸੀ। ਪੂਰਾ ਹਫਤਾ ਥਾਣੇਦਾਰ ਜ਼ੁਲਮ ਕਰਦਾ ਰਿਹਾ, ਪਰ ਰਾਜਸ਼ੇਖਰ ਨੇ ਜ਼ਬਾਨ ਨਹੀਂ ਸੀ ਖੋਲ੍ਹੀ। ਤੇ ਫਿਰ ਸ਼ਹਿਰੋਂ ਅੱਠ ਕੁ ਮੀਲ ਦੂਰ, ਕਿੱਕਰਾਂ ਦੇ ਝੁੰਡ ਵਿਚ 'ਪੁਲਿਸ ਮੁਕਾਬਲੇ' ਵਿਚ ਇਕ ਗੋਲੀ ਉਹਦੇ ਸਿਰ 'ਚੋਂ ਦੀ ਲੰਘ ਗਈ ਸੀ।

ਰਾਮਪਾਲ ਨੂੰ ਪਤਾ ਲੱਗਾ ਤਾਂ ਇਕ ਝੱਖੜ ਉਹਦੇ ਅੰਦਰ ਝੁੱਲ ਗਿਆ। ਉਹ ਸ਼ਹਾਦਤ ਵਾਲੀ ਥਾਂ ਗਿਆ। ਉਥੋਂ ਦੀ ਮਿੱਟੀ ਨੂੰ ਹੱਥਾਂ ਵਿਚ ਚੁੰਮਿਆ। ਇਕ ਰੋਹ ਉਹਦੀਆਂ ਅੱਖਾਂ ਵਿਚ ਬਲ ਉਠਿਆ। ਰਾਜਸ਼ੇਖਰ ਦੇ ਆਖੇ ਬੋਲ ਉਹਦੇ ਕੰਨਾਂ ਵਿਚ ਗੂੰਜ ਉਠੇ- ਚਾਨਣ ਕਤਲ ਨਹੀਂ ਹੁੰਦੇ, ਸਗੋਂ ਹੋਰ ਜਨਮਦੇ ਨੇ।

ਤੇ ਫਿਰ ਉਹਦੇ ਕਦਮ ਵੀ ਚਾਨਣ ਦੇ ਰਾਹ ਉਤੇ ਅੱਗੇ ਵਧ ਗਏ।

# ਵਰੀ, ਟੂੰਮਾਂ ਤੇ ਖੱਟ ਦਿਖਾਉਣ ਦੀ ਰਸਮ

*ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਵਰੀ, ਟੂੰਮਾਂ ਤੇ ਖੱਟ ਦਿਖਾਉਣ ਦੀ ਰਸਮ ਅਤੇ ਇਨ੍ਹਾਂ ਨਾਲ ਸਬੰਧਤ ਗੀਤਾਂ ਬਾਰੇ ਗੱਲ ਕੀਤੀ ਹੈ। -ਸੰਪਾਦਕ*

## ਸਾਡੀਆਂ ਰਸਮਾਂ ਸਾਡੇ ਗੀਤ



**ਨੀਲਮ ਸੈਣੀ**
ਫੋਨ: 510-502-0551

ਖਾਣੇ ਤੋਂ ਬਾਅਦ ਮੁੰਡੇ ਵਾਲੇ ਵਰੀ ਦਿਖਾਉਂਦੇ ਸਨ। ਵਿਆਹ ਵੇਲੇ ਸਹੁਰਿਆਂ ਵਲੋਂ ਕੁੜੀ ਨੂੰ ਦਿੱਤੇ ਜਾਂਦੇ ਕੱਪੜੇ ਅਤੇ ਗਹਿਣੇ 'ਵਰੀ' ਅਖਵਾਉਂਦੇ ਸਨ। ਸਹੁਰਿਆਂ ਵਲੋਂ ਕੁੜੀ ਲਈ ਵਰੀ ਵਿਚ ਘੱਟ ਤੋਂ ਘੱਟ ਪੰਜ ਸੂਟ, ਗਹਿਣੇ, ਸ਼ਿੰਗਾਰ ਸਮੱਗਰੀ ਅਤੇ ਜੁੱਤੀ ਆਦਿ ਟਰੰਕ ਵਿਚ ਰੱਖ ਕੇ ਲਿਆਂਦੇ ਜਾਂਦੇ ਸਨ। ਇਹ ਟਰੰਕ ਨਾਈ ਨੇ ਸਿਰ ਉਪਰ ਚੁੱਕਿਆ ਜਾਂ ਹੱਥ ਵਿਚ ਫੜਿਆ ਹੁੰਦਾ ਸੀ। 'ਵਰੀ' ਦੇਖਦੇ ਵਕਤ ਦਿੱਤੀਆਂ ਜਾਂਦੀਆਂ ਸਿੱਠਣੀਆਂ ਵਿਚ 'ਵਰੀ' ਨੂੰ ਕਦੀ ਉਧਾਰੀ ਲਿਆਂਦੀ ਅਤੇ ਕਦੀ ਮੰਗਵੀਂ 'ਵਰੀ' ਦੱਸ ਕੇ ਨਕਾਰਿਆ ਜਾਂਦਾ ਸੀ। ਸੋਨੇ ਦੇ ਗਹਿਣਿਆਂ ਨੂੰ ਪਿੱਤਲ਼ ਬਣਾ ਕੇ ਪੇਸ਼ ਕੀਤਾ ਜਾਂਦਾ ਸੀ। ਵਰੀ ਨੂੰ ਕੁੜੀ ਦੀ ਪਸੰਦ ਨਾ ਆਉਣ ਵਾਲ਼ੀ ਦੱਸ ਕੇ ਕੁੜਮਾਂ ਨੂੰ ਠਿੱਠ ਕੀਤਾ ਜਾਂਦਾ ਸੀ। 'ਵਰੀ' ਦੇਖਦੇ ਹੀ ਸਹੁਰੇ ਪਰਿਵਾਰ ਦੀ ਹੈਸੀਅਤ ਦਾ ਅਨੁਮਾਨ ਸਹਿਜੇ ਹੀ ਲਗਾ ਲਿਆ ਜਾਂਦਾ ਸੀ। 'ਵਰੀ' ਵਿਚ ਆਏ ਕੱਪੜੇ ਅਤੇ ਗਹਿਣੇ ਚਰਚਾ ਦਾ ਵਿਸ਼ਾ ਬਣਦੇ ਸਨ। ਇਸ ਰਸਮ ਦਾ ਮੰਤਵ ਕੁੜੀ ਦੇ ਮਾਪਿਆਂ ਨੂੰ ਇਹ ਤਸੱਲੀ ਦਿਵਾਉਣਾ ਹੁੰਦਾ ਸੀ ਕਿ ਉਨ੍ਹਾਂ ਦੀ ਧੀ ਚੰਗੇ ਘਰ ਵਿਆਹੀ ਗਈ ਹੈ। ਇਹ ਰਸਮ ਹੁਣ ਤਕਰੀਬਨ ਲੋਪ ਹੁੰਦੀ ਜਾ ਰਹੀ ਹੈ।

ਹਰੀ ਕੁੜੇ ਫ਼ੁੱਲ ਭਰੀ ਕੁੜੇ,
ਪੁਰਾਣੀ ਆਂਦੀ ਵਰੀ ਕੁੜੇ।

ਗਹਿਣੇ ਥੋੜ੍ਹੇ ਆਏ,
ਹਮ ਲਾਜ ਗਏ।
ਤੂੜੀ ਵੱਟੇ ਸੋਨਾ,
ਹਮ ਲਾਜ ਗਏ।
ਸਾਲ਼ਿਆ ਕੁੜਮਾਂ!
ਪਰਾਤ ਭਨਾ ਲਾ,
ਗਹਿਣੇ ਘੜਾ ਲਾ।
ਛੋਕਰਾ ਵਿਆਹ ਲਾ,
ਇਹ ਕੰਮ ਸਹਿਜੇ।
ਹਮ ਲਾਜ ਗਏ,
ਤੂੜੀ ਵੱਟੇ ਸੋਨਾ।

ਛੇ ਮਹੀਨੇ ਸੁਨਿਆਰ ਬਿਠਾਇਆ,
ਚਾਂਦੀ ਦੇ ਗਹਿਣਿਆਂ 'ਤੇ ਪਾਣੀ ਚੜ੍ਹਾਇਆ।
ਪਿੱਤਲ ਪਾਉਣਾ ਸਈ...
ਬੇਲੱਜਿਓ ਲੱਜ ਤੁਹਾਨੂੰ ਨਈਂ।
ਪੁਰਾਣੇ ਗਹਿਣਿਆਂ ਤੇ ਰੰਗ ਚੜ੍ਹਇਆ,
ਸਾਡੀ ਤਾਂ ਬੀਬੀ ਦੇ ਪਸੰਦ ਨਾ ਆਇਆ।
ਨਵੇਂ ਘੜਾਉਣੇ ਸਈ...
ਬੇਲੱਜਿਓ ਲੱਜ ਤੁਹਾਨੂੰ ਨਹੀਂ!

ਮੈਂ ਲਾਜ ਮੋਈ ਮੈਂ ਲਾਜ ਮੋਈ,
ਇਹ ਵਰੀ ਪੁਰਾਣੀ ਲਿਆਏ।
ਮੈਂ ਲਾਜ ਮੋਈ ਮੈਂ ਲਾਜ ਮੋਈ,
ਇਹ ਕੀ ਕੀ ਵਸਤ ਲਿਆਏ।
ਮੈਂ ਲਾਜ ਮੋਈ ਮੈਂ ਲਾਜ ਮੋਈ,
ਇਹ ਬੁੱਢੜੇ ਕਾਹਨੂੰ ਆਏ।
ਮੈਂ ਲਾਜ ਮੋਈ ਮੈਂ ਲਾਜ ਮੋਈ,
ਇਹ ਗੱਭਰੂ ਕਿਓਂ ਨਾ ਲਿਆਏ?

ਵਰੀ ਵੀ ਲਿਆਇਆ ਕੁੜਮਾਂ ਹੁੱਬ ਕੇ,
ਵੇ ਕੋਈ ਲਾ ਕੇ ਸਾਰਾ ਜ਼ੋਰ।
ਸਾਡੇ ਆਈ ਪਸੰਦ ਨਾ,
ਇਹ ਤਾਂ ਨਿਰੀ ਖੱਲਾਂ ਦਾ
ਵੇ ਮਾਸੜ ਸਾਡਿਆ ਵੇ-ਖ਼ੋਰ।

ਇਸ ਤੋਂ ਬਾਅਦ ਕੁੜੀ ਵਾਲਿਆਂ ਵਲੋਂ ਖੱਟ ਦਿਖਾਈ ਜਾਂਦੀ ਸੀ। 'ਖੱਟ' ਅਸਲ ਵਿਚ 'ਦਾਜ' ਦਾ ਹੀ ਦੂਜਾ ਨਾਮ ਸੀ। ਇਹ ਮਾਪਿਆਂ ਵਲੋਂ ਆਪਣੀ ਸਮਰੱਥਾ ਅਨੁਸਾਰ ਆਪਣੀ ਧੀ ਨੂੰ ਵਿਆਹ ਦੇ ਵਕਤ ਦਿੱਤੇ ਗਏ ਤੋਹਫ਼ੇ ਹੁੰਦੇ ਸਨ। ਇਹ ਤੋਹਫ਼ੇ ਸਹੁਰੇ ਘਰ ਜਾ ਕੇ ਉਸ ਦੀ ਰੋਜ਼ਾਨਾ ਜ਼ਿੰਦਗੀ ਵਿਚ ਵਰਤਣ ਵਾਲੀਆਂ ਵਸਤਾਂ ਹੁੰਦੀਆਂ ਸਨ। ਇਸ ਤੋਂ ਇਲਾਵਾ ਸੱਸ-ਸਹੁਰੇ, ਦਿਓਰ-ਦਰਾਣੀ, ਜੇਠ-ਜਠਾਣੀ, ਨਨਾਣ-ਨਣਦੋਈਏ, ਭੂਆ-ਫ਼ੁੱਫੜ, ਮਾਮੀ-ਮਾਮੇ ਨਜ਼ਦੀਕੀ ਰਿਸ਼ਤੇਦਾਰਾਂ ਲਈ ਕੱਪੜੇ ਵੀ ਹੁੰਦੇ



ਸਨ। ਇਨ੍ਹਾਂ ਨੂੰ ਭਨਾਉਣੀਆਂ ਕਿਹਾ ਜਾਂਦਾ ਸੀ। 'ਦਾਜ' ਦਿਖਾਉਂਦੇ ਵਕਤ ਗਾਏ ਜਾਣ ਵਾਲੇ ਗੀਤਾਂ ਵਿਚ ਮਾਪਿਆਂ ਦੇ ਤਰਲੇ ਹੁੰਦੇ ਸਨ। ਇਸ ਦੇ ਨਾਲ-ਨਾਲ ਕੁੜਮਾਂ ਨੂੰ ਧੀ ਦੇ ਸੁੱਖ ਦਾ ਧਿਆਨ ਰੱਖਣ ਲਈ ਬੇਨਤੀ ਵੀ ਕੀਤੀ ਜਾਂਦੀ ਸੀ। ਆਪਣੀ ਲਾਡਲੀ ਦੇ ਗੁਣਾਂ ਦੀ ਵਿਆਖਿਆ ਕਰਦਿਆਂ, ਸਹੁਰੇ ਘਰ ਵਿਚ ਸੁਖ਼ੀ ਵਸਣ ਦੀ ਕਾਮਨਾ ਹੁੰਦੀ ਸੀ।

ਮਾਪਿਆਂ ਵਲੋਂ ਥੋੜ੍ਹੇ ਦਿੱਤੇ 'ਦਾਜ' ਨੂੰ ਬਹੁਤਾ ਕਰ ਕੇ ਜਾਣਨ ਦੀ ਗੁਜ਼ਾਰਿਸ਼ ਹੁੰਦੀ ਸੀ। ਵਿਆਹ ਸਮੇਂ ਹਾਜ਼ਰ ਪਤਵੰਤਿਆਂ ਅਤੇ ਰਿਸ਼ਤੇਦਾਰਾਂ ਦੇ ਸਾਹਮਣੇ 'ਦਾਜ' ਦਿਖਾਉਣ ਦਾ ਮੰਤਵ ਇਹ ਵਿਸ਼ਵਾਸ ਦਿਵਾਉਣਾ ਹੀ ਹੁੰਦਾ ਸੀ ਕਿ ਉਨ੍ਹਾਂ ਦੀ ਧੀ ਲੋੜ ਮੁਤਾਬਿਕ ਸਭ ਕੁਝ ਲੈ ਕੇ ਜਾ ਰਹੀ ਹੈ। ਕਈ ਵਾਰੀ ਸਹੁਰੇ ਲਾਲਚੀ ਹੋਣ ਤਾਂ ਦਾਜ ਵਿਚ ਨੁਕਸ ਕੱਢਦੇ ਸਨ ਜਾਂ ਮੁੱਕਰ ਜਾਂਦੇ ਸਨ। ਇਸ ਲਈ ਹਾਜ਼ਰ ਪਤਵੰਤੇ ਅਤੇ ਰਿਸ਼ਤੇਦਾਰ ਇਸ ਗੱਲ ਦੀ ਗਵਾਹੀ ਹੁੰਦੇ ਸਨ ਕਿ 'ਖੱਟ' ਵਿਚ ਕੀ ਕੁਝ ਗਿਆ ਹੈ? 'ਖੱਟ' ਦਿਖਾਉਂਦੇ ਵਕਤ ਧੀ ਦੇ ਮਾਪਿਆਂ ਦੀ ਸਥਿਤੀ ਬਹੁਤ ਵਿਚਾਰਗੀ ਵਾਲੀ ਹੁੰਦੀ ਸੀ। ਉਨ੍ਹਾਂ ਦੇ ਮਨ ਤੇ ਇਕ ਪ੍ਰਸ਼ਨ ਚਿੰਨ ਹੁੰਦਾ ਸੀ? ਕੀ 'ਖੱਟ' ਧੀ ਦੇ ਸਹੁਰਿਆਂ ਦੀ ਪਸੰਦ ਮੁਤਾਬਿਕ ਹੈ? ਕੁੜਮ ਦੇ ਮੱਥੇ 'ਤੇ ਵੱਟ ਤਾਂ ਨਹੀਂ ਪਿਆ? ਅੱਜ ਲਾਲਚੀ ਸੋਚ ਕਾਰਨ ਦਾਜ ਦੀ ਰਸਮ ਇਕ ਖ਼ਤਰਨਾਕ ਬੁਰਾਈ ਵਜੋਂ ਉੱਭਰ ਕੇ ਸਾਹਮਣੇ ਆਈ ਹੈ।

ਸੁਣਿਓਂ ਸੁਣਿਓਂ ਨਵਿਓਂ ਕੁੜਮੋ!
ਅਰਜ਼ ਅਸਾਂ ਦੀ ਸੁਣਿਓਂ ਜੀ।
ਜੇ ਅਸੀਂ ਦਿੱਤੇ ਪਾਟੇ ਪੁਰਾਣੇ,
ਰੇਸ਼ਮ ਕਰ ਕੇ ਜਾਣਿਓਂ ਜੀ।
ਜੇ ਸਾਡੀ ਬੀਬੀ ਮੰਦਾ ਬੋਲੇ,
ਅੰਦਰ ਵੜ ਸਮਝਾਇਓ ਜੀ।
ਜੇ ਸਾਡੀ ਬੀਬੀ ਘਿਓ ਡੋਲ੍ਹੇ,
ਪਾਣੀ ਕਰਕ ਜਾਣਿਓਂ ਜੀ।
ਜੇ ਸਾਡੀ ਬੀਬੀ ਗੁੱਡੀਆਂ ਖੇਲ੍ਹੇ,
ਨਵੇਂ ਸ਼ਹਿਰ ਤੋਂ ਮੰਗਾਇਓ ਜੀ।
ਜੇ ਤੁਹਾਡਾ ਮੁੰਡਾ ਮੰਦਾ ਬੋਲੇ,
ਡੰਡਾ ਫੜ ਸਮਝਾਇਓ ਜੀ।

ਸੁਣ ਵੇ ਸਹੁਰਿਆ
ਹਵੇਲੀ ਦਿਆ ਫਹੁੜਿਆ,
ਮੇਰੀ ਮਾਂ ਦੀ ਗਾਲ਼ੀ ਨਾ ਦੇਵੀਂ।
ਸੁਣ ਨੀ ਸੱਸੀਏ ਚਾਉਣੇ ਦੀਏ ਵੱਛੀਏ,
ਮੇਰੇ ਜਣਦੇ ਗਾਲ਼ੀ ਨਾ ਦੇਵੀਂ।
ਸੁਣ ਵੇ ਜੇਠਾ ਘੜੇ ਦਿਆ ਹੇਠਾ,
ਮੇਰੀ ਭੈਣਾਂ ਗਾਲ਼ੀ ਨਾ ਦੇਵੀਂ।
ਸੁਣ ਵੇ ਦੇਰਾ ਮਲ੍ਹੇ ਦਿਆ ਬੇਰਾ,
ਮੇਰੀ ਸਹੀਆਂ ਗਾਲ਼ੀ ਨਾ ਦੇਵੀਂ।
ਸੁਣ ਨੀ ਨਣਦੇ ਖਾਣੀ ਜਣਦੇ,
ਮੇਰੇ ਵੀਰਾਂ ਗਾਲ਼ੀ ਨਾ ਦੇਵੀ।

ਸਾਡੀ ਤਾਂ ਬੀਬੀ ਲਾਡਲੀ ਨੀ,
ਰੋਟੀ ਪਿੱਛੋਂ ਮੰਗੇ ਖ਼ੀਰ।
ਬੀਬੀ ਦਾ ਬਾਬਲ ਇੰਝ ਜਾਪੇ,
ਜਿਓਂ ਰਾਜਿਆਂ ਵਿਚ ਵਜੀਰ।

ਕੱਢ ਨੀ ਅੰਮੜੀ!
ਕੁੱਝ ਸੱਜਿਆ ਸਜਾਇਆ,
ਕੁਝ ਰੱਖਿਆ ਰਖਾਇਆ।
ਮੇਰੇ ਬਾਬਲ ਦਾ ਖੱਟਿਆ,
ਮੇਰੇ ਵੀਰੇ ਦਾ ਕਮਾਇਆ।
ਕਿ ਹੁਣ ਤੇਰੇ,
ਦੇਣ ਦਾ ਵੇ਼ਲਾ ਆਇਆ।

ਵਿਹੜੇ ਇਮਲੀ ਦੇ ਹਰੇ ਹਰੇ ਪੱਤ ਆ,
ਪੰਛੀ ਬੈਠਾ ਰੁਦਨ ਕਰੇ।
ਬਾਬਲ ਮੈਨੂੰ ਏਨਾ ਦੇਮੀਂ ਦਾਜ,
ਕਿ ਜੱਗ ਤੇਰੀ ਸ਼ੋਭਾ ਕਰੇ।

# ...ਤੇ ਫਿਰ ਚੰਡੀਗੜ੍ਹ ਵੀ ਮਲਵੈਣ ਦਾ ਹੋ ਗਿਆ

ਮਾਲਵੇ ਦੇ ਛੋਟੇ ਜਿਹੇ ਪਿੰਡ ਦੀ ਧੀ ਨੂੰ ਸਮੇਂ ਨੇ ਚੰਡੀਗੜ੍ਹ ਲਿਆ ਵਸਾਇਆ। ਇਸ ਖ਼ੂਬਸੂਰਤ ਸ਼ਹਿਰ ਨੇ ਭਾਵੇਂ ਮੈਨੂੰ ਖੁੱਲ੍ਹੀਆਂ ਬਾਹਾਂ ਨਾਲ ਆਪਣੇ ਕਲਾਵੇ ਵਿਚ ਲੈ ਲਿਆ, ਪਰ ਇਸ ਗੋਦ ਵਿਚੋਂ ਮਾਲਵੇ ਵਾਲੀ ਨਿਘ ਦਾ ਅਹਿਸਾਸ ਕਦੇ ਨਾ ਹੋਇਆ। ਮੈਨੂੰ ਲੱਗਦਾ ਸੀ ਕਿ ਚੰਡੀਗੜ੍ਹ ਵਿਚ ਮੈਂ ਕਦੇ ਰਚ-ਮਿਚ ਨਹੀਂ ਸਕਾਂਗੀ। ਇਸ ਦਾ ਵੱਡਾ ਕਾਰਨ ਇਹ ਵੀ ਸੀ ਕਿ ਮੇਰੇ ਪਿਤਾ ਜੀ ਸਾਨੂੰ ਬੇਵਕਤੀ ਅਧਵਾਟੇ ਛੱਡ ਕੇ ਚਲੇ ਗਏ ਸਨ ਅਤੇ ਉਸ ਵੇਲੇ ਮੈਂ ਕਈ ਘਰੇਲੂ ਤੇ ਜਜ਼ਬਾਤੀ ਖਲਾਵਾਂ ਨਾਲ ਜੂਝ ਰਹੀ ਸੀ।

ਮਾਲਵੇ ਦੀ ਬੋਲੀ ਭਾਵੇਂ ਮੋਟੀ-ਠੁੱਲ੍ਹੀ ਤੇ ਕੁਰੱਖ਼ਤ ਹੈ, ਪਰ ਇਸ ਰੁੱਖੇਪਣ ਵਿਚ ਵਿਸ਼ੇਸ਼ ਕਿਸਮ ਦਾ ਮੋਹ ਵੀ ਹੈ। ਇਸੇ ਕਰ ਕੇ ਮੈਨੂੰ ਆਪਣੇ ਪਿੰਡ ਜਾਣ ਵੇਲੇ ਸਰੂਰ ਚੜ੍ਹ ਜਾਂਦਾ। ਪਿਛਲੇ ਦਿਨੀਂ ਤੀਆਂ ਦੇ ਇਕ ਪ੍ਰੋਗਰਾਮ ਵਿਚ ਚੰਡੀਗੜ੍ਹ ਵਿਚ ਮਾਲਵੇ ਦਾ ਨਿਘ ਮਾਣਨ ਦਾ ਮੌਕਾ ਮਿਲਿਆ। ਉਸ ਵੇਲੇ ਇਹ ਅਹਿਸਾਸ ਹੋਇਆ ਕਿ ਜਿਨ੍ਹਾਂ ਪਲਾਂ ਵਿਚ ਤੁਸੀਂ ਧੁਰ ਅੰਦਰੋਂ ਰੂਹ ਤੋਂ ਖ਼ੁਸ਼ੀ ਮਨਾ ਰਹੇ ਹੋਵੋ ਤਾਂ ਉਦੋਂ ਭਾਵੇਂ ਕਿਤੇ ਵੀ ਹੋਵੇ, ਆਪਣੀ ਮਿੱਟੀ ਦੀ ਖ਼ੁਸ਼ਬੋਈ ਆਵੇਗੀ ਹੀ। ਮੋਹ-ਭਿੱਜੇ ਖ਼ੁਸ਼ੀ ਦੇ ਪਲ ਬੇਗ਼ਾਨੇਪਣ ਦੇ ਅਹਿਸਾਸ ਨੂੰ ਦੂਰ ਕਰਦੇ ਹਨ।

ਪਰਿਵਾਰਕ ਰੁਝੇਵਿਆਂ ਅਤੇ ਦਫ਼ਤਰੀ ਕੰਮਾਂ-ਕਾਜਾਂ ਕਾਰਨ ਮੈਨੂੰ ਸਮਾਜਿਕ ਵਰਤ-ਵਰਤਾਰੇ ਲਈ ਕਦੇ ਸਮਾਂ ਨਹੀਂ ਮਿਲਿਆ। ਕੁਝ ਦਿਨ ਪਹਿਲਾਂ ਜਦੋਂ ਇਕ ਸਹੇਲੀ ਨੇ ਫੋਨ ਕਰ ਕੇ ਤੀਜ ਮਨਾਉਣ ਦੀ ਗੱਲ ਕੀਤੀ ਤਾਂ ਮੈਂ ਖਿੜੇ-ਮੱਥੇ ਸੱਦਾ ਕਬੂਲ ਕਰ ਲਿਆ। ਜਿਵੇਂ-ਕਿਵੇਂ ਕਰ ਕੇ ਮੈਂ ਸਮਾਗਮ ਲਈ ਆਪਣਾ ਲੀੜਾ-ਲੱਤਾ ਤੇ ਗਹਿਣੇ-ਗੱਟੇ ਵੀ ਤਿਆਰ ਕਰ ਲਏ। ਤੀਜ ਵੀ ਆ ਗਈ ਤੇ ਮੈਂ ਸਮੇਂ ਸਿਰ ਤਿਆਰ-ਬਰ-ਤਿਆਰ ਸੀ। ਚਾਅ ਹੀ ਏਨਾ ਸੀ ਕਿ ਰਾਤ ਦੀ ਲੇਟ ਡਿਊਟੀ ਦੇ ਬਾਵਜੂਦ ਸਵੇਰੇ ਜਲਦੀ ਉਠ ਕੇ ਜੁਆਕ ਨੂੰ ਸਕੂਲ ਭੇਜ ਕੇ ਝਟਪਟ ਤਿਆਰੀ ਕਰ ਲਈ। ਹੁਣ ਕੁਦਰਤ ਨੂੰ ਕੌਣ ਰੋਕੇ! ਐਨ ਗਿਆਰਾਂ ਵਜੇ ਪੂਰੇ ਵੇਗ ਵਿਚ ਵਰ੍ਹ ਰਿਹਾ ਅੰਬਰ ਵੀ ਮੇਰੇ ਕਦਮ ਨਾ ਰੋਕ ਸਕਿਆ। ਆਪਣੇ ਢਾਈ ਵਰ੍ਹਿਆਂ ਦੇ ਛੋਟੇ ਪੁੱਤ ਨੂੰ ਢਾਕੇ ਚੁੱਕੀ ਮੈਂ ਤੀਆਂ ਦੇ ਪੰਡਾਲ ਵਿਚ ਅਪੜ ਗਈ।

ਇਹ ਤੀਆਂ ਮੇਰੇ ਮਾਲਵੇ ਵਾਂਗ ਪਿੱਪਲ ਜਾਂ ਬੋਹੜ ਦੀ ਛਾਵੇਂ ਨਹੀਂ, ਬਲਕਿ ਆਲੀਸ਼ਾਨ ਏ.ਸੀ. ਹਾਲ ਵਿਚ ਲੱਗੀਆਂ ਸਨ। ਡੀ.ਜੇ. ਦੇ ਸ਼ੋਰੀਲੇ ਸੰਗੀਤ ਵਿਚ ਮੇਰੀਆਂ ਸਹੇਲੀਆਂ ਨੱਚ-ਨੱਚ ਕੇ ਦੂਹਰੀਆਂ-ਤੀਹਰੀਆਂ ਹੋ ਰਹੀਆਂ ਸਨ। ਪੱਛਮੀ ਪਹਿਰਾਵਿਆਂ ਵਿਚ ਨਜ਼ਰੀਂ ਆਉਣ ਵਾਲੀਆਂ ਸਖੀਆਂ ਅੱਜ ਕੁਝ ਵੱਖਰੀਆਂ ਲੱਗ ਰਹੀਆਂ ਸਨ। ਰੰਗ-ਬਿਰੰਗੇ ਸੂਟਾਂ ਅਤੇ



ਗਹਿਣਿਆਂ ਨੇ ਇਨ੍ਹਾਂ ਸੁਆਣੀਆਂ ਦਾ ਰੂਪ ਦੂਣ-ਸਵਾਇਆ ਕਰ ਦਿੱਤਾ ਸੀ ਅਤੇ ਇਨ੍ਹਾਂ ਨੂੰ ਦੇਖ ਕੇ ਮੈਨੂੰ ਆਪਣੇ ਪਿੰਡ ਦੀਆਂ ਤੀਆਂ 'ਤੇ ਪੇਕੇ ਆਈਆਂ ਸੱਜ-ਵਿਆਹੀਆਂ ਦਾ ਝੌਲਾ ਪੈ ਰਿਹਾ ਸੀ। ਹਾਲ ਵਿਚ ਸਭਿਆਚਾਰ ਦੀ ਝਲਕ ਦੇਣ ਲਈ ਚਰਖਾ, ਪੂਣੀਆਂ, ਘੜੇ, ਪੱਖੀਆਂ ਆਦਿ ਸ਼ਿੰਗਾਰ ਕੇ ਰੱਖੇ ਹੋਏ ਸਨ ਅਤੇ ਇਨ੍ਹਾਂ ਵਸਤਾਂ ਨਾਲ ਪੋਜ਼ ਬਣਾ ਕੇ ਫੋਟੋਆਂ ਖਿਚਾਉਣ ਲਈ ਵਾਰੀ ਉਡੀਕਣੀ ਪੈ ਰਹੀ ਸੀ। ਆਧੁਨਿਕਤਾ ਦੇ ਇਸ ਯੁੱਗ ਵਿਚ ਸੈਲਫੀਆਂ ਦਾ ਤਾਂ ਜਿਵੇਂ ਹੜ੍ਹ ਆ ਗਿਆ ਸੀ!

ਅਚਾਨਕ ਡੀ.ਜੇ. ਬੰਦ ਹੋ ਗਿਆ... ਤੇ ਹੁਣ ਵੇਲਾ ਆਇਆ ਮਾਈਕ ਫੜ ਕੇ ਬੋਲੀਆਂ ਪਾ ਕੇ ਨੱਚਣ ਦਾ। ਇਸ ਤੋਂ ਪਹਿਲਾਂ ਕਿ ਕੋਈ ਬੋਲੀ ਪਾਉਂਦੀ, ਕਿਸੇ ਸਿਆਣੀ ਬੀਬੀ ਨੇ ਮਾਈਕ ਫੜ ਕੇ 'ਜ਼ਰੂਰੀ' ਅਨਾਊਂਸਮੈਂਟ ਕੀਤੀ, "ਬਈ ਕੋਈ ਵੀ ਜਣਾ ਸੱਸ ਜਾਂ ਨਣਦ ਬਾਰੇ ਬੋਲੀ ਨਹੀਂ ਪਾਵੇਗਾ।" ਮੈਂ ਅਣੋਬੜ ਨੇ ਸੋਚਿਆ ਕਿ ਸ਼ਾਇਦ ਆਧੁਨਿਕ ਯੁੱਗ ਦੀਆਂ ਇਹ ਕੁੜੀਆਂ ਸੱਸ-ਨੂੰਹ ਜਾਂ ਨਣਦ-ਭਰਜਾਈ ਦੇ ਰਿਸ਼ਤੇ ਦੀ ਕੁੜੱਤਣ ਤੋਂ ਉਪਰ ਉਠ ਗਈਆਂ ਹਨ, ਜਾਂ ਇਹ ਪਾੜਾ ਘਟ ਰਿਹਾ ਹੈ, ਪਰ ਹੋਕੇ ਦੀ ਅਗਲੀ ਹੀ ਗੱਲ ਨੇ ਮੇਰੇ ਭੁਲੇਖੇ ਦੂਰ ਕਰ ਦਿੱਤੇ। ਸਿਆਣੀ ਬੀਬੀ ਨੇ ਜ਼ੋਰਦਾਰ ਠਹਾਕਾ ਲਾ ਕੇ ਕਿਹਾ, "ਪਲੀਜ਼ ਸੱਸਾਂ-ਨਣਦਾਂ ਤੋਂ ਛੁੱਟ ਕੇ ਆਏ ਹਾਂ, ਏਥੇ ਨਾ ਯਾਦ ਕਰੀ ਜਾਇਓ। ਦੋ ਘੜੀ ਹੱਸ-ਖੇਡ ਲਿਓ।" ਬੱਸ ਫਿਰ ਕੀ ਸੀ, ਇਕ ਤੋਂ ਇਕ ਚੜ੍ਹ ਕੇ ਪੂਰੇ ਢਾਈ-ਤਿੰਨ ਘੰਟੇ ਲਗਾਤਾਰ ਇਨ੍ਹਾਂ ਔਰਤਾਂ ਦੀ ਧਰਤੀ ਨੂੰ ਅੱਡੀ ਨਾ ਲੱਗੀ। ਬਿਸਲੇਰੀ ਦੀਆਂ ਪਾਣੀ ਵਾਲੀਆਂ ਬੋਤਲਾਂ ਅਤੇ ਕੋਲਡ ਡਰਿੰਕਸ ਨੂੰ ਛੱਡ ਕੇ ਹੋਟਲ ਵਾਲਿਆਂ ਦੇ ਸਨੈਕਸ ਤੇ ਕੌਫੀ ਨੂੰ ਤਾਂ ਕਿਸੇ ਨੇ ਮੂੰਹ ਵੀ ਨਾ ਲਾਇਆ; ਸਮਾਂ ਹੀ ਕਿਸ ਕੋਲ ਸੀ ਇਸ ਸਭ ਦੇ ਲਈ?

ਏ.ਸੀ. ਚੱਲਣ ਦੇ ਬਾਵਜੂਦ ਮੁੜ੍ਹਕੋ-ਮੁੜ੍ਹਕੀ ਹੋ ਕੇ 'ਟਮਾਟਰ ਰੰਗੀਆਂ' ਹੋਈਆਂ ਇਨ੍ਹਾਂ ਬੀਬੀਆਂ ਦੇ ਜੋਸ਼ ਨੇ ਮੈਨੂੰ ਮੇਰਾ ਪੇਕਾ ਪਿੰਡ ਯਾਦ ਕਰਵਾ ਦਿੱਤਾ। ਕਿਵੇਂ ਹਰ ਸਾਉਣ ਦੇ ਮਹੀਨੇ ਹੁੰਮਸ ਭਰੀਆਂ ਸ਼ਾਮਾਂ ਨੂੰ ਛੇਤੀ ਕੰਮ ਨਿਬੇੜ ਕੇ ਪਿੱਪਲ ਹੇਠ 'ਕੱਠੀਆਂ ਹੋਈਆਂ ਪਿੰਡ ਦੀਆਂ ਕੁੜੀਆਂ ਗਿੱਧੇ ਦੇ ਪੰਡਾਲ ਵਿਚ ਉਤਰਦੀਆਂ ਅਤੇ ਆਪਣੇ ਦਿਲ ਦੇ ਤੌਖਲੇ ਅੱਡੀਆਂ ਦੇ ਜ਼ੋਰ ਨਾਲ ਪ੍ਰਗਟ ਕਰਦੀਆਂ ਸਨ। ਮੈਨੂੰ ਜਾਪ ਰਿਹਾ ਸੀ ਜਿਵੇਂ ਮੈਂ ਆਪਣੇ ਹੀ ਪਿੰਡ ਦੇ ਪਿੱਪਲ ਹੇਠ ਤੀਆਂ ਦੀ ਰੌਣਕ 'ਚ ਹਾਂ। ਆਪਣੇ ਦੁਆਲੇ ਨੱਚ ਰਹੀਆਂ ਸਾਰੀਆਂ ਜਣੀਆਂ ਮੈਨੂੰ ਆਪਣੇ ਪਿੰਡ ਦੀਆਂ ਸਹੇਲੀਆਂ ਦਿੱਸ ਰਹੀਆਂ ਸਨ। ਇਸ ਸਮਾਨਤਾ ਨੇ ਵਰ੍ਹਿਆਂ ਦੇ ਬੇਗਾਨੇਪਣ ਦੇ ਅਹਿਸਾਸ ਨੂੰ ਅਪਣੱਤ ਵਿਚ ਬਦਲ ਦਿੱਤਾ। ਅਚਾਨਕ ਇਸ ਮਲਵੈਣ ਨੂੰ ਚੰਡੀਗੜ੍ਹ ਵੀ ਆਪਣਾ ਜਾਪਣ ਲੱਗਾ।

**-ਰਾਜਬੀਰ ਕੌਰ ਗਰੇਵਾਲ**

## ਲਿਪਸਟਿਕ ਅੰਡਰ ਮਾਈ ਬੁਰਕਾ...

*ਫਿਲਮਸਾਜ਼ ਅਲੰਕ੍ਰਿਤਾ ਸ੍ਰੀਵਾਸਤਵ ਦੀ ਫਿਲਮ 'ਲਿਪਸਟਿਕ ਅੰਡਰ ਮਾਈ ਬੁਰਕਾ' ਨੇ ਸਿਨੇਮਾ ਸਨਅਤ ਵਿਚ ਹੀ ਨਹੀਂ, ਸਮਾਜ ਅੰਦਰ ਵੀ ਨਿੱਗਰ ਬਹਿਸ ਦਾ ਆਗਾਜ਼ ਕੀਤਾ ਹੈ। ਜਦੋਂ ਸੈਂਸਰ ਬੋਰਡ ਨੇ ਇਸ ਫਿਲਮ ਨੂੰ ਔਰਤ ਪੱਖੀ ਆਖ ਕੇ ਪਾਸ ਕਰਨ ਤੋਂ ਨਾਂਹ ਕਰ ਦਿੱਤੀ ਸੀ, ਉਦੋਂ ਹੀ ਸਪਸ਼ਟ ਹੋ ਗਿਆ ਸੀ ਕਿ ਇਹ ਫਿਲਮ ਭਾਰਤੀ ਸਮਾਜ ਦੇ ਪਰਦੇ ਫਰੋਲਣ ਵਾਲੀ ਹੀ ਹੋਵੇਗੀ। ਠੀਕ ਹੀ ਇਸ ਨੇ ਭਾਰਤੀ ਸਮਾਜ ਦੀ ਮਰਦ-ਪ੍ਰਧਾਨ ਬਿਮਾਰ ਮਾਨਸਿਕਤਾ ਦੇ ਖੂਬ ਪਰਦੇ ਫਰੋਲੇ ਹਨ। 'ਪੰਜਾਬ ਟਾਈਮਜ਼' ਪਹਿਲਾਂ ਵੀ ਇਸ ਫਿਲਮ ਬਾਰੇ ਚਰਚਾ ਕਰ ਚੁੱਕਾ ਹੈ, ਹੁਣ ਸਾਡੀ ਕਾਲਮਨਵੀਸ ਕੁਲਦੀਪ ਕੌਰ ਨੇ ਇਸ ਫਿਲਮ ਦੇ ਕਿਰਦਾਰਾਂ ਬਾਰੇ ਗੱਲ ਕਰਦਿਆਂ ਕੁਝ ਅਹਿਮ ਨੁਕਤੇ ਨਿਤਾਰੇ ਹਨ। -ਸੰਪਾਦਕ*



ਕੁਲਦੀਪ ਕੌਰ
ਫੋਨ: +91-98554-04330

# ...ਉਰਫ ਆਜ਼ਾਦੀ ਉਰਫ ਮਰਿਆਦਾ ਉਰਫ ਮਿੱਥ

ਫਿਲਮ 'ਲਿਪਸਟਿਕ ਅੰਡਰ ਮਾਈ ਬੁਰਕਾ' ਤੰਗ ਗਲੀਆਂ ਵਾਲੇ ਭੋਪਾਲ ਵਰਗੇ ਸ਼ਹਿਰਾਂ ਦੀਆਂ ਤਹਿਜ਼ੀਬ-ਜ਼ਾਬਤਾ, ਪਰ ਰੰਗ-ਬਰੰਗੇ ਲਾਟੂਆਂ ਦੀ 'ਚਾਲੂ ਤੇ ਜਗਾਤੂ' ਰੋਸ਼ਨੀ ਕਾਰਨ ਆਧੁਨਿਕ ਨਜ਼ਰ ਆ ਰਹੀਆਂ ਗਲੀਆਂ ਵਿਚ ਵਾਪਰ ਰਹੇ ਤਤਕਾਲੀ ਵਰਤਾਰਿਆਂ ਦੀ ਲੜੀ ਹੈ। ਟਾਈਟ ਕਲੋਜ਼-ਅਪ ਦ੍ਰਿਸ਼ਾਂ ਦੀ ਭਰਮਾਰ ਦੁਆਰਾ ਫਿਲਮ ਦੀ ਨਿਰਦੇਸ਼ਕ ਅਲੰਕ੍ਰਿਤਾ ਸ੍ਰੀਵਾਸਤਵ ਬਿਊਟੀ ਪਾਰਲਰਾਂ, ਬੈੱਡਰੂਮਾਂ, ਵਾਸ਼ਰੂਮਾਂ, ਸੜਕਾਂ, ਸ਼ਾਪਿੰਗ ਮਾਲਾਂ ਅਤੇ ਘਰਾਂ ਅੰਦਰ ਮੋਬਾਇਲਾਂ, ਤਕਨੀਕਾਂ, ਆਧੁਨਿਕ ਬਾਜ਼ਾਰੀ ਬਿਰਤਾਂਤ ਦੀ ਗੁੰਝਲਗਾਹ ਵਿਚ ਉਲਝੇ ਬੰਦਿਆਂ ਦੇ ਆਪਸੀ ਟਕਰਾਉ ਅਤੇ ਦਵੰਦਾਂ ਨੂੰ ਬਹੁਤ ਖੂਬਸੂਰਤੀ ਨਾਲ ਸਿਰਜਦੀ ਹੈ।

ਇਹ ਫਿਲਮ ਭਾਰਤ ਦੀ 'ਸੰਸਕਾਰੀ' ਦੁਨੀਆਂ ਵਿਚ ਵਸੀਆਂ ਰੰਗਦਾਰ ਤਿਤਲੀਆਂ ਪਾਲਣ ਦਾ ਸੁਪਨਾ ਦੇਖਣ ਵਾਲੀਆਂ ਚਾਰ ਔਰਤਾਂ ਦੀ ਕਹਾਣੀ ਹੈ ਜਿਸ ਵਿਚ ਔਰਤਾਂ ਦੇ ਕਿਰਦਾਰਾਂ ਦਾ ਤਾਣਾ-ਬਾਣਾ ਉਨ੍ਹਾਂ ਦੀ 'ਔਰਤ' ਜਾਤ ਦੇ ਤੌਰ 'ਤੇ ਦੇਹ ਨਾਲ ਵਾਬਸਤਾ ਸਵਾਲਾਂ ਰਾਹੀਂ ਬੁਣਿਆ ਜ਼ਰੂਰ ਗਿਆ ਹੈ, ਪਰ ਇਹ ਨਾ ਤਾਂ ਨਾਰੀਵਾਦੀ ਫਿਲਮਾਂ ਦੀ ਸ਼੍ਰੇਣੀ ਵਾਲੀ ਫਿਲਮ ਹੈ ਅਤੇ ਨਾ ਹੀ ਇਸ ਦਾ ਔਰਤਾਂ ਦੇ ਤਥਾ-ਕਥਿਤ 'ਸ਼ਕਤੀਕਰਨ' ਨਾਮੀ ਸਿਆਸੀ ਜੁਮਲੇ ਨਾਲ ਕੁਝ ਲੈਣਾ ਦੇਣਾ ਹੈ। ਇਹ ਬੱਸ ਚਾਰ ਇਨਸਾਨਾਂ ਦੀ ਲੀਕ ਤੋਂ ਹਟ ਕੇ ਜ਼ਿੰਦਗੀ ਜਿਊਣ ਦੀਆਂ ਕੋਸ਼ਿਸ਼ਾਂ ਦਾ ਬਿਰਤਾਂਤ ਹੈ ਅਤੇ ਖੁਸ਼ਕਿਸਮਤੀ ਨਾਲ ਉਹ ਚਾਰੇ ਇਨਸਾਨ ਔਰਤਾਂ ਹਨ।

ਲੀਕ ਤੋਂ ਹਟ ਕੇ ਜ਼ਿੰਦਗੀ ਜਿਊਣ ਦੀ ਇਹ ਜ਼ਿਦ ਵਾਰ ਵਾਰ ਭਾਰਤੀ ਸੰਸਕਾਰਾਂ, ਮਰਿਆਦਾ ਅਤੇ 'ਭਾਰਤੀ ਔਰਤ ਹੋਣ ਦਾ ਮਤਲਬ' ਦੀਆਂ ਧਾਰਨਾਵਾਂ ਨਾਲ ਟਕਰਾ ਕੇ ਲਹੂ-ਲੁਹਾਣ ਹੁੰਦੀ ਹੈ। ਲਹੂ-ਲੁਹਾਣ ਹੋਣ ਦੇ ਇਨ੍ਹਾਂ ਖਤਰਿਆਂ ਦੇ ਬਾਵਜੂਦ ਜਿਥੇ ਭਾਰਤ ਵਰਗੇ ਮੁਲਕ ਵਿਚ ਅਜਿਹੀ ਫਿਲਮ ਦਾ ਸਵਾਗਤ ਕਰਨਾ ਬਣਦਾ ਹੈ, ਉਥੇ ਇਸ ਉਪਰ ਸੈਂਸਰ ਦੀ ਕੈਂਚੀ ਫਿਰਨਾ ਇਸ ਤੱਥ ਦੀ ਗਵਾਹ ਹੈ ਕਿ ਇਨ੍ਹਾਂ ਸਵਾਲਾਂ ਦੀ ਹੋਂਦ ਦਾ ਜ਼ਰੀਆ ਕਿਰਦਾਰਾਂ ਦੇ ਔਰਤ ਦੇ ਤੌਰ 'ਤੇ ਪੈਦਾ ਹੋਣ ਨਾਲ ਜ਼ਿਆਦਾ ਜੁੜਦਾ ਹੈ, ਇਨਸਾਨੀ ਹੱਕਾਂ ਨਾਲ ਘੱਟ। ਇਸ ਤੱਥ ਨੂੰ ਫਿਲਮਸਾਜ਼ ਦੁਆਰਾ ਕਹਾਣੀ ਫਿਲਮਾਉਣ ਲਈ ਚੁਣੀਆਂ ਚਾਰੇ ਕਿਰਦਾਰਾਂ ਦੀ ਜ਼ਿੰਦਗੀ ਪ੍ਰਤੀ ਸਮਝ ਨੂੰ ਵਕਤੀ ਤੌਰ 'ਤੇ ਮਰਦ ਕਿਰਦਾਰਾਂ ਨਾਲ ਬਦਲ ਕੇ ਸਮਝਿਆ ਜਾ ਸਕਦਾ ਹੈ; ਮਸਲਨ:

1) ਪਚਵੰਜਾ ਸਾਲ ਦਾ ਇਜ਼ਤਦਾਰ ਮਰਦ, ਅਸ਼ਲੀਲ ਸਾਹਿਤ ਪੜ੍ਹਦਾ ਹੈ। ਆਪਣੇ ਤੋਂ ਅੱਧੀ ਉਮਰ ਦੀ ਕੁੜੀ ਨੂੰ ਧੀ ਜਾਂ ਪੋਤੀ-ਦੋਹਤੀ ਸਮਝਣ ਦੀ ਥਾਂ ਉਸ ਨਾਲ ਫੋਨ 'ਤੇ ਨੰਗੀਆਂ ਗੱਲਾਂ ਕਰਦਾ ਹੈ। ਸਮਾਜ ਦਾ ਇਸ ਬਾਰੇ ਨਜ਼ਰੀਆਂ ਇਸ ਮੁਹਾਵਰੇ ਵਿਚ ਪਿਆ ਹੈ ਕਿ 'ਮਰਦ ਅਤੇ ਘੋੜਾ ਕਦੇ ਵੀ ਬੁੱਢੇ ਨਹੀਂ ਹੁੰਦੇ'। ਫਿਲਮਸਾਜ਼ ਨੇ ਇਸ ਬਿਰਤਾਂਤ ਵਿਚ ਬਹੁਤ ਸਹਿਜਤਾ ਨਾਲ ਉਸ ਮਰਦ ਦੀ ਥਾਂ ਉਤੇ ਔਰਤ ਕਿਰਦਾਰ ਰੱਖ ਦਿੱਤਾ ਹੈ। ਇਸ ਨਾਲ ਫਿਲਮ ਦੀ ਪੂਰੀ ਦੀ ਪੂਰੀ ਵਿਆਕਰਨ ਬਦਲ ਗਈ ਹੈ ਜਿਸ ਦਾ ਅੰਦਾਜ਼ਾ ਤੁਹਾਨੂੰ ਸਿਨੇਮਾ ਹਾਲ ਵਿਚ ਬੈਠ ਕੇ ਹੀ ਲੱਗ ਸਕਦਾ ਹੈ, ਜਦੋਂ ਦਰਸ਼ਕਾਂ ਦੇ ਤੌਰ 'ਤੇ ਜਵਾਨ ਮੁੰਡਿਆਂ ਅਤੇ ਮਰਦਾਂ ਲਈ ਆਪਣੀਆਂ ਸਰੀਰਕ ਖਾਹਿਸ਼ਾਂ ਦਾ ਇਜ਼ਹਾਰ ਕਰਦੀ ਬਜ਼ੁਰਗ ਔਰਤ ਮਖੌਲ ਅਤੇ ਤ੍ਰਿਸਕਾਰ ਦਾ ਪਾਤਰ ਬਣ ਜਾਂਦੀ ਹੈ। ਗੂਗਲ ਉਪਰ ਸਭ ਤੋਂ ਜ਼ਿਆਦਾ 'ਪੋਰਨ' ਲੱਭਣ ਵਿਚ ਮਾਹਿਰ ਇਹ ਤਬਕਾ ਅਚਾਨਕ ਚਿੱਟੇ ਵਾਲਾਂ ਵਾਲੀ ਔਰਤ ਊਸ਼ਾ (ਰਤਨਾ ਸ਼ਾਹ ਪਾਠਕ) ਦੀਆਂ ਸਰੀਰਕ ਖਾਹਿਸ਼ਾਂ ਤੋਂ ਭੈਅ-ਭੀਤ ਤੇ ਸ਼ਰਮਿੰਦਾ ਹੋ ਜਾਂਦਾ ਹੈ।



ਅਲੰਕ੍ਰਿਤਾ ਸ੍ਰੀਵਾਸਤਵ

2) ਤੀਹ ਸਾਲਾਂ ਦੇ ਮਰਦ ਨੂੰ ਨੌਕਰੀ ਕਰਨਾ ਆਪਣੀ ਹੋਂਦ ਤੇ ਪਛਾਣ ਨਾਲ ਜੁੜਿਆ ਮਹੱਤਵਪੂਰਨ ਸੂਤਰ ਲੱਗਦਾ ਹੈ। ਕਿਸੇ ਵੀ ਭਾਰਤੀ ਮਰਦ ਲਈ ਇਹ ਉਸ ਦੀ ਜ਼ਿੰਦਗੀ ਦਾ ਸਭ ਤੋਂ ਜ਼ਰੂਰੀ ਮੁੱਦਾ ਹੋ ਸਕਦਾ ਹੈ। ਇਸ ਵਿਚ ਸਮਾਜ, ਮਾਪੇ ਤੇ ਸੰਗੀ-ਸਾਥੀ ਆਪਣੇ ਤਨ-ਮਨ-ਧਨ ਨਾਲ ਉਸ ਦੀ ਇਮਦਾਦ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਸਮਾਜ ਵਿਚ ਮਰਦ ਲਈ ਉਸ ਦੇ ਸਮਾਜਿਕ ਰੁਤਬੇ ਅਤੇ ਆਤਮ-ਵਿਸ਼ਵਾਸ ਦਾ ਧੁਰਾ ਹੋ ਸਕਦਾ ਹੈ। ਕੀ ਹੋਵੇ, ਜੇ ਉਸ ਮਰਦ ਨੂੰ ਘਰ ਦੀ ਚਾਰ-ਦੀਵਾਰੀ ਵਿਚ ਡੱਕ ਕੇ ਉਸ ਨੂੰ ਬੱਚਿਆਂ ਦੀ ਨਲੀ ਪੂੰਝਣ ਤੱਕ ਮਹਿਦੂਦ ਕਰ ਦਿੱਤਾ ਜਾਵੇ? ਉਸ ਨਾਲ ਤਕਰੀਬਨ ਹਰ ਰਾਤ ਬਲਾਤਕਾਰ (ਇਸ ਨੂੰ ਕਾਨੂੰਨੀ ਬਲਾਤਕਾਰ ਕਹਿਣਾ ਜ਼ਿਆਦਾ ਸਹੀ ਹੈ) ਵੀ ਹੋਵੇ, ਤੇ ਉਹ ਆਪਣੀ ਜ਼ਿੰਦਗੀ ਦੇ ਕੀਮਤੀ ਵਰ੍ਹੇ ਗਰਭ ਠਹਿਰਨ-ਗਿਰਾਉਣ ਦੇ ਚੱਕਰ ਵਿਚ ਉਲਝਿਆ ਰਹੇ! ਫਿਲਮ ਵਿਚ ਇਹ ਸਭ ਹੁੰਦਾ ਹੈ ਸ਼ਿਰੀਨ (ਕੋਨਕਨਾ ਸੇਨ) ਨਾਲ ਅਤੇ ਭਾਰਤ ਵਰਗੇ ਮੁਲਕਾਂ ਵਿਚ ਮਨੁੱਖੀ ਅਧਿਕਾਰਾਂ ਦੀ ਇਸ 'ਸ਼ਰੀਫ' ਉਲੰਘਣਾ ਨੂੰ 'ਔਰਤ ਦੀ ਹੋਣੀ', 'ਪਰਿਵਾਰ ਦੀ ਮਰਿਆਦਾ' ਅਤੇ 'ਪਤੀ ਦਾ ਹੱਕ' ਵਰਗੇ ਵਿਸ਼ੇਸ਼ਣਾਂ ਨਾਲ ਰਫਾ-ਦਫਾ ਕਰ ਦਿੱਤਾ ਜਾਂਦਾ ਹੈ। ਸ਼ਿਰੀਨ ਦੇ ਪਤੀ ਨੇ ਇਹ ਹੱਕ ਕਿਸੇ ਖਾਸੀਅਤ ਨਾਲ ਨਹੀਂ ਕਮਾਏ, ਸਗੋਂ ਮਰਦ ਹੋਣ ਕਾਰਨ ਖੁਦ-ਬਖੁਦ ਉਸ ਦੀ ਝੋਲੀ ਵਿਚ ਆ ਡਿੱਗੇ ਹਨ। ਉਸ ਨੂੰ ਇਨ੍ਹਾਂ ਦੀ ਸਹੀ ਵਰਤੋਂ ਦਾ ਸ਼ਹੂਰ ਤੱਕ ਨਹੀਂ ਅਤੇ ਉਸ ਦੀ ਤੰਗਦਿਲੀ, ਅਸੰਵੇਦਨਸ਼ੀਲਤਾ ਅਤੇ ਨਾਲਾਇਕੀ ਨੂੰ ਸ਼ਿਰੀਨ ਆਪਣੀ ਜ਼ਿੰਦਾਦਿਲੀ ਨਾਲ ਝੱਲਦੀ ਹੈ। ਕਿੰਨੇ ਮਰਦਾਂ ਵਿਚ ਅਜਿਹੀ ਜ਼ਿੰਦਗੀ ਜਿਊਣ ਦਾ ਜੇਰਾ ਹੈ!

3) ਫਿਲਮ ਦਾ ਸਭ ਤੋਂ ਉਲਝਿਆ ਹੋਇਆ ਕਿਰਦਾਰ ਹੈ ਲੀਲ੍ਹਾ। ਲੀਲ੍ਹਾ ਲਈ ਜ਼ਿੰਦਗੀ ਹੀ ਦੇਹ ਦੇ ਜਸ਼ਨ ਦੀ ਲੀਲ੍ਹਾ ਹੈ। ਉਸ ਦਾ ਕਿਰਦਾਰ ਪਿਤਰਵਾਦੀ ਸੋਚ ਨੂੰ 'ਸਭ ਤੋਂ ਖਤਰਨਾਕ' ਭਾਸਦਾ ਹੈ। ਸ਼ਾਇਦ ਉਹ ਭਾਰਤੀ ਸਿਨੇਮਾ ਦੀ ਪਹਿਲੀ ਔਰਤ ਕਿਰਦਾਰ ਹੈ ਜਿਸ ਨੇ ਜਿਸਮ ਦੀ ਖਾਹਿਸ਼ ਨੂੰ ਕਿਸੇ ਪ੍ਰਵਚਨ ਨਾਲੋਂ ਨਿਖੇੜ ਕੇ ਖਾਹਿਸ਼ ਵਜੋਂ ਨਿਭਾਇਆ ਹੈ। ਅਜਿਹਾ ਜੇ ਮਰਦ ਕਿਰਦਾਰ ਹੁੰਦਾ ਤਾਂ ਉਸ ਨੂੰ 'ਜ਼ਿੰਦਾਦਿਲ', 'ਅਸਲੀ ਮਰਦ', 'ਜਵਾਨੀ ਦਾ ਜੋਸ਼' ਆਦਿ ਵਰਗੇ ਲਕਬ ਮਿਲਣੇ ਸਨ। ਇਸ ਦਾ ਸਿੱਧਾ ਸਬੰਧ ਲੱਖਾਂ-ਕਰੋੜਾਂ ਦੀ ਅੰਡਰ-ਗਰਾਊਂਡ ਦਵਾਈ ਸਨਅਤ ਨਾਲ ਜਾ ਜੁੜਦਾ ਹੈ ਜੋ ਮਰਦ ਦੀਆਂ ਜਿਸਮਾਨੀ ਤਾਕਤ ਨਾਲ ਸਬੰਧਤ 'ਖਾਹਿਸ਼ਾਂ' ਦੇ ਦਮ ਉਤੇ ਚਲਦੀ ਹੈ। ਪਿਛਲੇ ਸਾਲ ਆਈ ਥਾਮਸਨ ਰਾਇਟਰਜ਼ ਦੀ ਰਿਪੋਰਟ ਮੁਤਾਬਿਕ, ਭਾਰਤੀ ਮਰਦ ਸੈਕਸ ਸਬੰਧਾਂ ਵਿਚ ਆਪਣੇ ਸਾਥੀ ਨੂੰ ਸਰੀਰਕ ਦਰਦ ਦੇ ਕੇ ਖੁਸ਼ੀ ਮਹਿਸੂਸ ਕਰਨ ਵਿਚ ਦੁਨੀਆਂ ਭਰ ਵਿਚੋਂ ਪਹਿਲੇ ਨੰਬਰ 'ਤੇ ਹਨ। ਦਿੱਲੀ ਦੀਆਂ ਔਰਤਾਂ ਉਤੇ ਕੀਤੇ ਅਧਿਐਨ ਮੁਤਾਬਕ, ਔਰਤਾਂ ਉਤੇ ਬਿਸਤਰ ਉਪਰ ਸਭ ਤੋਂ ਜ਼ਿਆਦਾ ਕੁੱਟ ਉਦੋਂ ਪੈਂਦੀ ਹੈ ਜਦੋਂ ਉਹ ਆਪਣੇ ਸਾਥੀ ਨੂੰ ਕੰਡੋਮ ਦੀ ਵਰਤੋਂ ਕਰਨ ਲਈ ਆਖਦੀਆਂ ਹਨ। ਲੀਲ੍ਹਾ ਦੇ ਕਿਰਦਾਰ ਦੀ ਆਲੋਚਨਾ ਇਸ ਲਈ ਕੀਤੀ ਜਾ ਰਹੀ ਹੈ ਕਿ ਉਹ 'ਸੈਕਸ ਕਿਤੇ ਵੀ, ਕਦੇ ਵੀ' ਨੂੰ ਆਤਮ-ਗਿਲਾਨੀ ਦਾ ਮੁੱਦਾ ਨਹੀਂ ਬਣਨ ਦਿੰਦੀ। ਇਹ ਹੁਣ ਦਰਸ਼ਕਾਂ ਦੀ ਸਮਝ 'ਤੇ ਨਿਰਭਰ ਹੈ ਕਿ ਉਹ 21ਵੀਂ ਸਦੀ ਵਿਚ ਵੀ ਇਹ ਸਾਰੇ ਸਵਾਲ ਕਾਰਪੈੱਟ ਥੱਲੇ ਖਿਸਕਾਉਣਾ ਚਾਹੁੰਦੇ ਹਨ, ਜਾਂ ਇਸ ਨੂੰ ਮਨੁੱਖੀ ਜ਼ਰੂਰਤ ਦੇ ਤੌਰ 'ਤੇ ਇਸ ਨਾਲ ਜੁੜੀਆਂ ਸਰੀਰਕ-ਮਨੋਵਿਗਿਆਨਕ ਗੁੰਝਲਾਂ ਸਮਝਣ ਲਈ ਤਿਆਰ ਹਨ। ਇਸ ਦੇ ਬਾਵਜੂਦ ਇਹ ਤੱਥ ਹੈ ਕਿ ਅਜੇ ਭਾਰਤੀ ਦਰਸ਼ਕ ਇਸ ਤਰ੍ਹਾਂ ਦੇ ਕਿਰਦਾਰਾਂ ਤੋਂ ਘੇਸਲ ਵੱਟਦੇ ਹਨ। ਘੇਸਲ ਵੱਟਣ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਸ ਫਿਲਮ ਵਿਚ ਔਰਤ ਕਿਰਦਾਰਾਂ ਨੇ ਸਿਨੇਮਾ ਵਿਚ ਫਿਲਮ-ਦਰ-ਫਿਲਮ ਫਿਲਮਾਈ ਜਾਂਦੀ 'ਮਰਦ ਦੀ ਹਵਸ ਵਾਲੀ ਨਜ਼ਰ' ਨਾ ਸਿਰਫ ਕੈਮਰੇ ਦੀ ਤਕਨੀਕ ਰਾਹੀਂ ਚੋਰੀ ਕਰ ਲਈ ਹੈ, ਸਗੋਂ ਉਸ ਦੀ ਵਰਤੋਂ ਵੀ ਕੀਤੀ ਹੈ। ਇਸ ਨਾਲ ਸਹਿਜ ਹੋਣ ਲਈ ਅਜੇ ਭਾਰਤੀ ਦਰਸ਼ਕਾਂ ਨੂੰ ਸਮਾਂ ਲੱਗੇਗਾ।



ਅਲੰਕ੍ਰਿਤਾ ਸ੍ਰੀਵਾਸਤਵ



4) ਫਿਲਮ ਦਾ ਚੌਥਾ ਕਿਰਦਾਰ ਜਵਾਨ ਮੁੰਡਾ ਮੰਨ ਲਵੋ ਜਿਸ ਉਤੇ ਪੱਛਮੀ ਸਭਿਆਚਾਰ ਦਾ ਜਨੂੰਨ ਹੈ, ਨਵੇਂ ਫੈਸ਼ਨਾਂ ਦੀ ਧੁਨ ਸਵਾਰ ਹੈ। ਉਹ ਆਜ਼ਾਦੀ, ਬਰਾਬਰੀ ਅਤੇ ਆਧੁਨਿਕਤਾ ਨੂੰ ਸਿਰਫ ਕਿਤਾਬਾਂ ਵਿਚ ਛੂਹ ਕੇ ਨਹੀਂ ਦੇਖਣਾ ਚਾਹੁੰਦਾ, ਸਗੋਂ ਉਸ ਨੂੰ ਜਿਊਣਾ ਚਾਹੁੰਦਾ ਹੈ। ਉਦਾਰਵਾਦੀ ਅਤੇ ਖੁੱਲ੍ਹੀ ਮੰਡੀ ਦੇ ਇਸ ਦੌਰ ਦਾ ਹਰ ਦੂਜਾ ਨੌਜਵਾਨ ਇਹ ਚਾਹੁੰਦਾ ਹੈ, ਪਰ ਇਸ ਫਿਲਮ ਨਾਲ ਇਹ 'ਦਿੱਕਤ' ਹੈ ਕਿ ਇਥੇ ਇਹ ਨੌਜਵਾਨ ਸਤਾਰਾਂ-ਅਠਾਰਾਂ ਵਰ੍ਹਿਆਂ ਦੀ ਖੂਬਸੂਰਤ ਲੜਕੀ ਹੈ ਜਿਸ ਉਤੇ 'ਸਿਤਾਰੋਂ ਸੇ ਆਗੇ ਜਹਾਂ ਔਰ ਵੀ ਹੈ' ਵਾਲਾ ਆਲਮ ਤਾਰੀ ਹੈ।

ਇਨ੍ਹਾਂ ਚਾਰੇ ਔਰਤਾਂ ਦੀਆਂ ਕਹਾਣੀਆਂ ਆਪਸ ਵਿਚ ਭੋਪਾਲ ਦੀਆਂ ਤੰਗ ਤੇ ਉਘੜ-ਦੁਘੜ ਗਲੀਆਂ ਵਾਂਗ ਉਲਝੀਆਂ ਹੋਈਆਂ ਹਨ। ਇਨ੍ਹਾਂ ਦੀ ਜ਼ਿੰਦਗੀ ਦੀਆਂ ਤਹਿਆਂ ਬਿਊਟੀ ਪਾਰਲਰ ਦੀਆਂ ਕੰਧਾਂ ਵਾਂਗ ਉਪਰੋਂ ਚਮਕਦਾਰ, ਪਰ ਅੰਦਰੋਂ ਖੋਖਲੀਆਂ ਹਨ। ਫਿਲਮ ਜਿਥੇ ਔਰਤ ਕਿਰਦਾਰਾਂ ਨੂੰ ਉਨ੍ਹਾਂ ਦੇ ਵੱਖ ਵੱਖ ਰੂਪਾਂ ਅਤੇ ਕਰੂਪਾਂ ਵਿਚ ਪੇਸ਼ ਕਰਦੀ ਹੈ, ਉਥੇ ਮਰਦ ਕਿਰਦਾਰਾਂ ਨੂੰ ਇਕਹਿਰੀ ਪਰਤ ਵਾਲੇ ਸਿਰਜ ਕੇ ਉਸੇ ਮਿਥਕ ਸੰਸਾਰ ਦੀ ਪੁਨਰ-ਸਿਰਜਣਾ ਕਰਦੀ ਹੈ ਜਿਸ ਵਿਚੋਂ ਨਿਕਲਣ ਦਾ ਇਹ ਯਤਨ ਕਰਦੀ ਹੈ।

ਪਿਛਲੇ ਸਾਲ ਆਈ ਫਿਲਮ 'ਪਾਰਚਡ' ਵਾਂਗ ਇਹ ਫਿਲਮ ਪਾਤਰਾਂ ਨੂੰ ਉਨ੍ਹਾਂ ਦੇ ਦਮਨ ਲਈ ਜ਼ਿੰਮੇਵਾਰ ਸੱਤਾ ਨੂੰ ਨੰਗੀ ਅੱਖ ਨਾਲ ਪਛਾਣਨ ਲਈ ਉਕਸਾਉਂਦੀ ਹੈ, ਪਰ ਕਾਮਯਾਬ ਨਹੀਂ ਹੁੰਦੀ। ਫਿਲਮ ਵਿਚ ਨੰਗੇਜ਼ ਹੈ, ਕਾਮੁਕਤਾ ਹੈ, ਔਰਤ-ਮਰਦ ਦੇ ਨੇੜਲੇ ਦ੍ਰਿਸ਼ ਹਨ। ਫਿਲਮ ਜਾਣ-ਬੁਝ ਕੇ ਜ਼ਬਰਦਸਤੀ ਦੀ ਖੂਬਸੂਰਤੀ ਨਹੀਂ ਸਿਰਜਦੀ। ਇਹ ਤੱਥ ਫਿਲਮ ਨੂੰ ਹੋਰ ਕਲਾਤਮਿਕਤਾ ਮੁਹੱਈਆ ਕਰਦਾ ਹੈ। ਇਸ ਦੇ ਬਾਵਜੂਦ ਫਿਲਮ ਆਪਣੀ ਲੈਅ ਅਤੇ ਗਤੀ ਵਿਚੋਂ ਯਥਾਰਥ ਦਾ ਤਾਣਾ-ਬਾਣਾ ਗਾਇਬ ਨਹੀਂ ਹੋਣ ਦਿੰਦੀ। ਅਲੰਕ੍ਰਿਤਾ ਸ੍ਰੀਵਾਸਤਵ ਵਰਗੀ ਫਿਲਮਸਾਜ਼ ਤੋਂ ਭਵਿਖ ਵਿਚ ਹੋਰ ਉਲਝੇ ਅਤੇ ਗੁੰਝਲਦਾਰ ਕਿਰਦਾਰਾਂ ਵਾਲੀ ਫਿਲਮ ਦੀ ਉਮੀਦ ਬੇਮਾਇਨੀ ਨਹੀਂ ਭਾਸਦੀ।

# IN MEMORIUM

## In the memory of our great and saintly

## Captain Harcharn Singh Ji of Hudson's Horse

(1908-August 24, 1980)

**Born at Village Bhanohar, District Ludhiana. After doing high school, he enlisted and later was commissioned into the Indian Army's highly decorated Armoured Regiment, Hudson's Horse. Fought in the Second World War in the European theatre.**

**After retirement from the army, served as Executive Officer in the National Institute of Sports, Patiala. After retirement from service, he had settled at Village Bhanohar and had spent his retired life in the service of his people specially Ex-Service Men.**



ਸਾਡੇ ਮਹਾਨ ਸੰਤ ਸੁਭਾਅ

## ਕੈਪਟਨ ਹਰਚਰਨ ਸਿੰਘ ਜੀ

ਹਡਸਨ'ਜ਼ ਹੌਰਸ ਰੈਜੀਮੈਂਟ

(1908-24 ਅਗਸਤ 1980)

## ਦੀ ਨਿੱਘੀ ਯਾਦ ਵਿਚ

ਉਨ੍ਹਾਂ ਦਾ ਜਨਮ ਪਿੰਡ ਭਨੋਹਰ, ਜਿਲ੍ਹਾ ਲੁਧਿਆਣਾ ਵਿਚ ਹੋਇਆ। ਹਾਈ ਸਕੂਲ ਕਰਨ ਉਪਰੰਤ ਉਹ ਫੌਜ ਵਿਚ ਭਰਤੀ ਹੋ ਗਏ ਅਤੇ ਬਾਅਦ ਵਿਚ ਭਾਰਤੀ ਫੌਜ ਦੀ ਬਹੁਤ ਹੀ ਮਾਣਯੋਗ ਰੈਜੀਮੈਂਟ 'ਹਡਸਨ'ਜ਼ ਹੌਰਸ' ਵਿਚ ਉਨ੍ਹਾਂ ਨੂੰ ਕਮਿਸ਼ਨ ਮਿਲ ਗਿਆ। ਦੂਜੀ ਸੰਸਾਰ ਜੰਗ ਵਿਚ ਉਹ ਯੂਰਪੀ ਫੌਜਾਂ ਦੀ ਤਰਫੋਂ ਲੜੇ।

ਫੌਜ ਤੋਂ ਰਿਟਾਇਰ ਹੋਣ ਪਿਛੋਂ ਉਹ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ, ਪਟਿਆਲਾ ਵਿਚ ਐਗਜ਼ੈਕਟਿਵ ਅਫਸਰ ਵਜੋਂ ਸੇਵਾ ਕਰਦੇ ਰਹੇ। ਉਥੋਂ ਰਿਟਾਇਰ ਹੋਣ ਪਿਛੋਂ ਉਹ ਆਪਣੇ ਜੱਦੀ ਪਿੰਡ ਭਨੋਹਰ ਆ ਵੱਸੇ ਅਤੇ ਰਹਿੰਦੀ ਉਮਰ ਉਨ੍ਹਾਂ ਲੋਕਾਂ, ਖਾਸ ਕਰ ਸਾਬਕਾ ਫੌਜੀਆਂ ਦੀ ਸੇਵਾ ਵਿਚ ਗੁਜ਼ਾਰੀ।

***Always remembered with great respect.***

**Kirpal Singh Bhattal (Son)**
*Divisional Manager (Retd.) Indian Iron and Steel Co., Burn Pur*
*Now Trustee, Shri Guru Hargobind Ujagar*
*Hari Trust, Sidhwan, District Ludhiana*
**Harjinder Kaur Bhattal (Daughter-in-Law)**
**Jaidev Singh Bhattal (Son)**
**Jasvinder Kaur Bhattal (Daughter-in-Law)**

**Raminder Kaur Jhaj (Daughter)**
**Major Gurcharn Singh Jhaj (Son-in-Law)**

**Jasbir Kaur Dhaliwal (Daughter)**
**Mohinder Singh Dhaliwal (Son-in-Law)**
*Chief Engineer (Retd.), Punjab State Electricity Board*

**Grand Sons: Gurdeep, Amardeep, Navdeep, Baldeep, Kanwardeep, Dev Jot and Gurlal.**
**Great Grand Daughters: Gurjaspreet, Mehar and Amrit.**
**Great Grand Sons: Gurpal, Gurtej, Arman, Partap, Nishan and Waris.**